Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763

ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
$25 2500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrictions & Additional Fees Apply.
800-914-1013 408-659-9400

ਵਧੀਆ ਅਤੇ ਸਸਤੀ ਇੰਸ਼ੋਰੈਂਸ
GILL FINANCIAL & INSURANCE SERVICES
AUTO | HOME | LIFE | BUSINESS | HEALTH
510-888-1180 WWW.GILLFINANCIAL.COM
SAVE UPTO $475!!!!
CALL TODAY FOR A FREE QUOTE!
ਕਾਰ, ਘਰ, ਲਿਕਰ ਸਟੋਰ ਅਤੇ ਬਿਜਨਸ ਇੰਸ਼ੋਰੈਂਸ

Fifteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
www.punjabtimesusa.com

# ਪੰਜਾਬ ਟਾਈਮਜ਼

Punjab Times, Vol 15, Issue 34, August 23, 2014 20451 N Plum Grove Rd., Palatine, IL 60074 Ph:847-359-0746, Fax:847-705-9388

## ਭਾਰਤ-ਪਾਕਿ ਗਲਵੱਕੜੀ ਫਿਰ ਢਿੱਲੀ ਪਈ

### ਸਕੱਤਰ ਪੱਧਰ ਦੀ ਗੱਲਬਾਤ ਠੰਢੇ ਬਸਤੇ 'ਚ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਗੁਆਂਢੀ ਮੁਲਕ ਪਾਕਿਸਤਾਨ ਨਾਲ ਸ਼ਾਂਤੀ ਵਾਰਤਾ ਨੂੰ ਇਕ ਵਾਰ ਮੁੜ ਬਰੇਕ ਲੱਗ ਗਈ ਹੈ। ਇਸ ਵਾਰ ਭਾਰਤ ਨੇ ਬੇਸ਼ੱਕ ਸ਼ਾਂਤੀ ਵਾਰਤਾ ਨੂੰ ਅੱਗੇ ਵਧਾਉਣ ਤੋਂ ਇਨਕਾਰ ਕੀਤਾ ਹੈ, ਪਰ ਵਿਦੇਸ਼ੀ ਮਾਮਲਿਆਂ ਦੇ ਮਾਹਿਰਾਂ ਦਾ ਮੰਨਣਾ ਹੈ ਕਿ ਪਾਕਿਸਤਾਨ ਦੇ ਅੰਦਰੂਨੀ ਹਾਲਾਤ ਸਾਜ਼ਗਾਰ ਨਾ ਹੋਣ ਕਾਰਨ ਨਵਾਜ਼ ਸ਼ਰੀਫ ਸਰਕਾਰ ਖ਼ੁਦ ਹੀ ਭਾਰਤ ਨਾਲ ਗੱਲਬਾਤ ਕਰਨ ਦੇ ਰੌਂਅ ਵਿਚ ਨਹੀਂ ਸੀ।

ਭਾਰਤ ਨੇ ਅਗਲੇ ਹਫਤੇ ਪਾਕਿਸਤਾਨ ਨਾਲ ਹੋਣ ਵਾਲੀ ਵਿਦੇਸ਼ ਸਕੱਤਰ ਪੱਧਰ ਦੀ ਗੱਲਬਾਤ ਰੱਦ ਕਰ ਦਿੱਤੀ ਹੈ ਤੇ ਗੁਆਂਢੀ ਮੁਲਕ ਨੂੰ ਬੜਾ ਸਪਸ਼ਟ ਸੁਨੇਹਾ ਦਿੰਦਿਆਂ ਕਿਹਾ ਹੈ ਕਿ ਇਹ ਕਸ਼ਮੀਰੀ ਵੱਖਵਾਦੀਆਂ ਨਾਲ ਗੱਲਬਾਤ ਕਰ ਕੇ ਭਾਰਤ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਦੇ ਰਿਹਾ ਸੀ ਜੋ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਇਸ ਦੇ ਨਾਲ ਹੀ ਭਾਰਤ ਅਤੇ ਪਾਕਿਸਤਾਨ ਵਿਚਾਲੇ ਜੰਮੂ-ਕਸ਼ਮੀਰ ਵਿਚ ਪੈਂਦੀ ਸਰਹੱਦ 'ਤੇ ਭਾਰਤੀ ਚੌਕੀਆਂ ਵੱਲ ਪਾਕਿਸਤਾਨੀ ਸੈਨਾ ਵੱਲੋਂ ਲਗਾਤਾਰ ਕੀਤੀ ਜਾ ਰਹੀ ਗੋਲੀਬਾਰੀ ਵੀ ਭਾਰਤ ਨੇ ਇਕ ਕਾਰਨ ਕਰਾਰ ਦਿੱਤਾ ਹੈ। ਭਾਰਤ ਦੀ ਵਿਦੇਸ਼ ਸਕੱਤਰ ਨੇ ਪਾਕਿਸਤਾਨ ਦੇ ਹਾਈ ਕਮਿਸ਼ਨਰ ਨੂੰ

(ਬਾਕੀ ਸਫਾ 6 'ਤੇ)



### ਕਾਰੋਬਾਰੀ ਭਾਈਚਾਰੇ ਦੀਆਂ ਆਸਾਂ ਢਹਿ-ਢੇਰੀ

**ਅੰਮ੍ਰਿਤਸਰ:** ਭਾਰਤ ਤੇ ਪਾਕਿਸਤਾਨ ਵਿਚਾਲੇ ਹੋਣ ਵਾਲੀ ਵਿਦੇਸ਼ ਸਕੱਤਰ ਪੱਧਰ ਦੀ ਗੱਲਬਾਤ ਰੱਦ ਹੋਣ ਨਾਲ ਸਰਹੱਦੀ ਪੱਟੀ, ਖਾਸਕਰ ਫਿਰੋਜ਼ਪੁਰ ਜ਼ਿਲ੍ਹੇ ਦੇ ਲੋਕਾਂ ਦੀਆਂ ਆਸਾਂ ਢਹਿ-ਢੇਰੀ ਹੋ ਗਈਆਂ ਹਨ ਜਿਨ੍ਹਾਂ ਨੂੰ ਹੁਸੈਨੀਵਾਲਾ ਸਰਹੱਦ ਦੁਵੱਲੇ ਕਾਰੋਬਾਰ ਲਈ ਖੁੱਲ੍ਹਣ ਦੀ ਆਸ ਸੀ। ਇਹ ਵੀ ਆਸ ਸੀ ਕਿ ਪਾਕਿਸਤਾਨ ਨੂੰ ਤੇਲ ਸਪਲਾਈ ਲਈ ਵਾਹਗਾ ਸਰਹੱਦ ਰਾਹੀਂ ਪੈਣ ਵਾਲੀ ਪਾਈਪ ਲਾਈਨ ਦਾ ਮੁੱਦਾ ਵੀ ਗੱਲਬਾਤ ਦਾ ਏਜੰਡਾ ਹੋਏਗਾ। ਅਸਲ ਵਿਚ ਦੋਵੇਂ ਮੁਲਕਾਂ ਵਿਚਾਲੇ ਕਾਰੋਬਾਰ ਦੇ ਮੰਤਵ ਨਾਲ ਹੁਸੈਨੀਵਾਲਾ ਸਰਹੱਦੀ ਚੌਕੀ ਖੋਲ੍ਹਣ ਦੇ ਸਬੰਧ ਵਿਚ ਲੋਕਾਂ ਦੇ ਵਿਚਾਰ ਜਾਣੇ ਜਾ ਰਹੇ ਸਨ। ਭਾਰਤ ਤੇ ਪਾਕਿਸਤਾਨ ਵਿਚਾਲੇ ਕਾਰੋਬਾਰ 2.7 ਅਰਬ ਡਾਲਰ ਦਾ ਹੋ ਰਿਹਾ ਹੈ। ਇਸ ਵਿਚੋਂ 34 ਫੀਸਦੀ ਅਟਾਰੀ-ਵਾਹਗਾ ਰੂਟ ਰਾਹੀਂ ਹੁੰਦਾ ਹੈ। ਭਾਰਤ ਤੋਂ ਬੜੀਆਂ ਚੀਜ਼ਾਂ ਪਾਕਿਸਤਾਨ ਭੇਜੇ ਜਾਣ ਲਈ ਗੁੰਜਾਇਸ਼ ਹੈ। ਇਸ ਲਈ ਹੁਸੈਨੀਵਾਲਾ ਲਾਂਘਾ ਖੋਲ੍ਹਣ ਦੀ ਲੋੜ ਹੈ। ਇਸ ਵੇਲੇ ਅਟਾਰੀ-ਵਾਹਗਾ ਰੂਟ ਰਾਹੀਂ 137 ਵਸਤਾਂ ਪਾਕਿਸਤਾਨ ਨੂੰ ਭੇਜੀਆਂ ਜਾਂਦੀਆਂ ਹਨ।

## ਪੁਲਿਸ ਕੈਟ ਪਿੰਕੀ ਦੀ ਰਿਹਾਈ 'ਤੇ ਕਸੂਤੇ ਫਸੇ ਬਾਦਲ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੁਲਿਸ ਕੈਟ ਗੁਰਮੀਤ ਸਿੰਘ ਉਰਫ ਪਿੰਕੀ ਦੀ ਰਿਹਾਈ ਨੂੰ ਲੈ ਕੇ ਪੰਜਾਬ ਸਰਕਾਰ ਕਸੂਤੀ ਘਿਰ ਗਈ ਹੈ। ਸਿੱਖ ਜਥੇਬੰਦੀਆਂ ਨੇ ਸਰਕਾਰ ਦੀ ਇਸ ਕਾਰਵਾਈ ਦੀ ਸਖ਼ਤ ਸ਼ਬਦਾਂ ਵਿਚ ਆਲੋਚਨਾ ਕੀਤੀ ਹੈ। ਸਿੱਖ ਜਥੇਬੰਦੀਆਂ ਨੇ ਹੈਰਾਨੀ ਪ੍ਰਗਟਾਈ ਹੈ ਕਿ ਇਕ ਪਾਸੇ ਸਜ਼ਾ ਪੂਰੀ ਕਰ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਲਈ ਸੰਘਰਸ਼ ਕਰਨਾ ਪੈ ਰਿਹਾ ਹੈ, ਪਰ ਦੂਜੇ ਪਾਸੇ ਬਾਦਲ ਸਰਕਾਰ ਨੇ ਸਿੱਖ ਨੌਜਵਾਨਾਂ ਦੇ ਕਾਤਲ ਪਿੰਕੀ ਨੂੰ ਕਾਨੂੰਨ ਦੀ ਉਲੰਘਣਾ ਕਰ ਕੇ ਰਿਹਾਅ ਕਰ ਦਿੱਤਾ ਹੈ।



ਇਸ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ, ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੇ ਦਮਦਮੀ ਟਕਸਾਲ ਦੇ ਮੁਖੀ ਹਰਨਾਮ ਸਿੰਘ ਧੁੰਮਾ ਨੇ ਵੀ ਸਰਕਾਰ ਖਿਲਾਫ ਖੁੱਲ੍ਹ ਕੇ ਭੜਾਸ ਕੱਢੀ ਹੈ। ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਪਿੰਕੀ ਦੀ ਰਿਹਾਈ ਦਾ ਵਿਰੋਧ ਕਰਦਿਆਂ ਕਿਹਾ ਕਿ ਇਹੋ ਜਿਹੇ ਰੂਲ ਸਾਰੇ ਕੇਸਾਂ ਵਿਚ ਲਾਗੂ ਹੋਣੇ ਚਾਹੀਦੇ ਹਨ। ਲੰਬਾ ਸਮਾਂ ਪਹਿਲਾਂ ਕੈਦ ਪੂਰੀ ਕੱਟ ਚੁੱਕੇ ਕਿੰਨੇ ਹੀ ਸਿੱਖ ਕੈਦੀ ਹਾਲੇ ਵੀ ਜੇਲ੍ਹਾਂ ਵਿਚ ਹਨ। ਜਥੇਦਾਰ ਅਵਤਾਰ ਸਿੰਘ ਨੇ ਵੀ ਸਰਕਾਰ ਨੂੰ ਇਸ ਫੈਸਲੇ 'ਤੇ ਮੁੜ ਗੌਰ ਕਰਨ ਲਈ ਕਿਹਾ ਹੈ।

ਵੱਖ-ਵੱਖ ਜੇਲ੍ਹਾਂ ਵਿਚ ਸੜ ਰਹੇ ਸਿੱਖ ਕੈਦੀਆਂ ਦੀ ਰਿਹਾਈ ਲਈ 42 ਦਿਨ ਭੁੱਖ ਹੜਤਾਲ ਕਰ ਚੁੱਕੇ ਭਾਈ ਗੁਰਬਖਸ਼ ਸਿੰਘ ਖਾਲਸਾ ਨੇ ਕਿਹਾ ਕਿ ਇਸ ਤੋਂ ਸਪਸ਼ਟ ਹੋ ਗਿਆ ਹੈ ਕਿ ਆਪਣੇ ਬੰਦਿਆਂ ਦੀ ਰਿਹਾਈ ਲਈ ਸਰਕਾਰ ਕੋਲ ਸਾਰੇ ਅਧਿਕਾਰ ਹਨ। ਇਕ ਪਾਸੇ ਸਰਕਾਰ ਪਿੰਕੀ ਵਰਗਿਆਂ ਨੂੰ ਰਿਹਾਅ ਕਰਵਾ ਰਹੀ ਹੈ ਤੇ ਵੱਡੀ ਗਿਣਤੀ ਸਿੱਖ ਦੋ ਦਹਾਕਿਆਂ ਤੋਂ ਜੇਲ੍ਹਾਂ ਵਿਚ ਸੜ ਰਹੇ ਹਨ।

ਕਈ ਕੇਸਾਂ, ਵਿਵਾਦਾਂ ਕਾਰਨ ਚਰਚਾ ਵਿਚ ਰਹੇ ਪਿੰਕੀ ਨੇ ਸੱਤ ਜਨਵਰੀ 2001 ਨੂੰ ਮਾਇਆ ਨਗਰ ਲੁਧਿਆਣਾ ਦੇ ਤਿੰਨ ਭੈਣਾਂ ਦੇ ਇਕੱਲੇ ਭਰਾ 21 ਸਾਲਾ ਅਵਤਾਰ ਸਿੰਘ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ। ਪਿੰਕੀ ਉਦੋਂ ਪੁਲਿਸ ਵਿਚ ਇੰਸਪੈਕਟਰ ਸੀ। ਅਵਤਾਰ ਸਿੰਘ ਦਾ ਕਸੂਰ ਇਹ ਸੀ ਕਿ ਉਸ ਨੇ ਗਲੀ ਵਿਚ ਕਾਰ 'ਤੇ ਸ਼ਰਾਬ ਦੀ ਬੋਤਲ ਰੱਖ ਕੇ ਪੀ ਰਹੇ ਪਿੰਕੀ ਤੇ ਉਸ ਦੇ ਗੰਨਮੈਨਾਂ ਤੋਂ ਰਾਹ ਮੰਗ ਲਿਆ ਸੀ। ਪਿੰਕੀ ਨੇ ਇਸ ਲੜਕੇ ਦੇ ਪਰਿਵਾਰ ਨੂੰ ਡਰਾਵੇ-ਧਮਕੀਆਂ ਦਿੱਤੀਆਂ। ਸਮਝੌਤੇ ਲਈ ਦਬਾਅ ਪਾਏ। ਅਵਤਾਰ ਸਿੰਘ ਦੇ ਪਰਿਵਾਰ ਦੇ ਵਕੀਲ ਰਜਿੰਦਰ ਸਿੰਘ ਬੈਂਸ ਨੇ ਪਿੰਕੀ ਦੀ ਰਿਹਾਈ ਨੂੰ ਗੈਰ-ਕਾਨੂੰਨੀ ਕਿਹਾ ਹੈ।

ਜ਼ਿਕਰਯੋਗ ਹੈ ਕਿ ਪਿੰਕੀ ਦੇ ਕੇਸ ਦਾ ਫੈਸਲਾ ਕਰਨ ਲਈ ਸਰਕਾਰ ਨੂੰ ਸਿਰਫ 13 ਦਿਨ ਲੱਗੇ। ਏ.ਡੀ.ਜੀ.ਪੀ. (ਜੇਲ੍ਹਾਂ) ਨੇ 4 ਅਪਰੈਲ ਨੂੰ ਪਿੰਕੀ ਦੀ ਰਿਹਾਈ ਦੀ ਸਿਫਾਰਸ਼ ਕੀਤੀ ਸੀ ਤੇ ਬਾਕੀ ਰਸਮੀ ਕਾਰਵਾਈਆਂ

(ਬਾਕੀ ਸਫਾ 6 'ਤੇ)

REAL ESTATE & HOME LOANS
✓ Low Interest Rate
✓ 3.5% Down Payment
✓ Free Credit Report
✓ Free Pre-Approval
ਸਾਡੀ ਆਪਣੀ ਮਾਰਗੇਜ ਕੰਪਨੀ ਹੈ
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL Century 21
Broker / Associate
209.918.6464
ahundal@c21mm.com

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja SWEETS & CATERING
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorney At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਖਾਲਿਸਤਾਨ ਦੇ ਹੱਕ ਵਿਚ ਅਤੇ ਭਾਰਤੀ ਆਜ਼ਾਦੀ ਪਰੇਡ ਵਿਰੁਧ ਮੁਜ਼ਾਹਰਾ

**ਫਰੀਮਾਂਟ (ਬਿਊਰੋ):** 'ਅਮਰੀਕਾ ਵਰਗੇ ਲੋਕਤੰਤਰੀ ਦੇਸ਼ਾਂ ਦੀ ਆਜ਼ਾਦੀ ਮਾਣਦਿਆਂ ਵੀ ਸਿੱਖ ਕੌਮ ਭਾਰਤ ਦੀ ਆਜ਼ਾਦੀ ਦੇ ਖੋਖਲੇਪਣ ਤੇ ਆਪਣੀ ਗੁਲਾਮੀ ਨੂੰ ਨਹੀਂ ਭੁੱਲੀ। ਭਾਰਤੀ ਹਾਕਮਾਂ ਦੇ ਜ਼ੁਲਮਾਂ ਨੇ ਸਿੱਖਾਂ ਨੂੰ ਹਿਟਲਰ ਦੇ ਨਸਲਘਾਤੀ ਮਨਸੂਬਿਆਂ ਦੀ ਹਰ ਸਮੇਂ ਯਾਦ ਕਰਵਾਈ ਹੈ।' ਕੁਝ ਅਜਿਹਾ ਹੀ ਪ੍ਰਭਾਵ ਦੇ ਰਿਹਾ ਸੀ ਫਰੀਮਾਂਟ ਸ਼ਹਿਰ ਵਿਚ ਕੱਢੀ ਗਈ ਭਾਰਤੀ ਆਜ਼ਾਦੀ ਪਰੇਡ ਦੇ ਵਿਰੋਧ ਵਿਚ ਕੀਤਾ ਗਿਆ ਰੋਸ ਮੁਜ਼ਾਹਰਾ। ਲੰਘੇ ਐਤਵਾਰ ਭਾਰੀ ਗਿਣਤੀ ਵਿਚ ਸਿੱਖਾਂ ਨੇ ਇਸ ਪਰੇਡ ਵਿਰੁਧ ਜ਼ਬਰਦਸਤ ਤੇ ਜਜ਼ਬਾਤੀ ਰੋਸ ਮੁਜ਼ਾਹਰਾ ਕੀਤਾ।

ਇਸ ਰੋਸ ਮੁਜ਼ਾਹਰੇ ਵਿਚ ਜਿਥੇ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਦੇ ਮੁਜ਼ਾਹਰਾਕਾਰੀਆਂ ਨੇ ਸ਼ਿਕਰਤ ਕੀਤੀ ਉਥੇ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਪੜ੍ਹਦੇ ਨੌਜਵਾਨ ਵਰਗ ਨੇ ਇਸ ਰੋਸ ਮੁਜ਼ਾਹਰੇ ਵਿਚ ਅਗਵਾਈ ਵਾਲੀ ਭੂਮਿਕਾ ਨਿਭਾਈ। ਉਨ੍ਹਾਂ ਰੋਸ ਮੁਜ਼ਾਹਰੇ ਦੇ ਉਦੇਸ਼ ਨੂੰ ਦਰਸਾਉਂਦੀ ਅੰਗਰੇਜ਼ੀ ਵਿਚ ਲਿਖੀ ਸਮਗੱਰੀ ਵੰਡੀ। ਵੱਖ ਵੱਖ ਬੈਨਰਾਂ, ਰੰਗ-ਬਰੰਗੇ ਮੀਰੀ-ਪੀਰੀ ਨਿਸ਼ਾਨਾਂ-ਖਾਲਿਸਤਾਨੀ ਤੇ ਕਾਲੇ ਝੰਡਿਆਂ ਨੇ ਰੋਸ ਮੁਜ਼ਾਹਰੇ ਨੂੰ ਪ੍ਰਭਾਵਸ਼ਾਲੀ ਬਣਾਈ ਰਖਿਆ।

ਗੁਰਦੁਆਰਾ ਸਾਹਿਬ ਫਰੀਮਾਂਟ ਦੀ ਸੁਪਰੀਮ ਕੌਂਸਲ, ਪ੍ਰਬੰਧਕ ਕਮੇਟੀ ਅਤੇ ਪੰਥਕ ਜਥੇਬੰਦੀਆਂ ਵਿਚ- ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਸਿੱਖ ਯੂਥ ਆਫ ਅਮਰੀਕਾ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਖਾਲਸਾ ਜਾਗ੍ਰਿਤੀ ਲਹਿਰ, ਗੁਰਮਤਿ ਚੇਤਨਾ ਲਹਿਰ, ਦਮਦਮੀ ਟਕਸਾਲ, ਅਖੰਡ ਕੀਰਤਨੀ ਜਥਾ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਹਿੱਸਾ ਲੈਂਦਿਆਂ ਸਿੱਖ ਆਜ਼ਾਦੀ 'ਖਾਲਿਸਤਾਨ' ਦਾ ਸੁਨੇਹਾ ਭਾਰਤੀ ਹਾਕਮਾਂ ਨੂੰ ਦਿੱਤਾ।

ਸਟਾਕਟਨ, ਲੈਥਰੋਪ, ਸੈਕਰਾਮੈਂਟੋ, ਮਾਡੈਸਟੋ-ਸੀਰੀਜ਼, ਟਰਲਕ, ਮਨਟੀਕਾ, ਟਰੇਸੀ, ਸੈਨ ਫਰਾਂਸਿਸਕੋ, ਸੈਨ ਹੋਜ਼ੇ, ਯੂਨੀਅਨ ਸਿਟੀ, ਫਰੀਮਾਂਟ, ਹੇਵਰਡ, ਨਿਊਆਰਕ ਤੇ ਮਿਲਪੀਟਸ ਆਦਿ ਤੋਂ ਪਹੁੰਚੀ ਸੰਗਤ ਨੇ ਇਸ ਵਿਚ ਹਿੱਸਾ ਲਿਆ। ਚਾਹ-ਪਾਣੀ ਦਾ ਪ੍ਰਬੰਧ ਗੁਰਦੁਆਰਾ ਫਰੀਮਾਂਟ ਵੱਲੋਂ ਸੀ।



ਰੋਸ ਮੁਜ਼ਾਹਰਾ ਕਰ ਰਹੇ ਸਿੱਖ ਭਾਈਚਾਰੇ ਦੇ ਲੋਕ

# ਭਾਜਪਾ ਦੀ ਨਵੀਂ ਟੀਮ ਉਤੇ ਸੰਘ ਹੋਇਆ ਹਾਵੀ

**ਨਵੀਂ ਦਿੱਲੀ:** ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਨੇ ਆਪਣੀ ਨਵੀਂ ਟੀਮ ਦਾ ਐਲਾਨ ਕਰਦਿਆਂ ਜਿਥੇ ਜਨਰਲ ਸਕੱਤਰ ਦੇ ਅਹੁਦੇ ਤੋਂ ਵਰੁਣ ਗਾਂਧੀ ਦੀ ਫਿਲਹਾਲ ਛੁੱਟੀ ਕਰ ਦਿੱਤੀ ਹੈ, ਉਥੇ ਪੰਜਾਬ ਭਾਜਪਾ ਦੇ ਜਨਰਲ ਸਕੱਤਰ ਤਰੁਣ ਚੁੱਘ ਨੂੰ ਸਕੱਤਰ ਨਾਮਜ਼ਦ ਕੀਤਾ ਹੈ। ਤਰੁਣ ਚੁੱਘ ਰਾਸ਼ਟਰੀ ਸੋਇਮ ਸੇਵਕ ਸੰਘ ਦਾ ਸਰਗਰਮ ਕਾਰਕੁਨ ਰਿਹਾ ਹੈ। ਭਾਵੇਂ ਕਿ ਪਾਰਟੀ ਵਿਚ ਸੀਨੀਅਰ ਅਹੁਦਿਆਂ ਲਈ ਨੌਜਵਾਨ ਆਗੂਆਂ ਨੂੰ ਪਹਿਲ ਦਿੱਤੀ ਗਈ ਹੈ ਪਰ ਵਰੁਣ ਗਾਂਧੀ ਨੂੰ ਅਹੁਦਾ ਨਾ ਮਿਲਣ ਤੋਂ ਅਜਿਹੇ ਕਿਆਫ਼ੇ ਵੀ ਲਾਏ ਜਾ ਰਹੇ ਹਨ ਕਿ ਉਸ ਨੂੰ ਉੱਤਰ ਪ੍ਰਦੇਸ਼ ਵਿਚ ਵੱਡੀ ਜ਼ਿੰਮੇਵਾਰੀ ਸੌਂਪੀ ਜਾ ਸਕਦੀ ਹੈ।

ਇਹ ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਵਰੁਣ ਦੀ ਮਾਤਾ ਮੇਨਕਾ ਗਾਂਧੀ ਨੇ ਬਿਆਨ ਦਿੱਤਾ ਸੀ ਕਿ ਉਹ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਦੇ ਅਹੁਦੇ ਲਈ ਸਭ ਤੋਂ ਢੁਕਵਾਂ ਉਮੀਦਵਾਰ ਹੋ ਸਕਦਾ ਹੈ। ਪਾਰਟੀ ਸੂਤਰਾਂ ਅਨੁਸਾਰ ਵਰੁਣ ਗਾਂਧੀ ਨੂੰ ਜਾਣਬੁੱਝ ਕੇ ਅਹੁਦੇਦਾਰਾਂ ਦੀ ਸੂਚੀ ਤੋਂ ਬਾਹਰ ਕੀਤਾ ਗਿਆ ਹੈ। ਸ੍ਰੀ ਸ਼ਾਹ ਦੀ ਅਹੁਦੇਦਾਰਾਂ ਦੀ ਸੂਚੀ, ਜਿਸ ਉੱਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮੋਹਰ ਲੱਗੀ ਹੈ, ਵਿਚ 11 ਉਪ ਪ੍ਰਧਾਨ, ਅੱਠ ਜਨਰਲ ਸਕੱਤਰ (ਚਾਰ ਨਵੇਂ ਚਿਹਰੇ) ਤੇ 14 ਸਕੱਤਰ ਸ਼ਾਮਲ ਹਨ। ਕਰਨਾਟਕ ਦੇ ਤਾਕਤਵਰ ਆਗੂ ਬੀ.ਐਸ. ਯੇਦੂਰੱਪਾ ਨੂੰ ਵੀ ਉਪ ਪ੍ਰਧਾਨ ਨਾਮਜ਼ਦ ਕੀਤਾ ਹੈ। ਚਾਰ ਨਵੇਂ ਜਨਰਲ ਸਕੱਤਰਾਂ ਵਿਚ ਆਰ.ਐਸ.ਐਸ. ਦੇ ਤਰਜ਼ਮਾਨ ਰਾਮ ਮਾਧਵ, ਮਹਿਲਾ ਮੋਰਚਾ ਦੀ ਮੁਖੀ ਸਰੋਜ ਪਾਂਡੇ, ਰਾਜ ਸਭਾ ਦੇ ਰਾਜਸਥਾਨ ਤੋਂ ਮੈਂਬਰ ਭੁਪੇਂਦਰ ਯਾਦਵ ਤੇ ਰਾਮ ਸ਼ੰਕਰ ਕਥੇਰੀਆ ਸ਼ਾਮਲ ਹਨ। ਯੂਪੀ ਤੋਂ ਆਰ.ਐਸ.ਐਸ. ਪਿਛੋਕੜ ਵਾਲੇ ਆਗੂ ਸ਼ਿਵ ਕੁਮਾਰ ਨੂੰ ਜੁਆਇੰਟ ਸੈਕਟਰੀ (ਸੰਗਠਨ) ਬਣਾਇਆ ਗਿਆ ਹੈ ਤੇ ਆਰ. ਐਸ. ਐਸ. ਪਿਛੋਕੜ ਵਾਲੇ ਆਗੂਆਂ ਨੂੰ ਭਾਜਪਾ ਵਿਚ ਅਹਿਮ ਅਹੁਦੇ ਮਿਲਣ ਤੋਂ ਆਰ.ਐਸ.ਐਸ ਦਾ ਭਾਜਪਾ ਵਿਚ ਵਧ ਰਿਹਾ ਪ੍ਰਭਾਵ ਸਪਸ਼ਟ ਦਿਖਾਈ ਦੇ ਰਿਹਾ ਹੈ। ਇਸ ਦੌਰਾਨ ਭਾਜਪਾ ਦੇ ਹਮੇਸ਼ਾ ਹੀ ਸ਼ਕਤੀਸ਼ਾਲੀ ਸੰਗਠਨ ਰਹੇ ਪਾਰਲੀਮਾਨੀ ਬੋਰਡ ਬਾਰੇ ਕੋਈ ਐਲਾਨ ਨਹੀਂ ਕੀਤਾ ਗਿਆ।

ਸੂਤਰਾਂ ਅਨੁਸਾਰ ਐਲਕੇ ਅਡਵਾਨੀ ਤੇ ਮੁਰਲੀ ਮਨੋਹਰ ਜੋਸ਼ੀ ਵਰਗੇ ਵੱਡੇ ਆਗੂਆਂ ਨੂੰ ਤਜਵੀਜ਼ਸ਼ੁਦਾ, 'ਮਾਰਗ ਦਰਸ਼ਕ ਮੰਡਲ' ਵਿਚ ਥਾਂ ਦਿੱਤੀ ਜਾ ਸਕਦੀ ਹੈ। ਪਾਰਲੀਮਾਨੀ ਬੋਰਡ ਵਿਚ ਮੋਦੀ ਤੇ ਸ਼ਾਹ ਸਮਰਥਕਾਂ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਹਿਮਾਚਲ ਪ੍ਰਦੇਸ਼ ਤੋਂ ਜੇ.ਪੀ. ਨੱਢਾ ਵੀ ਜਨਰਲ ਸਕੱਤਰ ਦੇ ਅਹੁਦੇ ਉੱਤਰ ਬਰਕਰਾਰ ਰੱਖਿਆ ਹੈ।

## ਜਨਰਲ ਸੁਹਾਗ ਵੱਲੋਂ ਚੀਨ ਦੀ ਘੁਸਪੈਠ ਤੋਂ ਇਨਕਾਰ

**ਨਵੀਂ ਦਿੱਲੀ:** ਸੈਨਾ ਮੁਖੀ ਜਨਰਲ ਦਲਬੀਰ ਸਿੰਘ ਸੁਹਾਗ ਨੇ ਇਸ ਗੱਲ ਤੋਂ ਇਨਕਾਰ ਕੀਤਾ ਹੈ ਕਿ ਚੀਨ ਦੀ ਫੌਜ ਭਾਰਤੀ ਖੇਤਰ ਵਿਚ ਆ ਵੜੀ ਸੀ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਚੀਨ ਦੇ ਸੈਨਿਕ ਭਾਰਤੀ ਸੀਮਾ 'ਚ ਆ ਵੜੇ ਸਨ ਤਾਂ ਉਨ੍ਹਾਂ ਕਿਹਾ ਕਿ ਅਜਿਹਾ ਕੁਝ ਨਹੀਂ ਹੋਇਆ ਸੀ। ਰਿਪੋਰਟਾਂ ਇਹ ਆ ਰਹੀਆਂ ਸਨ ਕਿ ਚੀਨ ਦੇ ਸੈਨਿਕ ਉੱਤਰੀ ਲੱਦਾਖ ਦੇ ਬੁਰਤਸੇ ਖੇਤਰ ਵਿਚ 25-30 ਕਿਲੋਮੀਟਰ ਅੰਦਰ ਆ ਵੜੇ ਸਨ ਤੇ ਉਨ੍ਹਾਂ ਕੋਲ ਝੰਡੇ ਸਨ ਜਿਨ੍ਹਾਂ 'ਤੇ ਲਿਖਿਆ ਸੀ, 'ਇਹ ਚੀਨ ਦਾ ਖੇਤਰ ਹੈ, ਵਾਪਸ ਜਾਓ।'

# ਸ਼ਹੀਦ ਊਧਮ ਸਿੰਘ ਨਮਿਤ ਸ਼ਰਧਾਂਜਲੀ ਸਮਾਗਮ 31 ਨੂੰ

**ਸੈਕਰਾਮੈਂਟੋ:** ਭਾਰਤ ਦੀ ਆਜ਼ਾਦੀ ਲਈ ਆਪਾ ਕੁਰਬਾਨ ਕਰਨ ਵਾਲੇ ਯੋਧੇ ਸ਼ਹੀਦ ਊਧਮ ਸਿੰਘ ਦੇ ਸੰਗਰਾਮੀ ਜੀਵਨ ਅਤੇ ਇਨਕਲਾਬੀ ਸਫ਼ਰ ਦੇ ਅਣਛੋਹੇ ਦਾਰਸ਼ਨਿਕ, ਸਿਆਸੀ, ਸਮਾਜਕ ਅਤੇ ਸਾਹਿਤਕ ਪੱਖਾਂ ਨੂੰ ਜਾਣਨ ਲਈ ਇਕ ਸ਼ਰਧਾਂਜਲੀ ਸਮਾਗਮ 31 ਅਗਸਤ, ਐਤਵਾਰ ਨੂੰ ਬਾਅਦ ਦੁਪਹਿਰ 2 ਵਜੇ ਸੈਕਰਾਮੈਂਟੋ ਦੇ ਸਾਊਥਗੇਟ ਐਂਡ ਟੈਰੇਸ ਫਰੈਂਕਲਿਨ ਬੁਲੇਵਾਰਡ ਦੀਆਂ ਅਪਾਰਟਮੈਂਟਸ ਦੇ ਹਾਲ ਵਿਚ ਰੱਖਿਆ ਗਿਆ ਹੈ।

ਇਸ ਸਮਾਗਮ ਬਾਰੇ ਸ. ਚਰਨ ਸਿੰਘ ਜੱਜ ਨੇ ਦੱਸਿਆ ਕਿ ਸਮਾਗਮ ਵਿਚ ਸ਼ਹੀਦ ਊਧਮ ਸਿੰਘ ਬਾਰੇ ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ ਜਾਣਗੀਆਂ। ਇਸ ਵਿਚ ਸੈਕਰਾਮੈਂਟੋ ਤੋਂ ਇਲਾਵਾ ਯੂਬਾ ਸਿਟੀ, ਸਟਾਕਟਨ ਅਤੇ ਬੇਅ ਏਰੀਆ ਤੋਂ ਨਾਮਵਰ ਸ਼ਖਸੀਅਤਾਂ ਭਾਗ ਲੈ ਰਹੀਆਂ ਹਨ। ਸਟੇਜ ਦੀ ਕਾਰਵਾਈ ਸੁਖਵਿੰਦਰ ਸਿੰਘ ਕੰਬੋਜ ਅਤੇ ਦਿਲਬੀਰ ਦਿਲ ਨਿੱਝਰ ਚਲਾਉਣਗੇ। ਪ੍ਰਧਾਨਗੀ ਮੰਡਲ ਵਿਚ ਸ. ਨਿਰਮਲ ਸਿੰਘ ਚੰਦੀ ਅਤੇ ਡਾ. ਪਰਗਟ ਸਿੰਘ ਹੁੰਦਲ ਸ਼ਾਮਲ ਹੋਣਗੇ। ਪ੍ਰੋ. ਹਰਪਾਲ ਸਿੰਘ ਗਿੱਲ, ਡਾ. ਉਜਾਗਰ ਸਿੰਘ, ਮਾਸਟਰ ਮੁਖਤਿਆਰ ਸਿੰਘ, ਸੰਤੋਖ ਸਿੰਘ ਜੱਜ, ਕਰਨੈਲ ਸਿੰਘ ਖਿੰਡਾ ਸਮਾਗਮ ਦੇ ਪ੍ਰਬੰਧ ਦੀ ਦੇਖ-ਰੇਖ ਕਰਨਗੇ। ਲੰਗਰ ਦਾ ਇੰਤਜ਼ਾਮ ਦਿਲਜੀਤ ਸਿੰਘ ਅਟਵਾਲ ਦੇ ਉਦਮ ਨਾਲ ਕੀਤਾ ਜਾ ਰਿਹਾ ਹੈ।


# ਮੀਰੀ-ਪੀਰੀ ਸਿਧਾਂਤ ਦੀ ਰਹਿਨੁਮਾਈ ਅਧੀਨ ਵਿਲੱਖਣ ਸਿੱਖ ਕੌਮ ਦੇ ਵੱਖਰੇ ਦੇਸ਼ ਖਾਲਿਸਤਾਨ ਤੋਂ ਬਿਨਾਂ ਕੋਈ ਰਾਹ ਨਹੀਂ ਬਚਿਆ

ਸਿੱਖ ਇਕ ਵੱਖਰੀ ਕੌਮ ਹੈ, ਦੁਨੀਆਂ ਦੀ ਇੱਕੋ-ਇਕ ਨਿਆਰੀ-ਨਿਰਾਲੀ ਕੌਮ, ਜਿਸ ਦੀ ਅੱਜ ਪੂਰੇ ਵਿਸ਼ਵ 'ਚ ਪਛਾਣ ਵੀ ਹੈ, ਸ਼ਾਨ ਵੀ ਹੈ, ਨਾਮ ਵੀ ਹੈ, ਹੋਂਦ ਵੀ ਹੈ। ਇਸ ਦੇ ਬਾਵਜੂਦ ਜੇ ਉਸ ਦੇਸ਼ 'ਚ ਜਿਹੜਾ ਦੇਸ਼ ਇਸ ਕੌਮ ਦੀ ਜਨਮ-ਭੂਮੀ ਵੀ ਹੈ ਤੇ ਕਰਮ-ਭੂਮੀ ਵੀ, ਜਿਸ ਦੇਸ਼ ਦੀ ਹੋਂਦ ਦੀ ਰਾਖੀ ਲਈ ਇਸ ਕੌਮ ਨੇ ਅਦੁੱਤੀ ਕੁਰਬਾਨੀਆਂ ਵੀ ਕੀਤੀਆਂ ਹੋਣ, ਜਿਸ ਦੇਸ਼ ਨੂੰ ਆਜ਼ਾਦੀ ਵੀ ਲੈ ਕੇ ਦਿੱਤੀ ਹੋਵੇ ਅਤੇ ਇਸ ਭੁੱਖੇ ਦੇਸ਼ ਦਾ ਆਪਣੀ ਹੱਡ ਭੰਨਵੀਂ ਮਿਹਨਤ ਨਾਲ ਢਿੱਡ ਵੀ ਭਰਿਆ ਹੋਵੇ, ਉਸ ਦੇਸ਼ 'ਚ ਵੀ ਜੇ ਇਸ ਕੌਮ ਨੂੰ ਇਸ ਦੇਸ਼ ਦੀ ਬਹੁਗਿਣਤੀ, ਇਕ ਵੱਖਰੀ ਕੌਮ ਵਜੋਂ ਮਾਨਤਾ ਦੇਣ ਲਈ ਤਿਆਰ ਨਾ ਹੋਵੇ ਤਾਂ ਫਿਰ ਸਿੱਖ ਕੌਮ, ਉਸ ਦੇਸ਼ ਨੂੰ ਆਪਣਾ ਕਿਵੇਂ ਮੰਨ ਸਕਦੀ ਹੈ?



ਸਿੱਖਾਂ ਨੂੰ ਜਿਸ ਦੇਸ਼ 'ਚ ਦੂਜੇ ਨੰਬਰ ਦੇ ਸ਼ਹਿਰੀ ਮੰਨਿਆ ਜਾਵੇ, ਤਾਂ ਫਿਰ ਉਨ੍ਹਾਂ 'ਚ ਉਸ ਦੇਸ਼ ਪ੍ਰਤੀ ਬੇਗਾਨਗੀ ਦੀ ਭਾਵਨਾ ਦਾ ਪੈਦਾ ਹੋਣਾ ਵੀ ਕੁਦਰਤੀ ਹੈ। ਹੁਣ ਜਦੋਂ ਭਗਵਾਂ ਬ੍ਰਿਗੇਡ ਦੇਸ਼ ਦਾ 'ਹਿੰਦੂਕਰਨ' ਕਰਨ ਦਾ ਮਨ ਬਣਾ ਚੁੱਕੀ ਹੈ ਅਤੇ ਉਸ ਲਈ ਯਤਨ ਵੀ ਸ਼ੁਰੂ ਹੋ ਚੁੱਕੇ ਹਨ ਤਾਂ ਸਿੱਖ ਕੌਮ ਨੂੰ ਆਏ ਦਿਨ ਦੀ ਇਸ ਘੇਸ-ਘੇਸ ਨੂੰ ਮੁਕਾਉਣ ਲਈ 'ਸਿੱਖ ਇਕ ਵੱਖਰੀ ਕੌਮ' ਦੇ ਮੁੱਦੇ ਤੇ 'ਮੀਰੀ-ਪੀਰੀ ਦੇ ਮਹਾਨ ਸਿੱਖ ਸਿਧਾਂਤ ਦੀ ਰਹਿਨੁਮਾਈ' ਹੇਠ ਲੋਕਤੰਤਰੀ ਢੰਗ-ਤਰੀਕਿਆਂ ਤੇ ਗੁਰਮਤਿ-ਗਿਆਨ ਨਾਲ ਆਰ-ਪਾਰ ਦੀ ਲੜਾਈ ਲੜ ਹੀ ਲੈਣੀ ਚਾਹੀਦੀ ਹੈ। 60 ਲੱਖ ਯਹੂਦੀਆਂ ਦੇ ਕਾਤਲ ਤੇ ਨਸਲਘਾਤੀ ਹਿਟਲਰ ਦੀ ਸੋਚ ਨਾਲ ਭਰਪੂਰ ਆਰ.ਐਸ.ਐਸ. ਦੇ ਮੁਖੀ ਮੋਹਨ ਭਾਗਵਤ ਦੇ ਖਤਰਨਾਕ ਅਤੇ ਨਫਰਤ ਭਰੇ ਬਿਆਨ "ਸਿੱਖ ਪਗੜੀਧਾਰੀ ਹਿੰਦੂ ਹਨ" ਨੇ ਸਿੱਖ ਕੌਮ ਨੂੰ ਸੋਚਾਂ ਵਿਚ ਪਾ ਕੇ ਦ੍ਰਿੜਤਾ ਨਾਲ ਆਪਣੇ ਦੇਸ਼ ਖਾਲਿਸਤਾਨ ਦੀ ਪ੍ਰਾਪਤੀ ਲਈ ਸੋਚਣ ਲਈ ਮਜਬੂਰ ਕਰ ਦਿੱਤਾ ਹੈ।

ਆਉ, ਅਸੀਂ ਸੰਸਾਰ ਦੇ ਇਸ ਸ਼ਾਨਦਾਰ ਲੋਕਤੰਤਰੀ ਆਜ਼ਾਦ ਮੁਲਕ ਅਮਰੀਕਾ ਵਿਚ ਰਹਿੰਦਿਆਂ ਹੋਇਆਂ 'ਖਾਲਸਾ ਪੰਥ ਦੇ ਦੇਸ਼ ਖਾਲਿਸਤਾਨ' ਲਈ ਇਲਾਹੀ-ਗਿਆਨ-ਵਿਦਿਆ ਦੇ ਪ੍ਰਚਾਰ-ਪ੍ਰਸਾਰ ਨਾਲ ਲੋਕਤੰਤਰੀ ਢੰਗ-ਤਰੀਕਿਆਂ ਦੀ ਵਰਤੋਂ ਕਰਦਿਆਂ ਆਪਣੀ ਮੰਜ਼ਿਲ "ਖਾਲਿਸਤਾਨ" ਲਈ ਜ਼ਬਰਦਸਤ ਸਿੱਖ ਲਹਿਰ ਪੈਦਾ ਕਰਨ ਵਿਚ ਸਹਾਈ ਹੋਈਏ।

*ਆਪ ਦੇ ਭਰਵੇਂ ਹੁੰਗਾਰੇ ਦੀ ਉਡੀਕ ਵਿਚ*

**ਕੈਲੀਫੋਰਨੀਆ ਗਤਕਾ ਦਲ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਮਾਨ), ਖਾਲਸਾ ਜਾਗ੍ਰਿਤੀ ਲਹਿਰ ਅਤੇ ਖਾਲਿਸਤਾਨ ਦੇ ਸ਼ਹੀਦ ਪਰਿਵਾਰ**

For More Information, please contact: Khalistan@sbcglobal.net or lovla123@yahoo.com

STATEN SOLAR
AFFORDABLE ENERGY FOR EVERYONE

ਸੋਲਰ ਸਿਸਟਮ ਲਗਵਾਓ ਅਤੇ ਪੈਸੇ ਬਚਾਓ

Commercial, Agricultural and Residential

Choose between $0 Down Lease or Lowest Cash Price

ਅਪਣੇ ਸਟੋਰ, ਫਾਰਮ ਅਤੇ ਘਰ ਫਰੀ ਸੋਲਰ ਸਿਸਟਮ ਲਗਵਾਓ। ਬਿਜਲੀ ਦੇ ਬਿੱਲ ਤੋਂ ਸਦਾ ਲਈ ਛੁਟਕਾਰਾ ਪਾਓ ਅਤੇ ਪੈਸੇ ਬਚਾਓ





Simran Deol
(Solar Engineer)
661-412-4728

ਕੀ ਤੁਸੀਂ ਅਪਣੇ ਸਟੋਰ, ਬਿਜ਼ਨਿਸ, ਫਾਰਮ ਜਾਂ ਘਰ ਸੋਲਰ ਸਿਸਟਮ ਕਿਸੇ ਤਜ਼ਰਬੇਕਾਰ ਇੰਜੀਨੀਅਰ ਦੀ ਸਲਾਹ ਨਾਲ ਲਗਵਾਉਣਾ ਚਾਹੋਗੇ ਜਾਂ ਕਿਸੇ ਸੇਲਜ਼ਮੈਨ ਦੀ ਸਲਾਹ ਨਾਲ? ਤਕਨੀਕੀ ਗੱਲਾਂ ਨੂੰ ਨਜ਼ਰਅੰਦਾਜ਼ ਨਾ ਕਰੋ, ਜੋ ਤੁਹਾਨੂੰ ਇਕ ਇੰਜੀਨੀਅਰ ਹੀ ਦੱਸ ਸਕਦਾ ਹੈ

ਫਰੀ, ਮਾਹਿਰਾਨਾ ਅਤੇ ਸਹੀ ਸਲਾਹ

7 ਸਾਲ ਤੋਂ ਵੀ ਵੱਧ ਸੋਲਰ ਇੰਜੀਨੀਅਰ ਵਜੋਂ ਤਜ਼ਰਬਾ

20 ਸਾਲ ਬਿਲਕੁਲ ਫਰੀ ਮੇਂਟੀਨੈਂਸ ਦੀ ਗਾਰੰਟੀ। ਹਰ ਤਰ੍ਹਾਂ ਦੀ ਦੇਖ ਭਾਲ ਅਤੇ ਇਸ਼ੋਰੈਂਸ ਦੀ ਜਿੰਮੇਵਾਰੀ ਵੀ ਕੰਪਨੀ ਦੀ।

- $ 0 down Worry Free Lease
- Fixed Monthly Bill, No Increase
- Guaranteed Lowest Monthly Bill
- Or Buy the System for Lowest Price
- Top Quality Product
- 20 Year Performance Guarantee
- 25 Year Guarantee for Panels
- FREE Maintenance for 20 years
- No Need to Worry About Increasing Cost of Utility
- Professional Installation
- 24/7 Monitoring

Receive $500 By Referring Friends.
www.Statensolar.com

No One Can Beat Our Price Guaranteed!

ਪਹਿਲੀ ਵਾਰ ਟਾਇਰਾਂ ਦੀ ਸਭ ਤੋਂ ਵੱਡੀ ਸੇਲ

GILL EXPRESS

TRUCK TIRE ON SALE


WITH PURCHASE OF 8 TIRES

279.99 Installed

LP22.5

CASH PRICE STEER OR DRIVE

PRICE GOOD @ THESE LOCATIONS
Bakersfield @ 24/7 Truck Stop
Fresno @ Kline Truck Stop
Frazier Park @ Flying J Truck Stop
Ripon @ Jimco Truck Stop



FET, SALES TAX, MOUNTING INCLUDED

INSTALLED OUT THE DOOR PRICE

661-203-0433

# ਉਮਰ ਕੈਦੀ ਪੁਲਿਸ ਕੈਟ ਪਿੰਕੀ ਦੀ ਰਿਹਾਈ 'ਤੇ ਛਿੜਿਆ ਵਿਵਾਦ

## ਪੰਜਾਬ ਸਰਕਾਰ ਨੇ ਸੱਤ ਸਾਲਾਂ ਬਾਅਦ ਹੀ ਕੀਤਾ ਰਿਹਾ

**ਚੰਡੀਗੜ੍ਹ:** ਡੀ.ਜੀ.ਪੀ ਸੁਮੇਧ ਸੈਣੀ ਦੇ ਨੇੜਲੇ ਰਹੇ ਪੁਲਿਸ ਕੈਟ ਗੁਰਮੀਤ ਸਿੰਘ ਉਰਫ ਪਿੰਕੀ ਦੀ ਅਗਾਊਂ ਰਿਹਾਈ ਨੂੰ ਲੈ ਕੇ ਨਵਾਂ ਵਿਵਾਦ ਛਿੜ ਗਿਆ ਹੈ। ਵਕੀਲ ਵੀ ਉਮਰ ਕੈਦੀ ਪਿੰਕੀ ਦੀ ਰਿਹਾਈ ਤੇ ਕੁਝ ਕੈਦੀਆਂ ਨੂੰ ਨਾਭਾ ਦੀ ਖੁੱਲ੍ਹੀ ਜੇਲ੍ਹ ਵਿਚ ਭੇਜਣ ਬਾਰੇ ਸੁਆਲ ਉਠਾ ਰਹੇ ਹਨ ਤੇ ਇਸ ਦੀ ਕਾਨੂੰਨੀ ਵੈਧਤਾ ਬਾਰੇ ਕਿੰਤੂ-ਪ੍ਰੰਤੂ ਕਰ ਰਹੇ ਹਨ। ਨਾਭਾ ਜੇਲ੍ਹ ਵਿਚ ਗਏ ਕੈਦੀਆਂ ਦੀ ਰਿਹਾਈ ਛੇਤੀ ਹੋ ਜਾਂਦੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਆਗੂ ਵੀ ਇਸ ਰਿਹਾਈ 'ਤੇ ਸੁਆਲ ਕਰ ਰਹੇ ਹਨ। ਲੁਧਿਆਣਾ ਦੇ ਅਵਤਾਰ ਸਿੰਘ ਉਰਫ ਗੋਲਾ ਦੀ ਹੱਤਿਆ ਦੇ ਦੋਸ਼ੀ ਪਿੰਕੀ ਦੀ ਰਿਹਾਈ 'ਤੇ ਚਰਚਾ ਛਿੜ ਪਈ ਹੈ।

ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਉਸ ਦੀ ਰਿਹਾਈ ਦਾ ਵਿਰੋਧ ਕਰਦਿਆਂ ਕਿਹਾ ਕਿ ਇਹੋ ਜਿਹੇ ਰੂਲ ਸਾਰੇ ਕੇਸਾਂ ਵਿਚ ਲਾਗੂ ਹੋਣੇ ਚਾਹੀਦੇ ਹਨ। ਲੰਬਾ ਸਮਾਂ ਪਹਿਲਾਂ ਕੈਦ ਪੂਰੀ ਕੱਟ ਚੁੱਕੇ ਕਿੰਨੇ ਹੀ ਸਿੱਖ ਕੈਦੀ ਹਾਲੇ ਵੀ ਜੇਲ੍ਹਾਂ ਵਿਚ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਵੀ ਸਰਕਾਰ ਨੂੰ ਇਸ ਫੈਸਲੇ 'ਤੇ ਮੁੜ ਗੌਰ ਕਰਨ ਲਈ ਕਿਹਾ ਹੈ ਕਿਉਂਕਿ ਇਸ ਨਾਲ ਸਿੱਖ ਭਾਈਚਾਰੇ ਦੇ ਮੈਂਬਰਾਂ ਨੂੰ ਠੇਸ ਲੱਗੀ ਹੈ। ਵੱਖ-ਵੱਖ ਜੇਲ੍ਹਾਂ ਵਿਚ ਸੜ ਰਹੇ ਸਿੱਖ ਕੈਦੀਆਂ ਦੀ ਰਿਹਾਈ ਲਈ 42 ਦਿਨ ਭੁੱਖ ਹੜਤਾਲ ਕਰ ਚੁੱਕੇ ਭਾਈ ਗੁਰਬਖਸ਼ ਸਿੰਘ ਖਾਲਸਾ ਨੇ ਕਿਹਾ ਕਿ ਇਸ ਤੋਂ ਸਪਸ਼ਟ ਹੋ ਗਿਆ ਹੈ ਕਿ ਆਪਣੇ ਬੰਦਿਆਂ ਦੀ ਰਿਹਾਈ ਲਈ ਸਰਕਾਰ ਕੋਲ ਸਾਰੇ ਅਧਿਕਾਰ ਹਨ। ਇਕ ਪਾਸੇ ਸਰਕਾਰ ਪਿੰਕੀ ਵਰਗਿਆਂ ਨੂੰ ਰਿਹਾਅ ਕਰਵਾ ਰਹੀ ਹੈ ਤੇ ਵੱਡੀ ਗਿਣਤੀ ਸਿੱਖ ਦੋ ਦਹਾਕਿਆਂ ਤੋਂ ਜੇਲ੍ਹਾਂ ਵਿਚ ਸੜ ਰਹੇ ਹਨ। ਕਈ ਕੇਸਾਂ, ਵਿਵਾਦਾਂ ਕਾਰਨ ਚਰਚਾ ਵਿਚ ਰਹੇ ਪਿੰਕੀ ਨੇ ਸੱਤ ਜਨਵਰੀ 2001 ਨੂੰ ਮਾਇਆ ਨਗਰ ਲੁਧਿਆਣਾ ਦੇ ਤਿੰਨ ਭੈਣਾਂ ਦੇ ਇਕੱਲੇ ਭਰਾ 21 ਸਾਲਾ ਅਵਤਾਰ ਸਿੰਘ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ। ਪਿੰਕੀ ਉਦੋਂ ਪੁਲਿਸ ਵਿਚ ਇੰਸਪੈਕਟਰ ਸੀ। ਅਵਤਾਰ ਸਿੰਘ ਦਾ ਕਸੂਰ ਇਹ ਸੀ ਕਿ ਉਸ ਨੇ ਗਲੀ ਵਿਚ ਕਾਰ 'ਤੇ ਸ਼ਰਾਬ ਦੀ ਬੋਤਲ ਰੱਖ ਕੇ ਪੀ ਰਹੇ ਪਿੰਕੀ ਤੇ ਉਸ ਦੇ ਗੰਨਮੈਨਾਂ ਤੋਂ ਰਾਹ ਮੰਗ ਲਿਆ ਸੀ। ਪਿੰਕੀ ਨੇ ਇਸ ਲੜਕੇ ਦੇ ਪਰਿਵਾਰ ਨੂੰ ਡਰਾਵੇ-ਧਮਕੀਆਂ ਦਿੱਤੀਆਂ। ਸਮਝੌਤੇ ਲਈ ਦਬਾਅ ਪਾਏ। ਅਵਤਾਰ ਸਿੰਘ ਦੇ ਪਰਿਵਾਰ ਦੇ ਵਕੀਲ ਰਜਿੰਦਰ ਸਿੰਘ ਬੈਂਸ ਨੇ ਪਿੰਕੀ ਦੀ ਰਿਹਾਈ ਨੂੰ ਗੈਰਕਾਨੂੰਨੀ ਕਿਹਾ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਇਸ ਬਾਰੇ ਸਪਸ਼ਟ ਕਰੇ। ਨਾਮਵਰ ਵਕੀਲ ਨਵਕਿਰਨ ਸਿੰਘ ਨੇ ਵੀ ਇਸ 'ਤੇ ਇਤਰਾਜ਼ ਕੀਤਾ ਤੇ ਕਿਹਾ ਕਿ ਸਰਕਾਰ ਇਹ ਦੱਸੇ ਕਿ ਕਿਸ ਮਾਪਦੰਡ ਤਹਿਤ ਕੈਦੀਆਂ ਦੀ ਚੋਣ ਕਰਕੇ ਉਨ੍ਹਾਂ ਨੂੰ ਨਾਭਾ ਜੇਲ੍ਹ ਭੇਜ ਕੇ ਉਨ੍ਹਾਂ ਦੀ ਛੇਤੀ ਰਿਹਾਈ ਕਰ ਰਹੀ ਹੈ। ਇਹ ਨਿਰਾ ਆਪਹੁਦਰਾਪਨ ਹੈ। ਜੇਲ੍ਹ ਅਧਿਕਾਰੀ ਇਸ ਫੈਸਲੇ ਦੀ ਪੈਰਵੀ ਕਰਦੇ ਹਨ। ਐਸ.ਜੀ.ਪੀ.ਸੀ. ਦੇ ਕਾਰਜਕਾਰੀ ਮੈਂਬਰ ਕਰਨੈਲ ਸਿੰਘ ਪੰਜੋਲੀ ਤੇ ਦਲ ਖਾਲਸਾ ਦੇ ਪ੍ਰਧਾਨ ਐਚ.ਐਸ. ਧਾਮੀ ਨੇ ਵੀ ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਪਿੰਕੀ ਬਹੁਤਾ ਸਮਾਂ ਤਾਂ ਪੈਰੋਲ ਜਾਂ ਫਰਲੋ 'ਤੇ ਬਾਹਰ ਹੀ ਰਹਿੰਦਾ ਰਿਹਾ ਹੈ। ਨੌਜਵਾਨ ਅਵਤਾਰ ਸਿੰਘ ਦੇ ਬੁੱਢੇ ਮਾਪੇ ਅਮਰੀਕ ਸਿੰਘ ਤੇ ਚਰਨਜੀਤ ਕੌਰ ਅਨੁਸਾਰ ਉਨ੍ਹਾਂ ਦੀ ਜ਼ਿੰਦਗੀ ਅਦਾਲਤਾਂ ਦੇ ਗੇੜਿਆਂ ਵਿਚ ਲੰਘ ਗਈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸੀਨੀਅਰ ਪੁਲਿਸ ਅਧਿਕਾਰੀਆਂ ਉਤੇ ਪਿੰਕੀ ਦੀ ਪੁਸ਼ਤਪਨਾਹੀ ਦੇ ਦੋਸ਼ ਲਾਉਂਦਿਆਂ ਉਨ੍ਹਾਂ ਪੁੱਛਿਆ ਕਿ ਕੀ ਜੇਕਰ ਉਹ ਉਨ੍ਹਾਂ ਦੇ ਰਿਸ਼ਤੇਦਾਰਾਂ ਦੀ ਹੱਤਿਆ ਕਰਦਾ ਤਾਂ ਕੀ ਉਹ ਉਸ ਨੂੰ ਇੰਨੀ ਛੇਤੀ ਰਿਹਾਅ ਕਰ ਦਿੰਦੇ।

ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਕਈ ਕੁਝ ਘਰ ਦਾ ਵੇਚ ਕੇ ਪਿੰਕੀ ਵਿਰੁੱਧ ਕੇਸ ਚਲਾਇਆ ਸੀ। ਅਮਰੀਕ ਸਿੰਘ ਨੇ ਕਿਹਾ ਕਿ ਪਿੰਕੀ ਨੇ ਉਸ ਨੂੰ ਮਾਮਲਾ ਠੱਪ ਕਰਨ ਲਈ ਦੋ ਕਰੋੜ ਰੁਪਏ ਦੀ ਪੇਸ਼ਕਸ਼ ਕੀਤੀ ਸੀ, ਪਰ ਇਸ ਪੈਸੇ ਨਾਲ ਉਨ੍ਹਾਂ ਦਾ ਪੁੱਤਰ ਵਾਪਸ ਨਹੀਂ ਆਉਣਾ ਸੀ।

### ਬੱਬਰ ਖਾਲਸਾ ਦਾ ਮੈਂਬਰ ਸੀ ਗੁਰਮੀਤ ਸਿੰਘ ਪਿੰਕੀ

ਗੁਰਮੀਤ ਸਿੰਘ ਪਿੰਕੀ ਕਦੇ ਬੱਬਰ ਖਾਲਸਾ ਦਾ ਸਰਗਰਮ ਮੈਂਬਰ ਸੀ ਪਰ ਬਾਅਦ ਵਿਚ ਪੁਲਿਸ ਹੱਥੇ ਚੜ੍ਹ ਗਿਆ ਤੇ ਉਸ ਦੀ ਆੜੀ ਐਸ.ਐਸ.ਪੀ. ਸੁਮੇਧ ਸੈਣੀ (ਹੁਣ ਡੀ.ਜੀ.ਪੀ) ਨਾਲ ਪੈ ਗਈ। ਉਸ ਦੀ ਮਦਦ ਨਾਲ ਪੁਲਿਸ ਨੇ ਦਰਜਨਾਂ ਸਿੱਖਾਂ ਨੂੰ ਪੁਲਿਸ ਮੁਕਾਬਲੇ ਬਣਾ ਕੇ ਮਾਰਿਆ। ਬਾਅਦ ਵਿਚ ਪਿੰਕੀ ਪੁਲਿਸ ਵਿਚ ਭਰਤੀ ਹੋ ਗਿਆ। 2001 ਵਿਚ ਉਸ ਨੇ ਲੁਧਿਆਣੇ ਵਿਚ ਇਕ ਨੌਜਵਾਨ ਦੀ ਹੱਤਿਆ ਕਰ ਦਿੱਤੀ। 2006 ਵਿਚ ਉਸ ਨੂੰ ਉਮਰ ਕੈਦ ਦੀ ਸਜ਼ਾ ਹੋਈ ਪਰ ਸਰਕਾਰ ਨੇ ਸੱਤ ਸਾਲ ਵਿਚ ਹੀ ਉਸ ਦੀ ਸਜ਼ਾ ਮੁਆਫ ਕਰ ਦਿੱਤੀ ਅਤੇ 24 ਜੁਲਾਈ 2014 ਨੂੰ ਉਹ ਰਿਹਾਅ ਹੋ ਗਿਆ।



## ਸਿੱਖ ਜਥੇਬੰਦੀਆਂ ਨੇ ਬਾਦਲ ਨੂੰ ਘੇਰਿਆ

ਕਤਲ ਕੇਸ ਵਿਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਗੁਰਮੀਤ ਸਿੰਘ ਪਿੰਕੀ ਨੂੰ ਸੱਤ ਸਾਲਾਂ ਵਿਚ ਹੀ ਰਿਹਾਈ ਦੇਣ ਦੇ ਮਾਮਲੇ 'ਤੇ ਸਿੱਖ ਜਥੇਬੰਦੀਆਂ ਨੇ ਬਾਦਲ ਸਰਕਾਰ ਨੂੰ ਘੇਰ ਲਿਆ ਹੈ। ਜਥੇਬੰਦੀਆਂ ਨੇ ਦੋਸ਼ ਲਾਇਆ ਹੈ ਕਿ ਪੰਜਾਬ ਸਰਕਾਰ ਦਰਜਨਾਂ ਸਿੱਖਾਂ ਨੂੰ ਪੁਲਿਸ ਮੁਕਾਬਲੇ ਵਿਚ ਮਰਵਾਉਣ ਵਾਲੇ ਪਿੰਕੀ ਦੀ ਸਜ਼ਾ ਮੁਆਫ ਕਰ ਸਕਦੀ ਹੈ ਤਾਂ ਸਜ਼ਾ ਪੂਰੀ ਕਰਨ ਦੇ ਬਾਵਜੂਦ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ 'ਤੇ ਚੁੱਪ ਕਿਉਂ ਧਾਰੀ ਬੈਠੀ ਹੈ। ਅਕਾਲੀ ਦਲ ਦੇ ਹਮਾਇਤੀ ਰਹੇ ਦਮਦਮੀ ਟਕਸਾਲ ਤੇ ਸੰਤ ਸਮਾਜ ਦੇ ਮੁਖੀ ਹਰਨਾਮ ਸਿੰਘ ਧੁੰਮਾ ਨੇ ਕਿਹਾ ਹੈ ਸਿੱਖਾਂ ਦੇ ਕਾਤਲ ਦੀ ਰਿਹਾਈ ਨਾਲ ਬਾਦਲ ਸਰਕਾਰ ਦਾ ਪੰਥ ਵਿਰੋਧੀ ਚਿਹਰਾ ਸਾਹਮਣੇ ਆਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਅਕਾਲੀਆਂ ਦੀ ਸਰਕਾਰ ਹੋਣ ਦੇ ਬਾਵਜੂਦ ਸਿੱਖਾਂ ਨਾਲ ਧੱਕਾ ਹੋ ਰਿਹਾ ਹੈ ਤੇ ਸਿੱਖਾਂ ਦੇ ਕਾਤਲਾਂ ਦੀ ਰੱਜ ਕੇ ਹਮਾਇਤ ਕੀਤੀ ਜਾ ਰਹੀ ਹੈ ਜਦ ਕਿ ਸਜ਼ਾ ਪੂਰੀ ਕਰਨ ਦੇ ਬਾਵਜੂਦ ਵੱਡੀ ਗਿਣਤੀ ਸਿੱਖ ਜੇਲ੍ਹਾਂ ਕੱਟ ਰਹੇ ਹਨ।

ਇਹ ਪਹਿਲੀ ਵਾਰ ਹੋਇਆ ਹੈ ਜਦੋਂ ਦਮਦਮੀ ਟਕਸਾਲ ਨੇ ਕਿਸੇ ਮੁੱਦੇ 'ਤੇ ਬਾਦਲ ਸਰਕਾਰ ਦੀ ਨੁਕਤਾਚੀਨੀ ਕੀਤੀ ਹੈ। ਉਧਰ ਦਲ ਖਾਲਸਾ ਨੇ ਵੀ ਸਰਕਾਰ ਦੀ ਇਸ ਕਾਰਵਾਈ ਦੀ ਨਿਖੇਧੀ ਕੀਤੀ ਹੈ। ਦਲ ਦੇ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ ਨੇ ਕਿਹਾ ਕਿ ਪਿੰਕੀ ਨੇ ਡੀ.ਜੀ.ਪੀ. ਸੈਣੀ ਦੇ ਇਸ਼ਾਰੇ 'ਤੇ ਬੇਕਸੂਰ ਸਿੱਖਾਂ ਨੂੰ ਮੌਤ ਦੇ ਘਾਟ ਉਤਾਰਿਆ ਹੈ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਉਸ ਦੀ ਰਿਹਾਈ ਦਾ ਵਿਰੋਧ ਕਰਦਿਆਂ ਕਿਹਾ ਕਿ ਇਹੋ ਜਿਹੇ ਰੂਲ ਸਾਰੇ ਕੇਸਾਂ ਵਿਚ ਲਾਗੂ ਹੋਣੇ ਚਾਹੀਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਵੀ ਸਰਕਾਰ ਨੂੰ ਇਸ ਫੈਸਲੇ 'ਤੇ ਮੁੜ ਗੌਰ ਕਰਨ ਲਈ ਕਿਹਾ ਹੈ।

# ਬੰਦੀ ਸਿੱਖਾਂ ਦੀ ਰਿਹਾਈ ਲਈ 31 ਤੱਕ ਦਾ ਅਲਟੀਮੇਟਮ

**ਅੰਮ੍ਰਿਤਸਰ:** ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਦੀ ਮੰਗ ਬਾਰੇ ਪਿਛਲੇ ਵਰ੍ਹੇ 41 ਦਿਨ ਭੁੱਖ ਹੜਤਾਲ 'ਤੇ ਬੈਠੇ ਗੁਰਬਖ਼ਸ਼ ਸਿੰਘ ਖਾਲਸਾ ਨੇ ਅਕਾਲ ਤਖ਼ਤ ਦੇ ਜਥੇਦਾਰ ਨੂੰ 31 ਅਗਸਤ ਤੱਕ ਅਲਟੀਮੇਟਮ ਦਿੰਦਿਆਂ ਕਿਹਾ ਹੈ ਕਿ ਜੇਕਰ ਤੈਅ ਸਮੇਂ ਵਿਚ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਪੱਕੀ ਰਿਹਾਈ ਲਈ ਪ੍ਰਬੰਧ ਨਾ ਹੋਇਆ ਤਾਂ ਉਹ ਮੁੜ ਸੰਘਰਸ਼ ਕਰਨਗੇ। ਮੁਹਾਲੀ ਦੇ ਗੁਰਦੁਆਰਾ ਅੰਬ ਸਾਹਿਬ ਤੋਂ 10 ਅਗਸਤ ਤੋਂ ਪੈਦਲ ਯਾਤਰਾ ਕਰਦੇ ਹੋਏ ਅਕਾਲ ਤਖ਼ਤ ਪੁੱਜ ਕੇ ਖਾਲਸਾ ਨੇ ਸਿੱਖਾਂ ਦੀ ਰਿਹਾਈ ਲਈ ਅਰਦਾਸ ਕੀਤੀ। ਇਸ ਮੌਕੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਲ ਮੁਲਾਕਾਤ ਨਹੀਂ ਹੋ ਸਕੀ।

ਉਨ੍ਹਾਂ ਮੰਗ ਪੱਤਰ ਸਕੱਤਰੇਤ ਵਿਚ ਨਿੱਜੀ ਸਕੱਤਰ ਭੁਪਿੰਦਰ ਸਿੰਘ ਨੂੰ ਸੌਂਪਿਆ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਕੀਤਾ ਵਾਅਦਾ ਵਫ਼ਾ ਨਹੀਂ ਹੋਇਆ। ਉਨ੍ਹਾਂ ਅਪੀਲ ਕੀਤੀ ਕਿ ਪੰਜ ਸਿੰਘ ਸਾਹਿਬਾਨ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਪੱਕੀ ਰਿਹਾਈ ਲਈ ਸਰਕਾਰ ਨੂੰ ਆਦੇਸ਼ ਜਾਰੀ ਕਰਨ ਤੇ ਉਨ੍ਹਾਂ ਦੀ ਪੱਕੀ ਰਿਹਾਈ ਕਰਾਉਣ।



ਜੇਕਰ ਉਹ ਪੱਕੀ ਰਿਹਾਈ ਕਰਾਉਣ ਵਿਚ ਅਸਮਰੱਥ ਹਨ ਤਾਂ ਉਨ੍ਹਾਂ ਨੂੰ ਮੁੜ ਸੰਘਰਸ਼ ਕਰਨ ਦੀ ਆਗਿਆ ਦਿੱਤੀ ਜਾਵੇ। ਉਨ੍ਹਾਂ ਚਿਤਾਵਨੀ ਦਿੱਤੀ ਹੈ ਕਿ ਜੇਕਰ 31 ਅਗਸਤ ਤੱਕ ਮੰਗ ਪ੍ਰਵਾਨ ਨਾ ਹੋਈ ਤਾਂ ਉਹ ਮੁੜ ਸੰਘਰਸ਼ ਕਰਨਗੇ।

ਖਾਲਸਾ ਦੀ ਅਗਵਾਈ ਹੇਠ ਪੈਦਲ ਯਾਤਰਾ ਕਰ ਰਹੇ ਕਾਰਕੁਨਾਂ ਦਾ ਕਾਫਲਾ ਜਦੋਂ ਜਹਾਜ਼ਗੜ੍ਹ ਨੇੜੇ ਪੁੱਜਾ ਤਾਂ ਦਮਦਮੀ ਟਕਸਾਲ ਅਜਨਾਲਾ ਗੁੱਟ ਦੇ ਭਾਈ ਅਮਰੀਕ ਸਿੰਘ ਅਜਨਾਲਾ ਤੇ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਮਨਜੀਤ ਸਿੰਘ ਝਬਾਲ ਤੇ ਹੋਰਨਾਂ ਨੇ ਉਨ੍ਹਾਂ ਨੂੰ ਰੋਕ ਲਿਆ। ਉਨ੍ਹਾਂ ਨੇ ਦੋਸ਼ ਲਾਇਆ ਕਿ ਖਾਲਸਾ ਇਕ ਵਾਰ ਪਹਿਲਾਂ ਸਿੱਖਾਂ ਦੀ ਪੱਕੀ ਰਿਹਾਈ ਲਈ ਅਰਦਾਸ ਕਰ ਚੁੱਕਾ ਹੈ। ਉਨ੍ਹਾਂ ਅਰਦਾਸ ਭੰਗ ਕੀਤੀ ਹੈ। ਇਸ ਲਈ ਮੁੜ ਅਰਦਾਸ ਨਹੀਂ ਕਰਨ ਦੇਣਗੇ। ਇਸ ਮਾਮਲੇ ਦੀ ਸੂਚਨਾ ਮਿਲਣ 'ਤੇ ਪੁਲਿਸ ਅਧਿਕਾਰੀਆਂ ਨੇ ਮੌਕੇ 'ਤੇ ਪੁੱਜ ਕੇ ਮਾਮਲਾ ਸ਼ਾਂਤ ਕੀਤਾ। ਸਿੱਖ ਕਾਰਕੁੰਨ ਜਦੋਂ ਅਕਾਲ ਤਖ਼ਤ ਦੇ ਸਕੱਤਰੇਤ ਵਿਚ ਮੰਗ ਪੱਤਰ ਦੇਣ ਜਾ ਰਹੇ ਸਨ ਤਾਂ ਉਥੇ ਤਾਇਨਾਤ ਕਰਮਚਾਰੀਆਂ ਵੱਲੋਂ ਭੀੜ ਨੂੰ ਇਕੱਠੇ ਸਕਤਰੇਤ ਜਾਣ ਤੋਂ ਰੋਕਿਆ ਗਿਆ। ਇਸ ਮੌਕੇ ਜਦੋਂ ਇਕ ਕਰਮਚਾਰੀ ਨੇ ਦਰਵਾਜ਼ਾ ਬੰਦ ਕੀਤਾ ਤਾਂ ਦਰਵਾਜੇ ਵਿਚ ਖੜ੍ਹੇ ਦੂਜੇ ਕਰਮਚਾਰੀ ਦਾ ਹੱਥ ਦਰਵਾਜੇ ਵਿਚ ਆ ਗਿਆ ਤੇ ਉਸ ਨੂੰ ਹਸਪਤਾਲ ਭੇਜਿਆ ਗਿਆ ਹੈ।

ਇਸ ਮੌਕੇ ਭਾਈ ਖਾਲਸਾ ਨੇ ਦੱਸਿਆ ਕਿ ਦਮਦਮੀ ਟਕਸਾਲ ਦੇ ਮੁੱਖੀ ਅਮਰੀਕ ਸਿੰਘ ਅਜਨਾਲਾ ਨੇ ਨੀਵੇਂ ਪੱਧਰ ਦੀ ਭਾਸ਼ਾ ਵਰਤਦਿਆਂ ਗਾਲੀ ਗਲੋਚ ਕੀਤਾ ਹੈ। ਉਹ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੂੰ ਸਪੱਸ਼ਟ ਕਰਦੇ ਹਨ ਕਿ ਉਹ ਕੀਤੇ ਗਏ ਵਾਅਦੇ ਮੁਤਾਬਕ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਕਰਕੇ ਪੰਜਾਬ ਸਰਕਾਰ ਨੂੰ ਹਦਾਇਤ ਕਰਨ ਕਿ ਅਦਾਲਤੀ ਸਜ਼ਾ ਕੱਟ ਚੁੱਕੇ ਬੰਦੀ ਸਿੰਘਾਂ ਦੀ ਪੱਕੀ ਰਿਹਾਈ 31 ਅਗਸਤ ਤੱਕ ਕਰਵਾਈ ਜਾਵੇ ਨਹੀਂ ਤਾਂ ਉਹ ਮਰਨ ਵਰਤ ਰੱਖਣ ਲਈ ਮਜਬੂਰ ਹੋਣਗੇ। ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਤੇ ਆਈ.ਐਸ.ਓ. ਦੇ ਜ਼ਿਲ੍ਹਾ ਪ੍ਰਧਾਨ ਕੰਵਰਬੀਰ ਸਿੰਘ ਨੇ ਕਿਹਾ ਕਿ ਭਾਈ ਗੁਰਬਖਸ਼ ਸਿੰਘ ਖਾਲਸਾ ਨੇ ਹੁਣ ਤੱਕ ਜੋ ਵੀ ਬੰਦੀ ਸਿੰਘਾਂ ਲਈ ਉਪਰਾਲਾ ਕੀਤਾ ਹੈ, ਉਹ ਸ਼ਲਾਘਾਯੋਗ ਹੈ। ਭਵਿੱਖ ਵਿਚ ਜੋ ਵੀ ਇਹ ਅੰਦੋਲਨ ਉਲੀਕਣਗੇ ਉਸ ਵਿਚ ਪੂਰਾ ਸਾਥ ਦਿੱਤਾ ਜਾਵੇਗਾ।

## ਅਫਗਾਨ ਤਾਲਿਬਾਨ ਦੇ ਕਬਜ਼ੇ ਵਿਚੋਂ ਤਿੰਨ ਭਾਰਤੀ ਇੰਜੀਨੀਅਰ ਛੁਡਵਾਏ

**ਕਾਬੁਲ:** ਅਫਗਾਨਿਸਤਾਨ ਦੀ ਖੁਫੀਆ ਏਜੰਸੀ ਨੇ ਦੱਸਿਆ ਕਿ ਪੂਰਬੀ ਲੋਗਾਰ ਸੂਬੇ ਵਿਚ ਵਿਸ਼ੇਸ਼ ਫੌਜੀ ਕਾਰਵਾਈ ਕਰਦਿਆਂ ਉਨ੍ਹਾਂ ਤਿੰਨ ਭਾਰਤੀ ਇੰਜੀਨੀਅਰਾਂ ਨੂੰ ਛੁਡਵਾ ਲਿਆ ਜਿਨ੍ਹਾਂ ਨੂੰ ਤਾਲਿਬਾਨ ਨੇ ਅਗਵਾ ਕੀਤਾ ਹੋਇਆ ਸੀ। ਇਨ੍ਹਾਂ ਨੂੰ ਉਸ ਸਮੇਂ ਛੁਡਵਾਇਆ ਗਿਆ ਜਦੋਂ ਤਾਲਿਬਾਨ ਇਨ੍ਹਾਂ ਨੂੰ ਪਾਕਿਸਤਾਨ ਲਿਜਾ ਰਹੇ ਹਨ।

ਕੌਮੀ ਸੁਰੱਖਿਆ ਡਾਇਰੈਕਟੋਰੇਟ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਇਹ ਤਿੰਨੋਂ ਭਾਰਤੀ ਇੰਜੀਨੀਅਰ ਇਥੇ 'ਓਏਸਿਸ' ਕੰਪਨੀ ਵਾਸਤੇ ਕੰਮ ਕਰਦੇ ਸਨ। ਤਾਲਿਬਾਨ ਇਨ੍ਹਾਂ ਨੂੰ ਪਾਕਿਸਤਾਨੀ ਸ਼ਹਿਰ ਕੋਇਟਾ ਲਿਜਾ ਰਹੇ ਸਨ ਜਦੋਂ ਵਿਸ਼ੇਸ਼ ਕਾਰਵਾਈ ਕਰਦਿਆਂ ਫੌਜ ਨੇ ਇਨ੍ਹਾਂ ਨੂੰ ਰਿਹਾਅ ਕਰਵਾ ਲਿਆ। ਵਰਣਨਯੋਗ ਹੈ ਕਿ ਭਾਰਤ ਦੇ ਕਾਫੀ ਨਾਗਰਿਕ ਇਸ ਵੇਲੇ ਅਫਗਾਨਿਸਤਾਨ ਵਿਚ ਕੰਮ ਕਰ ਰਹੇ ਹਨ। ਤਾਲਿਬਾਨ ਪਹਿਲਾਂ ਵੀ ਭਾਰਤੀ ਕਾਮਿਆਂ ਖਿਲਾਫ ਕਾਰਵਾਈਆਂ ਕਰਦੇ ਰਹੇ ਹਨ।

## ਭਾਰਤ ਨੂੰ ਯੂਰੇਨੀਅਮ ਦੇਣ ਲਈ ਰਾਜ਼ੀ ਹੋਇਆ ਆਸਟਰੇਲੀਆ

**ਮੈਲਬਰਨ:** ਆਸਟਰੇਲੀਆ ਤੇ ਭਾਰਤ ਵਿਚ ਸਿਵਲ ਪਰਮਾਣੂ ਸਮਝੌਤੇ 'ਤੇ ਸਹਿਮਤੀ ਬਣ ਗਈ ਹੈ। ਆਸਟਰੇਲੀਆ ਦੇ ਪ੍ਰਧਾਨ ਮੰਤਰੀ ਟੋਨੀ ਐਬਟ ਦੇ ਅਗਲੇ ਮਹੀਨੇ ਦਿੱਲੀ ਦੌਰੇ ਦੌਰਾਨ ਇਸ ਸਮਝੌਤੇ 'ਤੇ ਸਹੀ ਪਾਉਣ ਦੀ ਸੰਭਾਵਨਾ ਹੈ।

ਆਸਟਰੇਲੀਅਨ ਬ੍ਰਾਡਕਾਸਟਿੰਗ ਕੋਆਪਰੇਸ਼ਨ ਵੱਲੋਂ ਪ੍ਰਕਾਸ਼ਤ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤੀ ਅਧਿਕਾਰੀਆਂ ਨੇ ਆਸਟਰੇਲੀਆ ਨੂੰ ਯਕੀਨ ਦਿਵਾਇਆ ਹੈ ਕਿ ਯੂਰੇਨੀਅਮ ਦੀ ਵਰਤੋਂ ਪਰਮਾਣੂ ਹਥਿਆਰ ਬਣਾਉਣ ਲਈ ਨਹੀਂ ਕੀਤੀ ਜਾਵੇਗੀ। ਭਾਰਤ ਤੇ ਆਸਟਰੇਲੀਆ ਵਿਚਕਾਰ 2012 ਤੋਂ ਬਾਅਦ ਯੂਰੇਨੀਅਮ ਦੀ ਵਿਕਰੀ ਨੂੰ ਲੈ ਕੇ ਗੱਲਬਾਤ ਜਾਰੀ ਸੀ। ਆਸਟਰੇਲੀਆ ਵਿਚ ਯੂਰੇਨੀਅਮ ਦਾ ਤੀਜਾ ਸਭ ਤੋਂ ਵੱਡਾ ਭੰਡਾਰ ਹੈ।

ਚੇਤੇ ਰਹੇ ਕਿ ਦੋਹਾਂ ਦੇਸ਼ਾਂ ਵਿਚਕਾਰ ਇਸ ਸਮਝੌਤੇ ਬਾਰੇ ਕਾਫੀ ਚਿਰਾਂ ਤੋਂ ਦੁਵੱਲੀ ਗੱਲਬਾਤ ਚਲਾਈ ਜਾ ਰਹੀ ਸੀ।

# ਲੋਕ ਸਭਾ ਚੋਣਾਂ ਤੋਂ ਪਹਿਲਾਂ ਵੰਡੇ ਨੀਲੇ ਕਾਰਡ ਜਾਅਲੀ ਨਿਕਲੇ

**ਬਠਿੰਡਾ:** ਕੈਬਨਿਟ ਮੰਤਰੀ ਜਨਮੇਜਾ ਸਿੰਘ ਸੇਖੋਂ ਦੇ ਅਸੈਂਬਲੀ ਹਲਕਾ ਮੌੜ ਵਿਚ ਲੋਕ ਸਭਾ ਚੋਣਾਂ ਤੋਂ ਪਹਿਲਾਂ ਵੰਡੇ ਨਵੇਂ ਕਾਫ਼ੀ ਨੀਲੇ ਕਾਰਡ ਜਾਅਲੀ ਨਿਕਲੇ ਹਨ। ਤਕਰੀਬਨ ਅੱਧੀ ਦਰਜਨ ਪਿੰਡਾਂ ਦੇ ਗਰੀਬ ਲੋਕ ਮੁੱਖ ਮੰਤਰੀ ਤੇ ਖੁਰਾਕ ਸਪਲਾਈ ਮੰਤਰੀ ਦੀ ਤਸਵੀਰ ਵਾਲੇ ਇਹ ਨੀਲੇ ਕਾਰਡ ਹੱਥਾਂ ਵਿਚ ਲੈ ਕੇ ਘੁੰਮ ਰਹੇ ਹਨ। ਪਿੰਡਾਂ ਦੇ ਰਾਸ਼ਨ ਡਿਪੂ ਹੋਲਡਰਾਂ ਨੇ ਇਨ੍ਹਾਂ ਨੀਲੇ ਕਾਰਡਾਂ 'ਤੇ ਰਾਸ਼ਨ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਹਲਕਾ ਮੌੜ ਦੇ ਪਿੰਡ ਰਾਏਖਾਨਾ ਤੇ ਮੰਡੀ ਕਲਾਂ ਪਿੰਡਾਂ ਵਿਚ ਇਸ ਤਰ੍ਹਾਂ ਦੇ ਨੀਲੇ ਕਾਰਡ ਕਾਫ਼ੀ ਵੰਡੇ ਗਏ ਜਿਨ੍ਹਾਂ 'ਤੇ ਨਾ ਦਸਤਖ਼ਤ ਹਨ ਤੇ ਨਾ ਹੀ ਕੋਈ ਮੋਹਰ ਲੱਗੀ ਹੋਈ ਹੈ।

ਮਿਲੇ ਵੇਰਵਿਆਂ ਮੁਤਾਬਕ ਲੋਕ ਸਭਾ ਚੋਣਾਂ ਤੋਂ ਪਹਿਲਾਂ ਬਠਿੰਡਾ ਜ਼ਿਲ੍ਹੇ ਵਿਚ ਆਟਾ ਦਾਲ ਸਕੀਮ ਦੇ 98 ਹਜ਼ਾਰ ਨਵੇਂ ਲਾਭਪਾਤਰੀ ਬਣਾਏ ਗਏ ਸਨ ਜਿਨ੍ਹਾਂ ਦਾ ਸਰਵੇ ਜਨਵਰੀ 2014 ਵਿਚ ਐਸ.ਡੀ.ਐਮਜ਼ ਵੱਲੋਂ ਕੀਤਾ ਗਿਆ ਸੀ। ਜ਼ਿਲ੍ਹੇ ਵਿਚ 1.01 ਲੱਖ ਲਾਭਪਾਤਰੀ ਪੁਰਾਣੇ ਹਨ ਜਦੋਂਕਿ ਨਵੇਂ ਲਾਭਪਾਤਰੀਆਂ ਦੀ ਗਿਣਤੀ ਵਿਚ ਬਠਿੰਡਾ




ਜ਼ਿਲ੍ਹਾ ਪੂਰੇ ਪੰਜਾਬ ਵਿਚੋਂ ਪਹਿਲੇ ਨੰਬਰ 'ਤੇ ਹੈ। ਨਵੇਂ ਲਾਭਪਾਤਰੀਆਂ ਨੂੰ ਫਰਵਰੀ ਤੋਂ ਮਈ ਮਹੀਨੇ ਤੱਕ ਦਾ ਰਾਸ਼ਨ ਦਿੱਤਾ ਜਾ ਚੁੱਕਾ ਹੈ। ਚੋਣਾਂ ਤੋਂ ਪਹਿਲਾਂ ਰਾਤੋ ਰਾਤ ਨਵੇਂ ਲਾਭਪਾਤਰੀਆਂ ਨੂੰ ਨੀਲੇ ਕਾਰਡ ਵੰਡੇ ਗਏ ਸਨ ਪਰ ਕਈ ਪਿੰਡਾਂ ਦੇ ਲਾਭਪਾਤਰੀਆਂ ਨੂੰ ਵੰਡੇ ਗਏ ਨੀਲੇ ਕਾਰਡ ਜਾਅਲੀ ਨਿਕਲੇ।

ਪਿੰਡ ਰਾਏਖਾਨਾ ਦੇ ਤਕਰੀਬਨ 40 ਨਵੇਂ ਲਾਭਪਾਤਰੀ ਜਦੋਂ ਰਾਸ਼ਨ ਲੈਣ ਲਈ ਡਿਪੂ ਹੋਲਡਰ ਕੋਲ ਗਏ ਤਾਂ ਉਸ ਨੇ ਇਨ੍ਹਾਂ ਕਾਰਡਾਂ ਨੂੰ ਜਾਅਲੀ ਦੱਸਿਆ। ਡਿਪੂ ਹੋਲਡਰ ਬਹਾਦਰ ਖਾਨ ਦਾ ਕਹਿਣਾ ਸੀ ਕਿ ਖੁਰਾਕ ਤੇ ਸਪਲਾਈ ਵਿਭਾਗ ਵੱਲੋਂ ਜੋ ਅਪ੍ਰਵਾਨਿਤ ਸੂਚੀ ਭੇਜੀ ਗਈ ਹੈ, ਉਨ੍ਹਾਂ ਵਿਚ ਪਿੰਡ ਦੇ ਇਨ੍ਹਾਂ 40 ਲਾਭਪਾਤਰੀਆਂ ਦਾ ਨਾਂ ਨਹੀਂ ਹੈ। ਮੌੜ ਸਬ ਡਿਵੀਜ਼ਨ ਵਿਚ ਤਕਰੀਬਨ 13 ਹਜ਼ਾਰ ਨਵੇਂ ਲਾਭਪਾਤਰੀ ਆਟਾ ਦਾਲ ਸਕੀਮ ਵਿਚ ਸ਼ਾਮਲ ਕੀਤੇ ਗਏ ਸਨ। ਪਿੰਡ ਮੰਡੀ ਕਲਾਂ ਦੇ ਤਕਰੀਬਨ 30 ਨਵੇਂ ਲਾਭਪਾਤਰੀ ਅਜਿਹੇ ਹਨ ਜਿਨ੍ਹਾਂ ਦੇ ਨੀਲੇ ਕਾਰਡ ਜਾਅਲੀ ਨਿਕਲੇ ਹਨ। ਇਨ੍ਹਾਂ ਲਾਭਪਾਤਰੀਆਂ ਕੋਲ ਨੀਲੇ ਕਾਰਡ ਮੌਜੂਦ ਹਨ ਪਰ ਸਰਕਾਰੀ ਰਿਕਾਰਡ ਵਿਚ ਉਨ੍ਹਾਂ ਦਾ ਕੋਈ ਰਿਕਾਰਡ ਨਹੀਂ ਹੈ। ਇਸ ਪਿੰਡ ਨਾਲ ਸਬੰਧਤ ਖੁਰਾਕ ਇੰਸਪੈਕਟਰ ਵਿਕਾਸ ਦਾ ਕਹਿਣਾ ਸੀ ਕਿ ਐਸ.ਡੀ.ਐਮ. ਦਫ਼ਤਰ ਵੱਲੋਂ ਇਹ ਨੀਲੇ ਕਾਰਡ ਗਲਤੀ ਨਾਲ ਵੰਡੇ ਗਏ ਹਨ ਜਿਸ ਕਰਕੇ ਉਨ੍ਹਾਂ ਨੇ ਮਾਮਲਾ ਅਫ਼ਸਰਾਂ ਦੇ ਧਿਆਨ ਵਿਚ ਲਿਆ ਦਿੱਤਾ ਹੈ।

ਪਿੰਡ ਯਾਤਰੀ ਵਿਚ ਕਿਸੇ ਵੀ ਨਵੇਂ ਲਾਭਪਾਤਰੀ ਨੂੰ ਅਜੇ ਕਾਰਡ ਨਹੀਂ ਮਿਲਿਆ। ਪਿੰਡ ਬੰਘੇਰ ਚੜ੍ਹਤ ਸਿੰਘ ਵਿਚ ਤਕਰੀਬਨ ਇਕ ਦਰਜਨ ਨਵੇਂ ਲਾਭਪਾਤਰੀਆਂ ਦੇ ਨਾਂ ਬਾਅਦ ਵਿਚ ਸਰਕਾਰੀ ਸੂਚੀ ਵਿਚ ਸ਼ਾਮਲ ਹੋਏ ਹਨ। ਪਿੰਡ ਭਾਈ ਬਖ਼ਤੌਰ ਵਿਚ ਵੀ ਏਦਾਂ ਹੀ ਹੋਇਆ ਹੈ ਪਰ ਉਥੇ ਗਲਤ ਨੀਲੇ ਕਾਰਡ ਹਾਲੇ ਵੰਡੇ ਨਹੀਂ ਗਏ ਸਨ। ਕੈਬਨਿਟ ਮੰਤਰੀ ਜਨਮੇਜਾ ਸਿੰਘ ਸੇਖੋਂ ਦਾ ਕਹਿਣਾ ਹੈ ਕਿ ਜੇਕਰ ਅਜਿਹੀ ਸਮੱਸਿਆ ਸਾਹਮਣੇ ਆਈ ਹੈ ਤਾਂ ਉਹ ਜ਼ਿਮਨੀ ਚੋਣਾਂ ਮਗਰੋਂ ਇਨ੍ਹਾਂ ਸਾਰੇ ਨਵੇਂ ਲਾਭਪਾਤਰੀਆਂ ਦੇ ਕਾਰਡ ਠੀਕ ਕਰਾਉਣਗੇ। ਉਨ੍ਹਾਂ ਆਖਿਆ ਕਿ ਉਹ ਐਸ.ਡੀ.ਐਮ. ਦੀ ਇਨ੍ਹਾਂ ਕਾਰਡਾਂ ਨੂੰ ਠੀਕ ਕਰਾਉਣ ਦੀ ਡਿਊਟੀ ਲਾਉਣਗੇ ਕਿਉਂਕਿ ਇਹ ਸਭ ਯੋਗ ਲਾਭਪਾਤਰੀ ਹਨ।

# ਬਾਦਲ 'ਤੇ ਜੁੱਤੀ ਸੁੱਟਣ ਵਾਲੇ ਨੂੰ ਨਾ ਮਿਲੀ ਮੁਆਫੀ

## ਪੁਲਿਸ ਨੇ ਬਿਕਰਮ ਵਿਰੁਧ ਜੋੜੀਆਂ ਗੈਰ-ਜ਼ਮਾਨਤੀ ਧਾਰਾਵਾਂ

**ਲੁਧਿਆਣਾ:** ਸ਼ਹੀਦ ਕਰਨੈਲ ਸਿੰਘ ਦੀ ਯਾਦ ਵਿਚ ਕਰਵਾਏ ਗਏ ਸੂਬਾ ਪੱਧਰੀ ਸਮਾਗਮ ਸਮੇਂ ਸਟੇਜ ਤੋਂ ਸੰਬੋਧਨ ਕਰ ਰਹੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲ ਜੁੱਤੀ ਸੁੱਟਣ ਵਾਲੇ ਨੌਜਵਾਨ ਨੂੰ ਪੁਲਿਸ ਨੇ ਘੇਰਨਾ ਸ਼ੁਰੂ ਕਰ ਦਿੱਤਾ ਹੈ। ਮੁੱਖ ਮੰਤਰੀ ਬਾਦਲ ਭਾਵੇਂ ਇਸ ਘਟਨਾ ਤੋਂ ਅਨਜਾਣਤਾ ਪ੍ਰਗਟਾਉਂਦੇ ਹੋਏ ਇਸ ਨੌਜਵਾਨ ਨੂੰ ਮੁਆਫ ਕਰਨ ਦੀ ਗੱਲ ਆਖ ਰਹੇ ਹਨ ਪਰ ਪੁਲਿਸ ਨੇ ਬਿਕਰਮ ਕੁਮਾਰ ਖ਼ਿਲਾਫ਼ ਗੈਰ-ਜ਼ਮਾਨਤੀ ਧਾਰਾਵਾਂ ਲਗਾ ਕੇ ਉਸ ਦਾ 14 ਦਿਨ ਦਾ ਰਿਮਾਂਡ ਹਾਸਲ ਕਰ ਲਿਆ ਹੈ।

ਜ਼ਿਕਰਯੋਗ ਹੈ ਕਿ ਘਟਨਾ ਤੋਂ ਬਾਅਦ ਬਿਕਰਮ ਨੇ ਪੱਤਰਕਾਰਾਂ ਦੇ ਰੁਬਰੂ ਹੁੰਦਿਆਂ ਕਿਹਾ ਸੀ ਕਿ ਉਸ ਨੇ ਪ੍ਰਕਾਸ਼ ਸਿੰਘ ਬਾਦਲ ਵੱਲ ਜੁੱਤੀ ਨਹੀਂ ਮਾਰੀ। ਉਸ ਨੇ ਤਾਂ ਮੁੱਖ ਮੰਤਰੀ ਪੰਜਾਬ ਵੱਲ ਜੁੱਤੀ ਸੁੱਟੀ ਹੈ ਕਿਉਂਕਿ ਇਨ੍ਹਾਂ ਨੇ ਪੰਜਾਬ ਦਾ ਬੇੜਾ ਗਰਕ ਕਰ ਕੇ ਰੱਖ ਦਿੱਤਾ ਹੈ। ਉਸ ਨੇ ਕਿਹਾ ਕਿ ਉਹ ਭਗਤ ਸਿੰਘ ਦੀ ਸੋਚ ਤੋਂ ਪ੍ਰਭਾਵਤ ਹੈ। ਵਰਨਣਯੋਗ ਹੈ ਕਿ ਬਿਕਰਮ ਧਨੌਲਾ ਪੱਤਰਕਾਰਾਂ ਨੂੰ ਬਿਆਨ ਦਿੰਦਾ ਰਿਹਾ ਤੇ ਪੁਲਿਸ ਖਾਮੋਸ਼ ਰਹਿ ਕੇ ਸਭ ਕੁਝ ਦੇਖਦੀ ਰਹੀ। ਜਦੋਂ ਇਸ ਬਾਰੇ ਪ੍ਰੈਸ ਕਾਨਫਰੰਸ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਸਵਾਲ ਪੁੱਛਿਆ ਗਿਆ ਤਾਂ ਉਹ ਕਹਿਣ ਲੱਗੇ ਕਿ ਉਨ੍ਹਾਂ ਨੂੰ ਤਾਂ ਪਤਾ ਹੀ ਨਹੀਂ ਲੱਗਾ ਕਿ ਇਸ ਤਰ੍ਹਾਂ ਦੀ ਕੋਈ ਘਟਨਾ ਹੋਈ ਹੈ। ਜੇਕਰ ਪੁਲਿਸ ਨੇ ਉਸ ਨੂੰ ਫੜਿਆ ਹੈ ਤਾਂ ਉਹ ਹੁਣੇ ਉਸ ਨੂੰ ਛੱਡਣ ਲਈ ਕਹਿਣਗੇ।

ਉਧਰ ਲੁਧਿਆਣਾ ਰੇਂਜ ਦੇ ਡੀ.ਆਈ.ਜੀ. ਗੁਰਿੰਦਰ ਸਿੰਘ ਢਿੱਲੋਂ ਦਾ ਕਹਿਣਾ ਹੈ ਕਿ ਜੁੱਤੀ ਸੁੱਟਣ ਦੀ ਸਾਜ਼ਿਸ਼ ਪੰਜ ਵਿਅਕਤੀਆਂ ਵੱਲੋਂ ਰਚੀ ਗਈ ਸੀ ਜਿਨ੍ਹਾਂ ਵਿਚ ਮੁੱਖ ਮੁਲਜ਼ਮ ਬਿਕਰਮ ਕੁਮਾਰ ਵਾਸੀ ਧਨੌਲਾ ਹੈ, ਜੋ ਆਮ ਆਦਮੀ ਪਾਰਟੀ ਦਾ ਕਨਵੀਨਰ ਹੈ। ਪੁਲਿਸ ਮੁਤਾਬਕ ਸਾਜ਼ਿਸ਼ ਵਿਚ ਮਹਿੰਦਰਪਾਲ, ਹਰਦੀਪ ਸਿੰਘ ਧਨੌਲਾ, ਇੰਦੀ ਧਨੌਲਾ ਤੇ ਤਾਰੀ ਵੀ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਇਹ ਵਿਅਕਤੀ ਕਈ ਵਾਰ ਮੁੱਖ ਮੰਤਰੀ ਦੇ ਨੇੜੇ ਜਾਣ ਦੀ ਕੋਸ਼ਿਸ਼ ਕਰਦੇ ਰਹੇ ਸਨ ਪਰ ਹਰ ਵਾਰ ਨਾਕਾਮ ਰਹੇ ਤੇ ਹੁਣ ਈਸੜੂ ਕਾਨਫਰੰਸ ਵਿਚ ਇਸ ਘਟਨਾ ਨੂੰ ਅੰਜਾਮ ਦੇਣ ਲਈ ਪ੍ਰੋਗਰਾਮ ਉਲੀਕਿਆ ਸੀ।

ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਮੁੱਖ ਮੰਤਰੀ ਵੱਲ ਜੁੱਤੀ ਸੁੱਟਣ ਦੀ ਘਟਨਾ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਗੁਰੂਆਂ ਦੀ ਧਰਤੀ 'ਤੇ ਅਜਿਹੇ ਵਤੀਰੇ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਲਈ ਕਿਹਾ ਹੈ। ਕਾਂਗਰਸੀ ਨੇਤਾ ਸੁਖਪਾਲ ਖਹਿਰਾ ਨੇ ਦੋਸ਼ ਲਾਇਆ ਕਿ ਸਮਰੱਥ ਅਧਿਕਾਰੀ ਮੁੱਖ ਮੰਤਰੀ ਸ. ਬਾਦਲ ਦੀ ਹਦਾਇਤ 'ਤੇ ਹੀ ਉਨ੍ਹਾਂ ਨੂੰ ਨਹੀਂ ਮਿਲੇ। ਸ੍ਰੀ ਖਹਿਰਾ ਨੇ ਸਥਾਨਕ ਅਦਾਲਤੀ ਕੰਪਲੈਕਸ ਵਿਚ ਬਿਕਰਮ ਦੀ ਪਤਨੀ ਨਿਸ਼ਾ ਨੂੰ ਪ੍ਰੈੱਸ ਨਾਲ ਰੂ-ਬਰੂ ਕਰਨ ਲਈ ਬੁਲਾਇਆ ਸੀ ਪਰ ਉਹ ਪ੍ਰੈੱਸ ਕਾਨਫ਼ਰੰਸ ਵਾਲੀ ਥਾਂ 'ਤੇ ਨਹੀਂ ਪਹੁੰਚੀ, ਜਿਸ 'ਤੇ ਪ੍ਰਤੀਕਰਮ ਕਰਦਿਆਂ ਸ੍ਰੀ ਖਹਿਰਾ ਨੇ ਕਿਹਾ ਕਿ ਬਿਕਰਮ ਦੀ ਪਤਨੀ ਖੰਨਾ ਆਈ ਹੈ ਪਰ ਪੁਲਿਸ ਨੇ ਉਨ੍ਹਾਂ ਦੇ ਮਨ ਵਿਚ ਇੰਨਾ ਡਰ ਬਿਠਾ ਦਿੱਤਾ ਹੈ ਕਿ ਉਹ ਮੀਡੀਆ ਦੇ ਰੂ-ਬਰੂ ਨਹੀਂ ਹੋ ਰਹੀ।



### ਘਟਨਾ ਲਈ ਬਾਦਲ ਖੁਦ ਜ਼ਿੰਮੇਵਾਰ: ਕੈਪਟਨ

ਲੋਕ ਸਭਾ ਵਿਚ ਕਾਂਗਰਸ ਦੇ ਉਪ ਨੇਤਾ ਕੈਪਟਨ ਅਮਰਿੰਦਰ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ 'ਤੇ ਜੁੱਤੀ ਸੁੱਟਣ ਵਾਲੇ ਨੌਜਵਾਨ 'ਤੇ ਲਾਈਆਂ ਸਖਤ ਧਰਾਵਾਂ ਉਪਰ ਇਤਰਾਜ਼ ਜਿਤਾਉਂਦੇ ਹੋਏ ਕਿਹਾ ਹੈ ਕਿ ਬਾਦਲ ਆਪਣਾ ਹੀ ਬੀਜੀਆ ਵੱਢ ਰਹੇ ਹਨ।

ਉਨ੍ਹਾਂ ਨੇ ਬਾਦਲ ਨੂੰ ਚੇਤੇ ਕਰਵਾਇਆ ਕਿ ਉਨ੍ਹਾਂ ਦੀਆਂ ਨੀਤੀਆਂ ਹੇਠ ਕੰਮ ਕਰਨ ਵਾਲੀ ਸ਼੍ਰੋਮਣੀ ਕਮੇਟੀ ਨੇ ਤੱਤਕਾਲੀਨ ਕੇਂਦਰੀ ਗ੍ਰਹਿ ਮੰਤਰੀ ਪੀ. ਚਿਤੰਬਰਮ ਉੱਪਰ ਜੁੱਤੀ ਸੁੱਟਣ ਵਾਲੇ ਜਰਨੈਲ ਸਿੰਘ ਨੂੰ ਸਨਮਾਨਤ ਕੀਤਾ ਸੀ ਤੇ ਇਸ ਕੰਮ ਬਦਲੇ ਜਰਨੈਲ ਸਿੰਘ ਨੂੰ ਨੌਕਰੀ ਦੀ ਪੇਸ਼ਕਸ਼ ਵੀ ਕੀਤੀ ਗਈ ਸੀ। ਇਸ ਲਈ ਬਾਦਲ ਨੂੰ ਆਪਣੇ 'ਤੇ ਜੁੱਤੀ ਸੁੱਟਣ ਵਾਲੇ ਨੌਜਵਾਨ ਪ੍ਰਤੀ ਇੰਨਾ ਸਖਤ ਨਹੀਂ ਹੋਣਾ ਚਾਹੀਦਾ, ਜਿਸ 'ਤੇ ਹੁਣ ਪੰਜਾਬ ਪੁਲਿਸ ਨੇ ਗੈਰ ਜਮਾਨਤੀ ਧਰਾਵਾਂ ਲਾ ਦਿੱਤੀਆਂ ਹਨ। ਇਸ ਤੋਂ ਇਲਾਵਾ ਪੁਲਿਸ ਹਿਰਾਸਤ ਵਿਚ ਉਸ ਦੀ ਕੁੱਟਮਾਰ ਵੀ ਕੀਤੀ ਗਈ ਹੈ। ਕੈਪਟਨ ਨੇ ਕਿਹਾ ਹੈ ਉਹ ਅਜਿਹੀਆਂ ਘਟਨਾਵਾਂ ਦੇ ਖ਼ਿਲਾਫ ਹਨ ਪਰ ਇਹ ਬਾਦਲ ਸਰਕਾਰ ਦੀਆਂ ਨੀਤੀਆਂ ਦਾ ਹੀ ਸਿੱਟਾ ਹੈ।

# ਫਿਲਮ 'ਕੌਮ ਦੇ ਹੀਰੇ' ਦੇ ਪ੍ਰਦਰਸ਼ਨ 'ਤੇ ਵਿਵਾਦ

**ਚੰਡੀਗੜ੍ਹ:** ਪੰਜਾਬੀ ਫ਼ਿਲਮ 'ਕੌਮ ਦੇ ਹੀਰੇ' ਪ੍ਰਦਰਸ਼ਨ ਤੋਂ ਪਹਿਲਾਂ ਸੂਬੇ ਦੇ ਗ੍ਰਹਿ ਵਿਭਾਗ ਵੱਲੋਂ ਅਜੇ ਕੋਈ ਕਾਰਵਾਈ ਸ਼ੁਰੂ ਨਹੀਂ ਕੀਤੀ ਗਈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਫ਼ਿਲਮ 'ਤੇ ਵਿਵਾਦ ਬਾਰੇ ਪ੍ਰਮੁੱਖ ਸਕੱਤਰ (ਗ੍ਰਹਿ) ਨੂੰ ਲੋੜੀਂਦੀ ਕਾਰਵਾਈ ਕਰਨ ਨੂੰ ਕਿਹਾ ਸੀ। ਗ੍ਰਹਿ ਵਿਭਾਗ ਦੇ ਸੂਤਰਾਂ ਦਾ ਦੱਸਣਾ ਹੈ ਕਿ ਮੁੱਖ ਮੰਤਰੀ ਵੱਲੋਂ ਅਜੇ ਕੋਈ ਲਿਖਤੀ ਆਦੇਸ਼ ਨਹੀਂ ਹੋਏ ਤੇ ਬਿਨਾਂ ਲਿਖਤੀ ਹੁਕਮਾਂ ਤੋਂ ਕਾਰਵਾਈ ਅਮਲ ਵਿਚ ਲਿਆਉਣੀ ਸੰਭਵ ਨਹੀਂ। ਇਹ ਫ਼ਿਲਮ ਸਾਕਾ ਨੀਲਾ ਤਾਰਾ ਤੇ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਨਾਲ ਸਬੰਧਤ ਘਟਨਾਵਾਂ 'ਤੇ ਆਧਾਰਤ ਹੈ।

ਫ਼ਿਲਮ ਦੇ ਪ੍ਰਦਰਸ਼ਨ ਤੋਂ ਪਹਿਲਾਂ ਵਿਵਾਦ ਸ਼ੁਰੂ ਹੋ ਗਿਆ ਹੈ। ਕੇਂਦਰੀ ਖੁਫ਼ੀਆ ਏਜੰਸੀਆਂ ਨੇ ਵੀ ਫ਼ਿਲਮ ਦੇ ਪ੍ਰਦਰਸ਼ਨ ਮੌਕੇ ਨਜ਼ਰਸਾਨੀ ਦੀਆਂ ਹਦਾਇਤਾਂ ਦਿੱਤੀਆਂ ਹਨ। ਇਸ ਵਿਵਾਦ ਦੇ ਚਲਦਿਆਂ ਮੁੱਖ ਮੰਤਰੀ ਨੇ ਕਿਹਾ ਸੀ ਕਿ ਸੈਂਸਰ ਬੋਰਡ ਵੱਲੋਂ ਪ੍ਰਵਾਨਗੀ ਦਿੱਤੇ ਜਾਣ ਤੋਂ ਬਾਅਦ ਫ਼ਿਲਮ ਦੇ ਪ੍ਰਦਰਸ਼ਨ ਬਾਰੇ ਕੋਈ ਵਿਵਾਦ ਨਹੀਂ ਹੋਣਾ ਚਾਹੀਦਾ ਪਰ ਫਿਰ ਵੀ ਪ੍ਰਮੁੱਖ ਸਕੱਤਰ (ਗ੍ਰਹਿ) ਇਸ ਮਾਮਲੇ 'ਤੇ ਨਜ਼ਰਸਾਨੀ ਕਰਨ। ਪ੍ਰਮੁੱਖ ਸਕੱਤਰ ਸਕੱਤਰ (ਗ੍ਰਹਿ) ਜਗਪਾਲ ਸਿੰਘ ਸੰਧੂ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਦੇ ਹੁਕਮਾਂ ਤੋਂ ਬਾਅਦ ਹੀ ਬਣਦੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅਜੇ ਕਿਸੇ ਵਿਅਕਤੀ ਜਾਂ ਜਥੇਬੰਦੀ ਵੱਲੋਂ ਫ਼ਿਲਮ ਦੇ ਪ੍ਰਦਰਸ਼ਨ ਬਾਰੇ ਸ਼ਿਕਾਇਤ ਨਹੀਂ ਕੀਤੀ ਗਈ।

# ਬਰਤਾਨੀਆ ਪੁੱਜੇ ਅਫ਼ਗਾਨ ਸਿੱਖਾਂ ਨੇ ਮੰਗੀ ਪਨਾਹ

**ਲੰਡਨ:** ਅਫਗਾਨਿਸਤਾਨ ਤੋਂ ਲੁਕ ਕੇ ਇਥੇ ਪੁੱਜੇ 34 ਸਿੱਖਾਂ ਨੇ ਇਸ ਮੁਲਕ ਵਿਚ ਪਨਾਹ ਮੰਗੀ ਹੈ। ਇਨ੍ਹਾਂ ਨਾਲ ਦੇ 35ਵੇਂ ਵਿਅਕਤੀ ਦੀ ਮੌਤ ਹੋ ਗਈ ਸੀ ਜਿਸ ਦੀ ਪਛਾਣ ਮੀਤ ਸਿੰਘ ਕਪੂਰ ਕਾਬਲ ਵਾਸੀ ਵਜੋਂ ਹੋਈ ਹੈ। ਪੁਲਿਸ ਦੇ ਦੱਸਣ ਮੁਤਾਬਕ ਮੀਤ ਸਿੰਘ ਦਾ ਦੁਬਾਰਾ ਪੋਸਟਮਾਰਟਮ ਕਰਵਾ ਕੇ ਉਸ ਦੀ ਮੌਤ ਦੀ ਜਾਂਚ ਜਾਰੀ ਰਹੇਗੀ। ਐਸੈਕਸ ਪੁਲਿਸ ਮੁਤਾਬਕ ਪੁਲਿਸ ਦੀ ਇਨ੍ਹਾਂ ਤੋਂ ਪੁੱਛ-ਪੜਤਾਲ ਹਾਲ ਦੀ ਘੜੀ ਮੁੱਕ ਗਈ ਹੈ ਤੇ ਰੋਮ ਆਫਿਸ ਦੇ ਅਧਿਕਾਰੀ ਹੁਣ ਇਨ੍ਹਾਂ ਦੀ ਦੇਖ-ਭਾਲ ਕਰ ਰਹੇ ਹਨ ਤੇ ਇਹ ਪਨਾਹ ਮੰਗਣ ਲਈ ਲੋੜੀਂਦੀ ਕਾਰਵਾਈ ਕਰ ਰਹੇ ਹਨ। ਇਨ੍ਹਾਂ ਨੂੰ ਰਿਹਾਇਸ਼, ਕੱਪੜੇ ਤੇ ਭੋਜਨ ਮੁਹੱਈਆ ਕਰਾਇਆ ਜਾ ਰਿਹਾ ਹੈ।

ਸਥਾਨਕ ਸਿੱਖ ਭਾਈਚਾਰਾ ਵੀ ਖੁੱਲ੍ਹ ਦਿਲੀ ਨਾਲ ਇਨ੍ਹਾਂ ਦੀ ਮਦਦ ਲਈ ਅੱਗੇ ਆਇਆ ਹੈ। ਅਫਗਾਨ ਸਿੱਖਾਂ ਵਿਚ ਇਕ ਸਾਲ ਦੇ ਬੱਚੇ ਸਮੇਤ 13 ਬੱਚੇ, 13 ਮਰਦ ਤੇ ਅੱਠ ਔਰਤਾਂ ਸ਼ਾਮਲ ਹਨ। ਇਨ੍ਹਾਂ ਦੇ 35ਵੇਂ ਸਾਥੀ ਦੀ ਮੌਤ ਹੋ ਗਈ ਸੀ। ਪੁਲਿਸ ਵੱਲੋਂ ਇਨ੍ਹਾਂ ਲਈ ਬੁਲਾਏ ਦੁਭਾਸ਼ੀਏ ਨੇ ਦੱਸਿਆ ਕਿ ਅਫਗਾਨਿਸਤਾਨ ਵਿਚ ਵਧੀਕੀਆਂ ਤੋਂ ਭੱਜ ਕੇ ਸ਼ਿਪਿੰਗ ਕੰਟੇਨਰਾਂ ਵਿਚ ਲੁਕ ਕੇ ਬਰਤਾਨੀਆ ਪੁੱਜੇ ਇਹ ਸਿੱਖ ਮਰਦ-ਔਰਤਾਂ ਤੇ ਬੱਚੇ 18 ਘੰਟੇ ਹਵਾ ਰਹਿਤ ਕੰਟੇਨਰਾਂ ਵਿਚ ਬਿਨਾਂ ਪਾਣੀ ਤੇ ਭੋਜਨ ਤੋਂ ਰਹੇ ਸਨ। ਲੰਡਨ ਦੇ ਪੂਰਬ ਵੱਲ ਪੈਂਦੀ ਟਿਲਬਰੀ ਬੰਦਰਗਾਹ ਐਸੈਕਸ ਤੋਂ ਮਿਲੇ ਇਨ੍ਹਾਂ ਸਿੱਖਾਂ ਦਾ ਕਹਿਣਾ ਹੈ ਕਿ ਜੇਕਰ ਉਹ ਕੁਝ ਚਿਰ ਹੋਰ ਕੰਟੇਨਰਾਂ ਵਿਚ ਰਹਿੰਦੇ ਤਾਂ ਮਾਰੇ ਜਾਂਦੇ। ਪੰਜਾਬੀ ਬੋਲਦੇ ਇਕ ਸਥਾਨਕ ਵਿਅਕਤੀ ਕਮਲਜੀਤ ਸਿੰਘ ਨੂੰ ਪੁਲਿਸ ਨੇ ਦੁਭਾਸ਼ੀਏ ਵਜੋਂ ਇਨ੍ਹਾਂ ਸਿੱਖਾਂ ਤੋਂ ਪੁੱਛ-ਪੜਤਾਲ ਕਰਨ ਲਈ ਬੁਲਾਇਆ ਸੀ।

ਉਸ ਨੇ ਦੱਸਿਆ ਕਿ ਇਨ੍ਹਾਂ ਸਿੱਖਾਂ ਦੇ ਦੱਸਣ ਮੁਤਾਬਕ ਕੰਟੇਨਰਾਂ ਵਿਚ ਸੰਘਣਾ ਹਨੇਰਾ ਸੀ ਤੇ ਇਹ ਹਵਾ ਰਹਿਤ ਸਨ। ਜਲਦੀ ਹੀ ਇਸ ਹਨੇਰੇ ਵਿਚ ਇਨ੍ਹਾਂ ਨੂੰ ਬੇਚੈਨੀ ਹੋਣ ਲੱਗੀ ਸੀ। ਇਹ ਤੱਥ ਸਾਹਮਣੇ ਆਇਆ ਹੈ ਕਿ ਕੰਟੇਨਰ ਵਿਚ 15 ਪਰਿਵਾਰ ਸਨ, ਜੋ ਲਾਰੀ ਰਾਹੀਂ ਪਹਿਲਾਂ ਯੂਰਪ ਤੇ ਫਿਰ ਕੰਟੇਨਰ ਵਿਚ ਇਥੇ ਪੁੱਜੇ ਸਨ। ਕਮਲਜੀਤ ਸਿੰਘ ਅਨੁਸਾਰ ਉਨ੍ਹਾਂ ਸਾਰਿਆਂ ਦੀ ਹਾਲਤ ਬਹੁਤ ਖਰਾਬ ਹੈ। ਇਹ ਕੰਟੇਨਰ ਟਿਲਬਰੀ ਵਿਚ ਇਨ੍ਹਾਂ ਲੋਕਾਂ ਦਾ ਪਤਾ ਲੱਗਣ ਤੋਂ 12 ਘੰਟੇ ਪਹਿਲਾਂ ਜ਼ੀਬਰੁੱਗ ਪੁੱਜ ਗਿਆ ਸੀ। ਇਨ੍ਹਾਂ ਨੇ ਕਈ ਘੰਟੇ ਇਹ ਕੰਟਨੇਰ ਅੰਦਰੋਂ ਖੜਕਾਇਆ, ਰੌਲਾ ਪਾਇਆ, ਉਹ ਰੱਬ ਦੇ ਸ਼ੁਕਰਗੁਜ਼ਾਰ ਹਨ ਕਿ ਉਹ ਜਿਉਂਦੇ ਹਨ। ਹੋਰ 20 ਮਿੰਟ ਨਾ ਕੱਢੇ ਜਾਣ 'ਤੇ ਉਹ ਮਰੇ ਹੋਣੇ ਸਨ।

## ਸੁਪਰੀਮ ਕੋਰਟ ਕਰੇਗਾ ਆਸਾਰਾਮ ਦੀ ਜ਼ਮਾਨਤ ਅਰਜ਼ੀ 'ਤੇ ਸੁਣਵਾਈ

**ਨਵੀਂ ਦਿੱਲੀ:** ਸੁਪਰੀਮ ਕੋਰਟ ਜੋਧਪੁਰ ਬਲਾਤਕਾਰ ਕੇਸ ਵਿਚ ਗ੍ਰਿਫਤਾਰ ਆਸਾਰਾਮ ਦੀ ਜ਼ਮਾਨਤ ਅਰਜ਼ੀ 'ਤੇ ਸੁਣਵਾਈ ਲਈ ਸਹਿਮਤ ਹੋ ਗਿਆ ਹੈ ਤੇ ਅਦਾਲਤ ਨੇ ਆਸਾਰਾਮ ਦੀ ਜਿਹਨੀ ਸਥਿਤੀ ਦਾ ਮੁਲਾਂਕਣ ਕਰਨ ਲਈ ਇਕ ਮੈਡੀਕਲ ਬੋਰਡ ਕਾਇਮ ਕਰਨ ਦੀ ਹਦਾਇਤ ਦਿੱਤੀ ਹੈ। ਕੇਸ ਦੀ ਸੁਣਵਾਈ 23 ਸਤੰਬਰ ਨੂੰ ਹੋਵੇਗੀ।


LAW OFFICE OF NIRWAN & ASSOCIATES

SACRAMENTO



Jagdip S. Nirwan

1104 Corporate Way
Sacramento, CA 95831

CALL US TODAY

Tel: 916-832-3144
Fax: 925-264-5078
www.nirwanlaw.com

- IMMIGRATION LAW
- TAX LAW
- TAX PREPARATION
- BUSINESS INCORPORATION
- BUSINESS LITIGATION



Hotel Staff Wanted

Hotel in N. Dakota looking for Housekeepers, Maintenance Person And Desk Clerk with Fluent English.

*Free accommodation will be provided. Good Pay.*

Call, Gill: 701-240-3220

ਹੋਟਲ ਸਟਾਫ ਦੀ ਲੋੜ

ਨਾਰਥ ਡਕੋਟਾ 'ਚ ਸਥਿਤ ਹੋਟਲ ਲਈ ਹਾਊਸਕੀਪਰ, ਦੇਖ-ਭਾਲ ਕਰਨ ਵਾਲੇ ਤੇ ਕਲਰਕ ਦੀ ਲੋੜ ਹੈ

*ਸਬੰਧਤ ਵਿਅਕਤੀ ਅੰਗਰੇਜ਼ੀ ਚੰਗੀ ਤਰ੍ਹਾਂ ਜਾਣਦਾ ਹੋਵੇ*

*ਮੁਫਤ ਰਿਹਾਇਸ਼ ਅਤੇ ਚੰਗੀ ਤਨਖਾਹ*

ਕਾਲ ਕਰੋ, ਗਿੱਲ: 701-240-3220

32-35



ਲੁਈਸੀਆਨਾ ਵਿਚ

Business For Sale/Lease

Unbranded Gas Station

*Sales inside $45,000 to $50,000 *ATM $400 *Check Cashing $800 *Poker $8,000 *Gas Sales $39,000

Price $75,000/Rent $4,000 (Property $450,000)

Exxon Branded Gas Station

*Sales $58,000 to $60,000 *ATM $500

*Rent/Lease $75,000, Rent $4000

Property $550,000

*(Very Good 2 Highways Signal Light, Downtown Property)*

4½ Acers Corner Property For Sale

7 Apartments (Income $3500)

Good For Convenience Store or Gas Station

Contac: Beant Singh 337-513-2504

e-mail: beantsingh94553@yahoo.com

33-34





Security Cameras
Special promotion
for limited time only

1000 TVL camera for the price of 700 TVL camera

Limit 4 for each customer only

*For more Details, Contact:*

Balbir S Sidhu-209-495-3905 (Cell)

Toll Free (888) 233-4566

DVRunlimited Inc.

Fax-(209) 982-9133

**Punjab Times**

**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਆਜ਼ਾਦੀ ਦਿਹਾੜੇ 'ਤੇ ਹਿੰਦੁਸਤਾਨ ਨੂੰ ਕਸ਼ਮੀਰ ਦੀ ਮੁਬਾਰਕਬਾਦ!



ਪਿਆਰੇ ਹਿੰਦੁਸਤਾਨ, ਜਦੋਂ ਤੂੰ ਸ਼ਾਨਾਮੱਤੀ ਆਜ਼ਾਦੀ (ਜੋ ਸਾਡੇ ਵਿਚੋਂ ਬਹੁਤਿਆਂ ਲਈ ਕਿਆਮਤ ਹੋ ਨਿੱਬੜੀ) ਦੀ ਇਕ ਹੋਰ ਵਰ੍ਹੇਗੰਢ ਮਨਾ ਰਿਹਾ ਹੈਂ, ਮੈਂ ਤੈਨੂੰ ਇਹ ਦੱਸਣਾ ਚਾਹੁੰਦੀ ਹਾਂ ਕਿ ਇਸ ਦਿਨ ਮੈਨੂੰ ਤਾਂ ਅਜੇ ਨਾਸ਼ਤੇ ਦੀ ਬੁਰਕੀ ਵੀ ਨਸੀਬ ਨਹੀਂ ਹੋਈ। ਅਠਾਹਟ ਵਰ੍ਹੇ ਬਹੁਤ ਹੁੰਦੇ ਹਨ। ਤੇ ਮੈਨੂੰ ਯਕੀਨ ਹੈ ਕਿ ਤੁਹਾਡੇ ਕੋਲ ਇਸ ਦਿਨ ਕਰਨ ਲਈ ਚੋਖੇ ਪ੍ਰੋਗਰਾਮ ਹੋਣਗੇ ਅਤੇ ਤੁਹਾਡੇ ਕੋਲ 'ਅੱਛੇ ਦਿਨ' ਵੀ ਬਥੇਰੇ ਹੋਣਗੇ। ਇਹ ਤਾਂ ਪਤਾ ਨਹੀਂ ਮੈਨੂੰ ਸ਼ੱਕ ਕਿਉਂ ਹੈ, ਪਰ ਇਹ ਮੈਂ ਦਾਅਵੇ ਨਾਲ ਕਹਿ ਸਕਦੀ ਹਾਂ ਕਿ ਸਾਡੀਆਂ ਅੱਛੇ ਦੀਆਂ ਪ੍ਰੀਭਾਸ਼ਾਵਾਂ ਬਹੁਤ ਜ਼ਿਆਦਾ ਵੱਖਰੀਆਂ ਹਨ। ਫਿਰ ਵੀ ਇਹ ਸੰਭਵ ਹੀ ਹੈ, ਪਰ ਮੇਰੀ ਨਿੱਕੀ ਜਿਹੀ ਅਰਜ਼ ਹੈ ਕਿ ਮੈਨੂੰ ਆਪਣਾ ਨਾਸ਼ਤਾ ਤਾਂ ਚੈਨ ਨਾਲ ਕਰ ਲੈਣ ਦਿਓ। ਸ੍ਰੀਨਗਰ ਵਿਚ ਹੋਣ ਵਾਲੀ ਆਜ਼ਾਦੀ ਦੀ ਕਵਾਇਦ ਵਿਚ ਅਜੇ ਦੋ ਦਿਨ ਬਾਕੀ ਹਨ ਅਤੇ ਮੈਂ ਉਨ੍ਹਾਂ ਭਾਗਾਂ ਵਾਲਿਆਂ 'ਚੋਂ ਹਾਂ ਜੋ ਬਖ਼ਸ਼ੀ ਸਟੇਡੀਅਮ ਦੇ ਦੋ ਕਿਲੋਮੀਟਰ ਦੇ ਦਾਇਰੇ ਦੇ ਅੰਦਰ ਰਹਿੰਦੇ ਹਨ, ਜਿਥੇ ਝੰਡਾ ਝੁਲਾਉਣ ਦੀ ਸਾਲਾਨਾ ਰਸਮ ਕੀਤੀ ਜਾਂਦੀ ਹੈ। ਚਾਰ-ਚੁਫੇਰੇ ਫ਼ੌਜ ਹੀ ਫ਼ੌਜ ਲਗਾਈ ਹੋਈ ਹੈ ਜਿਵੇਂ ਐਸੇ ਮੌਕਿਆਂ 'ਤੇ ਹਮੇਸ਼ਾ ਹੁੰਦਾ ਹੈ। ਅੱਜ ਸਵੇਰੇ ਸਾਡੇ ਡਬਲ ਰੋਟੀਆਂ ਵੇਚਣ ਵਾਲੇ ਨੂੰ ਆਪਣੀ ਦੁਕਾਨ ਵੀ ਖੋਲ੍ਹਣ ਨਹੀਂ ਦਿੱਤੀ ਗਈ।

ਜਦੋਂ ਮੈਂ ਬੱਚੀ ਸੀ, ਮੈਂ ਸਕੂਲ ਵਿਚ ਤੁਹਾਡੀਆਂ ਪਾਠ-ਪੁਸਤਕਾਂ ਵਿਚ ਪੜ੍ਹਿਆ ਕਰਦੀ ਸੀ ਕਿ ਪਿੰਕੀ ਤੇ ਸ਼ਿਆਮ ਆਜ਼ਾਦੀ ਦੇ ਦਿਹਾੜੇ 'ਤੇ ਤਿਰੰਗਾ ਲਹਿਰਾਉਣ ਲਈ ਆਪਣੇ ਸਕੂਲ ਜਾਂਦੇ ਹਨ। ਨਿਸ਼ਚੇ ਹੀ ਮੈਨੂੰ ਹੈਰਾਨੀ ਹੁੰਦੀ ਸੀ ਕਿ ਇੰਜ ਕਿਥੇ ਹੁੰਦਾ ਹੋਵੇਗਾ। ਇਥੇ ਤਾਂ ਸਾਡੇ ਸਾਰੇ ਹੀ ਬੱਚਿਆਂ ਲਈ ਆਜ਼ਾਦੀ ਦਿਹਾੜੇ ਦਾ ਮਤਲਬ ਹੈ ਫ਼ੌਜ ਦੀ ਸਾੜ੍ਹਸਤੀ ਜਾਂ ਕਰਫ਼ਿਊ। ਆਜ਼ਾਦੀ ਦਿਹਾੜੇ ਦਾ ਭਾਵ ਹੈ ਜਿਨ੍ਹਾਂ ਚਿੜਚਿੜੇ ਫ਼ੌਜੀਆਂ ਤੋਂ ਮੈਨੂੰ ਘੋਰ ਨਫ਼ਰਤ ਹੈ, ਉਨ੍ਹਾਂ ਦਾ ਸਾਡੇ ਬੂਹੇ ਅੱਗੇ ਆ ਖੜ੍ਹਨਾ, ਤੇ ਖਾਲੀ-ਖਾਲੀ ਭੈਭੀਤ ਨਜ਼ਰਾਂ ਨਾਲ ਟਿਕਟਿਕੀ ਲਗਾਈ ਸਾਨੂੰ ਘੂਰਦੇ ਰਹਿਣਾ। ਆਜ਼ਾਦੀ ਦਿਹਾੜੇ ਦਾ ਭਾਵ ਹੈ, ਸਾਡੀ ਇਕ ਮਾਂ ਦਾ ਇਲਾਜ ਕਰਨ ਵਾਲੇ ਡਾਕਟਰ ਨੂੰ ਆਪਣਾ ਡਾਕਟਰੀ ਫਰਜ਼ ਨਿਭਾਉਣ ਲਈ ਪੈਦਲ ਚੱਲਣਾ ਪੈ ਜਾਣਾ, ਇਥੇ ਤਾਂ ਐਂਬੂਲੈਂਸ ਚੱਲਣ ਦੀ ਇਜਾਜ਼ਤ ਵੀ ਨਹੀਂ ਦਿੱਤੀ ਜਾਂਦੀ।

ਜਿਸ ਬੰਦਖ਼ਲਾਸੀ ਦੇ ਜਸ਼ਨ ਤੁਹਾਡੇ ਵਲੋਂ ਮਨਾਏ ਜਾਂਦੇ ਹਨ, ਉਹ ਤਾਂ ਹਮੇਸ਼ਾ ਸੜਕਾਂ ਉਪਰ ਉਨ੍ਹਾਂ ਕੰਡਿਆਲੀਆਂ ਤਾਰਾਂ ਨਾਲ ਬੱਝੀ ਹੁੰਦੀ ਹੈ ਜਿਨ੍ਹਾਂ ਨਾਲ ਮੁਹੱਲਿਆਂ ਦੇ ਲਾਂਘੇ ਬੰਦ ਕੀਤੇ ਹੋਏ ਹਨ। ਕਿਆ ਮਜ਼ਾਕ ਹੈ, ਮੈਂ ਤਾਂ ਹਮੇਸ਼ਾ ਇਹੀ ਦੇਖਦੀ ਆਈ ਹਾਂ ਕਿ ਇਹ ਆਜ਼ਾਦੀ ਹਮੇਸ਼ਾ ਨਾਕਿਆਂ, ਅਚਾਨਕ ਤਲਾਸ਼ੀਆਂ ਅਤੇ ਆਮ ਬੰਦੇ ਲਈ ਮੁਸ਼ਕਲਾਂ ਲੈ ਕੇ ਆਉਂਦੀ ਹੈ। ਇਨ੍ਹਾਂ ਆਮ ਮੁਸ਼ਕਲਾਂ ਵਿਚ ਉਹ ਵਕਤ ਵੀ ਸ਼ੁਮਾਰ ਹਨ ਜਦੋਂ ਹਰ ਗਲੀ ਵਿਚ ਤਾਇਨਾਤ ਹਰ ਫ਼ੌਜੀ ਤੁਹਾਨੂੰ ਘਿਰਣਾ ਤੇ ਸ਼ੱਕ ਦੀ ਨਜ਼ਰ ਨਾਲ ਘੂਰਦਾ ਹੈ। ਜਦੋਂ ਤੁਸੀਂ ਸਾਨੂੰ ਇਹ ਦੱਸਦੇ ਹੋ ਕਿ ਇਸ ਦਿਨ ਤੁਸੀਂ ਆਜ਼ਾਦੀ ਦੇ ਜਸ਼ਨ ਮਨਾਉਂਦੇ ਹੋ ਤਾਂ ਇਹ ਸੁਣ ਕੇ ਮੈਨੂੰ ਮੱਲੋ-ਮੱਲੀ ਹਾਸਾ ਆ ਜਾਂਦਾ ਹੈ। ਇਹ ਦਿਹਾੜਾ ਪਹਿਲਾਂ ਹੀ ਆਇਦ ਪਾਬੰਦੀਆਂ ਵਿਚ ਹੋਰ ਵਾਧਾ ਲੈ ਕੇ ਹੀ ਆਉਂਦਾ ਹੈ।

ਇਸ ਵਰ੍ਹੇ ਵੀ ਕਸ਼ਮੀਰੀਆਂ ਵਲੋਂ ਇਹ ਦਿਹਾੜਾ ਕਾਲੇ ਦਿਹਾੜੇ ਵਜੋਂ ਮਨਾਇਆ ਜਾਵੇਗਾ। ਸ਼ਾਲਾ!... ਇਸ ਨਾਲ ਤੁਹਾਡਾ ਜੋਸ਼ ਮੱਠਾ ਨਾ ਪਵੇ। ਮੇਰੀਆਂ ਦੁਆਵਾਂ ਤੁਹਾਡੇ ਨਾਲ ਹਨ। ਉਮੀਦ ਹੈ, ਇਹ ਵਰ੍ਹਾ ਤੁਹਾਡੇ ਲਈ ਖ਼ੁਸ਼ਆਮਦੀਦ ਹੋਵੇਗਾ। ਉਮੀਦ ਹੈ, ਤੁਸੀਂ ਇਸ ਘਾਟੀ ਵਿਚ ਯਾਤਰਾ ਦੇ ਹੋਰ ਮਨੋਹਰ ਅਸਥਾਨ ਖੋਜ ਲਵੋਗੇ। ਉਮੀਦ ਹੈ ਕਿ ਕਾਲੇ ਧੂੰਏਂ ਦੇ ਗੁਬਾਰ ਛੱਡਦੀਆਂ ਵੱਡੀਆਂ-ਵੱਡੀਆਂ ਬੱਸਾਂ ਉਪਰ ਆਪਣਾ ਸਾਮਾਨ ਲੱਦੀ ਅਤੇ ਪੀਰ ਪੰਜਾਲ ਦੇ ਆਰ-ਪਾਰ ਸਾਰੇ ਰਾਹ ਵਿਚ ਫ਼ਰੂਟੀਆਂ ਦੇ ਖਾਲੀ ਡੱਬਿਆਂ ਦਾ ਗੰਦ ਪਾਉਣ ਵਾਲੇ ਹੋਰ ਬਥੇਰੇ ਸੈਲਾਨੀ ਤੁਹਾਨੂੰ ਮਿਲ ਹੀ ਜਾਣਗੇ। ਉਮੀਦ ਹੈ ਕਿ ਤੁਸੀਂ ਭਾਵਹੀਣ ਚਿਹਰਿਆਂ ਵਾਲੇ ਫ਼ੌਜੀਆਂ ਦੀਆਂ ਭਰੀਆਂ ਬੱਸਾਂ ਅਤੇ ਉਹ ਹਰ ਚੀਜ਼ ਇਥੇ ਲੈ ਕੇ ਆਵੋਗੇ ਜੋ ਤੁਸੀਂ ਸਾਡੇ ਲਈ ਮੁਨਾਸਬ ਸਮਝਦੇ ਹੋ। ਕਿਉਂਕਿ ਸਾਫ਼ ਕਹਿ ਦੇਈਏ, ਅਸੀਂ ਹੁਣ ਪੱਥਰ ਹੋ ਚੁੱਕੇ ਹਾਂ।

ਅਸੀਂ ਇਨ੍ਹਾਂ ਚੀਜ਼ਾਂ ਤੋਂ ਐਨੇ ਤ੍ਰਿਪਤ ਹੋ ਗਏ ਹਾਂ ਕਿ ਇਸ ਨਾਲ ਸਾਨੂੰ ਕੋਈ ਪ੍ਰੇਸ਼ਾਨੀ ਨਹੀਂ ਹੋਵੇਗੀ, ਕਿਉਂਕਿ ਜੇ ਇਉਂ ਹੁੰਦਾ ਹੈ ਤਾਂ ਸੰਭਵ ਹੈ, ਅਸੀਂ ਬਦਲਾਅ ਲਿਆਉਣ ਦਾ ਯਤਨ ਕਰ ਰਹੇ ਹੋਵਾਂਗੇ। ਇਥੇ ਬਦਲਾਅ ਦੇ ਹਰ ਵਾਅਦੇ ਨਾਲ ਪ੍ਰਤੀਕਰਮ ਪੈਦਾ ਹੋਵੇਗਾ; ਬੇਯਕੀਨੀ ਅਤੇ ਸ਼ੱਕ ਦੇ ਰੂਪ ਵਿਚ। ਉਮੀਦ ਹੈ ਕਿ ਤੁਹਾਡੇ ਆਜ਼ਾਦੀ ਦੇ ਅਠਾਹਟ ਵਰ੍ਹੇ ਵਧੀਆ ਗੁਜ਼ਰੇ ਹੋਣਗੇ ਅਤੇ ਤੁਹਾਡਾ ਤਿਰੰਗਾ ਬੁਲੰਦ ਹੈ; ਤੇ ਇਸ ਵਿਚਲਾ ਕੇਸਰੀ ਰੰਗ ਇਸ ਵਰ੍ਹੇ ਕੁਝ ਖ਼ਾਸ ਹੀ ਚਮਕਾਂ ਮਾਰ ਰਿਹਾ ਹੈ। ਮੇਰੀ ਤਾਂ ਬਸ ਇਕੋ ਤਮੰਨਾ ਹੈ ਕਿ, ਕੀ ਮੈਨੂੰ ਸਵੇਰ ਦੀ ਚਾਹ ਨਾਲ ਤਾਜ਼ੀ ਡਬਲਰੋਟੀ ਮਿਲ ਜਾਵੇਗੀ? ਪਿਆਰ ਨਾਲ... ਕਸ਼ਮੀਰ ਤੋਂ...

***-ਫਰੀਲਾਂਸ ਲੇਖਕਾ ਤੇ ਚਿਤਰਕਾਰ ਓਨੈਜ਼ਾ ਡਰਾਬੂ (ਪੇਸ਼ਕਸ਼: ਬੂਟਾ ਸਿੰਘ)***

## ਫੂਲਨ ਕਤਲ ਕੇਸ ਵਿਚ ਰਾਣੇ ਨੂੰ ਉਮਰ ਕੈਦ



**ਨਵੀਂ ਦਿੱਲੀ:** ਡਾਕੂ ਤੋਂ ਸਿਆਸਤਦਾਨ ਬਣੀ ਫੂਲਨ ਦੇਵੀ ਦੀ ਇਥੇ 2001 ਵਿਚ ਹੋਈ ਹੱਤਿਆ ਦੇ ਇਕੋ-ਇਕ ਦੋਸ਼ੀ ਸ਼ੇਰ ਸਿੰਘ ਰਾਣਾ ਨੂੰ ਦਿੱਲੀ ਦੀ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਤੇ ਇਕ ਲੱਖ ਰੁਪਏ ਜੁਰਮਾਨਾ ਕੀਤਾ ਹੈ। ਵਧੀਕ ਸੈਸ਼ਨ ਜੱਜ ਭਾਰਤ ਪ੍ਰਾਸ਼ਰ ਨੇ ਖਚਾਖਚ ਭਰੇ ਅਦਾਲਤੀ ਕਮਰੇ ਵਿਚ ਇਹ ਹੁਕਮ ਸੁਣਾਇਆ। ਇਸ ਮੌਕੇ ਰਾਣਾ ਦੇ ਪਰਿਵਾਰ ਦੇ ਮੈਂਬਰ ਤੇ ਸਮਰਥਕ ਵੀ ਹਾਜ਼ਰ ਸਨ।

## ਭਾਗਵਤ ਦੇ ਹਿੰਦੂ ਰਾਸ਼ਟਰ ਬਾਰੇ ਬਿਆਨ ਦੀ ਤਿੱਖੀ ਆਲੋਚਨਾ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਸੰਘ ਮੁਖੀ ਮੋਹਨ ਭਾਗਵਤ ਵੱਲੋਂ ਘੱਟ ਗਿਣਤੀ ਕੌਮਾਂ ਖ਼ਿਲਾਫ਼ ਦਿੱਤੇ ਜਾ ਰਹੇ ਬਿਆਨਾਂ ਨੂੰ ਬਹੁ-ਧਰਮੀ ਦੇਸ਼ ਭਾਰਤ ਦੀ ਤੌਹੀਨ ਕਰਨ ਵਾਲਾ ਬਿਆਨ ਕਰਾਰ ਦਿੱਤਾ ਹੈ। ਇਥੋਂ ਜਾਰੀ ਬਿਆਨ ਵਿਚ ਉਨ੍ਹਾਂ ਕਿਹਾ ਕਿ ਭਾਰਤ ਬਹੁ-ਧਰਮੀ ਦੇਸ਼ ਹੈ। ਇਸ ਵਿਚ ਰਹਿਣ ਵਾਲੇ ਹਰੇਕ ਨਾਗਰਿਕ ਨੂੰ ਆਪੋ-ਆਪਣੇ ਧਰਮ ਮੁਤਾਬਕ ਰਹਿਣ ਦਾ ਪੂਰਾ ਹੱਕ ਹੈ ਪਰ ਪਿਛਲੇ ਕੁਝ ਦਿਨਾਂ ਤੋਂ ਸੰਘ ਮੁਖੀ ਭਾਗਵਤ ਵੱਲੋਂ ਘੱਟ ਗਿਣਤੀ ਕੌਮਾਂ ਨੂੰ ਹਿੰਦੂ ਮੱਤ ਵਿਚ ਨਿਗਲਣ ਵਾਲੇ ਬਿਆਨ ਦੇਣਾ ਉਚਿਤ ਨਹੀਂ ਹੈ। ਅਜਿਹੇ ਬਿਆਨ ਦੇਸ਼ ਦੀ ਸ਼ਾਂਤੀ ਨੂੰ ਲਾਂਬੂ ਲਾਉਣ ਵਾਲੇ ਹਨ। ਸ੍ਰੀ ਭਾਗਵਤ ਨੂੰ ਅਜਿਹੇ ਬਿਆਨ ਦੇਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਭਾਗਵਤ ਵੱਲੋਂ ਭਾਰਤ ਨੂੰ ਸਿਰਫ ਹਿੰਦੂਆਂ ਦੀ ਸੰਪਤੀ ਦੱਸਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਦੋਂਕਿ ਦੇਸ਼ ਦੀ ਆਜ਼ਾਦੀ ਲਈ 80 ਫ਼ੀਸਦੀ ਤੋਂ ਵੀ ਵੱਧ ਕੁਰਬਾਨੀਆਂ ਘੱਟ ਗਿਣਤੀ ਸਿੱਖਾਂ ਦੇ ਹਿੱਸੇ ਆਈਆਂ ਹਨ। ਉਨ੍ਹਾਂ ਕਿਹਾ ਕਿ ਭਾਰਤ ਵਿਚ ਸਾਰੇ ਧਰਮ ਆਪੋ-ਆਪਣੀ ਜਗ੍ਹਾ 'ਤੇ ਸਤਿਕਾਰਯੋਗ ਹਨ। ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਅਜਿਹੇ ਵਿਅਕਤੀ ਨੂੰ ਨੱਥ ਪਾਈ ਜਾਵੇ।

## ਭਾਰਤ-ਪਾਕਿ ਗਲਵੱਕੜੀ ਫਿਰ ਢਿੱਲੀ ਪਈ

*(ਸਫਾ ਇਕ ਦੀ ਬਾਕੀ)*

ਸਪਸ਼ਟ ਕਰ ਦਿੱਤਾ ਕਿ ਉਹ ਜਾਂ ਤਾਂ ਭਾਰਤ ਨਾਲ, ਜਾਂ ਫਿਰ ਵੱਖਵਾਦੀਆਂ ਨਾਲ ਗੱਲਬਾਤ ਕਰ ਸਕਦੇ ਹਨ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਪਾਕਿਸਤਾਨ ਨਾਲ ਲਗਦੀ ਸਰਹੱਦ 'ਤੇ ਗੋਲੀਬੰਦੀ ਦੀ ਉਲੰਘਣਾ ਦੀਆਂ ਵਧ ਰਹੀਆਂ ਘਟਨਾਵਾਂ ਕਾਰਨ ਜਾਪਦਾ ਹੈ ਕਿ ਗੁਆਂਢੀ ਮੁਲਕ ਦੀ ਫੌਜ ਵੱਲੋਂ ਦੋਵੇਂ ਮੁਲਕਾਂ ਵਿਚਾਲੇ ਵਿਦੇਸ਼ ਸਕੱਤਰ ਪੱਧਰ ਦੀ ਗੱਲਬਾਤ ਵਿਚ ਵਿਘਨ ਪਾਇਆ ਗਿਆ ਹੈ। ਭਾਰਤ ਤੇ ਪਾਕਿਸਤਾਨ ਦੇ ਵਿਦੇਸ਼ ਸਕੱਤਰਾਂ ਦੀ 25 ਅਗਸਤ ਨੂੰ ਇਸਲਾਮਾਬਾਦ ਵਿਚ ਮੀਟਿੰਗ ਹੋਣੀ ਸੀ। ਦੋ ਸਾਲ ਪਹਿਲਾਂ ਹੋਈ ਸਕੱਤਰ ਪੱਧਰ ਦੀ ਗੱਲਬਾਤ ਮਗਰੋਂ ਇਹ ਸੰਵਾਦ ਸ਼ੁਰੂ ਹੋਣਾ ਸੀ। ਸਰਹੱਦ 'ਤੇ 2014 ਦੌਰਾਨ ਹੁਣ ਤੱਕ 48 ਵਾਰ ਗੋਲੀਬੰਦੀ ਦੀ ਉਲੰਘਣਾ ਹੋ ਚੁੱਕੀ ਹੈ ਜਿਸ ਵਿਚ 8 ਅਗਸਤ ਤੋਂ ਮਗਰੋਂ 17 ਵਾਰ ਭਾਰਤੀ ਪਾਸੇ ਫਾਇਰਿੰਗ ਕੀਤੀ ਗਈ। ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਹ ਪਾਕਿਸਤਾਨ ਫੌਜ ਦੀ ਚਾਲ ਹੈ ਕਿ ਗੱਲਬਾਤ ਦੇ ਰਾਹ ਵਿਚ ਅੜਿੱਕਾ ਪਾਇਆ ਜਾਵੇ। ਅਸਲ ਵਿਚ ਇਸ ਸਮੇਂ ਪਾਕਿਸਤਾਨ ਵਿਚ ਹਾਲਾਤ ਕਾਫੀ ਨਾਜ਼ੁਕ ਬਣੇ ਹੋਏ ਹਨ। ਪਾਕਿਸਤਾਨ ਸਰਕਾਰ ਤੇ ਵਿਰੋਧੀ ਪਾਰਟੀਆਂ ਦਰਮਿਆਨ ਟਕਰਾਅ ਕਾਫੀ ਤੇਜ਼ ਹੋ ਗਿਆ ਹੈ। ਤਹਿਰੀਕ-ਏ-ਇਨਸਾਫ ਦੇ ਮੁਖੀ ਇਮਰਾਨ ਖ਼ਾਨ ਅਤੇ ਅੰਦੋਲਨਕਾਰੀ ਨੇਤਾ ਮੌਲਾਨਾ ਤਾਹਿਰ-ਉਲ ਕਾਦਰੀ ਨੇ ਸਰਕਾਰ ਖਿਲਾਫ ਆਰ-ਪਾਰ ਦੀ ਲੜਾਈ ਵਿੱਢੀ ਹੋਈ ਹੈ। ਇਹ ਅੰਦੋਲਨਕਾਰੀ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦਾ ਅਸਤੀਫਾ ਦਿਵਾ ਕੇ ਨਵੀਆਂ ਚੋਣਾਂ ਕਰਾਉਣ ਲਈ ਮੰਗ ਕਰ ਰਹੇ ਹਨ। ਇਮਰਾਨ ਖ਼ਾਨ ਨੇ ਨਵਾਜ਼ ਸ਼ਰੀਫ਼ ਦੀ ਪਾਰਟੀ ਪੀ.ਐਮ.ਐਲ. (ਐਨ) ਉੱਤੇ 2013 ਦੀਆਂ ਚੋਣਾਂ ਵਿਚ ਧਾਂਦਲੀ ਕਰਨ ਦਾ ਦੋਸ਼ ਲਾਇਆ ਤੇ ਪ੍ਰਧਾਨ ਮੰਤਰੀ ਤੋਂ ਅਸਤੀਫੇ ਦੀ ਮੰਗ ਕੀਤੀ ਹੈ।

## ਯਜ਼ੀਦੀਆਂ ਨੂੰ ਬਚਾਉਣ ਲਈ ਵਿਸ਼ੇਸ਼ ਕਾਰਵਾਈ ਦੀ ਲੋੜ ਨਹੀਂ: ਅਮਰੀਕਾ

**ਬਗਦਾਦ:** ਅਮਰੀਕਾ ਦੇ ਫੌਜੀ ਮਾਹਿਰਾਂ ਦੀ ਟੀਮ ਦੇ ਸਿੰਜਰ ਪਹਾੜੀਆਂ ਵਿਚੋਂ ਯਜ਼ੀਦੀਆਂ ਨੂੰ ਸੁਰੱਖਿਅਤ ਕੱਢਣ ਦੀ ਚੱਲ ਰਹੀ ਕਾਰਵਾਈ ਦਾ ਜਾਇਜ਼ ਲੈਣ ਬਾਅਦ ਅਮਰੀਕਨ ਰੱਖਿਆ ਵਿਭਾਗ ਨੇ ਐਲਾਨ ਕੀਤਾ ਹੈ ਕਿ ਇਸ ਮੰਤਵ ਲਈ ਹੋਰ ਵਿਸ਼ੇਸ਼ ਉਪਰਾਲੇ ਕਰਨ ਦੀ ਜ਼ਰੂਰਤ ਨਹੀਂ ਹੈ। ਅਮਰੀਕਨ ਫੌਜੀ ਟੀਮ ਅਨੁਸਾਰ ਯਜ਼ੀਦੀਆਂ ਵਿਚ ਪਹਿਲਾਂ ਨਾਲੋਂ ਡਰ ਹੁਣ ਕਾਫੀ ਘੱਟ ਗਿਆ ਹੈ। ਅਮਰੀਕਾ ਤੇ ਇਰਾਕ ਦੇ ਹਵਾਈ ਜਹਾਜ਼ਾਂ ਰਾਹੀਂ ਵੱਡੀ ਮਾਤਰਾ ਵਿਚ ਰਾਹਤ ਸਮੱਗਰੀ ਪਹਾੜੀਆਂ ਵਿਚ ਲੁਕੇ ਯਜ਼ੀਦੀਆਂ ਤੱਕ ਪਹੁੰਚਾਈ ਜਾ ਰਹੀ ਹੈ। ਪਹਾੜੀਆਂ ਨੇੜਿਓਂ ਇਸਲਾਮਿਕ ਸਟੇਟ ਦਹਿਸ਼ਤਗਰਦਾਂ ਨੂੰ ਖਦੇੜਨ ਜਾਂ ਉਨ੍ਹਾਂ ਦੀ ਤਾਕਤ ਕਮਜ਼ੋਰ ਕਰਨ ਲਈ ਹਵਾਈ ਹਮਲੇ ਕੀਤੇ ਜਾ ਰਹੇ ਹਨ। ਵੱਡੀ ਗਿਣਤੀ ਯਜ਼ੀਦੀ ਪਹਾੜੀਆਂ ਵਿਚੋਂ ਨਿਕਲ ਕੇ ਕੁਰਦ ਖੇਤਰ ਰਾਹੀਂ ਸੁਰੱਖਿਅਤ ਥਾਵਾਂ ਉਪਰ ਜਾ ਰਹੇ ਹਨ ਹਾਲਾਂਕਿ ਦਹਿਸ਼ਤਗਰਦਾਂ ਦਾ ਦਾਅਵਾ ਹੈ ਕਿ ਉਨ੍ਹਾਂ ਨੇ ਇਸ ਭਾਈਚਾਰੇ ਦੇ ਸੈਂਕੜੇ ਲੋਕ ਗੁਲਾਮ ਬਣਾਏ ਹੋਏ ਹਨ।

ਇਹ ਵੀ ਸੱਚਾਈ ਹੈ ਕਿ ਅਮਰੀਕਾ, ਇਰਾਨ ਦੀ ਸਰਕਾਰ ਉਪਰ ਓਨਾ ਭਰੋਸਾ ਨਹੀਂ ਕਰ ਰਿਹਾ ਜਿੰਨਾ ਉਸ ਨੂੰ ਕੁਰਦਾਂ ਉਪਰ ਹੈ। ਇਸ ਲਈ ਅਮਰੀਕਾ ਹਵਾਈ ਜਹਾਜ਼ਾਂ ਰਾਹੀਂ ਕੁਰਦਾਂ ਨੂੰ ਸਿੱਧੇ ਹਥਿਆਰ ਪਹੁੰਚਾ ਰਿਹਾ ਹੈ। ਇਸ ਦੌਰਾਨ ਇਸਲਾਮਿਕ ਸਟੇਟ ਦੇ ਦਹਿਸ਼ਤਗਰਦ ਬਗਦਾਦ ਤੋਂ 122 ਕਿਲੋਮੀਟਰ ਦੂਰ ਕਰਾ ਤਾਪਾ ਨੇੜੇ ਪਹੁੰਚ ਕੇ ਵੱਡੀ ਗਿਣਤੀ ਵਿਚ ਜਮ੍ਹਾਂ ਹੋਣੇ ਸ਼ੁਰੂ ਹੋ ਗਏ ਹਨ।

## ਪੁਲਿਸ ਕੈਟ ਪਿੰਕੀ ਦੀ ਰਿਹਾਈ 'ਤੇ ਕਸੂਤੇ ਫਸੇ ਬਾਦਲ

*(ਸਫਾ ਇਕ ਦੀ ਬਾਕੀ)*

ਪੂਰੀਆਂ ਕਰਨ ਮਗਰੋਂ 24 ਜੂਨ ਨੂੰ ਉਸ ਨੂੰ ਰਿਹਾਅ ਕਰ ਦਿੱਤਾ ਗਿਆ ਸੀ। ਦਿਲਚਸਪ ਗੱਲ ਇਹ ਹੈ ਕਿ ਇਕ ਸਰਕਾਰੀ ਬੁਲਾਰੇ ਨੇ ਦਾਅਵਾ ਕੀਤਾ ਕਿ ਪਿੰਕੀ ਨੂੰ 24 ਜੁਲਾਈ ਨੂੰ ਰਿਹਾਅ ਕੀਤਾ ਗਿਆ। ਉਧਰ ਪੰਜਾਬ ਸਰਕਾਰ ਨੇ ਗੁਰਮੀਤ ਸਿੰਘ ਪਿੰਕੀ ਦੀ ਅਗਾਊਂ ਰਿਹਾਈ ਬਾਰੇ ਸਪਸ਼ਟ ਕੀਤਾ ਹੈ ਕਿ ਇਹ ਰਿਹਾਈ ਸਰਕਾਰ ਵੱਲੋਂ 4 ਅਪਰੈਲ 2013 ਨੂੰ ਬਣਾਈ ਨੀਤੀ ਤਹਿਤ ਹੀ ਕੀਤੀ ਗਈ ਹੈ। ਸਰਕਾਰ ਅਨੁਸਾਰ ਪਿੰਕੀ ਦੇ ਸਜ਼ਾ ਦੌਰਾਨ ਵਧੀਆ ਆਚਰਨ ਕਾਰਨ ਹੀ ਉਸ ਦੀ ਰਿਹਾਈ ਹੋਈ ਹੈ। ਇਸ ਨੀਤੀ ਤਹਿਤ ਜਿਹੜੇ ਬਾਲਗ ਮਰਦਾਂ ਨੂੰ ਕਤਲ ਦੇ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਮਿਲੀ ਹੈ ਤੇ ਜਿਨ੍ਹਾਂ ਨੇ ਅਸਲ ਕੈਦ ਦੇ 10 ਸਾਲ ਕੱਟ ਲਏ ਹਨ, ਉਹ ਅਗਾਊਂ ਰਿਹਾਈ ਲਈ ਦਰਖਾਸਤ ਦੇ ਸਕਦੇ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਸੂਫੀ ਗਾਇਕ ਬਰਕਤ ਸਿੱਧੂ ਨਹੀਂ ਰਹੇ



**ਮੋਗਾ:** ਸੂਫ਼ੀ ਗਾਇਕ ਬਰਕਤ ਸਿੱਧੂ ਦਾ ਦੇਹਾਂਤ ਹੋ ਗਿਆ ਹੈ। ਉਹ ਛਾਤੀ ਦੇ ਕੈਂਸਰ ਤੋਂ ਪੀੜਤ ਹੋਣ ਕਾਰਨ ਦੋ ਮਹੀਨੇ ਡੀ.ਐਮ.ਸੀ. ਲੁਧਿਆਣਾ ਵਿਚ ਦਾਖਲ ਰਹੇ। ਉਨ੍ਹਾਂ ਵੱਲੋਂ ਪੰਜਾਬੀ ਜ਼ੁਬਾਨ ਦੀ ਕੀਤੀ ਸੇਵਾ ਬਦਲੇ ਇਲਾਜ ਦਾ ਸਾਰਾ ਖਰਚ ਪੰਜਾਬ ਸਰਕਾਰ ਵੱਲੋਂ ਕੀਤਾ ਜਾ ਰਿਹਾ ਸੀ ਪਰ ਕਮਜ਼ੋਰ ਸਿਹਤ ਕਾਰਨ ਡਾਕਟਰਾਂ ਦੀ ਸਲਾਹ ਮਗਰੋਂ ਉਨ੍ਹਾਂ ਦੇ ਪਰਿਵਾਰਕ ਮੈਂਬਰ 15 ਦਿਨ ਪਹਿਲਾਂ ਸ੍ਰੀ ਸਿੱਧੂ ਨੂੰ ਆਪਣੇ ਘਰ ਲੈ ਆਏ ਸਨ। ਉਨ੍ਹਾਂ ਦੇ ਘਰ ਦੀ ਖ਼ਸਤਾ ਹਾਲਤ ਕਾਰਨ ਇਥੇ ਦਸਮੇਸ਼ ਨਗਰ ਵਿਖੇ ਆਪਣੇ ਇਕ ਦੋਸਤ ਦੇ ਘਰ ਹੀ ਜ਼ਿੰਦਗੀ ਦੇ ਆਖਰੀ ਪਲ ਬਿਤਾਏ। ਉਹ ਆਪਣੇ ਪਿੱਛੇ ਵਿਆਹੁਤਾ ਤਿੰਨ ਪੁੱਤਰ ਸੁਰਿੰਦਰ ਸਿੱਧੂ, ਮਹਿੰਦਰਪਾਲ ਸਿੱਧੂ ਤੇ ਰਾਜਿੰਦਰਪਾਲ ਸਿੱਧੂ ਤੇ ਇਕ ਧੀ ਘੁਖ਼ਰੀ ਛੱਡ ਗਏ ਹਨ। ਉਹ ਸੂਫ਼ੀ ਗਾਇਕ ਪੂਰਨ ਸ਼ਾਹਕੋਟੀ ਦੇ ਨਜ਼ਦੀਕੀ ਰਿਸ਼ਤੇਦਾਰ ਸਨ।

ਪਟਿਆਲਾ ਘਰਾਣੇ ਦੀ ਗਾਇਕੀ ਨਾਲ ਸਬੰਧਤ ਬਰਕਤ ਸਿੱਧੂ ਨੇ 1946 ਵਿਚ ਜ਼ਿਲ੍ਹਾ ਜਲੰਧਰ ਦੇ ਪਿੰਡ ਕੰਨੀਆਂ (ਸ਼ਾਹਕੋਟ) ਵਿਖੇ ਪਿਤਾ ਲਾਲ ਚੰਦ ਤੇ ਮਾਂ ਪਠਾਣੀ ਦੀ ਕੁੱਖੋਂ ਜਨਮ ਲਿਆ। ਉਹ ਕਾਫ਼ੀ ਸਮੇਂ ਤੋਂ ਨਿਗਾਹਾ ਰੋਡ, ਬਸਤੀ ਮੋਹਨ ਸਿੰਘ, ਮੋਗਾ ਵਿਖੇ ਆ ਵੱਸੇ ਸਨ। ਬਰਕਤ ਸਿੱਧੂ ਨੇ ਸੌ ਤੋਂ ਵੱਧ ਕਵੀਆਂ ਦੇ ਕਲਾਮ ਪੇਸ਼ ਕੀਤੇ ਤੇ ਸੰਗੀਤ ਨਾਲ ਜੁੜੇ ਦੁਨੀਆਂ ਭਰ ਦੇ ਲੋਕਾਂ ਦੇ ਦਿਲਾਂ ਵਿਚ 'ਬੋਲ ਮਿੱਟੀ ਦੇ ਬਾਵਿਆ', 'ਰੱਬਾ ਮੇਰੇ ਹਾਲ ਦਾ ਮਹਿਰਮ ਤੂੰ' ਤੇ 'ਗੋਰੀਏ ਮੈਂ ਜਾਣਾ ਪ੍ਰਦੇਸ' ਵਰਗੇ ਗੀਤਾਂ ਨਾਲ ਆਪਣੀ ਵੱਖਰੀ ਪਛਾਣ ਬਣਾਈ। ਸ੍ਰੀ ਸਿੱਧੂ ਨੂੰ ਵਿਦੇਸ਼ ਵਿਚ ਸੂਫ਼ੀ ਗਾਇਕੀ ਦੀ ਧਾਂਕ ਜਮਾਉਣ ਲਈ ਅਨੇਕਾਂ ਸਾਹਿਤਕ ਸਭਾਵਾਂ, ਸੰਸਥਾਵਾਂ ਵੱਲੋਂ ਮਾਣ ਸਨਮਾਨ ਮਿਲੇ ਤੇ ਉਨ੍ਹਾਂ ਵਿਰਾਸਤੀ ਮੇਲਿਆਂ ਵਿਚ ਰਾਜ ਦੀਆਂ ਸਰਕਾਰੀ ਤੇ ਗੈਰ ਸਰਕਾਰੀ ਸਟੇਜਾਂ ਤੋਂ ਸੂਫ਼ੀ ਗਾਇਕੀ ਦਾ ਰੰਗ ਬੰਨ੍ਹਿਆ। ਸੂਫ਼ੀ ਗਾਇਕੀ ਨਾਲ ਉਨ੍ਹਾਂ ਦਾ ਰਿਸ਼ਤਾ ਅਜਿਹਾ ਸੀ ਕਿ ਉਨ੍ਹਾਂ ਨੇ ਟੀ-ਸੀਰੀਜ਼ ਦੇ ਮਾਲਕ ਮਰਹੂਮ ਗੁਲਸ਼ਨ ਕੁਮਾਰ ਦੀ ਵਪਾਰਿਕ ਗੀਤ ਗਾਉਣ ਬਦਲੇ ਲੱਖਾਂ ਰੁਪਏ ਦੀ ਪੇਸ਼ਕਸ਼ ਵੀ ਨਿਮਰਤਾ ਸਹਿਤ ਠੁਕਰਾ ਦਿੱਤੀ ਸੀ। ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸਿੱਧੂ ਦੇ ਦੇਹਾਂਤ 'ਤੇ ਗਹਿਰੇ ਦੁਖ ਦਾ ਪ੍ਰਗਟਾਵਾ ਕੀਤਾ ਹੈ।

# ਜੈੱਟ ਏਅਰਵੇਜ਼ ਦੇ ਜਹਾਜ਼ ਨੇ ਲਾਇਆ ਪੰਜ ਹਜ਼ਾਰ ਫੁੱਟ ਗੋਤਾ

**ਨਵੀਂ ਦਿੱਲੀ:** ਮੁੰਬਈ ਤੋਂ ਬ੍ਰਸਲਸ ਜਾ ਰਹੇ ਜਹਾਜ਼ ਵਿਚ ਉਸ ਸਮੇਂ ਕੋਤਾਹੀ ਦੇਖਣ ਨੂੰ ਮਿਲੀ ਜਦੋਂ ਤੁਰਕੀ ਦੇ ਅਸਮਾਨ ਵਿਚੋਂ ਲੰਘ ਰਿਹਾ ਜੈੱਟ ਏਅਰਵੇਜ਼ ਦਾ ਜਹਾਜ਼ ਪੰਜ ਹਜ਼ਾਰ ਫੁੱਟ ਹੇਠਾਂ ਗੋਤਾ ਲਾ ਗਿਆ। ਜਾਂਚ ਤੋਂ ਬਾਅਦ ਪਤਾ ਲੱਗਾ ਕਿ ਜਹਾਜ਼ ਦਾ ਕਮਾਂਡਰ ਸੁੱਤਾ ਹੋਇਆ ਸੀ ਤੇ ਸਹਿ-ਪਾਇਲਟ ਆਈਪੈਡ 'ਤੇ ਕੰਮ ਕਰ ਰਹੀ ਸੀ। ਇਸ ਘਟਨਾ ਨੂੰ ਗੰਭੀਰਤਾ ਨਾਲ ਲੈਂਦਿਆਂ ਡੀ.ਜੀ.ਸੀ.ਏ. ਨੇ ਦੋਵੇਂ ਪਾਇਲਟਾਂ ਨੂੰ ਮੁਅੱਤਲ ਕਰਦਿਆਂ ਇਸ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਘਟਨਾ ਤੋਂ ਬਾਅਦ ਤਿੰਨ ਮੈਂਬਰੀ ਟੀਮ ਬਣਾਈ ਗਈ ਹੈ ਜੋ ਉਡਾਣ ਸਿਖਲਾਈ ਪ੍ਰੋਗਰਾਮ ਤੇ ਸਹੂਲਤਾਂ ਬਾਰੇ ਨਜ਼ਰਸਾਨੀ ਕਰੇਗੀ। ਇਸ ਟੀਮ ਨੂੰ 31 ਅਗਸਤ ਤੱਕ ਰਿਪੋਰਟ ਦੇਣ ਲਈ ਕਿਹਾ ਗਿਆ ਹੈ।

ਕਮਾਂਡਰ ਨੇ ਸਫ਼ਾਈ ਦਿੱਤੀ ਹੈ ਕਿ ਉਹ ਨਿਯਮਾਂ ਮੁਤਾਬਕ ਕਾਕਪਿਟ ਅੰਦਰ ਥੋੜ੍ਹੇ ਸਮੇਂ ਲਈ ਸੌਣ ਗਿਆ ਸੀ। ਸਹਿ-ਪਾਇਲਟ ਨੇ ਕਿਹਾ ਕਿ ਉਹ ਆਈਪੈਡ ਰਾਹੀਂ ਜਹਾਜ਼ ਦੇ ਦਸਤਾਵੇਜ਼ਾਂ ਨੂੰ ਦੇਖ ਰਹੀ ਸੀ। ਬੋਇੰਗ 777-300 ਅੰਕਾਰਾ ਦੇ ਅਸਮਾਨ ਵਿਚ ਉੱਡਦੇ ਸਮੇਂ 34 ਹਜ਼ਾਰ ਫੁੱਟ ਤੋਂ ਹੇਠਾਂ ਆ ਕੇ 29 ਹਜ਼ਾਰ ਫੁੱਟ 'ਤੇ ਆ ਗਿਆ। ਅੰਕਾਰਾ ਦੇ ਏਅਰ ਟਰੈਫਿਕ ਕੰਟਰੋਲ ਨੇ ਹੰਗਾਮੀ ਸੁਨੇਹਾ ਭੇਜ ਕੇ ਪਾਇਲਟਾਂ ਨੂੰ ਰਾਹ ਤੋਂ ਭਟਕਣ ਲਈ ਚੌਕੰਨਾ ਕੀਤਾ। ਉਨ੍ਹਾਂ ਜਹਾਜ਼ ਨੂੰ ਮਿੱਥੀ ਗਈ ਉਚਾਈ 'ਤੇ ਲਿਜਾਉਣ ਲਈ ਕਿਹਾ ਕਿਉਂਕਿ ਉਸ ਰਸਤੇ 'ਤੇ ਹੋਰ ਉਡਾਣ ਦੇ ਜਾਣ ਨਾਲ ਹਾਦਸਾ ਵਾਪਰ ਸਕਦਾ ਸੀ।


## Golden State Realty

Sacramento Office: 9912 Kapalua Ln., Elk Grove, CA 95624

Tel: 916-612-5773

*Courtesy of Sales Manager Traci Lill, Meadows at Galt*

**The Poppy ~ Plan 1** 4 Bedrooms, 2 & half Baths, Two-Car Garage

| Address | Lot# | Lot Size | Elevation | Options In Home | Price |
|---|---|---|---|---|---|
| 722 Elk Hills Drive | 22 | 7076 | B | $10,662 | $326,652 |
| 714 Elk Hills Drive | 24 | 6672 | C | $2,750 | $318,740 |

**The Poppy ~ Plan 2** 4 Bedrooms, 3 Baths, Three-Car Tandem Garage

| Address | Lot# | Lot Size | Elevation | Options In Home | Price |
|---|---|---|---|---|---|
| 718 Elk Hills Drive | 23 | 6667 | C | $7,115 | $330,105 |
| 710 Elk Hills Drive | 25 | 6688 | A | $2,200 | Sold |

**The Poppy ~ Plan 3** 4 Bedrooms, 3 Baths, Three-Car Tandem Garage

| Address | Lot# | Lot Size | Elevation | Options In Home | Price |
|---|---|---|---|---|---|
| 938 Fermoy Way | 30 | 7559 | A | $8,300 | $341,290 |
| 942 Fermoy Way | 31 | 7167 | C | $7,300 | $340,290 |

**The Poppy ~ Plan 4** 6 Bedrooms, 3 & half Baths, Three-Car Garage

| Address | Lot# | Lot Size | Elevation | Options In Home | Price |
|---|---|---|---|---|---|
| 950 Fermoy Way | 33 | 7220 | A | $16,980 | $376,970 |
| 926 Fermoy Way | 17 | 6615 | C | $3,725 | $366,715 |
| 934 Fermoy Way | 29 | 6500 | B | $3,475 | $366,465 |



Sohanpreet (Sam) Chahal
CA Lic. 01504071
Realtor/Notary Public
email:samchahal@hotmail.com

*Call: Sohanpreet 'Sam' Chahal*
@916-612-5773
Serving from Bay Area to Sacramento

Seller/Builder reserves the right to modify elevations, floor plans, specifications, materials, maps and prices without notice or obligation. All renderings, floor plans and maps are artist conceptions and may not reflect actual depiction. Prices will vary depending upon lot size, exterior elevations and pre-selected optional features. All square footage measurements, elevations, lot sizes, floor plans and room dimensions are approximate. Subject to Prior Sale. This advertisement is for illustration purpose only and not a part of a legal contract. Co-Op policy posted in Sale Office. Homes offered by The Meadows Galt 27, LLC. Built by Beck, Stockton CA. 6.13.14



## Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ

ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869



Gurbans Singh Gill
Realtor
DRE#01227109
15 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD Millennium

Gurbans Gill 209-815-1869



## ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838

# ਸਹਾਰਨਪੁਰ ਦੰਗੇ: ਜਾਂਚ ਰਿਪੋਰਟ ਵਿਚ ਭਾਜਪਾ 'ਤੇ ਉਠੀ ਉਂਗਲ

## ਭਾਜਪਾ ਨੇ ਰਿਪੋਰਟ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਿਆ




**ਲਖਨਊ:** ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਕਾਇਮ ਕੀਤੀ ਸਹਾਰਨਪੁਰ ਦੰਗਿਆਂ ਦੀ ਜਾਂਚ ਬਾਰੇ ਕਮੇਟੀ ਨੇ ਭਾਜਪਾ ਦੇ ਇਕ ਸੰਸਦ ਮੈਂਬਰ ਨੂੰ ਇਸ ਕਾਰੇ ਲਈ ਜ਼ਿੰਮੇਵਾਰ ਠਹਿਰਾਇਆ ਹੈ। ਭਾਜਪਾ ਨੇ ਇਸ ਰਿਪੋਰਟ ਨੂੰ ਇਹ ਕਹਿੰਦਿਆਂ ਰੱਦ ਕਰ ਦਿੱਤਾ ਹੈ ਕਿ ਇਹ ਰਾਜਨੀਤੀ ਤੋਂ ਪ੍ਰੇਰਿਤ ਹੈ ਤੇ ਇਹ ਸੱਤਾਧਾਰੀ ਸਮਾਜਵਾਦੀ ਪਾਰਟੀ ਵੱਲੋਂ ਆਪਣੀ ਨਾ-ਅਹਿਲੀਅਤ ਨੂੰ ਛੁਪਾਉਣ ਦਾ ਇਕ ਯਤਨ ਹੈ। ਸਮਾਜਵਾਦੀ ਪਾਰਟੀ ਦੇ ਕੌਮੀ ਜਨਰਲ ਸਕੱਤਰ ਨਰੇਸ਼ ਅਗਰਵਾਲ ਮੁਤਾਬਕ ਦੰਗਿਆਂ ਬਾਰੇ ਪੜਤਾਲੀਆ ਕਮੇਟੀ ਨੇ ਪ੍ਰਸ਼ਾਸਕੀ ਅਧਿਕਾਰੀਆਂ ਦੀ ਢਿੱਲਮੱਠ ਵੱਲ ਉਂਗਲ ਉਠਾਉਣ ਦੀ ਥਾਂ ਭਾਜਪਾ ਦੇ ਇਕ ਸੰਸਦ ਮੈਂਬਰ ਦਾ ਨਾਂ ਲਿਆ ਹੈ।

ਇਸ ਤੱਥ ਨੂੰ ਧਿਆਨ ਵਿਚ ਰੱਖਦਿਆਂ ਅਸੀਂ ਕਹਿ ਸਕਦੇ ਹਾਂ ਕਿ ਸਹਾਰਨਪੁਰ ਦੰਗਿਆਂ ਪਿੱਛੇ ਭਾਜਪਾ ਦੀ ਭੂਮਿਕਾ ਸੀ। ਪੱਛਮੀ ਉੱਤਰ ਪ੍ਰਦੇਸ਼ ਦੇ ਸਹਾਰਨਪੁਰ ਜ਼ਿਲ੍ਹੇ ਵਿਚ 26 ਜੁਲਾਈ ਨੂੰ ਹੋਈ ਹਿੰਸਾ ਕਾਰਨਾਂ ਦੀ ਪੜਤਾਲ ਬਾਰੇ ਉੱਤਰ ਪ੍ਰਦੇਸ਼ ਦੇ ਮੰਤਰੀ ਸ਼ਿਵਪਾਲ ਯਾਦਵ ਦੀ ਅਗਵਾਈ ਵਿਚ ਬਣਾਈ ਪੰਜ ਮੈਂਬਰੀ ਕਮੇਟੀ ਮੁਤਾਬਕ ਸਥਾਨਕ ਸੰਸਦ ਮੈਂਬਰ ਰਾਘਵ ਲਖਨਪਾਲ ਨੇ ਲੋਕਾਂ ਨੂੰ ਦੰਗਿਆਂ ਲਈ ਉਕਸਾਇਆ। ਇਹ ਜ਼ਿਕਰਯੋਗ ਹੈ ਕਿ ਇਸ ਹਿੰਸਾ ਵਿਚ ਤਿੰਨ ਲੋਕਾਂ ਦੀ ਜਾਨ ਚਲੀ ਗਈ ਸੀ ਤੇ ਦੁਕਾਨਾਂ ਤੇ ਹੋਰ ਕਾਰੋਬਾਰਾਂ ਨੂੰ ਅੱਗ ਲਾਉਣ ਦੀਆਂ ਘਟਨਾਵਾਂ ਵਾਪਰੀਆਂ ਸਨ।

ਇਨ੍ਹਾਂ ਦੋਸ਼ਾਂ ਨੂੰ ਰੱਦ ਕਰਦਿਆਂ ਸ੍ਰੀ ਲਖਨਪਾਲ ਨੇ ਕਿਹਾ ਕਿ ਇਹ ਅਤਿ ਨੀਵੇਂ ਦਰਜੇ ਦੀ ਰਾਜਨੀਤੀ ਹੈ ਤੇ ਇਕ ਵਿਸ਼ੇਸ਼ ਫਿਰਕੇ ਨੂੰ ਖੁਸ਼ ਕਰਨ ਦਾ ਯਤਨ ਹੈ। ਸਹਾਰਨਪੁਰ ਦੰਗੇ ਜਿਨ੍ਹਾਂ ਵਿਚ ਇਕ ਵਿਸ਼ੇਸ਼ ਘੱਟ-ਗਿਣਤੀ ਫਿਰਕੇ ਨੂੰ ਬਹੁਗਿਣਤੀ ਵੱਲੋਂ ਨਿਸ਼ਾਨਾ ਬਣਾਇਆ ਗਿਆ ਸੀ, ਦੀ ਰਿਪੋਰਟ ਉਤੇ ਟਿੱਪਣੀ ਕਰਦਿਆਂ ਕਾਂਗਰਸ ਤੇ ਬਸਪਾ ਨੇ ਭਾਜਪਾ ਤੇ ਸਮਾਜਵਾਦੀ ਪਾਰਟੀ ਨੂੰ ਦੋਸ਼ੀ ਠਹਿਰਾਇਆ ਹੈ। ਦੋਵਾਂ ਪਾਰਟੀਆਂ ਨੇ ਕਿਹਾ ਕਿ ਭਾਜਪਾ ਤੇ ਸਮਾਜਵਾਦੀ ਪਾਰਟੀ ਨੇ ਫਿਰਕੂ ਤਣਾਅ ਵਧਣ ਵਿਚ ਯੋਗਦਾਨ ਪਾਇਆ।

ਬਸਪਾ ਸੁਪਰੀਮੋ ਮਾਇਆਵਤੀ ਨੇ ਕਿਹਾ ਕਿ ਇਸ ਰਿਪੋਰਟ ਵਿਚ ਥੋੜ੍ਹੀ ਜਿਹੀ ਜਾਣਕਾਰੀ ਹੀ ਸਾਹਮਣੇ ਲਿਆਂਦੀ ਗਈ ਹੈ ਤੇ ਅਸਲ ਤੱਥਾਂ ਨੂੰ ਛੁਪਾਇਆ ਗਿਆ ਹੈ। ਸਮਾਜਵਾਦੀ ਪਾਰਟੀ ਤੇ ਭਾਜਪਾ ਦੋਵੇਂ ਹੀ ਇਨ੍ਹਾਂ ਦੰਗਿਆਂ ਲਈ ਦੋਸ਼ੀ ਹਨ। ਸਾਨੂੰ ਇਹ ਰਿਪੋਰਟ ਸਵੀਕਾਰ ਨਹੀਂ ਹੈ। ਕਾਂਗਰਸ ਨੇ ਇਸ ਰਿਪੋਰਟ ਉਤੇ ਤਿੱਖੀ ਟਿੱਪਣੀ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੁਣ ਆਪਣੇ ਕਹੇ ਸ਼ਬਦਾਂ ਨੂੰ ਪੂਰਾ ਕਰਨ ਕਿ ਫਿਰਕਾਪ੍ਰਸਤੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਤੇ ਹੁਣ ਭਾਜਪਾ ਆਗੂ ਵਿਰੁੱਧ ਕਾਰਵਾਈ ਕਰਨ। ਕਾਂਗਰਸ ਆਗੂ ਰਾਸ਼ਿਦ ਅਲਵੀ ਨੇ ਕਿਹਾ ਕਿ ਇਹ ਬੇਹੱਦ ਦੁਖਦਾਈ ਹੈ ਕਿ ਮੁਰਾਦਾਬਾਦ, ਮੇਰਠ, ਸਹਾਰਨਪੁਰ ਵਿਚ ਹਿੰਸਾ ਪਿੱਛੇ ਵਿਸ਼ਵ ਹਿੰਦੂ ਪ੍ਰੀਸ਼ਦ ਜਾਂ ਭਾਜਪਾ ਮੈਂਬਰਾਂ ਦੇ ਨਾਂ ਆ ਰਹੇ ਹਨ। ਕਾਂਗਰਸ ਦੇ ਆਗੂ ਮਨੀਸ਼ ਤਿਵਾੜੀ ਨੇ ਕਿਹਾ ਕਿ ਸਮਾਜਵਾਦੀ ਪਾਰਟੀ ਦੀ ਸਰਕਾਰ ਫਿਰਕੂ ਹਿੰਸਾ ਰੋਕਣ ਵਿਚ ਅਸਫਲ ਰਹੀ ਹੈ ਤੇ ਭਾਜਪਾ ਦੀ ਫਿਰਕੂ ਰਾਜਨੀਤੀ ਨੇ ਸੂਬੇ ਦਾ ਮਾਹੌਲ ਵਿਗਾੜ ਦਿੱਤਾ ਹੈ ਤੇ ਕੇਂਦਰ ਸਰਕਾਰ ਭਾਈਚਾਰਕ ਸਾਂਝ ਪੈਦਾ ਕਰਨ ਲਈ ਕਦਮ ਚੁੱਕੇ।

ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਸਥਾਨਕ ਪ੍ਰਸ਼ਾਸਨ ਮੁੱਢਲੇ ਪੱਧਰ ਉਪਰ ਦੰਗਿਆਂ ਨੂੰ ਕਾਬੂ ਵਿਚ ਕਰਨ ਵਿਚ ਨਾਕਾਮ ਰਿਹਾ। ਪ੍ਰਸ਼ਾਸਨ ਉਸ ਸਮੇਂ ਹਰਕਤ ਵਿਚ ਆਇਆ ਜਦੋਂ ਹਿੰਸਾ ਸ਼ੁਰੂ ਹੋ ਚੁੱਕੀ ਸੀ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪਵਿੱਤਰ ਰਮਜ਼ਾਨ ਦੇ ਮਹੀਨੇ ਦੌਰਾਨ ਪ੍ਰਸ਼ਾਸਨ ਨੂੰ ਝਗੜੇ ਵਾਲੇ ਸਥਾਨ 'ਤੇ ਉਸਾਰੀ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ ਸੀ ਜਾਂ ਦੂਸਰੇ ਫਿਰਕੇ ਦੇ ਲੋਕਾਂ ਨੂੰ ਉਥੇ ਇਕੱਠੇ ਨਹੀਂ ਹੋਣ ਦੇਣਾ ਚਾਹੀਦਾ ਸੀ। ਕਮੇਟੀ ਨੇ ਸਹਾਰਨਪੁਰ ਤੋਂ ਭਾਜਪਾ ਸੰਸਦ ਮੈਂਬਰ ਰਾਘਵ ਲਖਨਪਾਲ ਉਪਰ ਦੋ ਫਿਰਕਿਆਂ ਵਿਚਾਲੇ ਤਣਾਅ ਪੈਦਾ ਕਰਨ ਦਾ ਦੋਸ਼ ਲਾਇਆ ਹੈ। ਉਧਰ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਹੈ ਕਿ ਉਸ ਨੇ ਅਜੇ ਰਿਪੋਰਟ ਨਹੀਂ ਦੇਖੀ ਪਰ ਇਹ ਸਮਾਜਵਾਦੀ ਪਾਰਟੀ ਵੱਲੋਂ ਤਿਆਰ ਕੀਤੀ ਗਈ ਹੈ। ਇਸ ਲਈ ਇਸ ਬਾਰੇ ਮੈਂ ਕੁਝ ਨਹੀਂ ਕਹਿਣਾ।

## ਸ਼੍ਰੋਮਣੀ ਕਮੇਟੀ ਕਰੇਗੀ ਦੰਗਾ ਪੀੜਤਾਂ ਦੀ ਮਦਦ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਸਹਾਰਨਪੁਰ ਵਿਚ ਹੋਏ ਦੰਗਿਆਂ ਵਿਚ ਜਿਨ੍ਹਾਂ ਸਿੱਖਾਂ ਤੇ ਪੰਜਾਬੀਆਂ ਦਾ ਭਾਰੀ ਆਰਥਿਕ ਨੁਕਸਾਨ ਹੋਇਆ ਹੈ, ਨੂੰ ਇਕ ਕਰੋੜ ਰੁਪਏ ਮਾਲੀ ਸਹਾਇਤਾ ਵਜੋਂ ਦੇਣ ਦਾ ਫ਼ੈਸਲਾ ਕੀਤਾ ਹੈ। ਇਹ ਜਾਣਕਾਰੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦਿੱਤੀ ਹੈ। ਇਸ ਤੋਂ ਪਹਿਲਾਂ ਉਨ੍ਹਾਂ ਸਹਾਰਨਪੁਰ ਤੋਂ ਆਏ ਗੁਰਦੁਆਰਾ ਸਿੰਘ ਸਭਾ ਦੇ ਪ੍ਰਧਾਨ ਹਰਿੰਦਰ ਸਿੰਘ ਚੱਢਾ, ਸਤਵਿੰਦਰ ਸਿੰਘ ਤੇ ਗੁਰਪ੍ਰੀਤ ਸਿੰਘ ਬੱਗਾ ਨਾਲ ਮੁਲਾਕਾਤ ਕੀਤੀ। ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਉਨ੍ਹਾਂ ਖ਼ੁਦ ਮੌਕੇ 'ਤੇ ਜਾ ਕੇ ਸਥਿਤੀ ਦਾ ਜਾਇਜ਼ਾ ਲਿਆ ਸੀ। ਸ਼੍ਰੋਮਣੀ ਕਮੇਟੀ ਨੇ ਪੀੜਤ ਦੁਕਾਨਦਾਰਾਂ ਨੂੰ ਇਕ ਕਰੋੜ ਰੁਪਏ ਦੀ ਮਾਲੀ ਸਹਾਇਤਾ ਦੇਣ ਦਾ ਐਲਾਨ ਕੀਤਾ। ਛੇਤੀ ਹੀ ਇਹ ਮਾਇਕ ਸਹਾਇਤਾ ਸਹਾਰਨਪੁਰ ਵਿਚ ਭੇਜੀ ਜਾਵੇਗੀ।

# ਪੰਜਾਬ ਵਿਚ ਬੜੀਆਂ ਡੂੰਘੀਆਂ ਨੇ ਰੇਤ ਮਾਫੀਏ ਦੀਆਂ ਜੜ੍ਹਾਂ

**ਲੁਧਿਆਣਾ:** ਪੰਜਾਬ ਸਰਕਾਰ ਦੀ ਢਿੱਲ ਤੇ ਅਫਸਰਸ਼ਾਹੀ ਦੀ ਮਿਲੀਭੁਗਤ ਕਾਰਨ ਸੂਬੇ ਵਿਚ ਰੇਤ ਮਾਫੀਏ ਦੀ ਚਾਂਦੀ ਹੈ। ਸੂਬਾ ਸਰਕਾਰ ਵੱਲੋਂ ਭਾਵੇਂ ਅਜਿਹੇ ਲੋਕਾਂ ਖ਼ਿਲਾਫ ਸਖਤ ਕਾਰਵਾਈ ਦੇ ਦਾਅਵੇ ਕੀਤੇ ਜਾ ਰਹੇ ਹਨ ਪਰ ਹਕੀਕਤ ਇਸ ਤੋਂ ਬਿਲਕੁਲ ਉਲਟ ਹੈ। ਆਮ ਚੋਣਾਂ ਵਿਚ ਰੇਤ ਤੇ ਡਰੱਗ ਮਾਫੀਏ ਦੇ ਮੁੱਦੇ ਕਾਰਨ ਹਾਕਮ ਧਿਰ ਨੂੰ ਕਾਫੀ ਨਮੋਸ਼ੀ ਝੱਲਣੀ ਪਈ ਸੀ ਪਰ ਸਰਕਾਰ ਨੇ ਬੀਤੇ ਤੋਂ ਕੋਈ ਵੀ ਸਬਕ ਨਹੀਂ ਸਿੱਖਿਆ। ਸੂਬੇ ਵਿਚ ਇਸ ਸਮੇਂ ਵੀ ਰੇਤ ਮਾਫੀਆ ਸਰਕਾਰ ਦੀ ਰਹਿਮ ਦਿਲੀ ਦਾ ਰੱਜ ਕੇ ਫਾਇਦਾ ਉਠਾ ਰਿਹਾ ਹੈ। ਰੇਤ ਮਾਫੀਏ ਵੱਲੋਂ ਜਿਥੇ ਇਸ ਧੰਦੇ ਨਾਲ ਕਰੋੜਾਂ ਤੋਂ ਅਰਬਾਂ ਰੁਪਏ ਤੱਕ ਦੀ ਕਮਾਈ ਕੀਤੀ ਜਾ ਰਹੀ ਹੈ, ਉਥੇ ਸੋਨੇ ਦੇ ਭਾਅ ਵਿਕ ਰਹੀ ਰੇਤ ਨੇ ਬਹੁਗਿਣਤੀ ਗਰੀਬ ਤੇ ਮੱਧਵਰਗੀ ਲੋਕਾਂ ਦੇ ਘਰ ਬਣਾਉਣ ਦੇ ਸੁਪਨੇ ਨੂੰ ਵੀ ਰੇਤ ਵਿਚ ਹੀ ਮਿਲਾ ਦਿੱਤਾ ਹੈ।

ਰੇਤ ਮਾਫੀਏ ਵੱਲੋਂ ਕੀਤੀ ਜਾ ਰਹੀ ਕਮਾਈ ਤੇ ਇਸ ਮਾਫੀਏ ਦੇ ਪੁਲਿਸ, ਸਿਵਲ ਪ੍ਰਸ਼ਾਸਨ ਤੇ ਸਿਆਸੀ ਆਗੂਆਂ ਤੋਂ ਲੈ ਕੇ ਆਮ ਲੋਕਾਂ ਤੱਕ ਫੈਲੇ ਜਾਲ ਬਾਰੇ ਤੱਥ ਖੋਜੀਏ ਤਾਂ ਸਨਸਨੀਖੇਜ਼ ਪ੍ਰਗਟਾਵੇ ਸਾਹਮਣੇ ਆਉਂਦੇ ਹਨ। ਉੱਚ ਅਦਾਲਤਾਂ ਵੱਲੋਂ ਸਖ਼ਤ ਹੁਕਮਾਂ ਦੇ ਬਾਵਜੂਦ ਇਹ ਧੰਦਾ ਹਮੇਸ਼ਾ ਬੇਰੋਕ ਚੱਲਦਾ ਆ ਰਿਹਾ, ਹੁਣ ਤਾਂ ਗੱਲ ਇਥੋਂ ਤੱਕ ਪਹੁੰਚ ਗਈ ਹੈ ਕਿ ਮਾਈਨਿੰਗ ਵਿਭਾਗ ਦੇ ਕਾਨੂੰਨ ਮੁਤਾਬਕ ਭਾਵੇਂ ਮੀਂਹ ਦੇ ਦਿਨਾਂ ਵਿਚ ਰੇਤੇ ਦੇ ਟੱਕ ਬੰਦ ਕਰ ਦਿੱਤੇ ਜਾਂਦੇ ਹਨ ਪਰ ਇਸ ਵਾਰ ਇਨ੍ਹਾਂ ਦਿਨਾਂ ਵਿਚ ਵੀ ਸਤਲੁਜ ਦਰਿਆ ਵਿਚ ਸ਼ਰੇਆਮ ਨਾਜਾਇਜ਼ ਟੱਕ ਚਲਾ ਕੇ ਰੇਤ ਮਾਫੀਆ ਪ੍ਰਤੀ ਦਿਨ ਲੱਖਾਂ ਰੁਪਏ ਕਮਾ ਰਿਹਾ ਹੈ। ਸਰਕਾਰੀ ਛਤਰ-ਛਾਇਆ ਹੇਠ ਲੁਧਿਆਣਾ ਜ਼ਿਲ੍ਹੇ ਵਿਚ ਪਰਜੀਆਂ ਪੁਆਇੰਟ, ਗੋਰਸੀਆਂ ਖਾਨ ਮੁਹੰਮਦ, ਕੋਟਉਮਰਾ, ਭੁੰਦੜੀ ਤੇ ਅੱਕੂਵਾਲ ਵਿਖੇ ਚੱਲ ਰਹੇ ਨਾਜਾਇਜ਼ ਟੱਕਾਂ ਤੋਂ ਹਰ ਰੋਜ਼ ਸੈਂਕੜੇ ਟਿੱਪਰ, ਟਰੱਕ ਤੇ ਟਰਾਲੀਆਂ ਭਰਕੇ ਲੱਖਾਂ ਰੁਪਏ ਦੀ ਕਮਾਈ ਕੀਤੀ ਜਾ ਰਹੀ ਹੈ ਤੇ ਇਹ ਸਭ ਕੁਝ ਮਾਈਨਿੰਗ ਵਿਭਾਗ ਦੇ ਅਧਿਕਾਰੀ ਕੋਲ ਬੈਠ ਦੇਖ ਰਹੇ ਹਨ। ਇਸ ਬਾਰੇ ਤੱਥ ਖੋਜਣ 'ਤੇ ਇਹ ਵੀ ਸਾਹਮਣੇ ਆਇਆ ਕਿ ਚੰਡੀਗੜ੍ਹ ਬੈਠੇ ਪੰਜਾਬ ਪੁਲਿਸ ਦੇ ਇਕ ਅਧਿਕਾਰੀ ਦੇ ਪੱਚੀ ਟਿੱਪਰ ਜਗਰਾਉਂ ਦੇ ਇਕ ਨਾਮੀ ਡਾਕਟਰ ਦੇ ਨਾਂ ਹੇਠ ਚੱਲ ਰਹੇ ਹਨ ਤੇ ਇਹ ਅਧਿਕਾਰੀ ਤੇ ਡਾਕਟਰ ਤੇ ਇਨ੍ਹਾਂ ਦੇ ਸਾਥੀ ਹੁਣ ਤੱਕ ਰੇਤ ਤੋਂ ਕਰੋੜਾਂ ਰੁਪਏ ਕਮਾ ਚੁੱਕੇ ਹਨ। ਬੇਟ ਇਲਾਕੇ ਵਿਚ ਚੱਲ ਰਹੇ ਟੱਕਾਂ ਤੋਂ ਜਾਅਲੀ ਪਰਚੀਆਂ ਰਾਹੀਂ ਭਰੇ ਜਾ ਰਹੇ ਟਰੱਕ, ਟਿੱਪਰ ਤੇ ਟਰਾਲੀਆਂ ਹਰਿਆਣਾ ਸੂਬੇ ਦੇ ਪਿੰਡਾਂ ਤੱਕ ਰੇਤ ਦੀ ਸਮਗਲਿੰਗ ਕੀਤੀਆਂ ਜਾਂਦੀਆਂ ਹਨ। 10 ਤੋਂ 15 ਕਿਲੋਮੀਟਰ ਦੇ ਖੇਤਰ ਵਿਚ ਰੇਤ ਦੀ ਟਰਾਲੀ ਦੀ ਪਹੁੰਚ 13 ਤੋਂ 15 ਹਜ਼ਾਰ ਰੁਪਏ ਤੱਕ ਹੈ, ਜਦਕਿ ਰੇਤ ਦਾ ਇਕ ਟਿੱਪਰ ਬਠਿੰਡਾ ਤੇ ਮਾਨਸਾ ਦੇ ਪਿੰਡਾਂ ਵਿਚ ਪਹੁੰਚਾਉਣ ਦਾ ਰੇਟ 40 ਤੋਂ 50 ਹਜ਼ਾਰ ਰੁਪਏ ਤੱਕ ਹੈ।

ਮਾਈਨਿੰਗ ਵਿਭਾਗ ਦੇ ਅਧਿਕਾਰੀਆਂ ਦੀ ਮਿਲੀਭੁਗਤ ਬਾਰੇ ਦੇਖਿਆ ਜਾਵੇ ਤਾਂ ਪਿਛਲਾ ਕਾਫੀ ਸਮਾਂ ਇਸ ਖੇਤਰ ਵਿਚ ਰਿਹਾ ਜਗਰਾਉਂ ਦਾ ਇਕ ਅਧਿਕਾਰੀ ਥੋੜ੍ਹੇ ਹੀ ਸਮੇਂ ਵਿਚ ਕਰੋੜਾਂਪਤੀ ਬਣ ਗਿਆ ਹੈ ਤੇ ਇਸ ਅਧਿਕਾਰੀ ਦਾ ਮਾਰਬਲ ਤੇ ਟਾਇਲਾਂ ਬਣਾਉਣ ਦਾ ਕੰਮ ਪੰਜਾਬ ਤੋਂ ਬਾਹਰ ਹਿਮਾਚਲ ਤੱਕ ਫੈਲ ਚੁੱਕਾ ਹੈ। ਰੇਤ ਮਾਫੀਏ ਦੇ ਇਸ ਨਾਜਾਇਜ਼ ਧੰਦੇ ਨੂੰ ਨੱਥ ਪਾਉਣ ਲਈ ਅੱਖਾਂ ਮੀਚ ਕੇ ਸੇਵਾ ਨਿਭਾਅ ਰਹੇ ਮਾਈਨਿੰਗ ਵਿਭਾਗ ਦੇ ਦਰਿਆ ਕੰਢੇ ਬੈਠੇ ਇਕ ਅਧਿਕਾਰੀ ਨਾਲ ਜਦੋਂ ਗੱਲ ਕੀਤੀ ਤਾਂ ਉਸਦੀ ਨਜ਼ਰ ਵਿਚ ਸਭ ਠੀਕ ਚੱਲ ਰਿਹਾ ਸੀ। ਇਸ ਅਧਿਕਾਰੀ ਨੇ ਕਿਹਾ ਕਿ ਡੰਪ ਹੋਇਆ ਰੇਤਾ ਠੇਕੇਦਾਰਾਂ ਵੱਲੋਂ ਆਗਿਆ ਲੈ ਕੇ ਹੀ ਚੁੱਕਿਆ ਜਾ ਰਿਹਾ ਹੈ। ਜਦੋਂ ਇਸ ਅਧਿਕਾਰੀ ਨੂੰ ਚੱਲ ਰਹੇ ਮਾਈਨਿੰਗ ਦੇ ਕੰਮ ਦੀਆਂ ਤਸਵੀਰਾਂ ਦਿਖਾਈਆਂ ਤਾਂ ਇਸ ਅਧਿਕਾਰੀ ਨੇ ਕਿਹਾ ਕਿ ਛੇਤੀ ਹੀ ਇਸ ਬਾਰੇ ਕਾਰਵਾਈ ਹੋਵੇਗੀ।

## ਆਧੁਨਿਕ ਤਕਨੀਕਾਂ ਨਾਲ ਬੇਰੋਕ ਹੁੰਦੀ ਹੈ ਪੁਟਾਈ

ਰੇਤ ਮਾਫੀਏ ਵੱਲੋਂ ਦਰਿਆ ਵਿਚੋਂ ਰੇਤਾ ਕੱਢਣ ਲਈ ਆਧੁਨਿਕ ਤਕਨੀਕ ਨੂੰ ਅਪਣਾਇਆ ਜਾ ਰਿਹਾ ਹੈ ਤੇ ਜਿਥੇ ਦਿਨ-ਰਾਤ ਜੇ.ਸੀ.ਬੀ. ਮਸ਼ੀਨਾਂ ਰੇਤਾ ਭਰ ਰਹੀਆਂ ਹਨ, ਉਥੇ ਆਧੁਨਿਕ ਤਕਨੀਕ ਦੀਆਂ ਪੋਕਲਾਈਨ ਮਸ਼ੀਨਾਂ, ਜੋ ਕਿ ਕਿਸ਼ਤੀ ਵਿਚ ਫਿੱਟ ਹਨ। ਦਰਿਆ ਵਿਚੋਂ 40 ਫੁੱਟ ਤੱਕ ਡੂੰਘਾ ਰੇਤਾ ਪਾਈਪਾਂ ਰਾਹੀਂ ਬਾਹਰ ਕੱਢ ਕੇ ਸੁੱਟ ਰਹੀਆਂ ਹਨ, ਜਦੋਂਕਿ ਮਾਈਨਿੰਗ ਵਿਭਾਗ ਅਨੁਸਾਰ ਸਿਰਫ 10 ਫੁੱਟ ਤੱਕ ਰੇਤਾ ਚੁੱਕਿਆ ਜਾ ਸਕਦਾ ਹੈ।

ਇਸ ਸਮੇਂ ਭਾਵੇਂ ਦਰਿਆ ਦੇ ਆਸੇ-ਪਾਸਿਓਂ ਚੁੱਕੇ ਜਾ ਰਹੇ ਰੇਤੇ ਕਾਰਨ ਹੜ੍ਹ ਆਉਣ ਉੱਤੇ ਬੰਨ੍ਹ 'ਤੇ ਬੈਠੇ ਪਿੰਡਾਂ ਦੇ ਰੁੜਨ ਦਾ ਖ਼ਤਰਾ ਲਗਾਤਾਰ ਵਧ ਰਿਹਾ ਹੈ ਪਰ ਸਬੰਧਤ ਪਿੰਡਾਂ ਦੇ ਲੋਕ ਇਸ ਬਾਰੇ ਬੇਖ਼ਬਰ ਹਨ। ਰੇਤ ਮਾਫੀਏ ਵੱਲੋਂ ਇਸ ਧੰਦੇ ਨੂੰ ਚਲਾਉਣ ਲਈ ਸਿਰਫ ਸਰਕਾਰੇ-ਦਰਬਾਰੇ ਹੀ ਪਹੁੰਚ ਨਹੀਂ ਰੱਖੀ ਜਾ ਰਹੀ, ਸਗੋਂ ਇਨ੍ਹਾਂ ਪਿੰਡਾਂ ਦੇ ਆਮ ਲੋਕਾਂ ਨੂੰ ਵੀ ਨਾਜਾਇਜ਼ ਟੱਕ ਚਲਾਉਣ ਲਈ 500 ਤੋਂ 1000 ਰੁਪਏ ਤੱਕ ਪ੍ਰਤੀ ਵਾਹਨ ਸੇਵਾ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਸ਼ਾਇਦ ਇਨ੍ਹਾਂ ਗਰੀਬ ਲੋਕਾਂ ਨੂੰ ਇਸ ਗੱਲ ਦਾ ਅਹਿਸਾਸ ਨਹੀਂ ਹੈ ਕਿ ਜਿਸ ਟਾਹਣੀ 'ਤੇ ਉਹ ਬੈਠੇ ਹਨ, ਉਸ ਟਾਹਣੀ ਨੂੰ ਉਹ ਖੁਦ ਹੀ ਕੱਟ ਰਹੇ ਹਨ।

# ਤਖਤ ਪਟਨਾ ਸਾਹਿਬ ਦੇ ਜਥੇਦਾਰ ਦਾ ਵਿਵਾਦ ਬਰਕਰਾਰ

**ਅੰਮ੍ਰਿਤਸਰ:** ਤਖਤ ਸ੍ਰੀ ਪਟਨਾ ਸਾਹਿਬ ਵਿਖੇ ਪ੍ਰਬੰਧਕੀ ਕਮੇਟੀ ਦੇ ਦੋ ਧੜਿਆਂ ਤੇ ਜਥੇਦਾਰ ਵਿਚਾਲੇ ਚੱਲ ਰਿਹਾ ਵਿਵਾਦ ਬਰਕਰਾਰ ਹੈ ਤੇ ਕਾਬਜ਼ ਧਿਰ ਵੱਲੋਂ ਅਗਲਾ ਫ਼ੈਸਲਾ ਲੈਣ ਲਈ ਉਚਿਤ ਸਮੇਂ ਦੀ ਉਡੀਕ ਕੀਤੀ ਜਾ ਰਹੀ ਹੈ। ਤਖਤ ਸ੍ਰੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦਾ ਇਹ ਵਿਵਾਦ ਸੱਤ ਜਨਵਰੀ ਨੂੰ ਸ਼ੁਰੂ ਹੋਇਆ ਸੀ ਤੇ ਉਦੋਂ ਤੋਂ ਲਗਾਤਾਰ ਤਣਾਅ ਵਾਲਾ ਮਾਹੌਲ ਬਣਿਆ ਹੋਇਆ ਹੈ। ਇਸ ਵੇਲੇ ਮਾਮਲਾ ਅਦਾਲਤ ਦੇ ਵਿਚਾਰ ਅਧੀਨ ਹੈ ਤੇ ਸਥਿਤੀ ਪਹਿਲਾਂ ਵਾਂਗ ਜਿਵੇਂ ਦੀ ਤਿਵੇਂ ਬਣੀ ਹੋਈ ਹੈ।

ਦੱਸਣਯੋਗ ਹੈ ਕਿ ਪ੍ਰਬੰਧਕੀ ਕਮੇਟੀ ਵੱਲੋਂ ਸੱਤ ਜਨਵਰੀ ਨੂੰ ਗੁਰਪੁਰਬ ਮੌਕੇ ਚੱਲ ਰਹੇ ਸਮਾਗਮ ਦੌਰਾਨ ਤਖਤ ਸ੍ਰੀ ਪਟਨਾ ਸਾਹਿਬ ਵਾਸਤੇ ਵਧੀਕ ਗ੍ਰੰਥੀ ਦੀ ਨਿਯੁਕਤੀ ਦਾ ਐਲਾਨ ਕੀਤਾ ਗਿਆ ਸੀ, ਜਿਸ ਦਾ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਵਿਰੋਧ ਕੀਤਾ। ਵਿਰੋਧ ਦੇ ਸਿੱਟੇ ਵਜੋਂ ਮੰਚ 'ਤੇ ਹੀ ਦੋਵਾਂ ਧੜਿਆਂ ਵਿਚਾਲੇ ਹਿੰਸਕ ਝੜਪ ਹੋਈ, ਜਿਸ ਵਿਚ ਦੋਵਾਂ ਧਿਰਾਂ ਦੇ ਕੁਝ ਵਿਅਕਤੀ ਜ਼ਖ਼ਮੀ ਹੋ ਗਏ ਸਨ। ਇਸ ਮਾਮਲੇ ਵਿਚ ਪ੍ਰਬੰਧਕੀ ਕਮੇਟੀ ਨੇ ਜਥੇਦਾਰ ਗਿਆਨੀ ਇਕਬਾਲ ਸਿੰਘ, ਉਨ੍ਹਾਂ ਦੇ ਬੇਟੇ ਤੇ ਇਕ ਗ੍ਰੰਥੀ ਸਮੇਤ ਤਿੰਨ ਕਰਮਚਾਰੀਆਂ ਨੂੰ ਮੁਅੱਤਲ ਕਰ ਦਿੱਤਾ ਸੀ, ਜਿਨ੍ਹਾਂ ਨੂੰ ਬਾਅਦ ਵਿਚ ਨੌਕਰੀ ਤੋਂ ਫਾਰਗ ਕਰ ਦਿੱਤਾ ਗਿਆ ਸੀ। ਦੂਜੇ ਪਾਸੇ ਗਿਆਨੀ ਇਕਬਾਲ ਸਿੰਘ ਵੱਲੋਂ ਨਾ ਸਿਰਫ ਪ੍ਰਬੰਧਕੀ ਕਮੇਟੀ ਦੇ ਨੌਕਰੀ ਤੋਂ ਫਾਰਗ ਕਰਨ ਦੇ ਫੈਸਲੇ ਨੂੰ ਉੱਚ ਅਦਾਲਤ ਵਿਚ ਚੁਣੌਤੀ ਦਿੱਤੀ ਹੋਈ ਹੈ ਸਗੋਂ ਸੱਤ ਜਨਵਰੀ ਨੂੰ ਵਾਪਰੀ ਹਿੰਸਕ ਝੜਪ ਦੇ ਮਾਮਲੇ ਵਿਚ ਵੀ ਪ੍ਰਬੰਧਕੀ ਕਮੇਟੀ ਦੇ ਆਗੂਆਂ ਤੋਂ ਇਲਾਵਾ ਹੋਰਨਾਂ ਖ਼ਿਲਾਫ ਪਟਨਾ ਪੁਲਿਸ ਕੋਲ ਕੇਸ ਦਰਜ ਕਰਾਇਆ ਹੈ, ਜਿਸ ਵਿਚ ਪ੍ਰਬੰਧਕੀ ਕਮੇਟੀ ਦੇ ਆਗੂਆਂ ਵੱਲੋਂ ਜ਼ਮਾਨਤ ਪ੍ਰਾਪਤ ਕੀਤੀ ਗਈ ਹੈ।

ਇਸ ਮਾਮਲੇ ਵਿਚ ਪਿਛਲੇ ਦਿਨੀਂ ਉਸ ਵੇਲੇ ਨਵਾਂ ਮੋੜ ਆਇਆ ਸੀ ਜਦੋਂ ਪ੍ਰਬੰਧਕੀ ਕਮੇਟੀ ਵੱਲੋਂ ਸਦਨ ਦੀ ਮੀਟਿੰਗ ਸੱਦੀ ਗਈ ਪਰ ਐਨ ਆਖਰੀ ਮੌਕੇ ਬਹੁਮਤ ਨਾ ਹੋਣ ਕਾਰਨ ਮੀਟਿੰਗ ਮੁਲਤਵੀ ਕਰ ਦਿੱਤੀ ਗਈ ਜਦੋਂਕਿ ਦੂਜੀ ਧਿਰ ਜਿਸ ਦੀ ਅਗਵਾਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਕਰ ਰਹੇ ਸਨ, ਵੱਲੋਂ ਅੱਠ ਮੈਂਬਰਾਂ ਦੀ ਹਾਜ਼ਰੀ ਨਾਲ ਮੀਟਿੰਗ ਕਰਕੇ ਪਹਿਲਾਂ ਕੀਤੇ ਗਏ ਸਾਰੇ ਫੈਸਲੇ ਰੱਦ ਕਰ ਦਿੱਤੇ ਗਏ ਸਨ। ਅੱਠ ਮੈਂਬਰਾਂ ਵੱਲੋਂ ਕੀਤੀ ਗਈ ਮੀਟਿੰਗ ਵਿਚ ਗਿਆਨੀ ਇਕਬਾਲ ਸਿੰਘ ਨੂੰ ਬਤੌਰ ਜਥੇਦਾਰ ਬਹਾਲ ਕਰਨ ਦਾ ਫੈਸਲਾ ਕੀਤਾ ਗਿਆ ਸੀ। ਜ਼ਿਕਰਯੋਗ ਹੈ ਕਿ ਜਥੇਦਾਰ ਮੱਕੜ ਸ਼੍ਰੋਮਣੀ ਕਮੇਟੀ ਦੇ ਨੁਮਾਇੰਦੇ ਵਜੋਂ ਤਖਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦੇ ਮੈਂਬਰ ਵੀ ਹਨ।

ਇਸ ਮੀਟਿੰਗ ਤੋਂ ਬਾਅਦ ਕਾਬਜ਼ ਧਿਰ ਵੱਲੋਂ ਮੀਟਿੰਗ ਨੂੰ ਗੈਰਕਾਨੂੰਨੀ ਕਰਾਰ ਦੇ ਦਿੱਤਾ ਗਿਆ ਸੀ। ਇਸ ਬਾਰੇ ਗਿਆਨੀ ਇਕਬਾਲ ਸਿੰਘ ਨੇ ਆਖਿਆ ਕਿ ਜਥੇਦਾਰ ਅਵਤਾਰ ਸਿੰਘ ਦੀ ਅਗਵਾਈ ਹੇਠ ਹੋਈ ਮੀਟਿੰਗ ਵਿਚ ਉਨ੍ਹਾਂ ਦੀ ਬਰਖਾਸਤਗੀ ਨੂੰ ਰੱਦ ਕਰਕੇ ਨੌਕਰੀ 'ਤੇ ਬਹਾਲ ਕਰ ਦਿੱਤਾ ਗਿਆ ਸੀ। ਕਮੇਟੀ ਦੇ ਇਸ ਫੈਸਲੇ ਨਾਲ ਉਨ੍ਹਾਂ ਨੂੰ ਵੱਡੀ ਰਾਹਤ ਮਿਲੀ ਹੈ ਤੇ ਉਹ ਬਤੌਰ ਜਥੇਦਾਰ ਸੇਵਾਵਾਂ ਨਿਭਾ ਰਹੇ ਹਨ।

# ਸਿੱਖ ਹਿੰਦੂਆਂ ਦਾ ਹਿੱਸਾ ਨਹੀਂ: ਵਰਲਡ ਸਿੱਖ ਫੈਡਰੇਸ਼ਨ

**ਸੈਨ ਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ):** ਵਰਲਡ ਸਿੱਖ ਫੈਡਰੇਸ਼ਨ ਨੇ ਰਾਸ਼ਟਰੀ ਸਵੈ-ਸੇਵਕ ਸੰਘ ਦੇ ਮੁਖੀ ਮੋਹਣ ਭਾਗਵਤ ਦੇ ਇਸ ਬਿਆਨ ਕਿ ਸਿੱਖ ਹਿੰਦੂਆਂ ਦਾ ਅੰਗ ਹਨ, ਦਾ ਸਖਤ ਨੋਟਿਸ ਲੈਂਦਿਆਂ ਸੁਝਾਅ ਦਿੱਤਾ ਹੈ ਕਿ ਉਹ ਰਾਜ-ਮਦ ਦੇ ਨਸ਼ੇ ਵਿਚ ਆ ਕੇ ਇਤਿਹਾਸ ਨੂੰ ਸਵਿਕਾਰਨ ਦੀ ਬਜਾਏ ਇਸ 'ਤੇ ਝੂਠ ਦੇ ਪਰਦੇ ਪਾਉਣ ਦੀ ਕੋਸ਼ਿਸ਼ ਨਾ ਕਰਨ।

ਇਤਿਹਾਸਕ ਨੁਕਤਿਆਂ ਰਾਹੀਂ ਫੈਡਰੇਸ਼ਨ ਨੇ ਆਖਿਆ ਕਿ ਸਿੱਖ ਪੰਥ ਦੀ ਅੱਡਰੀ ਹੋਂਦ ਦੀ ਨੀਂਹ 545 ਸਾਲ ਪਹਿਲਾਂ ਰਾਏ ਭੋਇੰ ਦੀ ਤਲਵੰਡੀ (ਨਨਕਾਣਾ ਸਾਹਿਬ) ਵਿਖੇ ਬਾਲ ਗੁਰੂ ਨਾਨਕ ਜੀ ਨੇ ਉਦੋਂ ਹੀ ਰੱਖ ਦਿੱਤੀ ਸੀ ਜਦੋਂ ਉਨ੍ਹਾਂ ਆਪਣੇ ਬਾਪ ਦੇ ਵਿਹੜੇ ਸਜੇ ਇਕੱਠ ਸਾਹਮਣੇ ਜਨੇਊ ਪਾਉਣ ਤੋਂ ਮੁਕੰਮਲ ਇਨਕਾਰ ਕਰ ਦਿੱਤਾ ਸੀ। ਫਿਰ ਗੁਰੂ ਨਾਨਕ ਦੇਵ ਜੀ ਦੀ ਦਸਵੀਂ ਜੋਤ ਦਸਮੇਸ਼ ਪਿਤਾ ਜੀ ਨੇ 1699 ਨੂੰ ਸਿੱਖੀ ਨੂੰ ਅੰਮ੍ਰਿਤ ਦੀ ਪਿਓਂਦ ਦੇ ਕੇ ਖਾਲਸਾ ਪੰਥ ਦਾ ਸਰੂਪ ਤੇ ਵਿਧੀ ਵਿਧਾਨ ਸਦਾ ਲਈ ਨਿਸ਼ਚਿਤ ਕਰ ਦਿੱਤਾ।

ਫੈਡਰੇਸ਼ਨ ਦੀ ਪੰਜ ਮੈਂਬਰੀ ਕਮੇਟੀ- ਭਾਈ ਜਗਜੀਤ ਸਿੰਘ ਲੁਧਿਆਣਾ, ਭਾਈ ਬਲਦੇਵ ਸਿੰਘ



ਓਸਲੋ (ਨਾਰਵੇ), ਭਾਈ ਪਾਲ ਸਿੰਘ ਐਡਮਿੰਟਨ, ਭਾਈ ਜਸਵਿੰਦਰ ਸਿੰਘ ਨਿਊ ਜਰਸੀ, ਭਾਈ ਹਰਬਖ਼ਸ਼ ਸਿੰਘ ਰਾਊਕੇ (ਕੈਲੀਫੋਰਨੀਆ) ਨੇ ਮੋਹਣ ਭਾਗਵਤ ਨੂੰ ਚੇਤੇ ਕਰਾਇਆ ਕਿ ਸਿੱਖ ਸਕਾਲਰ ਭਾਈ ਕਾਨ੍ਹ ਸਿੰਘ ਨਾਭਾ ਨੇ ਅੰਗਰੇਜ਼ੀ ਰਾਜ ਸਮੇਂ 'ਹਮ ਹਿੰਦੂ ਨਹੀਂ' ਕਿਤਾਬ ਸਨਾਤਨੀਆਂ ਦੀਆਂ ਅਜਿਹੀਆਂ ਕੱਚੀਆਂ ਅਤੇ ਥੋਥੀਆਂ ਦਲੀਲਾਂ ਦੇ ਜਵਾਬ ਵਿਚ ਹੀ ਲਿਖੀ ਸੀ।

ਵਰਲਡ ਸਿੱਖ ਫੈਡਰੇਸ਼ਨ ਨੇ ਸਿਆਸੀ ਮੁਲਾਹਜ਼ੇਦਾਰੀ ਅਧੀਨ ਕੌਮੀ ਮੁੱਦਿਆਂ 'ਤੇ ਹੁੰਦੇ ਹਮਲਿਆਂ ਨੂੰ ਚੁੱਪ ਚਾਪ ਬਰਦਾਸ਼ਤ ਕਰਨ ਵਾਲੇ ਸਿੱਖ ਆਗੂਆਂ ਤੇ ਸਿੱਖ ਜਥੇਬੰਦੀਆਂ ਨੂੰ ਵੀ ਝੰਜੋੜਿਆ ਹੈ ਕਿ ਉਹ ਨਿਗੂਣੀਆਂ ਇੱਛਾਵਾਂ ਦੀ ਪੂਰਤੀ ਲਈ ਕੌਮੀ ਫਲਸਫੇ ਨਾਲ ਧ੍ਰੋਹ ਨਾ ਕਮਾਉਣ। ਫੈਡਰੇਸ਼ਨ ਨੇ ਕਿਹਾ ਕਿ ਸਿੱਖ ਕੌਮ ਦੀ ਨਿਆਰੀ ਪਹਿਚਾਨ 'ਤੇ ਹਮਲਿਆਂ ਵਿਰੁਧ ਸਭ ਨੂੰ ਜਾਗਰੂਕ ਹੋਣ ਦੀ ਲੋੜ ਹੈ।

# ਜ਼ਿਮਨੀ ਚੋਣਾਂ ਨੇ ਔੜ ਵਿਚ ਵੀ ਲਵਾਈਆਂ ਕਿਸਾਨਾਂ ਦੀਆਂ ਮੌਜਾਂ

**ਬਠਿੰਡਾ:** ਮੀਂਹ ਘੱਟ ਪੈਣ ਕਾਰਨ ਭਾਵੇਂ ਦੇਸ਼ ਭਰ ਵਿਚ ਕਿਸਾਨਾਂ ਨੂੰ ਸੋਕੇ ਵਰਗੇ ਹਾਲਾਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਪਰ ਪੰਜਾਬ ਦੇ ਹਲਕੇ ਸਾਬੋ ਤਲਵੰਡੀ ਦੇ ਕਿਸਾਨ ਇਸ ਪੱਖੋਂ ਖੁਸ਼ਕਿਸਮਤ ਹਨ। ਦਰਅਸਲ ਜ਼ਿਮਨੀ ਚੋਣ ਹੋਣ ਕਾਰਨ ਸਾਰੀ ਅਕਾਲੀ ਲੀਡਰਸ਼ਿੱਪ ਨੇ ਹਲਕੇ ਵਿਚ ਡੇਰੇ ਲਾਏ

## ਹਲਕਾ ਸਾਬੋ ਤਲਵੰਡੀ ਦੇ ਕਿਸਾਨਾਂ ਵੱਲੋਂ ਨਹਿਰੀ ਪਾਣੀ ਦੀ ਖੁੱਲ੍ਹ ਕੇ ਵਰਤੋਂ

ਹੋਏ ਹਨ ਤੇ ਹਲਕੇ ਦੇ ਲੋਕਾਂ ਦੀਆਂ ਤਕਲੀਫਾਂ ਬੜੇ ਨੇੜੇ ਹੋ ਕੇ ਸੁਣੀਆਂ ਜਾ ਰਹੀਆਂ ਹਨ। ਸਿੰਜਾਈ ਮਹਿਕਮੇ ਨੇ ਹਲਕਾ ਤਲਵੰਡੀ ਸਾਬੋ ਦੇ ਕਿਸਾਨੀ ਵੋਟ ਬੈਂਕ ਨੂੰ ਖੁਸ਼ ਕਰਨ ਖਾਤਰ ਕੋਟਲਾ ਬਰਾਂਚ ਨਹਿਰ ਵਿਚੋਂ ਸਿੱਧੀ ਪਾਈਪ ਪਵਾ ਦਿੱਤੀ ਹੈ। ਇਕੱਲਾ ਇਹੋ ਨਹੀਂ, ਨਾਲ ਲੱਗਦੇ ਪਿੰਡ ਮਾਹੀਨੰਗਲ ਦੇ ਕਿਸਾਨਾਂ ਲਈ ਇਸੇ ਕੋਟਲਾ ਬਰਾਂਚ ਵਿਚੋਂ ਗ਼ੈਰ-ਕਾਨੂੰਨੀ ਪਾਈਪ ਲਗਾ ਦਿੱਤੀ ਹੈ। ਕੋਟਲਾ ਬਰਾਂਚ ਵਿਚੋਂ ਰਾਤ ਵੇਲੇ ਕਿਸਾਨ ਸਿੱਧੀਆਂ ਪਾਈਪਾਂ ਲਾਉਣ ਲੱਗੇ ਹਨ ਤਾਂ ਜੋ ਜ਼ਿਮਨੀ ਚੋਣ ਦਾ ਲਾਹਾ ਲਿਆ ਜਾ ਸਕੇ।

ਕੋਟਲਾ ਬਰਾਂਚ ਵਿਚੋਂ ਪਾਈਪ ਲਗਾਉਣ ਮਗਰੋਂ ਜੋਧਪੁਰ ਰਜਵਾਹਾ ਵਿਚ ਪਾਣੀ ਪਾਉਣ ਖਾਤਰ ਕਿਸਾਨਾਂ ਨੇ ਜੇ.ਸੀ.ਬੀ ਮਸ਼ੀਨਾਂ ਲਿਆ ਕੇ ਨਹਿਰ ਤੋਂ ਰਜਵਾਹੇ ਤੱਕ ਕੱਚਾ ਚੌੜਾ ਖਾਲਾ ਪੁੱਟ ਲਿਆ। ਕਿਸਾਨਾਂ ਨੇ ਦਾਅਵਾ ਕੀਤਾ ਕਿ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਸਿੰਜਾਈ ਮੰਤਰੀ ਸ਼ਰਨਜੀਤ ਸਿੰਘ ਢਿੱਲੋਂ ਉਨ੍ਹਾਂ ਦੇ ਪਿੰਡ ਆਏ ਸਨ ਜਿਨ੍ਹਾਂ ਕੋਲ ਇਕੋ ਮੰਗ ਹੀ ਨਹਿਰੀ ਪਾਣੀ ਵਿਚ ਵਾਧੇ ਦੀ ਰੱਖੀ ਗਈ ਸੀ। ਉਨ੍ਹਾਂ ਨੇ ਮੌਕੇ 'ਤੇ ਹਾਮੀ ਭਰ ਦਿੱਤੀ ਸੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਪਿੰਡ ਜੋਧਪੁਰ ਰਜਵਾਹੇ ਦੀ ਟੇਲ 'ਤੇ ਪੈਂਦਾ ਹੈ। ਤਕਰੀਬਨ 20 ਵਰ੍ਹਿਆਂ ਤੋਂ ਪਾਣੀ ਵਿਚ ਵਾਧੇ ਦੀ ਮੰਗ ਕਰ ਰਹੇ ਹਨ ਪਰ ਕਿਸੇ ਨੇ ਨਹੀਂ ਸੁਣੀ। ਉਨ੍ਹਾਂ ਦਾਅਵਾ ਕੀਤਾ ਕਿ ਹੁਣ ਵੋਟਾਂ ਹੋਣ ਕਰਕੇ ਫੌਰੀ ਸੁਣਵਾਈ ਹੋ ਗਈ ਹੈ।

ਸਿੰਜਾਈ ਵਿਭਾਗ ਦੇ ਨਿਯਮਾਂ ਅਨੁਸਾਰ ਕੋਟਲਾ ਬਰਾਂਚ ਵਿਚੋਂ ਮੋਘਾ ਲਗਾ ਕੇ ਪਾਣੀ ਦੇਣ ਦੀ ਪ੍ਰਵਾਨਗੀ ਦੀ ਤਾਕਤ ਤਾਂ ਮੁੱਖ ਇੰਜੀਨੀਅਰ ਕੋਲ ਵੀ ਨਹੀਂ ਹੈ। ਤਕਰੀਬਨ ਛੇ ਮਹੀਨੇ ਦੀ ਪ੍ਰਕਿਰਿਆ ਮਗਰੋਂ ਨਵੇਂ ਮੋਘੇ ਆਦਿ ਦੀ ਪ੍ਰਵਾਨਗੀ ਸਿੰਜਾਈ ਵਿਭਾਗ ਦੇ ਸਕੱਤਰ ਵੱਲੋਂ ਸਿੰਜਾਈ ਮੈਨੂਅਲ ਆਰਡਰ ਦੀ ਧਾਰਾ 4.2 ਤਹਿਤ ਦਿੱਤੀ ਜਾਂਦੀ ਹੈ। ਇਵੇਂ ਹੀ ਕੋਟਲਾ ਬਰਾਂਚ 'ਤੇ ਇਕ ਪੁਰਾਣਾ ਮੋਘਾ ਨੰਬਰ 406060 ਲੱਗਾ ਹੋਇਆ ਹੈ। ਦੋ ਹਫਤੇ ਪਹਿਲਾਂ ਗ਼ੈਰ-ਕਨੂੰਨੀ ਤੌਰ 'ਤੇ ਇਸ ਪੁਰਾਣੇ ਮੋਘੇ ਨਾਲ ਇਕ ਪਾਈਪ ਪਾ ਦਿੱਤੀ ਗਈ ਸੀ। ਹੁਣ ਪੁਰਾਣੇ ਮੋਘੇ ਦੇ ਨਾਲ ਇਕ ਨਵਾਂ ਮੋਘਾ ਚੱਲ ਰਿਹਾ ਹੈ ਤੇ ਮੋਘੇ ਦਾ ਪਾਣੀ ਵਧਾਉਣ ਲਈ ਕੋਟਲਾ ਬਰਾਂਚ ਵਿਚ ਬੋਰੀਆਂ ਨਾਲ ਬੰਨ੍ਹ ਮਾਰਿਆ ਹੋਇਆ ਸੀ। ਉਥੇ ਮੌਜੂਦ ਕਿਸਾਨ ਨੇ ਦੱਸਿਆ ਕਿ ਦੋ ਹਫਤੇ ਪਹਿਲਾਂ ਹੀ ਇਹ ਮੋਘਾ ਲਾਇਆ ਹੈ।

ਅਹਿਮ ਸੂਤਰਾਂ ਨੇ ਦੱਸਿਆ ਕਿ ਇਹ ਮੋਘਾ ਗ਼ੈਰ-ਕਾਨੂੰਨੀ ਹੈ ਜਿਸ ਦੀ ਵਿਭਾਗ ਵੱਲੋਂ ਕੋਈ ਪ੍ਰਵਾਨਗੀ ਨਹੀਂ ਦਿੱਤੀ ਗਈ ਹੈ। ਇਹ ਮੋਘਾ ਪਿੰਡ ਮਾਹੀਨੰਗਲ ਦੇ ਕਿਸਾਨਾਂ ਵਾਸਤੇ ਲਗਾਇਆ ਗਿਆ ਹੈ। ਵੇਰਵਿਆਂ ਅਨੁਸਾਰ ਕੋਟਲਾ ਬਰਾਂਚ ਵਿਚ ਹਰੀਗੜ੍ਹ ਕੋਲ ਤਕਰੀਬਨ 1700 ਕਿਊਸਿਕ ਪਾਣੀ ਹੁੰਦਾ ਹੈ ਤੇ ਜੀਵਨ ਸਿੰਘ ਵਾਲਾ ਪਿੰਡ ਦੇ ਕੋਲ ਆ ਕੇ ਇਸ ਪਿੰਡ ਵਿਚ 400 ਕਿਊਸਿਕ ਪਾਣੀ ਚੱਲਦਾ ਹੈ। ਇਸ ਕੋਟਲਾ ਬਰਾਂਚ ਵਿਚੋਂ ਹੀ ਪਿੰਡ ਜੋਧਪੁਰ ਲਾਗਿਓਂ ਇਕ ਜੋਧਪੁਰ ਰਜਬਾਹਾ ਨਿਕਲਦਾ ਹੈ ਜੋ ਕਿ ਨਹਿਰ ਦੇ ਬਰਾਬਰ ਹੀ ਆਉਂਦਾ ਹੈ। ਨਹਿਰ ਵਿਚੋਂ ਪਾਣੀ ਸਿੱਧਾ ਰਜਵਾਹੇ ਵਿਚ ਪਾਇਆ ਗਿਆ ਹੈ। ਕੁਝ ਅਰਸਾ ਪਹਿਲਾਂ ਸਿੰਜਾਈ ਵਿਭਾਗ ਨੇ ਬਾਕਾਇਦਾ ਪ੍ਰਵਾਨਗੀ ਦੇ ਕੇ ਪਿੰਡ ਭਾਗੀਵਾਂਦਰ ਦੇ ਖੇਤਾਂ ਵਾਸਤੇ ਕੋਟਲਾ ਬਰਾਂਚ ਵਿਚੋਂ ਮੋਘਾ ਲਗਾਇਆ ਸੀ। ਪੁਰਾਣੇ ਮੋਘੇ ਦੀ ਪ੍ਰਵਾਨਗੀ ਦੇ ਖ਼ਿਲਾਫ਼ ਪਿੰਡ ਦੇ ਕਿਸਾਨ ਲਾਭ ਸਿੰਘ ਨੇ ਅਦਾਲਤ ਵਿਚ ਕੇਸ ਵੀ ਕੀਤਾ ਹੋਇਆ ਹੈ। ਜੀਵਨ ਸਿੰਘ ਵਾਲਾ ਦੇ ਕਿਸਾਨ ਵੀ ਇਸ ਤਰ੍ਹਾਂ ਦਾ ਪ੍ਰਬੰਧ ਮੰਗਦੇ ਸਨ ਪਰ ਸਰਕਾਰ ਨੇ ਸੁਣੀ ਨਹੀਂ। ਹੁਣ ਜਦੋਂ ਜ਼ਿਮਨੀ ਚੋਣ ਆ ਗਈ ਤਾਂ ਕਿਸਾਨਾਂ ਨੂੰ ਸਥਿਤੀ ਦਾ ਲਾਭ ਲੈਣ ਦਾ ਮੌਕਾ ਮਿਲ ਗਿਆ।

ਮਾਨਸਾ ਮੰਡਲ ਦੇ ਕਾਰਜਕਾਰੀ ਇੰਜਨੀਅਰ ਬਲਵੀਰ ਸਿੰਘ ਧਾਲੀਵਾਲ ਦਾ ਕਹਿਣਾ ਸੀ ਕਿ ਪਿੰਡ ਜੀਵਨ ਸਿੰਘ ਵਾਲਾ ਤੇ ਨਸੀਬਪੁਰਾ ਦੇ ਸ਼ਰਾਰਤੀ ਅਨਸਰਾਂ ਨੇ ਕੋਟਲਾ ਬਰਾਂਚ ਤੋੜ ਕੇ ਸਿੱਧੀ ਪਾਈਪ ਪਾ ਲਈ ਹੈ। ਉਨ੍ਹਾਂ ਨੇ ਖੁਦ ਵੀ ਮੌਕਾ ਦੇਖਿਆ। ਉਨ੍ਹਾਂ ਦੱਸਿਆ ਕਿ ਉਹ ਅਜਿਹੇ ਲੋਕਾਂ ਖ਼ਿਲਾਫ਼ ਕੇਸ ਦਰਜ ਕਰਨ ਵਾਸਤੇ ਪੁਲਿਸ ਨੂੰ ਲਿਖ ਰਹੇ ਹਨ। ਸਿੰਜਾਈ ਵਿਭਾਗ ਨੇ ਕਿਸੇ ਨੂੰ ਲਿਖਤੀ ਜਾਂ ਜ਼ੁਬਾਨੀ ਪਾਈਪ ਲਾਉਣ ਦੀ ਕੋਈ ਪ੍ਰਵਾਨਗੀ ਨਹੀਂ ਦਿੱਤੀ ਹੈ ਜੋ ਪੁਰਾਣੇ ਮੋਘੇ ਕੋਲ ਪਾਈਪ ਪਾਈ ਗਈ ਹੈ, ਉਸ ਬਾਰੇ ਪਤਾ ਨਹੀਂ। ਉਹ ਇਹ ਵੀ ਚੈੱਕ ਕਰਨਗੇ। ਸਿੰਚਾਈ ਮਹਿਕਮੇ ਦੇ ਸਬੰਧਤ ਐਸ.ਡੀ.ਓ. ਗੁਰਸਾਰਗ ਸਿੰਘ ਚਹਿਲ ਦਾ ਕਹਿਣਾ ਸੀ ਕਿ ਹੇਠਲੇ ਸਟਾਫ ਦੀ ਰਿਪੋਰਟ ਮਿਲਣ ਮਗਰੋਂ ਉਨ੍ਹਾਂ ਨੇ ਪੁਲਿਸ ਨੂੰ ਕੇਸ ਦਰਜ ਕਰਨ ਵਾਸਤੇ ਲਿਖ ਦਿੱਤਾ ਹੈ। ਦੂਜੇ ਪਾਸੇ ਥਾਣਾ ਤਲਵੰਡੀ ਸਾਬੋ ਦੇ ਮੁੱਖ ਥਾਣਾ ਅਫਸਰ ਮਨਜੀਤ ਸਿੰਘ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਨਹਿਰ ਮਹਿਕਮੇ ਤਰਫ਼ੋਂ ਅਜਿਹੀ ਕੋਈ ਸ਼ਿਕਾਇਤ ਪ੍ਰਾਪਤ ਨਹੀਂ ਹੋਈ।


ਹੈਲਪਰ ਦੀ ਲੋੜ ਹੈ

ਬੇਕਰਸਫੀਲਡ ਕੈਲੀਫੋਰਨੀਆਂ ਵਿਖੇ ਇੰਡੀਅਨ ਰੈਸਟੋਰੈਂਟ ਲਈ ਕਿਚਨ ਹੈਲਪਰ ਲੇਡੀਜ਼ ਅਤੇ ਪੁਰਸ਼ ਦੀ ਅਤੇ ਸਟੋਰ ਲਈ ਕੈਸ਼ੀਅਰ ਦੀ ਲੋੜ ਹੈ ।

ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ

661-364-0341



Are You Tired Of All Treatments?

Try Homeopathic Natural Medicines (HNM)

Gurdip Singh Sandhu

Homeopathic Practitioner/Consultant

DHMS-Gold Medalist, BAMS, MDEh.- India

1188 E Santa Clara St., San Jose, CA 95116

Homeopathic natural medicines supply



Gurdip Singh Sandhu

Well Experienced as:

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

EX Member:

The California Homeopathic Society

National Center For Homeopathy- USA

Ph:(408) 687-1899

(408) 729-6691

Fax:(408)292-6200

Email: Homeomdicine@yahoo.com

Website: www.Homeopathyatoz.com

Toll Free: 1-877-OK-HOMEO (1-877-654-6636)


# ਮੁਕੇਸ਼ ਅੰਬਾਨੀ ਸਭ ਤੋਂ ਵੱਡਾ ਧਨਾਢ, ਮਿੱਤਲ ਦਾ ਥਾਂ ਦੂਜਾ

**ਨਵੀਂ ਦਿੱਲੀ:** ਰਿਲਾਇੰਸ ਇੰਡਸਟਰੀਜ਼ ਦੇ ਚੇਅਰਮੈਨ ਮੁਕੇਸ਼ ਅੰਬਾਨੀ ਅਜੇ ਵੀ ਭਾਰਤ ਦੇ ਸਭ ਤੋਂ ਅਮੀਰ ਵਿਅਕਤੀ ਹਨ ਜਿਸ ਕੋਲ 24.4 ਅਰਬ ਡਾਲਰ (1,49,474) ਕਰੋੜ



ਰੁਪਏ ਦੀ ਦੌਲਤ ਹੈ। ਦੂਜੇ ਨੰਬਰ 'ਤੇ ਸਟੀਲ ਕਿੰਗ ਲਕਸ਼ਮੀ ਮਿੱਤਲ, ਤੀਜੇ 'ਤੇ ਡਰੱਗ ਮੇਕਰ ਸਨ ਫਾਰਮਾ ਦੇ ਦਿਲੀਪ ਸਾਂਘਵੀ, ਚੌਥੇ ਨੰਬਰ 'ਤੇ ਵਿਪਰੋ ਦੇ ਅਜ਼ੀਮ ਪ੍ਰੇਮਜੀ ਤੇ ਪੰਜਵੇਂ ਨੰਬਰ ਉਤੇ ਟਾਟਾ ਸੰਜ਼ ਦੇ ਸ਼ੇਅਰ ਹੋਲਡਰ ਪਾਲਨਜੀ ਸ਼ਾਪੁਰਜੀ ਮਿਸਤਰੀ ਹਨ। ਇਹ ਪੰਜੇ ਸਮੂਹਕ ਤੌਰ 'ਤੇ 85.5 ਅਰਬ ਡਾਲਰ ਦੇ ਮਾਲਕ ਹੈ, ਜੋ ਭਾਰਤ ਦੇ ਸਾਰੇ ਅਰਬਪਤੀਆਂ ਦੀ ਕੁੱਲ ਦੌਲਤ ਦਾ 47.5 ਫੀਸਦੀ ਬਣਦਾ ਹੈ। ਦੌਲਤ ਬਾਰੇ ਵਿਸ਼ਲੇਸ਼ਣ ਕਰਨ ਵਾਲੀ ਫਰਮ ਵੈਲਥ-ਐਕਸ ਅਨੁਸਾਰ ਜਮਹੂਰੀ ਭਾਰਤ ਵਿਚ 'ਉੱਦਮ' ਇਕ ਅਜਿਹੀ ਕੁੰਜੀ ਹੈ ਜਿਸ ਰਾਹੀਂ ਵਿੱਤੀ ਸਫਲਤਾ ਹਾਸਲ ਕੀਤੀ ਜਾ ਸਕਦੀ ਹੈ। ਇਨ੍ਹਾਂ ਉਦਮੀਆਂ ਨੇ ਤੇਲ ਤੇ ਗੈਸ, ਸਟੀਲ ਤੇ ਫਾਰਮਾਸਿਊਟੀਕਲਜ਼ ਜਿਹੇ ਸੈਕਟਰਾਂ ਵਿਚ ਕਾਰੋਬਾਰ ਕਰਕੇ ਕਿਸਮਤ ਚਮਕਾਈ। ਮੁਕਾਬਲੇ ਵਿਚ ਭਾਰਤ ਦਾ ਸਭ ਤੋਂ ਅਮੀਰ ਐਕਟਰ ਸ਼ਾਹਰੁਖ ਖ਼ਾਨ 600 ਮਿਲੀਅਨ ਡਾਲਰ ਦਾ ਮਾਲਕ ਹੈ। ਕ੍ਰਿਕਟਰ ਸਚਿਨ ਤੇਂਦੁਲਕਰ 160 ਮਿਲੀਅਨ ਡਾਲਰ ਦਾ ਮਾਲਕ ਹੈ। ਮੁਕੇਸ਼ ਅੰਬਾਨੀ 24.4 ਅਰਬ ਡਾਲਰ, ਲਕਸ਼ਮੀ ਮਿੱਤਲ 17.2 ਅਰਬ ਡਾਲਰ ਦੇ ਮਾਲਕ ਹਨ। ਦਿਲੀਪ ਸਾਂਘਵੀ 15.63 ਅਰਬ ਡਾਲਰ, ਅਜ਼ੀਮ ਪ੍ਰੇਮਜੀ 14.9 ਅਰਬ ਡਾਲਰ ਤੇ ਮਿਸਤਰੀ 12.7 ਅਰਬ ਡਾਲਰ ਦੇ ਮਾਲਕ ਹਨ।

# ਥਾਂਬੀਦੂਰਈ ਨੂੰ ਸਰਬਸੰਮਤੀ ਨਾਲ ਲੋਕ ਸਭਾ ਦਾ ਡਿਪਟੀ ਸਪੀਕਰ ਚੁਣਿਆ

**ਨਵੀਂ ਦਿੱਲੀ:** ਸੰਸਦ ਵਿਚ ਏ. ਆਈ. ਏ. ਡੀ. ਐਮ. ਕੇ. ਦੇ ਆਗੂ ਐਮ. ਥਾਂਬੀਦੂਰਈ ਨੂੰ ਸਰਬਸੰਮਤੀ ਨਾਲ ਲੋਕ ਸਭਾ ਵਿਚ ਡਿਪਟੀ ਸਪੀਕਰ ਚੁਣ ਲਿਆ ਗਿਆ। ਦੂਜੀ ਵਾਰ ਇਹ ਅਹੁਦਾ ਲੈਣ ਵਾਲੇ ਉਹ ਪਹਿਲੇ ਆਗੂ ਹਨ। 67 ਸਾਲਾ ਥਾਂਬੀਦੁਰਾਈ ਦੀ ਚੋਣ ਲਈ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਮਤਾ ਪੇਸ਼ ਕੀਤਾ ਤੇ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਤਾਈਦ ਕੀਤੀ। ਸਭ ਪਾਸਿਓਂ ਬੈਂਚਾਂ ਦੀ ਥਪਥਪਾਹਟ ਨਾਲ ਮੂੰਹਜ਼ੁਬਾਨੀ ਵੋਟ ਨਾਲ ਉਨ੍ਹਾਂ ਨੂੰ ਚੁਣ ਗਿਆ। ਇਸ ਤੋਂ ਪਹਿਲਾਂ ਉਹ 1985-1989 ਤੱਕ ਵੀ ਡਿਪਟੀ ਸਪੀਕਰ ਰਹੇ ਸਨ।




# ਬਾਗੀਆਂ ਖਿਲਾਫ ਸਖਤ ਹੋਈ ਕਾਂਗਰਸ ਹਾਈਕਮਾਨ

**ਨਵੀਂ ਦਿੱਲੀ:** ਪੰਜਾਬ ਤੇ ਹਰਿਆਣਾ ਇਕਾਈਆਂ ਵਿਚ ਬਗਾਵਤ ਨੂੰ ਦੇਖਦਿਆਂ ਕਾਂਗਰਸ ਨੇ ਜਗਮੀਤ ਸਿੰਘ ਬਰਾੜ ਤੇ ਬੀਰੇਂਦਰ ਸਿੰਘ ਨੂੰ ਪਾਰਟੀ ਦੀ ਮੈਂਬਰਸ਼ਿਪ ਤੋਂ ਮੁਅੱਤਲ ਕਰ ਦਿੱਤਾ ਹੈ। ਦੋਹਾਂ ਆਗੂਆਂ 'ਤੇ ਗਾਜ਼ ਪਾਰਟੀ ਵਿਰੋਧੀ ਸਰਗਰਮੀਆਂ ਤੇ ਕਾਂਗਰਸ ਲੀਡਰਸ਼ਿਪ ਖਿਲਾਫ਼ ਜਨਤਕ ਤੌਰ 'ਤੇ ਬੋਲਣ ਕਰਕੇ ਡਿੱਗੀ ਹੈ। ਕਾਂਗਰਸ ਦੇ ਜਨਰਲ ਸਕੱਤਰ ਜਨਾਰਦਨ ਦਿਵੇਦੀ ਵੱਲੋਂ ਜਾਰੀ ਇਕ ਪੰਨੇ ਦੇ ਮੁਅੱਤਲੀ ਹੁਕਮਾਂ ਵਿਚ ਕਿਹਾ ਗਿਆ ਹੈ ਕਿ ਜਗਮੀਤ ਬਰਾੜ ਤੇ ਬੀਰੇਂਦਰ ਸਿੰਘ ਗਿਣੀ-ਮਿੱਥੀ ਸਾਜ਼ਿਸ਼ ਤਹਿਤ ਪਾਰਟੀ ਦੇ ਵਕਾਰ ਨੂੰ ਢਾਹ ਲਾ ਰਹੇ ਹਨ।

ਪਾਰਟੀ ਦੀ ਅਨੁਸ਼ਾਸਨੀ ਕਮੇਟੀ ਨੇ ਤੱਥਾਂ ਦੇ ਆਧਾਰ 'ਤੇ ਦੋਹਾਂ ਨੂੰ ਦੋਸ਼ੀ ਪਾਇਆ ਹੈ ਤੇ ਉਨ੍ਹਾਂ ਦੀ ਪਾਰਟੀ ਦੀ ਮੈਂਬਰਸ਼ਿਪ ਤੁਰੰਤ ਮੁਅੱਤਲ ਕਰਨ ਦੀ ਸਿਫਾਰਸ਼ ਕੀਤੀ ਹੈ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਸਾਬਕਾ ਰੱਖਿਆ ਮੰਤਰੀ ਏ.ਕੇ. ਐਂਟਨੀ ਦੀ ਅਗਵਾਈ ਹੇਠਲੀ ਅਨੁਸ਼ਾਸਨੀ ਕਮੇਟੀ ਦੀ ਸਿਫਾਰਸ਼ ਨੂੰ ਪ੍ਰਵਾਨ ਕਰ ਲਿਆ ਹੈ। ਸਰਬ ਹਿੰਦ ਕਾਂਗਰਸ ਕਮੇਟੀ ਦੇ ਮੈਂਬਰ ਤੇ ਸਾਬਕਾ ਸੰਸਦ ਮੈਂਬਰ ਜਗਮੀਤ ਬਰਾੜ ਤੇ ਸਾਬਕਾ ਜਨਰਲ ਸਕੱਤਰ ਤੇ ਰਾਜ ਸਭਾ ਮੈਂਬਰ ਬੀਰੇਂਦਰ ਸਿੰਘ ਖਿਲਾਫ਼ ਅਨੁਸ਼ਾਸਨੀ ਕਮੇਟੀ ਨੂੰ ਸ਼ਿਕਾਇਤਾਂ ਮਿਲੀਆਂ ਸਨ। ਕਮੇਟੀ ਨੇ ਦੋਹਾਂ ਆਗੂਆਂ ਦੇ ਪਾਰਟੀ ਵਿਰੋਧੀ ਬਿਆਨਾਂ ਦੀ ਪੜਤਾਲ ਕੀਤੀ ਤੇ ਫਿਰ ਉਨ੍ਹਾਂ ਨੂੰ ਆਪਣਾ ਪੱਖ ਰੱਖਣ ਲਈ ਕਾਰਨ ਦੱਸੋ ਨੋਟਿਸ ਵੀ ਜਾਰੀ ਕੀਤੇ ਸਨ। ਪਾਰਟੀ ਸੂਤਰਾਂ ਮੁਤਾਬਕ ਦੋਵੇਂ ਆਗੂਆਂ ਦੇ ਜਵਾਬ ਤਸੱਲੀਬਖਸ਼ ਨਹੀਂ ਸਨ। ਕਾਂਗਰਸ ਨੇ ਸਿਆਸੀ ਰਣਨੀਤੀ ਤਹਿਤ ਬੀਰੇਂਦਰ ਸਿੰਘ ਤੇ ਸ੍ਰੀ ਬਰਾੜ ਨੂੰ ਪਾਰਟੀ ਵਿਚੋਂ ਕੱਢਣ ਦੀ ਬਜਾਏ ਦੋਹਾਂ ਨੂੰ ਮੁਅੱਤਲ ਕੀਤਾ ਹੈ। ਬੀਰੇਂਦਰ ਸਿੰਘ ਹਰਿਆਣਾ ਤੋਂ ਕਾਂਗਰਸ ਦੇ ਰਾਜ ਸਭਾ ਮੈਂਬਰ ਹਨ। ਜੇਕਰ ਉਨ੍ਹਾਂ ਨੂੰ ਪਾਰਟੀ ਵਿਚੋਂ ਕੱਢਿਆ ਜਾਂਦਾ ਤਾਂ ਉਹ ਰਾਜ ਸਭਾ ਮੈਂਬਰ ਬਣੇ ਰਹਿ ਸਕਦੇ ਸਨ ਤੇ ਕਿਸੇ ਵੀ ਪਾਰਟੀ ਨੂੰ ਵੋਟ ਪਾ ਸਕਦੇ ਸਨ। ਕਾਂਗਰਸ ਦੇ ਆਲਾਮਿਆਰੀ ਸੂਤਰਾਂ ਨੇ ਕਿਹਾ ਕਿ ਮੁਅੱਤਲੀ ਕਾਰਨ ਬੀਰੇਂਦਰ ਸਿੰਘ ਨੂੰ ਕਾਂਗਰਸ ਦੇ ਹੱਕ ਵਿਚ ਹੀ ਭੁਗਤਣਾ ਪਏਗਾ। ਦਲਬਦਲੀ ਵਿਰੋਧੀ ਕਾਨੂੰਨ ਤਹਿਤ ਜੇਕਰ ਉਹ ਮੁਅੱਤਲੀ ਦੇ ਸਮੇਂ ਦੌਰਾਨ ਹੀ ਕਿਸੇ ਹੋਰ ਪਾਰਟੀ ਵਿਚ ਸ਼ਾਮਲ ਹੁੰਦੇ ਹਨ ਤਾਂ ਅਸੀਂ ਰਾਜ ਸਭਾ ਦੇ ਪ੍ਰੀਜ਼ਾਈਡਿੰਗ ਅਫਸਰ ਨੂੰ ਲਿਖ ਕੇ ਉਨ੍ਹਾਂ ਦੀ ਰਾਜ ਸਭਾ ਮੈਂਬਰਸ਼ਿਪ ਰੱਦ ਕਰਨ ਦੀ ਮੰਗ ਕਰ ਸਕਦੇ ਹਾਂ।

ਇਕ ਸੀਨੀਅਰ ਕਾਂਗਰਸ ਆਗੂ ਨੇ ਕਿਹਾ ਕਿ ਜੇਕਰ ਕੋਈ ਆਗੂ ਆਪਣੇ ਵਤੀਰੇ ਲਈ ਮੁਆਫੀ ਮੰਗ ਲੈਂਦਾ ਹੈ ਤਾਂ ਉਸ ਦੀ ਮੁਅੱਤਲੀ ਨੂੰ ਵਾਪਸ ਲਿਆ ਜਾ ਸਕਦਾ ਹੈ। ਸ੍ਰੀ ਬੀਰੇਂਦਰ ਸਿੰਘ ਨੇ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਖਿਲਾਫ਼ ਮੋਰਚਾ ਖੋਲ੍ਹਿਆ ਹੋਇਆ ਸੀ। ਹਰਿਆਣਾ ਵਿਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਉਹ ਸ੍ਰੀ ਹੁੱਡਾ ਨੂੰ ਅਹੁਦੇ ਤੋਂ ਲਾਂਭੇ ਕਰਨ ਦੀ ਜਨਤਕ ਤੌਰ 'ਤੇ ਮੰਗ ਕਰਦੇ ਆ ਰਹੇ ਸਨ। ਜਦੋਂ ਕਾਂਗਰਸ ਹਾਈ ਕਮਾਂਡ ਨੇ ਉਨ੍ਹਾਂ ਦੀ ਇਕ ਨਾ ਸੁਣੀ ਤਾਂ ਉਨ੍ਹਾਂ ਭਾਜਪਾ ਨਾਲ ਸਾਂਝ ਵਧਾਉਣੀ ਸ਼ੁਰੂ ਕਰ ਦਿੱਤੀ ਸੀ।

ਉਧਰ ਸ੍ਰੀ ਜਗਮੀਤ ਸਿੰਘ ਬਰਾੜ ਨੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਤੇ ਉਪ ਪ੍ਰਧਾਨ ਰਾਹੁਲ ਗਾਂਧੀ ਖਿਲਾਫ਼ ਟਿੱਪਣੀਆਂ ਕੀਤੀਆਂ ਸਨ। ਉਨ੍ਹਾਂ ਕਿਹਾ ਸੀ ਕਿ ਦੋਵੇਂ ਕਾਂਗਰਸ ਆਗੂਆਂ ਨੂੰ ਪਾਰਟੀ ਦੀ ਕਮਾਨ ਛੱਡ ਕੇ ਲੋਕਾਂ ਨਾਲ ਰਾਬਤਾ ਬਣਾਉਣ ਲਈ ਦੇਸ਼ ਦਾ ਦੌਰਾ ਕਰਨਾ ਚਾਹੀਦਾ ਹੈ। ਇਸ ਤੋਂ ਬਾਅਦ ਸੋਨੀਆ ਗਾਂਧੀ 'ਤੇ ਸਿੱਧਾ ਹਮਲਾ ਕਰਦਿਆਂ ਉਨ੍ਹਾਂ ਕਿਹਾ ਸੀ ਕਿ ਕਾਂਗਰਸ ਪ੍ਰਧਾਨ ਨੂੰ 10 ਸਾਲਾਂ ਬਾਅਦ ਬਦਲ ਦੇਣਾ ਚਾਹੀਦਾ ਹੈ। ਦੱਸਣਯੋਗ ਹੈ ਕਿ ਸੋਨੀਆ ਗਾਂਧੀ 15 ਸਾਲਾਂ ਤੋਂ ਵੱਧ ਸਮੇਂ ਤੋਂ ਕਾਂਗਰਸ ਦੇ ਪ੍ਰਧਾਨ ਹਨ।

## ਬੀਰੇਂਦਰ ਸਿੰਘ ਤੇ ਜਗਮੀਤ ਬਰਾੜ ਪਾਰਟੀ 'ਚੋਂ ਮੁਅੱਤਲ





## ਚੌਧਰੀ ਬੀਰੇਂਦਰ ਭਾਜਪਾ ਵਿਚ ਸ਼ਾਮਲ

**ਚੰਡੀਗੜ੍ਹ:** ਕਾਂਗਰਸ ਵਿਚੋਂ ਮੁਅੱਤਲੀ ਤੋਂ ਬਾਅਦ ਹਰਿਆਣਾ ਕਾਂਗਰਸ ਦੇ ਕਦਾਵਰ ਨੇਤਾ ਚੌਧਰੀ ਬੀਰੇਂਦਰ ਸਿੰਘ ਆਪਣੀ ਪਤਨੀ ਤੇ ਸਾਥੀਆਂ ਸਮੇਤ ਭਾਜਪਾ ਵਿਚ ਸ਼ਾਮਲ ਹੋ ਗਏ। ਉਨ੍ਹਾਂ ਨੇ ਇਹ ਐਲਾਨ ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਦੀ ਹਾਜ਼ਰੀ ਵਿਚ ਕੀਤਾ।

ਜੀਂਦ ਵਿਚ ਨੌਜਵਾਨਾਂ ਦੀ ਜਥੇਬੰਦੀ 'ਯੁਵਾ ਸ਼ਕਤੀ ਬਦਲਾਅ ਕੀ ਔਰ' ਵੱਲੋਂ ਕਰਵਾਈ ਗਈ ਰੈਲੀ ਨੂੰ ਸੰਬੋਧਨ ਕਰਦਿਆਂ ਸਾਬਕਾ ਵਿੱਤ ਮੰਤਰੀ ਚੌਧਰੀ ਬੀਰੇਂਦਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਨੇ ਕਾਂਗਰਸ ਪਾਰਟੀ ਨੂੰ ਹੁੱਡਾ ਕਾਂਗਰਸ ਬਣਾ ਕੇ ਆਪਣੀ ਜੇਬ ਵਿਚ ਪਾ ਲਿਆ ਸੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਖਿਲਾਫ਼ ਕੋਈ ਵੀ ਬੋਲਦਾ ਨਹੀਂ ਸੀ ਕਿਉਂਕਿ ਸਭ ਨੇ ਚੇਂਜ ਆਫ ਲੈਂਡ ਯੂਜ਼ (ਸੀ.ਐਲ.ਯੂ.) ਕਰਵਾਏ ਸਨ। ਸਾਬਕਾ ਮੰਤਰੀ ਨੇ ਕਿਹਾ ਕਿ ਉਨ੍ਹਾਂ ਕਾਂਗਰਸ ਹਾਈਕਮਾਂਡ ਨੂੰ ਸਪਸ਼ਟ ਕਰ ਦਿੱਤਾ ਸੀ ਕਿ ਹੁੱਡਾ ਦੀ ਅਗਵਾਈ ਹੇਠ ਕਾਂਗਰਸ ਨੂੰ ਲੋਕ ਸਭਾ ਚੋਣਾਂ ਵਿਚ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ ਤੇ ਉਹ ਵਿਧਾਨ ਸਭਾ ਚੋਣਾਂ ਉਨ੍ਹਾਂ ਦੀ ਅਗਵਾਈ ਹੇਠ ਲੜਨ ਲਈ ਤਿਆਰ ਨਹੀਂ ਹਨ ਪਰ ਇਸ ਗੱਲ ਨੂੰ ਪ੍ਰਵਾਨ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਮੈਂ ਕਾਂਗਰਸ ਵਿਚ 41 ਸਾਲਾਂ ਦੇ ਰਾਜਨੀਤਕ ਸਫ਼ਰ ਤੋਂ ਬਾਅਦ ਭਾਜਪਾ ਵਿਚ ਸ਼ਾਮਲ ਹੋਣ ਦਾ ਫ਼ੈਸਲਾ ਕੀਤਾ ਹੈ। ਭਾਜਪਾ ਪ੍ਰਧਾਨ ਅਮਿਤ ਸ਼ਾਹ ਨੇ ਚੌਧਰੀ ਬੀਰੇਂਦਰ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੇ ਭਾਜਪਾ ਵਿਚ ਸ਼ਾਮਲ ਹੋਣ ਦਾ ਨਿੱਘਾ ਸੁਆਗਤ ਕਰਦਿਆ ਕਿਹਾ ਕਿ ਹਰਿਆਣਾ ਦੀ ਜਨਤਾ ਕਾਂਗਰਸ ਪਾਰਟੀ ਤੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੀ ਸਰਕਾਰ ਦੋਵਾਂ ਕੋਲੋਂ ਨਿਜਾਤ ਪਾਉਣਾ ਚਾਹੁੰਦੀ ਹੈ। ਉਨ੍ਹਾਂ ਨੌਜਵਾਨਾਂ ਨੂੰ ਸੱਦਾ ਦਿੱਤਾ ਕਿ ਉਹ ਕਾਂਗਰਸ ਸਰਕਾਰ ਦੀਆਂ ਜੜ੍ਹਾਂ ਕੱਟਣ ਲਈ ਪੂਰੀ ਤਾਕਤ ਲਾ ਦੇਣ।

## ਹਾਈਕਮਾਨ ਦਾ ਫੈਸਲਾ ਤਾਨਾਸ਼ਾਹੀ ਵਾਲਾ: ਬਰਾੜ

ਜਗਮੀਤ ਸਿੰਘ ਬਰਾੜ ਨੇ ਪਾਰਟੀ ਦੇ ਇਸ ਫੈਸਲੇ 'ਤੇ ਬੜਾ ਤਿੱਖਾ ਪ੍ਰਤੀਕਰਮ ਜ਼ਾਹਰ ਕੀਤਾ ਹੈ। ਉਨ੍ਹਾਂ ਇਸ ਨੂੰ ਤਾਨਾਸ਼ਾਹੀ ਵਾਲਾ ਫੈਸਲਾ ਕਰਾਰ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਪਾਰਟੀ ਇਕ ਪਾਸੇ ਤਾਂ ਸਭ ਤੋਂ ਵੱਧ ਜਮਹੂਰੀ ਹੋਣ ਦਾ ਮਾਣ ਕਰਦੀ ਹੈ ਪਰ ਹੁਣ ਪਾਰਟੀ ਦੀ ਹਾਰ ਤੋਂ ਬਾਅਦ ਪਾਰਟੀ ਵਿਚ ਹੋਣ ਵਾਲੇ ਸੁਧਾਰਾਂ ਤੇ ਤਬਦੀਲੀਆਂ ਨੂੰ ਠੱਪ ਹੀ ਕਰ ਦਿੱਤਾ ਗਿਆ ਹੈ। ਉਨ੍ਹਾਂ ਆਪਣੇ-ਆਪ ਨੂੰ ਹਰਿਆਣਾ ਦੇ ਕਾਂਗਰਸ ਆਗੂ ਬੀਰੇਂਦਰ ਸਿੰਘ ਨਾਲ ਜੋੜਨ 'ਤੇ ਵੀ ਇਤਰਾਜ਼ ਕੀਤਾ ਹੈ। ਉਨ੍ਹਾਂ ਕਿਹਾ ਬੀਰੇਂਦਰ ਸਿੰਘ ਵਾਂਗ ਮੈਂ ਤਾਂ ਭਾਜਪਾ ਜਾਂ ਕਿਸੇ ਹੋਰ ਪਾਰਟੀ ਨਾਲ ਸੰਪਰਕ ਨਹੀਂ ਕੀਤਾ ਹੈ।

# ਕੈਪਟਨ ਅਮਰਿੰਦਰ ਨੂੰ ਮਿਲੀ ਵਿਦੇਸ਼ ਜਾਣ ਦੀ ਆਗਿਆ

**ਮੁਹਾਲੀ:** ਅਦਾਲਤ ਨੇ ਸਾਬਕਾ ਮੁੱਖ ਮੰਤਰੀ ਤੇ ਅੰਮ੍ਰਿਤਸਰ ਤੋਂ ਸੰਸਦ ਮੈਂਬਰ ਕੈਪਟਨ ਅਮਰਿੰਦਰ ਸਿੰਘ ਨੂੰ ਵਿਦੇਸ਼ ਜਾਣ ਦੀ ਆਗਿਆ ਦੇ ਦਿੱਤੀ ਹੈ। ਮੁਹਾਲੀ ਦੇ ਕਾਰੋਬਾਰੀ ਮਨੇਸ਼ਵਰ ਸਿੰਘ ਖਹਿਰਾ ਨੇ ਕੈਪਟਨ ਦੀ ਤਰਫ਼ੋਂ ਪੰਜ ਲੱਖ ਰੁਪਏ ਦਾ ਜ਼ਮਾਨਤੀ ਬਾਂਡ ਭਰਿਆ, ਜਿਸ ਦੀ ਤਸਦੀਕ ਸਾਬਕਾ ਕੌਂਸਲਰ ਕੁਲਜੀਤ ਸਿੰਘ ਬੇਦੀ ਨੇ ਕੀਤੀ।

ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਕੈਪਟਨ ਅਮਰਿੰਦਰ ਸਿੰਘ ਨੂੰ ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਜ਼ਮੀਨ ਘੁਟਾਲੇ ਦੇ ਮਾਮਲੇ ਵਿਚ ਨਾਮਜ਼ਦ ਕਰਨ ਕਰਕੇ ਅਦਾਲਤ ਨੇ ਉਨ੍ਹਾਂ ਦਾ ਪਾਸਪੋਰਟ ਜ਼ਬਤ ਕੀਤਾ ਹੋਇਆ ਹੈ। ਇਸ ਕਾਰਨ ਵਿਦੇਸ਼ ਜਾਣ ਲਈ ਉਨ੍ਹਾਂ ਨੂੰ ਅਦਾਲਤ ਤੋਂ ਪਾਸਪੋਰਟ ਤੇ ਅਗਾਊਂ ਆਗਿਆ ਲੈਣੀ ਪੈਂਦੀ ਹੈ। ਕੈਪਟਨ ਨੇ ਆਪਣੇ ਵਕੀਲ ਰਮਦੀਪ ਪ੍ਰਤਾਪ ਸਿੰਘ ਤੇ ਐਚ.ਐਸ. ਪੰਨੂ ਰਾਹੀਂ ਜ਼ਿਲ੍ਹਾ ਅਦਾਲਤ ਵਿਚ ਅਰਜ਼ੀ ਦਾਇਰ ਕਰਕੇ ਵਿਦੇਸ਼ ਜਾਣ ਦੀ ਆਗਿਆ ਮੰਗੀ ਸੀ। ਉਹ ਬੈਲਜੀਅਮ, ਯੂ.ਕੇ. ਅਤੇ ਫਰਾਂਸ ਦੇ ਦੌਰੇ 'ਤੇ ਜਾ ਰਹੇ ਹਨ। ਉਹ ਪਹਿਲੇ ਵਿਸ਼ਵ ਯੁੱਧ ਵਿਚ ਭਾਰਤ ਵੱਲੋਂ ਪਾਏ ਗਏ ਯੋਗਦਾਨ ਬਾਰੇ ਸਿੱਖ ਰੈਜੀਮੈਂਟ ਵੱਲੋਂ ਕਰਵਾਏ ਜਾ ਰਹੇ ਸਨਮਾਨ ਸਮਾਗਮਾਂ ਵਿਚ ਬਤੌਰ ਮੁੱਖ ਮਹਿਮਾਨ ਤੇ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਣ ਲਈ ਜਾ ਰਹੇ ਹਨ। ਸਿੱਖ ਰੈਜੀਮੈਂਟ ਨਾਲ ਪਟਿਆਲਾ ਸ਼ਾਹੀ ਖਾਨਦਾਨ ਦੇ ਪੁਰਾਣੇ ਸਬੰਧ ਹਨ।

ਪੰਜਾਬ ਵਿਚ ਸੀਨੀਅਰ ਕਾਂਗਰਸ ਆਗੂਆਂ ਵਿਚ ਉਭਰੇ ਮਤਭੇਦਾਂ ਬਾਰੇ ਪੁੱਛੇ ਜਾਣ 'ਤੇ ਕੈਪਟਨ ਅਮਰਿੰਦਰ ਸਿੰਘ ਨੇ ਸਪੱਸ਼ਟ ਆਖਿਆ ਕਿ ਪ੍ਰਤਾਪ ਸਿੰਘ ਬਾਜਵਾ ਨਾਲ ਉਨ੍ਹਾਂ ਦੇ ਕੋਈ ਮਤਭੇਦ ਨਹੀਂ ਹਨ।

ਉਨ੍ਹਾਂ ਕਿਹਾ ਕਿ ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਨੇ ਸ੍ਰੀ ਬਾਜਵਾ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਬਣਾਇਆ ਹੈ। ਲਿਹਾਜ਼ਾ ਉਹ ਸਾਡੇ ਪ੍ਰਧਾਨ ਹਨ। ਉਨ੍ਹਾਂ ਕਿਹਾ ਕਿ ਤਲਵੰਡੀ ਸਾਬੋ ਜ਼ਿਮਨੀ ਚੋਣ ਦੀ ਜ਼ਿੰਮੇਵਾਰੀ ਸ੍ਰੀ ਬਾਜਵਾ ਦੇ ਸਿਰ 'ਤੇ ਹੈ, ਜਿਸ ਨੂੰ ਉਹ ਯੋਜਨਾਬੱਧ ਢੰਗ ਨਾਲ ਨਿਭਾ ਰਹੇ ਹਨ।



**ਬੈਲਜੀਅਮ, ਯੂ.ਕੇ. ਤੇ ਫਰਾਂਸ ਦੌਰੇ 'ਤੇ ਜਾਣਗੇ**

# ਅਮਰਿੰਦਰ ਨੇ ਹਮੇਸ਼ਾ ਪੰਜਾਬ ਦੇ ਹਿੱਤਾਂ ਦਾ ਵਿਰੋਧ ਕੀਤਾ: ਬਾਦਲ

**ਪਟਿਆਲਾ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਖਿਆ ਹੈ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਹੋਰ ਕਾਂਗਰਸੀ ਨੇਤਾਵਾਂ ਦੀ ਭੂਮਿਕਾ ਹਮੇਸ਼ਾ ਪੰਜਾਬ ਵਿਰੋਧੀ ਰਹੀ ਹੈ ਤੇ ਯੂ.ਪੀ.ਏ. ਸਰਕਾਰ ਵੇਲੇ ਜਦੋਂ ਵੀ ਇਨ੍ਹਾਂ ਨੂੰ ਪਤਾ ਲੱਗਦਾ ਸੀ ਕਿ ਪੰਜਾਬ ਦੇ ਹਿਤ ਵਿਚ ਕੁਝ ਹੋਣ ਵਾਲਾ ਹੈ ਤਾਂ ਇਹ ਪੰਜਾਬ ਦੇ ਹਿਤ ਵਿਚ ਗਰਾਂਟਾਂ ਤੇ ਹੋਰ ਫੈਸਲਿਆਂ ਦਾ ਵਿਰੋਧ ਕਰਦੇ ਸਨ।



ਸ. ਬਾਦਲ ਨੇ ਕਿਹਾ ਕਿ 10 ਸਾਲ ਪੰਜਾਬ ਨਾਲ ਯੂ.ਪੀ.ਏ. ਸਰਕਾਰ ਨੇ ਘੋਰ ਵਿਤਕਰਾ ਕੀਤਾ। ਪੰਜਾਬ ਸਿਰ ਚੜ੍ਹੇ ਕਰਜ਼ੇ ਬਾਰੇ ਕੇਂਦਰ ਤੋਂ ਰਾਹਤ ਹਾਸਲ ਕਰਨ ਦੇ ਸਵਾਲ ਦੇ ਜਵਾਬ ਵਿਚ ਸ. ਬਾਦਲ ਨੇ ਕਿਹਾ ਕਿ ਕੇਂਦਰ ਵਿਚ ਨਰਿੰਦਰ ਮੋਦੀ ਦੀ ਅਗਵਾਈ ਹੇਠ ਸਰਕਾਰ ਨੇ ਹਾਲੇ ਕੁਝ ਸਮਾਂ ਪਹਿਲਾਂ ਹੀ ਕੰਮ ਸੰਭਾਲਿਆ ਹੈ। ਉਂਜ ਤਾਂ ਇਸ ਬਾਰੇ ਉਨ੍ਹਾਂ ਨੇ ਕੇਂਦਰ ਨਾਲ ਚਰਚਾ ਕੀਤੀ ਹੈ ਪਰ ਫਿਰ ਵੀ ਸਰਕਾਰ ਵੱਲੋਂ ਕੰਮਕਾਜ ਲੀਹ 'ਤੇ ਪਾਉਣ ਮਗਰੋਂ ਇਸ ਬਾਰੇ ਵਿਸਥਾਰਿਤ ਗੱਲਬਾਤ ਕੀਤੀ ਜਾਵੇਗੀ। ਬੇਰੁਜ਼ਗਾਰੀ ਦੇ ਮਾਮਲੇ 'ਤੇ ਮੁੱਖ ਮੰਤਰੀ ਨੇ ਕਿਹਾ ਕਿ ਬੇਰੁਜ਼ਗਾਰੀ ਇਕ ਰਾਸ਼ਟਰੀ ਸਮੱਸਿਆ ਹੈ ਇਸ ਨੂੰ ਹੱਲ ਕਰਨ ਲਈ ਕੇਂਦਰ ਸਰਕਾਰ ਤੋਂ ਸਹਿਯੋਗ ਲੈ ਕੇ ਉਪਰਾਲੇ ਕੀਤੇ ਜਾ ਰਹੇ ਹਨ। ਨੌਜਵਾਨਾਂ ਨੂੰ ਮੁਹਾਰਤੀ ਸਿੱਖਿਆ ਦੇਣ ਵਾਸਤੇ ਵਿਸ਼ੇਸ਼ ਸਕਿੱਲ ਡਵੈਲਪਮੈਂਟ ਸੈਂਟਰ ਖੋਲ੍ਹੇ ਜਾ ਰਹੇ ਹਨ।

# ਵਿਦੇਸ਼ੀ ਦੌਰਿਆਂ ਦੇ ਸ਼ੌਕੀਨ ਅਫਸਰਾਂ ਦੀ ਆਈ ਸ਼ਾਮਤ

## ਮੀਡੀਆ ਰਿਪੋਰਟਾਂ ਪਿੱਛੋਂ ਬਾਦਲ ਨੇ ਲਿਆ ਸਖ਼ਤ ਨੋਟਿਸ

**ਚੰਡੀਗੜ੍ਹ:** ਲੰਬੀ ਛੁੱਟੀ ਲੈ ਕੇ ਵਿਦੇਸ਼ੀ ਦੌਰਿਆਂ ਦਾ ਅਨੰਦ ਮਾਣ ਰਹੇ ਪੰਜਾਬ ਦੇ ਸੀਨੀਅਰ ਅਧਿਕਾਰੀਆਂ ਦੀ ਸ਼ਾਮਤ ਆ ਗਈ ਹੈ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਰਕਾਰੀ ਮੁਲਾਜ਼ਮਾਂ ਤੇ ਅਫ਼ਸਰਾਂ ਵੱਲੋਂ ਸੇਵਾ ਨਿਯਮਾਂ ਦੀ ਉਲੰਘਣਾ ਕਰਕੇ ਵਿਦੇਸ਼ਾਂ ਦੀ ਇਮੀਗਰੇਸ਼ਨ ਹਾਸਲ ਕਰਨ ਦੇ ਮਾਮਲੇ ਦਾ ਗੰਭੀਰ ਨੋਟਿਸ ਲਿਆ ਹੈ। ਮੀਡੀਆ ਵਿਚ ਆਈਆਂ ਰਿਪੋਰਟਾਂ ਦਾ ਗੰਭੀਰ ਨੋਟਿਸ ਲੈਂਦਿਆਂ ਸ. ਬਾਦਲ ਨੇ ਮੁੱਖ ਸਕੱਤਰ ਐਸ.ਕੇ. ਸੰਧੂ ਨੂੰ ਇਸ ਮਾਮਲੇ 'ਤੇ ਵਿਸਥਾਰਤ ਰਿਪੋਰਟ ਦੇਣ ਲਈ ਕਿਹਾ ਹੈ। ਉਧਰ ਵਿਦੇਸ਼ਾਂ ਵਿਚ ਸਹੂਲਤਾਂ ਦਾ ਆਨੰਦ ਮਾਣ ਰਹੇ ਅਫ਼ਸਰਾਂ ਨੇ ਵੀ ਭੱਜ ਨੱਠ ਸ਼ੁਰੂ ਕਰ ਦਿੱਤੀ ਹੈ।

ਸੂਤਰਾਂ ਮੁਤਾਬਕ ਡੀ.ਆਈ.ਜੀ. ਰੈਂਕ ਦੇ ਦੋ ਸੀਨੀਅਰ ਪੁਲਿਸ ਅਫ਼ਸਰਾਂ ਵੱਲੋਂ ਪੰਜ ਸਾਲਾ ਸਵੈ ਰੁਜ਼ਗਾਰ ਛੁੱਟੀ ਦੀ ਸਹੂਲਤ ਨੂੰ ਆਪਣੇ ਹੱਕ ਵਿਚ ਭੁਗਤਾਉਣ ਦੇ ਯਤਨ ਕੀਤੇ ਜਾ ਰਹੇ ਹਨ। ਕੁਝਕਿ ਵਿਚ ਆਏ ਅਫ਼ਸਰਾਂ ਨੇ ਸਰਕਾਰ ਤੱਕ ਪਹੁੰਚ ਬਣਾਉਣੀ ਸ਼ੁਰੂ ਕਰ ਦਿੱਤੀ ਹੈ। ਮਿਲੀ ਜਾਣਕਾਰੀ ਮੁਤਾਬਕ ਮੀਡੀਆ ਰਿਪੋਰਟ 'ਤੇ ਪ੍ਰਤੀਕਿਰਿਆ ਪ੍ਰਗਟ ਕਰਦਿਆਂ ਸ. ਬਾਦਲ ਨੇ ਕਿਹਾ ਹੈ ਕਿ ਸਰਕਾਰੀ ਵਿਭਾਗਾਂ ਵਿਚ ਇਹ ਕੀ ਹੋ ਰਿਹਾ ਹੈ। ਮੁੱਖ ਮੰਤਰੀ ਦੀਆਂ ਹਦਾਇਤਾਂ 'ਤੇ ਮੁੱਖ ਸਕੱਤਰ ਨੇ ਤੁਰੰਤ ਪੰਜਾਬ ਵਿਜੀਲੈਂਸ ਬਿਊਰੋ ਦੀ ਡਾਇਰੈਕਟਰ ਵੀ. ਨੀਰਜਾ ਨਾਲ ਇਸ ਮਾਮਲੇ 'ਤੇ ਮੀਟਿੰਗ ਵੀ ਕੀਤੀ। ਸ. ਸੰਧੂ ਨੇ ਮੁੱਖ ਮੰਤਰੀ ਵੱਲੋਂ ਨੋਟਿਸ ਲੈਣ ਤੇ ਵਿਜੀਲੈਂਸ ਅਧਿਕਾਰੀਆਂ ਨਾਲ ਮੀਟਿੰਗ ਕੀਤੇ ਜਾਣ ਦੀ ਪੁਸ਼ਟੀ ਕੀਤੀ ਹੈ।



ਸੂਤਰਾਂ ਦਾ ਦੱਸਣਾ ਹੈ ਕਿ ਵਿਜੀਲੈਂਸ ਅਧਿਕਾਰੀਆਂ ਨੇ ਮੁੱਖ ਸਕੱਤਰ ਦੇ ਧਿਆਨ ਵਿਚ ਲਿਆਂਦਾ ਕਿ ਸਰਕਾਰੀ ਅਫ਼ਸਰਾਂ ਵੱਲੋਂ ਅਣਐਲਾਨੀ ਜਾਇਦਾਦ ਨੂੰ ਵਿਦੇਸ਼ਾਂ ਵਿਚ ਭੇਜਿਆ ਜਾ ਰਿਹਾ ਹੈ। ਵਿਜੀਲੈਂਸ ਨੇ ਕੁਝ ਐਫ.ਆਈ.ਆਰ. ਦਾ ਹਵਾਲਾ ਵੀ ਮੁੱਖ ਮੰਤਰੀ ਦਫ਼ਤਰ ਦੇ ਅਧਿਕਾਰੀਆਂ ਨੂੰ ਦਿੱਤਾ। ਵਿਜੀਲੈਂਸ ਅਧਿਕਾਰੀਆਂ ਨੇ ਇਹ ਵੀ ਦੱਸਿਆ ਕਿ ਸਰੋਤਾਂ ਤੋਂ ਜ਼ਿਆਦਾ ਆਮਦਨ ਦੇ ਮਾਮਲੇ ਦਰਜ ਹੋਣ 'ਤੇ ਤਫ਼ਤੀਸ਼ ਦੌਰਾਨ ਵਿਦੇਸ਼ਾਂ ਵਿਚ ਬੇਹਿਸਾਬ ਸੰਪਤੀ ਬਣਾਉਣ, ਰੁਜ਼ਗਾਰ ਹਾਸਲ ਕਰਨ ਤੇ ਵਿਦੇਸ਼ਾਂ ਤੋਂ ਐਨ.ਆਰ.ਆਈ. ਖਾਤਿਆਂ ਰਾਹੀਂ ਧਨ ਮੰਗਵਾਉਣ ਦੇ ਤੱਥ ਹਾਸਲ ਹੋਏ ਹਨ। ਵਿਜੀਲੈਂਸ ਅਧਿਕਾਰੀਆਂ ਨੇ ਮੁੱਖ ਮੰਤਰੀ ਦਫ਼ਤਰ ਦੇ ਅਧਿਕਾਰੀਆਂ ਨੂੰ ਦੱਸਿਆ ਕਿ ਪਿਛਲੇ ਇਕ ਸਾਲ ਦੇ ਵੱਧ ਸਮੇਂ ਤੋਂ ਵਿਦੇਸ਼ ਗਏ ਮੁਲਾਜ਼ਮਾਂ ਤੇ ਅਫ਼ਸਰਾਂ ਬਾਰੇ ਵਿਭਾਗਾਂ ਤੋਂ ਜਾਣਕਾਰੀ ਮੰਗੀ ਜਾ ਰਹੀ ਹੈ ਪਰ ਕੋਈ ਵੀ ਵਿਭਾਗ ਜਾਣਕਾਰੀ ਨਹੀਂ ਦੇ ਰਿਹਾ।

ਸ. ਸੰਧੂ ਤੇ ਸ੍ਰੀਮਤੀ ਨੀਰਜਾ ਦਰਮਿਆਨ ਹੋਈ ਮੀਟਿੰਗ ਤੋਂ ਬਾਅਦ ਵਿਜੀਲੈਂਸ ਵਿਭਾਗ ਵੱਲੋਂ ਮੁੜ ਤੋਂ ਸਮੁੱਚੇ ਵਿਭਾਗਾਂ ਤੋਂ ਇਸ ਤਰ੍ਹਾਂ ਦੀ ਜਾਣਕਾਰੀ ਇਕੱਤਰ ਕੀਤੀ ਜਾ ਰਹੀ ਹੈ। ਮੁੱਖ ਮੰਤਰੀ ਦੀ ਸਰਗਰਮੀ ਤੋਂ ਬਾਅਦ ਵਿਜੀਲੈਂਸ ਬਿਊਰੋ ਵੀ ਹਰਕਤ ਵਿਚ ਆ ਗਿਆ ਹੈ। ਸ. ਸੰਧੂ ਦਾ ਕਹਿਣਾ ਹੈ ਕਿ ਵਿਜੀਲੈਂਸ ਅਧਿਕਾਰੀਆਂ ਤੋਂ ਇਸ ਮਾਮਲੇ 'ਤੇ ਪੂਰੀ ਜਾਣਕਾਰੀ ਲਈ ਗਈ ਹੈ ਤੇ ਇਸ ਦੀ ਪੜਤਾਲ ਕਰਨਾ ਸਿਰਫ਼ ਵਿਜੀਲੈਂਸ ਦਾ ਹੀ ਕੰਮ ਨਹੀਂ ਹੈ। ਮੁੱਖ ਮੰਤਰੀ ਦੀਆਂ ਹਦਾਇਤਾਂ ਤੋਂ ਬਾਅਦ ਸਰਕਾਰ ਇਸ ਮਾਮਲੇ ਬਾਰੇ ਗੰਭੀਰ ਹੈ। ਸਾਰੇ ਵਿਭਾਗਾਂ ਤੋਂ ਜਾਣਕਾਰੀ ਹਾਸਲ ਕਰਕੇ ਚੋਰ ਮੋਰੀਆਂ ਬੰਦ ਕੀਤੀਆਂ ਜਾਣਗੀਆਂ ਜਿਨ੍ਹਾਂ ਦਾ ਲਾਭ ਲੈ ਕੇ ਮੁਲਾਜ਼ਮ ਤੇ ਅਫ਼ਸਰ ਵਿਦੇਸ਼ ਜਾ ਰਹੇ ਹਨ ਤੇ ਵਿਦੇਸ਼ਾਂ ਵਿਚ ਧਨ ਭੇਜ ਰਹੇ ਹਨ।

ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਦੇ ਦੋ ਹਜ਼ਾਰ ਤੋਂ ਵੱਧ ਮੁਲਾਜ਼ਮ ਤੇ ਅਫ਼ਸਰਾਂ ਵੱਲੋਂ ਸੇਵਾ ਨਿਯਮਾਂ ਦੀ ਉਲੰਘਣਾ ਕਰਕੇ ਵਿਦੇਸ਼ਾਂ ਵਿਚ ਪੀ.ਆਰ. ਇਮੀਗਰੇਸ਼ਨ ਜਾਂ ਗਰੀਨ ਕਾਰਡ ਦੀ ਸਹੂਲਤ ਲਈ ਹੋਈ ਹੈ। ਸੇਵਾ ਨਿਯਮਾਂ ਨੂੰ ਤੋੜਨ ਵਾਲਿਆਂ ਵਿਚ ਸੂਬੇ ਦੇ ਆਈ.ਏ.ਐਸ., ਆਈ.ਪੀ.ਐਸ., ਪੀ.ਸੀ.ਐਸ. ਤੇ ਪੀ.ਪੀ.ਐਸ. ਅਫ਼ਸਰ ਵੀ ਸ਼ਾਮਲ ਹਨ। ਇਨ੍ਹਾਂ ਅਫ਼ਸਰਾਂ ਨੇ ਸਾਰਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਆਪਣੇ ਬਚਾਅ ਲਈ ਸਰਕਾਰ ਤੱਕ ਪਹੁੰਚ ਕਰਨੀ ਵੀ ਸ਼ੁਰੂ ਕਰ ਦਿੱਤੀ ਹੈ।

# ਸਾਬਕਾ ਵਿਧਾਇਕ ਗੁਰਬਖਸ਼ ਧਾਲੀਵਾਲ ਦੀ ਬਰਸੀ ਮਨਾਈ

**ਫਰਿਜ਼ਨੋ (ਬਿਊਰੋ):** ਪੰਜਾਬ ਦੇ ਸਾਬਕਾ ਵਿਧਾਇਕ ਅਤੇ 'ਇੰਡੋ-ਅਮੈਰੀਕਨ ਹੈਰੀਟੇਜ ਫੋਰਮ' ਦੇ ਬਾਨੀ ਸਵਰਗੀ ਗੁਰਬਖਸ਼ ਸਿੰਘ ਧਾਲੀਵਾਲ ਦੀ ਨੌਵੀਂ ਬਰਸ਼ੀ ਉਨ੍ਹਾਂ ਦੇ ਪਰਿਵਾਰ ਅਤੇ ਇੰਡੋ-ਹੈਰੀਟੇਜ਼ ਫੋਰਮ ਦੇ ਸਮੂਹ ਮੈਂਬਰਾਂ ਨੇ ਫਰਿਜ਼ਨੋ 'ਚ ਬੜੀ ਸ਼ਰਧਾ ਨਾਲ ਮਨਾਈ। ਉਹ ਪਿੰਡ ਧੂੜਕੋਟ (ਮੋਗਾ) ਤੋਂ ਸਨ।



ਜ਼ਿਕਰਯੋਗ ਹੈ ਕਿ ਸ. ਗੁਰਬਖਸ਼ ਸਿੰਘ ਧਾਲੀਵਾਲ 1962 ਵਿਚ ਹਲਕਾ ਨਿਹਾਲ ਸਿੰਘ ਵਾਲਾ ਪੰਜਾਬ ਤੋਂ ਕਾਮਨਿਸਟ ਪਾਰਟੀ ਦੀ ਟਿਕਟ 'ਤੇ ਵਿਧਾਨ ਸਭਾ ਚੋਣਾਂ ਜਿੱਤ ਕੇ ਵਿਧਾਇਕ ਬਣੇ ਸਨ ਅਤੇ ਉਹ ਉਨ੍ਹਾਂ ਸਮਿਆਂ ਦੇ ਸਭ ਤੋਂ ਛੋਟੀ ਉਮਰ ਦੇ ਲੀਡਰ ਸਨ। ਉਨ੍ਹਾਂ ਆਪਣੇ ਸਿਆਸੀ ਕੈਰੀਅਰ ਦੌਰਾਨ ਬੇਦਾਗ ਜ਼ਿੰਦਗੀ ਜਿਉ ਕੇ ਇੱਕ ਮਿਸਾਲ ਕਾਇਮ ਕੀਤੀ। ਉਨ੍ਹਾਂ ਆਪਣੀ ਜ਼ਿੰਦਗੀ ਦਾ ਵਧੇਰੇ ਸਮਾਂ ਫਰਿਜ਼ਨੋ 'ਚ ਆਪਣੇ ਪੁੱਤਰਾਂ ਕੋਲ ਬਤੀਤ ਕੀਤਾ। ਇਸੇ ਦੌਰਾਨ ਉਨ੍ਹਾਂ ਗਦਰੀ ਬਾਬਿਆਂ ਨੂੰ ਸਮਰਪਿਤ ਸੰਸਥਾ 'ਇੰਡੋ-ਅਮੈਰੀਕਨ ਹੈਰੀਟੇਜ ਫੋਰਮ' ਦਾ ਗਠਨ ਵੀ ਕੀਤਾ।

ਬਰਸੀ ਸਮਾਗਮ ਮੌਕੇ ਕਈ ਸ਼ਾਇਰਾਂ ਅਤੇ ਬੁਲਾਰਿਆਂ ਨੇ ਗੁਰਬਖਸ਼ ਧਾਲੀਵਾਲ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਉਨ੍ਹਾਂ ਦੇ ਜੀਵਨ ਸਬੰਧੀ ਸੰਖੇਪ ਜਾਣਕਾਰੀ ਆਏ ਮਹਿਮਾਨਾਂ ਨਾਲ ਸਾਂਝੀ ਕੀਤੀ।

ਬੁਲਾਰਿਆਂ ਵਿਚ ਮਨਵੀਰ ਕੌਰ ਧਾਲੀਵਾਲ, ਮਾਸਟਰ ਲਛਮਣ ਸਿੰਘ ਰਠੌਰ, ਹਰਨੇਕ ਸਿੰਘ ਲੋਹਗੜ, ਮਹਿੰਦਰ ਸਿੰਘ ਗਰੇਵਾਲ, ਗੁਰਦੀਪ ਸਿੰਘ ਅਣਖੀ, ਦਲਜੀਤ ਸਿੰਘ ਰਿਆੜ, ਗੁਰਦੀਪ ਸਿੰਘ ਗਗੜਾ, ਸੁਖੀ ਧਾਲੀਵਾਲ, ਸ਼ਾਇਰ ਹਰਜਿੰਦਰ ਕੰਗ, ਡਾ. ਗੁਰੂਮੇਲ ਸਿੱਧੂ, ਪਿਸ਼ੌਰਾ ਸਿੰਘ ਢਿੱਲੋਂ, ਕੁਲਵੀਰ ਕੌਰ ਸੇਖੋਂ, ਮਨਜੀਤ ਸਿੰਘ ਪੱਤੜ ਅਤੇ ਸ਼ਰਨਜੀਤ ਧਾਲੀਵਾਲ ਆਦਿਕ ਸ਼ਾਮਲ ਹਨ। ਸਥਾਨਕ ਗਾਇਕ ਰਾਜ ਬਰਾੜ ਨੇ ਧਾਰਮਿਕ ਗੀਤ ਗਾ ਕੇ ਸ਼ਰਧਾਂਜਲੀ ਭੇਟ ਕੀਤੀ। ਸਮਾਗਮ ਵਿਚ ਇਲਾਕੇ ਦੀਆਂ ਵੱਖ-ਵੱਖ ਜਥੇਬੰਦੀਆਂ ਦੇ ਮੈਂਬਰਾਂ ਨੇ ਵੀ ਹਾਜ਼ਰੀ ਭਰੀ। ਸਟੇਜ ਸੰਚਾਲਨ ਹਰਜਿੰਦਰ ਢੇਸੀ ਨੇ ਕੀਤਾ।

# ਅਸਾਂਜ ਛੇਤੀ ਹੀ ਛੱਡ ਦੇਵੇਗਾ ਇਕੂਏਡੋਰ ਦਾ ਦੂਤਘਰ

**ਲੰਡਨ:** ਵਿਕੀਲੀਕਸ ਦੇ ਮੋਢੀ ਜੂਲੀਅਨ ਅਸਾਂਜ ਨੇ ਕਿਹਾ ਕਿ ਉਹ ਛੇਤੀ ਹੀ ਇਕੂਏਡੋਰ ਦੀ ਅੰਬੈਸੀ ਨੂੰ ਛੱਡ ਦੇਣਗੇ। ਤਕਰੀਬਨ ਦੋ ਸਾਲਾਂ ਤੱਕ ਮਿਸ਼ਨ ਵਿਚ ਰਹਿਣ ਮਗਰੋਂ ਅਸਾਂਜ ਨੇ ਹੁਣ ਬਾਹਰ ਆਉਣ ਦਾ ਫ਼ੈਸਲਾ ਲਿਆ ਹੈ। ਉਂਜ ਰਿਪੋਰਟਾਂ ਵਿਚ ਕਿਹਾ ਗਿਆ ਹੈ ਕਿ ਉਸ ਨੂੰ ਕਈ ਗੰਭੀਰ ਬਿਮਾਰੀਆਂ ਹੋ ਗਈਆਂ ਹਨ ਤੇ ਹਸਪਤਾਲ ਵਿਚ ਦਾਖ਼ਲ ਹੋਣ ਦੀ ਲੋੜ ਹੈ।

ਆਸਟਰੇਲੀਅਨ ਨਾਗਰਿਕ ਅਸਾਂਜ (49) ਨੇ ਅੰਬੈਸੀ ਤੋਂ ਬਾਹਰ ਆਉਣ ਦੇ ਸਮੇਂ ਬਾਰੇ ਕੋਈ ਖੁਲਾਸਾ ਨਹੀਂ ਕੀਤਾ। ਪੱਤਰਕਾਰਾਂ ਨਾਲ ਗੱਲਬਾਤ ਸਮੇਂ ਨਾਈਟਸਬ੍ਰਿਜ ਵਿਚ ਅੰਬੈਸੀ ਵਿਖੇ ਉਨ੍ਹਾਂ ਨਾਲ ਇਕੂਆਡੋਰ ਦੇ ਵਿਦੇਸ਼ ਮੰਤਰੀ ਰਿਕਾਰਡੋ ਪਟੀਨੋ ਵੀ ਹਾਜ਼ਰ ਸਨ।

ਪਟੀਨੋ ਨੇ ਕਿਹਾ ਕਿ ਇਕਆਡੋਰ ਭਾਵੇਂ ਅਸਾਂਜ ਨੂੰ ਸੁਰੱਖਿਆ ਦੇਣਾ ਜਾਰੀ ਰੱਖੇਗਾ ਪਰ ਦੋ ਸਾਲਾਂ ਤੱਕ ਇਕੋ ਥਾਂ 'ਤੇ ਰਹਿਣਾ ਮੁਸ਼ਕਲ ਹੈ ਤੇ ਇਹ ਸਥਿਤੀ ਹੁਣ ਬਦਲਣੀ ਚਾਹੀਦੀ ਹੈ। ਹੁਣ ਜੂਲੀਅਨ ਅਸਾਂਜ ਨੂੰ ਆਜ਼ਾਦ ਕਰਨ ਦਾ ਸਮਾਂ ਹੈ। ਹੁਣ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਦਾ ਮਾਣ ਕਰਨਾ ਬਣਦਾ ਹੈ। ਪਟੀਨੋ ਅਗਲੇ ਕੁਝ ਹਫ਼ਤਿਆਂ ਅੰਦਰ ਬ੍ਰਿਟਿਸ਼ ਵਿਦੇਸ਼ ਸਕੱਤਰ ਹੈਮੰਡ ਨਾਲ ਮੁਲਾਕਾਤ ਕਰਕੇ ਕੋਈ ਰਾਹ ਲੱਭਣ ਦੀ ਕੋਸ਼ਿਸ਼ ਕਰਨਗੇ। ਵੈੱਬਸਾਈਟ ਵਿਕੀਲੀਕਸ ਵਿਚ ਅਮਰੀਕਾ ਦੇ ਅਹਿਮ ਫੌਜੀ ਤੇ ਕੂਟਨੀਤਕ ਦਸਤਾਵੇਜ਼ ਨਸ਼ਰ ਕਰਨ 'ਤੇ ਮਾਮਲਾ ਵਿਗੜ ਗਿਆ ਸੀ।

## Matrimonial

### ਕੰਨਿਆ ਦੀ ਲੋੜ

Saini Radha Swami family looking suitable match for their handsome, well settled, mechanical engineer son, 26, 5'-8". Contact: 443-875-3933 *32 to 35*

ਸੈਣੀ ਸਿੱਖ, 28 ਸਾਲ, 5'-10", ਐਮ ਐਸ (ਇੰਜੀਨੀਅਰ), ਸਟੂਡੈਂਟ ਵੀਜ਼ੇ 'ਤੇ ਆਏ ਅਤੇ ਹੁਣ ਐਚ 1-ਬੀ, ਲੜਕੇ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 860-833-9913, ਈਮੇਲ: balisaini2284@gmail.com *31 to 34*

ਜੱਟ ਸਿੱਖ, 40 ਸਾਲ, ਕੱਦ 6'-2", ਬੇਕਰਜ਼ਫੀਲਡ, ਕੈਲੀਫੋਰਨੀਆ ਰਹਿੰਦੇ ਨੌਜਵਾਨ ਲਈ ਅਮਰੀਕੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਤਲਾਕਸ਼ੁਦਾ (ਬੱਚੇ ਤੋਂ ਬਗੈਰ) ਵਾਲੀ 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ ਕਰੋ, ਫੋਨ: 661-240-8889 ਜਾਂ 661-364-4700 *31 to 34*

### ਵਰ ਦੀ ਲੋੜ

ਚੰਗੇ ਪੜ੍ਹੇ-ਲਿਖੇ ਅਰੋੜਾ ਪਰਿਵਾਰ ਦੀ ਗੁਰਸਿੱਖ, ਉਮਰ 29 ਸਾਲ, ਕੱਦ 5'-5" ਲੜਕੀ ਲਈ ਇੰਡੀਆ ਜਾਂ ਅਮੇਰਿਕਾ ਰਹਿੰਦੇ ਪੇਸ਼ੇਵਰ, ਵੈਸ਼ਨੋ, ਸੋਫੀ, ਪੂਰਨ ਸਿੱਖ ਲੜਕੇ ਦੀ ਲੋੜ ਹੈ। ਵੇਰਵਾ ਤੇ ਫੋਟੋ ਭੇਜੋ, ਈਮੇਲ: singhj19@hotmail.com ਜਾਂ ਸੰਪਰਕ ਕਰੋ 843-270-4264 *34-37*

ਪੰਜਾਬ ਵਿਚ ਰਹਿੰਦੀ ਜੱਟ ਸਿੱਖ ਲੜਕੀ ਉਮਰ 24 ਸਾਲ, ਕੱਦ 5'-7", ਬੀ ਐਸ ਸੀ ਨਰਸਿੰਗ ਲਈ ਯੂ ਐਸ ਸਿਟੀਜ਼ਨ ਪਰਿਵਾਰਕ ਲੜਕੇ ਦੀ ਲੋੜ ਹੈ। ਸੰਪਰਕ ਕਰੋ, ਈਮੇਲ: punjabiversa@gmail.com *33-36*


**SUPER TRAVEL**
847-676-9090, 773-465-5566
*E-mail: supertravel2003@yahoo.com*
*Lowest Fares With Excellent Service*
*AMERICAN AIR, CONTINENTAL AIR*

*JET AIRWAYS DELTA, AIR INDIA, KLM, LUFTHANSA.*
*For Emergency Call anytime at 847-673-3825*
*EARLY BIRD SALE!!!!*
India $545
London $250



**Prince's Barber Shop**
37477 Fremont Blvd, suite C, Fremont, CA 94536
**Men & Children's Hair Cut**
*Threading
*Custom Text
*Men's Facials
*Hair Coler
*Custom Designing
*Shave &
*Line-ups
*Head Massage
*ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ*

**Business hours:**
Mon thru Thursday 9am to 8pm
Friday, Sat- Sunday- 9am to 7pm
(Tuesday Closed)

**Cell: (510)-677-9942**
**Shop: (510)-505-9605**
*www.princebarbershop.com*



# ਰੈਸਟੋਰੈਂਟ ਸਟਾਫ ਦੀ ਲੋੜ ਹੈ
ਸਿਨਸਿਨੈਟੀ (ਓਹਾਇਓ) ਵਿਚ ਇੰਡੀਅਨ ਰੈਸਟੋਰੈਂਟ ਵਾਸਤੇ ਸਰਵਰ, ਕਿਚਨ ਹੈਲਪਰ ਅਤੇ ਕੁਕ ਦੀ ਲੋੜ ਹੈ
ਫਰੀ ਰਿਹਾਇਸ਼, ਫਰੀ ਖਾਣਾ
ਸੰਪਰਕ ਕਰੋ
ਫੋਨ: 513-203-6315



**40 ਟਰੱਕ ਰਿਪੇਅਰ-ਓਕਲਹੋਮਾ**
# ਮਕੈਨਿਕਾਂ ਦੀ ਜ਼ਰੂਰਤ ਹੈ
ਕਾਰਾਂ ਅਤੇ ਡੀਜ਼ਲ ਟਰੱਕਾਂ ਬਾਰੇ ਚੰਗੀ ਜਾਣਕਾਰੀ ਰੱਖਣ ਵਾਲੇ ਮਕੈਨਿਕਾਂ ਦੀ ਜ਼ਰੂਰਤ ਹੈ

*ਹੋਰ ਜਾਣਕਾਰੀ ਲਈ ਸੰਪਰਕ ਕਰੋ*
ਫੋਨ: 832-512-7172



FARMERS INSURANCE GROUP
Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 23 ਅਗਸਤ 2014*

## ਲੋਕ ਰੋਹ ਅਤੇ ਸੱਤਾ ਦਾ ਸੇਕ

ਪੰਜਾਬ ਵਿਚ ਪਿਛਲੇ ਸੱਤ ਸਾਲਾਂ ਤੋਂ ਸੱਤਾ ਉਤੇ ਕਾਬਜ਼ ਬਾਦਲਾਂ ਖਿਲਾਫ ਲੋਕ ਰੋਹ ਈਸੜੂ ਵਿਚ ਸਭ ਹੱਦਾਂ ਪਾਰ ਕਰ ਗਿਆ। ਧਨੌਲਾ ਕਸਬੇ ਦੇ ਇਕ ਨੌਜਵਾਨ ਨੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਅਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲ ਜੁੱਤੀ ਉਛਾਲ ਦਿੱਤੀ। ਬਾਦਲ ਅਤੇ ਉਨ੍ਹਾਂ ਦੀ ਸਰਕਾਰ ਨੇ ਭਾਵੇਂ ਇਸ ਘਟਨਾ ਦਾ ਸਿੱਧਾ ਸਿਆਸੀ ਅਰਥ ਕੱਢਿਆ ਹੈ ਅਤੇ ਜ਼ਿਮਨੀ ਚੋਣਾਂ ਦੇ ਘੜਮੱਸ ਵਿਚ ਆਪਣੇ ਵਿਰੋਧੀਆਂ ਨੂੰ ਲਪੇਟਣ ਦਾ ਯਤਨ ਕੀਤਾ ਹੈ, ਪਰ ਪਿਛਲੇ ਕੁਝ ਸਮੇਂ ਤੋਂ ਪੰਜਾਬ ਵਿਚ ਜਿਸ ਤਰ੍ਹਾਂ ਦਾ ਸਿਆਸੀ ਅਤੇ ਸਮਾਜਕ ਮਾਹੌਲ ਬਣਿਆ ਹੋਇਆ ਹੈ, ਉਸ ਤੋਂ ਸਾਫ ਜ਼ਾਹਿਰ ਹੋ ਰਿਹਾ ਹੈ ਕਿ ਲੋਕ ਇਨ੍ਹਾਂ ਹਾਕਮਾਂ ਅਤੇ ਸਿਆਸੀ ਪਾਰਟੀਆਂ ਤੋਂ ਕਿੰਨੇ ਦੁਖੀ ਹਨ। ਲੋਕਾਂ ਨੇ ਆਪਣੇ ਰੋਹ ਦਾ ਜਲਵਾ ਪਿੱਛੇ ਜਿਹੇ ਹੋਈਆਂ ਲੋਕ ਸਭਾ ਚੋਣਾਂ ਵਿਚ ਵੀ ਬਾਕਾਇਦਾ ਦਿਖਾ ਦਿੱਤਾ ਸੀ ਅਤੇ ਹਕੂਮਤ ਕਰ ਰਹੇ ਸ਼੍ਰੋਮਣੀ ਅਕਾਲੀ ਦਲ ਨੂੰ ਹੀ ਨਹੀਂ, ਦੂਜੀ ਮੁੱਖ ਸਿਆਸੀ ਧਿਰ ਕਾਂਗਰਸ ਨੂੰ ਵੀ ਹੱਥਾਂ-ਪੈਰਾਂ ਦੀ ਪਾ ਦਿੱਤੀ ਸੀ। ਅਸਲ ਵਿਚ ਪੰਜਾਬ ਦਾ ਸਮਾਜਕ ਅਤੇ ਸਿਆਸੀ ਢਾਂਚਾ ਆਮ ਲੋਕਾਂ ਨੂੰ ਇੰਨੇ ਜ਼ਾਲਮ ਤਰੀਕੇ ਨਾਲ ਟੱਕਰ ਰਿਹਾ ਹੈ ਕਿ ਲੋਕਾਂ ਨੂੰ ਆਪਣੀ ਮੁਕਤੀ ਦਾ ਕੋਈ ਮਾਰਗ ਨਹੀਂ ਲੱਭ ਰਿਹਾ। ਸਰਕਾਰੀ ਤੰਤਰ ਵਿਚ ਹੀ ਨਹੀਂ, ਹਰ ਖੇਤਰ ਵਿਚ ਦਖਲ ਇੰਨਾ ਜ਼ਿਆਦਾ ਵਧ ਗਿਆ ਹੈ ਕਿ ਆਮ ਆਦਮੀ ਬੇਵੱਸ ਹੋ ਕੇ ਰਹਿ ਗਿਆ ਹੈ। ਸਿਤਮਜ਼ਰੀਫੀ ਇਹ ਹੈ ਕਿ ਪ੍ਰਚੰਡ ਲੋਕ ਰੋਹ ਦੇ ਬਾਵਜੂਦ ਇਨ੍ਹਾਂ ਸਿਆਸੀ ਪਾਰਟੀਆਂ ਦੀ ਕਾਰ-ਕਰਦਗੀ ਵਿਚ ਕੋਈ ਸਿਫਤੀ ਤਬਦੀਲੀ ਨਹੀਂ ਹੋਈ ਹੈ। ਹਾਂ, ਉਪਰੋਂ-ਉਪਰੋਂ ਪੋਚਾ ਜਿਹਾ ਫੇਰ ਕੇ ਲੋਕਾਂ ਨੂੰ ਗੁੰਮਰਾਹ ਕਰਨ ਦੇ ਯਤਨ ਜ਼ਰੂਰ ਕੀਤੇ ਗਏ ਹਨ। ਅਸਲ ਵਿਚ ਅੱਜ ਦੀ ਸਿਆਸਤ ਦਾ ਹਰ ਫੈਸਲਾ ਚੋਣਾਂ ਦੇ ਪਿੜ ਵਿਚ ਜਾ ਕੇ ਦਮ ਤੋੜ ਜਾਂਦਾ ਹੈ; ਭਾਵ ਹਰ ਫੈਸਲਾ ਚੋਣ ਸਿਆਸਤ ਨੂੰ ਮੁੱਖ ਰੱਖ ਕੇ ਹੀ ਕੀਤਾ ਜਾਂਦਾ ਹੈ। ਪ੍ਰਸ਼ਾਸਨ ਨੂੰ ਤਾਂ ਸਿਆਸੀ ਆਗੂਆਂ ਨੇ ਆਪਣੀਆਂ ਜੇਬ ਵਿਚ ਹੀ ਪਾਇਆ ਹੋਇਆ ਹੈ। ਸਿਆਸਤ ਦਾ ਇਹ ਸ਼ਾਰਟ-ਕੱਟ ਲੋਕਾਂ ਉਤੇ ਤਬਾਹੀ ਬਣ ਕੇ ਬਾਰਦ ਹੋਇਆ ਹੈ।

ਇਹ ਠੀਕ ਹੈ ਕਿ ਕਿਸੇ ਵੱਲ ਜੁੱਤੀ ਸੁੱਟ ਕੇ ਰੋਸ ਜ਼ਾਹਿਰ ਕਰਨ ਨੂੰ ਕਿਵੇਂ ਵੀ ਸਹੀ ਨਹੀਂ ਠਹਿਰਾਇਆ ਜਾ ਸਕਦਾ। ਪੰਜਾਬ ਦੀਆਂ ਤਕਰੀਬਨ ਸਾਰੀਆਂ ਸਿਆਸੀ ਧਿਰਾਂ ਅਤੇ ਮੁੱਖ ਆਗੂਆਂ ਨੇ ਇਸ ਘਟਨਾ ਦੀ ਨਿੰਦਾ ਵੀ ਕੀਤੀ ਹੈ, ਪਰ ਅੱਜ ਦੇ ਜ਼ਮਾਨੇ ਵਿਚ ਜਦੋਂ ਸਿਆਸੀ ਆਗੂ ਅਤੇ ਸਿਸਟਮ ਆਮ ਲੋਕਾਂ ਦੀ ਗੱਲ ਸੁਣ ਹੀ ਨਹੀਂ ਰਹੇ ਅਤੇ ਸਮੱਸਿਆਵਾਂ ਵੱਲ ਵੀ ਧਿਆਨ ਨਹੀਂ ਕਰ ਰਹੇ, ਤਾਂ ਆਪਣੀ ਆਵਾਜ਼ ਇਨ੍ਹਾਂ ਸਿਆਸੀ ਆਗੂਆਂ ਦੇ ਕੰਨਾਂ ਤਕ ਪਹੁੰਚਾਉਣ ਲਈ ਅਜਿਹੀਆਂ ਘਟਨਾਵਾਂ ਜਨਮ ਲੈਂਦੀਆਂ ਹਨ। ਇਸ ਬਾਰੇ ਕਾਂਗਰਸੀ ਆਗੂ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਰਕਾਰ ਅਤੇ ਬਾਦਲਾਂ ਨੂੰ ਪੁਰਾਣੀ ਘਟਨਾ ਦਾ ਚੇਤਾ ਕਰਵਾਇਆ ਹੈ ਜਦੋਂ ਪੱਤਰਕਾਰ ਜਰਨੈਲ ਸਿੰਘ ਨੇ ਨਵੀਂ ਦਿੱਲੀ ਵਿਚ ਤਤਕਾਲੀ ਕੈਬਨਿਟ ਮੰਤਰੀ ਪੀ. ਚਿਦੰਬਰਮ ਵੱਲ ਜੁੱਤੀ ਉਛਾਲੀ ਸੀ। ਹੁਣ ਕੈਪਟਨ ਨੇ ਇਹ ਗੱਲ ਨੋਟ ਕਰਵਾਈ ਹੈ ਕਿ ਉਦੋਂ ਬਾਦਲਾਂ ਨੇ ਸਿਆਸਤ ਤੋਂ ਉਪਰ ਉਠ ਕੇ ਇਸ ਘਟਨਾ ਦੀ ਨਿੰਦਾ ਕਰਨ ਦੀ ਥਾਂ ਹੱਲਾਸ਼ੇਰੀ ਦਿੱਤੀ ਸੀ। ਹੋਰ ਤਾਂ ਹੋਰ ਬਾਦਲਾਂ ਦੇ ਕਬਜ਼ੇ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਬੰਧਤ ਪੱਤਰਕਾਰ ਨੂੰ ਨੌਕਰੀ ਦੇਣ ਦੀ ਗੱਲ ਵੀ ਕਹੀ ਸੀ। ਹੁਣ ਜਦੋਂ ਕੈਪਟਨ ਨੇ 'ਬਾਦਲਾਂ ਨੇ ਜੋ ਬੀਜਆ, ਸੋ ਵੱਢਿਆ ਹੈ' ਕਹਿ ਕੇ ਟਕੋਰ ਲਾਈ ਹੈ ਤਾਂ ਬਾਦਲਾਂ ਕੋਲ ਕਹਿਣ-ਸੁਣਨ ਲਈ ਕੁਝ ਵੀ ਨਹੀਂ ਹੈ। ਹਾਂ, ਇਸ ਬਾਰੇ ਹੁਣ ਸਾਰਾ ਗੁੱਸਾ ਜੁੱਤੀ ਉਛਾਲਣ ਵਾਲੇ ਨੌਜਵਾਨ ਉਤੇ ਕੱਢਿਆ ਜਾ ਰਿਹਾ ਹੈ।

ਹੁਣ ਹਰ ਪਾਸੇ ਇਹ ਚਰਚਾ ਕਰਨੀ ਜ਼ਰੂਰੀ ਹੈ ਕਿ ਕਿਨ੍ਹਾਂ ਕਾਰਨਾਂ ਕਰ ਕੇ ਲੋਕ ਇਸ ਤਰ੍ਹਾਂ ਹਾਕਮਾਂ ਅਤੇ ਹੋਰ ਸਿਆਸੀ ਪਾਰਟੀਆਂ ਦੇ ਖਿਲਾਫ ਰੋਹ ਜ਼ਾਹਿਰ ਕਰ ਰਹੇ ਹਨ। ਪਿਛਲੇ ਕੁਝ ਸਮੇਂ ਤੋਂ ਚਰਚਾ ਅਧੀਨ ਆਏ ਮੁੱਦਿਆਂ ਨਾਲ ਇਸ ਚਰਚਾ ਦੀ ਤੰਦ ਫੜੀ ਜਾ ਸਕਦੀ ਹੈ। ਨਸ਼ਿਆਂ ਦੇ ਮਾਮਲੇ 'ਤੇ ਸਾਰੀਆਂ ਸਿਆਸੀ ਪਾਰਟੀਆਂ ਜਿਸ ਤਰ੍ਹਾਂ ਆਮ ਲੋਕਾਂ ਅੱਗੇ ਨੰਗੀਆਂ ਹੋਈਆਂ ਹਨ, ਉਸ ਨੇ ਲੋਕਾਂ ਦਾ ਇਨ੍ਹਾਂ ਸਿਆਸੀ ਪਾਰਟੀਆਂ ਅਤੇ ਸਿਆਸੀ ਆਗੂਆਂ ਤੋਂ ਯਕੀਨ ਹੀ ਉਠਾ ਦਿੱਤਾ ਹੈ। ਨਸ਼ਿਆਂ ਨਾਲ ਟੱਬਰਾਂ ਦੇ ਟੱਬਰ ਤਬਾਹ ਹੋ ਗਏ ਹਨ। ਪੰਜਾਬੀ ਸਮਾਜ ਅੱਜ ਸੰਕਟ ਦੇ ਦੌਰ ਵਿਚੋਂ ਲੰਘ ਰਿਹਾ ਹੈ, ਪਰ ਸਿਆਸਤਦਾਨਾਂ ਨੂੰ ਇਸ ਬਾਰੇ ਉਕਾ ਹੀ ਕੋਈ ਫਿਕਰ ਨਹੀਂ ਹੈ। ਸਭ ਰਲ ਕੇ ਕਿਸੇ ਨਾ ਕਿਸੇ ਕਾਰੋਬਾਰ ਰਾਹੀਂ, ਜਾਂ ਸਿੱਧੇ-ਅਸਿੱਧੇ ਢੰਗ-ਤਰੀਕਿਆਂ ਰਾਹੀ ਆਪੋ-ਆਪਣੇ ਘਰ ਭਰਨ ਵਿਚ ਲੱਗੇ ਹੋਏ ਹਨ। ਇਹ ਸਾਰਾ ਨਜ਼ਾਰਾ ਆਮ ਲੋਕ ਆਪਣੀ ਅੱਖਾਂ ਨਾਲ ਦੇਖ ਰਹੇ ਹਨ। ਚੰਦ ਲੋਕ ਹਰ ਖੇਤਰ ਵਿਚ ਇਸ ਤਰ੍ਹਾਂ ਛਾ ਗਏ ਹਨ ਕਿ ਲੋਕਾਂ ਦਾ ਜਿਹੜਾ ਭਰੋਸਾ ਟੁੱਟਿਆ ਹੈ, ਉਸ ਦੀ ਭਰਪਾਈ ਲਈ ਇਹ ਸਿਆਸਤਦਾਨ ਯਤਨ ਤਕ ਨਹੀਂ ਕਰ ਰਹੇ। ਬਾਦਲਾਂ ਨੇ ਤਾਂ ਇਸ ਮਾਮਲੇ ਵਿਚ ਹਰ ਸਿਆਸਤਦਾਨ ਨੂੰ ਪਿੱਛੇ ਛੱਡ ਦਿੱਤਾ ਹੈ। ਪੰਜਾਬ ਦੇ ਸਭ ਵੱਡੇ ਕਾਰੋਬਾਰਾਂ ਅਤੇ ਧਾਰਮਿਕ ਸੰਸਥਾਵਾਂ ਤੋਂ ਲੈ ਕੇ ਹਰ ਖੇਤਰ ਵਿਚ ਘੁਸਪੈਠ ਬਣਾ ਲਈ ਹੈ। ਉਂਜ, ਮੀਡੀਆ ਰਾਹੀਂ ਅਤੇ ਜ਼ੁਬਾਨੀ ਵੀ ਇਹ ਤੱਥ ਅਕਸਰ ਲੋਕਾਂ ਤਕ ਪੁੱਜਦੇ ਰਹਿੰਦੇ ਹਨ। ਇਹੀ ਕਾਰਨ ਹੈ ਕਿ ਲੋਕਾਂ ਨੇ ਉਨ੍ਹਾਂ ਨੂੰ ਹੁਣ ਘੇਰਨਾ ਸ਼ੁਰੂ ਕਰ ਦਿੱਤਾ ਹੈ। ਇਸ ਦੀ ਤਾਜ਼ਾ ਮਿਸਾਲ ਹਰਿਆਣਾ ਦੀ ਵੱਖਰੀ ਕਮੇਟੀ ਦਾ ਮਾਮਲਾ ਹੈ। ਬਾਦਲਾਂ ਨੇ ਟਿੱਲ ਲਾ ਲਿਆ ਕਿ ਇਸ ਮੁੱਦੇ ਨੂੰ ਸਿਆਸੀ ਅਤੇ ਧਾਰਮਿਕ ਰੰਗਤ ਦਿੱਤੀ ਜਾਵੇ, ਪਰ ਲੋਕਾਂ ਨੇ ਇਸ ਮਾਮਲੇ 'ਤੇ ਉਨ੍ਹਾਂ ਦਾ ਉਕਾ ਹੀ ਸਾਥ ਨਹੀਂ ਦਿੱਤਾ। ਇਸੇ ਕਰ ਕੇ ਹਰ ਹੀਲਾ-ਵਸੀਲਾ ਕਰਨ ਦੇ ਬਾਵਜੂਦ ਇਹ ਕਮੇਟੀ ਆਖਰਕਾਰ ਹੋਂਦ ਵਿਚ ਆ ਗਈ। ਇਸ ਨਾਲ ਇਹ ਵੀ ਸਾਬਤ ਹੋ ਗਿਆ ਕਿ ਲੋਕ ਸ਼ਕਤੀ ਵਿਚ ਕਿੰਨਾ ਦਮ ਹੁੰਦਾ ਹੈ ਅਤੇ ਇਹ ਕਹਿੰਦੇ-ਕਹਾਉਂਦਿਆਂ ਨੂੰ ਕਿਸ ਤਰ੍ਹਾਂ ਪਲਾਂ-ਛਿਣਾਂ ਵਿਚ ਔਕਾਤ ਦਿਖਾ ਦਿੰਦੇ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਜੁੱਤੀ ਦੀ ਜਿੱਤ?*

ਕੱਢੂ ਗਲੇ 'ਚੋਂ ਮਿੱਠੜੇ ਬੋਲ ਕਿੱਦਾਂ, ਦੁੱਖ ਨਾਲ ਜੋ ਹੋਇਆ ਲਾਚਾਰ ਯਾਰੋ।
ਲੰਘ ਜਾਣ ਜੋ ਹੀਲੇ ਨੇ ਸ਼ਾਂਤੀ ਦੇ, ਜਾਇਜ਼ ਚੁੱਕਣਾ ਕਹਿੰਦੇ ਹਥਿਆਰ ਯਾਰੋ।
ਖੜਕੇ-ਦੜਕੇ ਤੋਂ ਬਿਨਾ ਨਾ ਜਾਗਦੀ ਏ, ਬੋਲੀ ਕੰਨਾਂ ਤੋਂ ਹੋਵੇ ਸਰਕਾਰ ਯਾਰੋ।
ਬਿਨ ਸੋਚਿਆਂ ਵਰਤਣ ਨੂੰ ਪਊ ਕਾਹਲਾ, ਲੱਗੇ ਢੰਗ ਜੋ ਉਹਨੂੰ ਦਰਕਾਰ ਯਾਰੋ।
ਡੰਡਾ ਪੀਰ ਹੀ ਆਉਂਦਾ ਏ ਕੰਮ ਓਥੇ, ਰਲੀ ਹੋਵੇ ਜੇ ਚੋਰਾਂ ਦੇ ਨਾਲ ਕੁੱਤੀ।
ਦੁਨੀਆਂ ਪਾਉਂਦੀ ਏ ਪੈਰਾਂ ਦੇ ਵਿਚ ਭਾਵੇਂ, ਬੰਦਾ 'ਅੱਕਿਆ' ਹੱਥਾਂ 'ਚ ਫੜੇ ਜੁੱਤੀ।

# ਗੁਰਮੀਤ ਪਿੰਕੀ 'ਕੈਟ ਰਜਮੈਂਟ' ਅਤੇ ਰੰਗ ਹੋਣੀ ਦੇ

***ਗੁਰਮੀਤ ਪਿੰਕੀ ਦੀ ਕਹਾਣੀ ਬੜੀ ਟੇਢੀ ਹੈ। ਅਖਬਾਰੀ ਰਿਪੋਰਟ ਰਾਹੀਂ ਇਹ ਸੁਣਾਈ ਜਾ ਨਹੀਂ ਸਕਦੀ। ਇਹ ਤਾਂ ਮਨਿੰਦਰ ਕਾਂਗ (ਜਿਸ ਨੇ 'ਭਾਰ' ਵਰਗੀ ਜਾਨਦਾਰ ਕਹਾਣੀ ਲਿਖੀ ਸੀ) ਵਰਗਾ ਕੋਈ ਸਮਰੱਥ ਕਥਾਕਾਰ ਹੀ ਸੁਣਾ ਸਕਦਾ ਹੈ। ਪੰਜਾਬ ਦੇ ਹਾਲੀਆ ਇਤਿਹਾਸ ਦੇ ਇਨ੍ਹਾਂ ਖਲਨਾਇਕਾਂ ਦੀ ਕਹਾਣੀ ਦਾ ਵੀ ਲੋਕਾਂ ਨੂੰ ਪਤਾ ਲੱਗਣਾ ਚਾਹੀਦਾ ਹੈ। ਆਖਰ ਤਰਨ ਤਾਰਨ ਤੇ ਬਟਾਲਾ ਸ਼ਹਿਰਾਂ ਦੇ ਬਥੇਰੇ ਲੋਕ ਦਲਬੀਰ ਅਤੇ ਲੱਖੇ ਮਰੂਤੀ ਨੂੰ ਅੱਜ ਤੱਕ ਵੀ ਯਾਦ ਕਰਦੇ ਹਨ ਅਤੇ ਕਈਆਂ ਦਾ ਕਹਿਣਾ ਹੈ ਕਿ ਦਲਬੀਰੇ ਨਾਲ ਜੋ ਕੋਈ ਘੜੀ ਪਲ ਦਾ ਸਮਾਂ ਗੁਜ਼ਾਰ ਗਿਆ, ਉਹ ਉਸ ਨੂੰ ਫਿਰ ਕਦੀ ਭੁਲਿਆ ਨਹੀਂ ਸੀ। ਦੂਜੇ ਪਾਸੇ ਕੇ.ਸੀ. ਸ਼ਰਮਾ, ਖਾੜਕੂ ਲਹਿਰ ਦੇ ਨਾਇਕ ਹਰਜਿੰਦਰ ਸਿੰਘ ਜਿੰਦਾ ਦੀ ਸੱਜੀ ਬਾਂਹ ਸੀ। ਨਵੀਂ ਦਿੱਲੀ ਵਿਚ ਲਲਿਤ ਮਾਕਨ ਅਤੇ ਅਰਜਣ ਦਾਸ ਵਰਗੇ ਲੋਕਾਂ ਦੇ ਹੱਤਿਆ ਕਾਂਡਾਂ ਵਿਚ ਜਿੰਦੇ ਨਾਲ ਮੁੱਖ ਭੂਮਿਕਾ ਉਸੇ ਵਲੋਂ ਹੀ ਨਿਭਾਈ ਗਈ ਸੀ, ਪਰ ਕੇ.ਸੀ. ਸ਼ਰਮਾ ਇਕ-ਦੂਜੇ ਨਾਲ ਰਾਹ ਕਟ ਜਾਣ ਤੋਂ ਪਹਿਲਾਂ ਦਲਬੀਰ ਦਾ ਅਜ਼ੀਜ਼ ਹੀ ਤਾਂ ਸੀ ਅਤੇ ਕੋਟ ਮਹਿਮਦ ਖਾਨ ਅਤੇ ਪੱਖੋ ਕਿਆਂ ਦੇ ਲੋਕਾਂ ਨੂੰ ਉਨ੍ਹਾਂ ਦੇ ਯਰਾਨੇ ਦੀਆਂ ਕਹਾਣੀਆਂ ਅੱਜ ਵੀ ਯਾਦ ਹਨ।***

**ਗੁਰਦਿਆਲ ਸਿੰਘ ਬੱਲ**

ਗੁਰਮੀਤ ਸਿੰਘ ਉਰਫ ਪਿੰਕੀ ਕੈਟ ਪੰਜਾਬ ਅੰਦਰ ਖਾੜਕੂ ਲਹਿਰ ਦੌਰਾਨ ਬਦਨਾਮ ਭੂਮਿਕਾ ਕਾਰਨ ਪਿਛਲੇ ਕਈ ਸਾਲਾਂ ਤੋਂ ਵਾਰ-ਵਾਰ ਚਰਚਾ ਦਾ ਵਿਸ਼ਾ ਬਣਦਾ ਰਿਹਾ ਹੈ ਅਤੇ ਅੱਜ ਕੱਲ੍ਹ ਪੰਜਾਬ ਦੀ ਅਕਾਲੀ ਸਰਕਾਰ ਦੀ ਸਿਫਾਰਸ਼ 'ਤੇ ਕੋਰਟ ਵਲੋਂ ਲੁਧਿਆਣਾ ਕਤਲ ਕੇਸ ਵਿਚ ਉਸ ਦੀ ਰਹਿੰਦੀ ਜੇਲ੍ਹ ਸਜ਼ਾ ਮੁਆਫ ਕਰ ਦੇਣ ਕਾਰਨ ਉਸ ਦਾ ਨਾਂ ਇਕ ਵਾਰ ਮੁੜ ਅਖਬਾਰਾਂ ਦੀਆਂ ਸੁਰਖੀਆਂ ਵਿਚ ਆਇਆ ਹੋਇਆ ਹੈ। ਵੈਨਕੂਵਰ ਸ਼ਹਿਰ ਵਿਚ ਵਸੇ ਹੋਏ ਉਸ ਦੇ ਇਕ ਜਾਣਕਾਰ ਸੱਜਣ ਦਾ ਕਹਿਣਾ ਹੈ ਕਿ ਪਿੰਕੀ ਕੋਈ ਜਮਾਂਦਰੂ ਕੈਟ ਜਾਂ 'ਰਾਖਸ਼' ਨਹੀਂ ਹੈ ਬਲਕਿ ਉਹ ਵੀ ਆਮ ਬੰਦਿਆਂ ਵਰਗਾ ਹੀ ਬੰਦਾ ਹੈ; ਆਮ ਬੰਦਿਆਂ ਵਾਲੇ ਹੀ ਸਾਰੇ ਗੁਣ ਜਾਂ ਔਗੁਣ ਉਸ ਵਿਚ ਵੀ ਹਨ, ਪਰ ਆਮ ਲੋਕਾਂ ਨੂੰ ਖਾੜਕੂ ਲਹਿਰ ਦੇ ਸਮੇਂ ਦੇ ਪੁਲਿਸ ਕਲਚਰ ਵਿਰੁਧ ਅਜੇ ਤਕ ਵੀ ਗੁਸਾ ਇਤਨਾ ਜ਼ਿਆਦਾ ਹੈ ਕਿ ਅਜਿਹੇ ਬਿਆਨ ਨਾਲ ਸਹਿਮਤ ਹੋਣਾ ਤਾਂ ਪਾਸੇ ਕੋਈ ਇਕ ਜਾਣਾ ਅਜਿਹੀ ਦਲੀਲ ਸੁਣਨ ਤਕ ਨੂੰ ਵੀ ਤਿਆਰ ਨਹੀਂ ਹੈ।

ਸਾਕਾ ਨੀਲਾ ਤਾਰਾ ਵਾਪਰਨ ਸਮੇਂ ਪਿੰਕੀ ਪਟਿਆਲਾ ਸ਼ਹਿਰ ਵਿਚ ਆਪਣੇ ਮਾਪਿਆਂ ਨਾਲ ਰਹਿ ਰਿਹਾ ਸੀ। ਉਸ ਦੀ ਉਮਰ ਦੇ ਹੋਰ ਅਨੇਕਾਂ ਨੌਜਵਾਨਾਂ ਵਾਂਗ ਉਸ ਘਟਨਾ ਦਾ ਉਸ ਦੇ ਮਨ ਤੇ ਵੀ ਅਸਰ ਪਿਆ ਅਤੇ ਉਹ ਵੀ ਘਰੋਂ ਨਿਕਲ ਗਿਆ। ਅਗੇ ਜਾ ਕੇ ਮੁੰਡਿਆਂ ਦਾ ਕਿਸੇ ਗੱਲੋਂ ਆਪਸ ਵਿਚ ਰਫੜ ਪੈ ਗਿਆ। ਪਿੰਕੀ ਦੇ ਸਾਥੀਆਂ ਨੇ ਉਸ ਨੂੰ ਬਿਲੇ ਲਗਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਬਚ ਕੇ ਨਿਕਲ ਗਿਆ। ਇਹ ਉਹ ਦੌਰ ਸੀ ਜਦੋਂ ਇਜ਼ਹਾਰ ਆਲਮ ਅਤੇ ਉਨ੍ਹਾਂ ਵਰਗੇ ਕੁਝ ਹੋਰ 'ਉਤਸ਼ਾਹੀ' ਪੁਲਿਸ ਅਫਸਰਾਂ ਦੀ ਪਹਿਲ ਕਦਮੀ ਤੇ ਖਾੜਕੂਆਂ ਦੀਆਂ ਗੁਰੀਲਾ ਗਤੀਵਿਧੀਆਂ ਦਾ ਟਾਕਰਾ ਕਰਨ ਲਈ ਅਜੇ ਨਵੀਆਂ ਨਵੀਆਂ ਹੀ 'ਕਾਲੀਆਂ ਬਿੱਲੀਆਂ' ਦੇ ਦਸਤੇ ਬਣਨ ਲਗੇ ਸਨ। ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ 'ਕਾਲੀਆਂ ਬਿੱਲੀਆਂ' ਦਾ ਕਮਾਂਡਰ ਸੰਤੋਖ ਕਾਲਾ ਸੀ, ਗੁਰਦਾਸਪੁਰ ਜ਼ਿਲ੍ਹੇ ਵਿਚ ਗੋਬਿੰਦ ਰਾਮ ਨੇ ਇਹ ਜ਼ਿੰਮੇਵਾਰੀ ਲੱਖੇ ਮਰੂਤੀ ਨੂੰ ਸੌਂਪ ਦਿਤੀ; ਚੰਡੀਗੜ੍ਹ ਅਤੇ ਪਟਿਆਲਾ ਵਿਚ, ਤਰਨ ਤਾਰਨ ਜ਼ਿਲੇ ਵਿਚ ਪੱਖੋ ਕਿਆਂ ਦੇ ਦਲਬੀਰ ਨੂੰ ਅਤੇ ਲੁਧਿਆਣਾ ਜਿਲੇ ਵਿਚ 'ਕੈਟ ਰਜਮੈਂਟ' ਦਾ ਕਮਾਂਡਰ ਗੁਰਮੀਤ ਨੂੰ ਬਣਾ ਦਿਤਾ ਗਿਆ। ਉਨ੍ਹੀਂ ਦਿਨੀ, ਝੂਠ ਜਾਂ ਸੱਚ, ਇਹ ਗੱਲਾਂ ਆਮ ਚਰਚਾ ਵਿਚ ਸਨ ਕਿ ਸੰਤੋਖ ਕਾਲੇ ਨੂੰ ਇਜ਼ਹਾਰ ਆਲਮ ਨੇ, ਲੱਖੇ ਮਰੂਤੀ ਨੂੰ ਗੋਬਿੰਦ ਰਾਮ ਨੇ, ਗੁਰਮੀਤ ਪਿੰਕੀ ਨੂੰ ਸੁਮੇਧ ਸੈਣੀ ਨੇ ਅਤੇ ਪੱਖੋ ਕਿਆਂ ਵਾਲੇ ਦਲਬੀਰ ਨੂੰ ਖੁਦ ਪੁਲਿਸ ਮੁਖੀ ਰਿਬੈਰੋ ਨੇ ਆਪਣੇ 'ਪੁੱਤਰ' ਬਣਾਇਆ ਹੋਇਆ ਸੀ।

ਪੁਲਿਸ ਅਫਸਰ ਤਾਂ ਸਖਤ ਪਹਿਰੇ ਅੰਦਰ ਆਲੀਸ਼ਾਨ ਕੋਠੀਆਂ 'ਚ ਅਨੰਦ ਲੈਂਦੇ ਸਨ। ਖਾੜਕੂਆਂ ਵਿਰੁਧ ਫੀਲਡ ਵਿਚ ਹੱਥੋ ਹੱਥ ਲੜਾਈ ਕਾਲੀਆਂ ਬੋਲੀਆਂ ਰਾਤਾਂ ਵਿਚ 'ਗੁਪਤ ਰਜਮੈਂਟਾਂ' ਦੇ ਇਨ੍ਹਾਂ 'ਕਮਾਂਡਰਾਂ' ਵਲੋਂ ਹੀ ਲੜੀ ਗਈ ਸੀ। ਆਮ ਲੋਕਾਂ ਦੀ ਜ਼ਿੰਦਗੀ ਨਰਕ ਤੋਂ ਵੀ ਬਦਤਰ ਖਾਹ-ਮਖਾਹ ਹੀ ਬਣੀ ਹੋਈ ਸੀ।

ਇਨ੍ਹਾਂ ਕੈਟ ਕਮਾਂਡਰਾਂ ਵਿਚੋਂ ਸਭ ਤੋਂ ਪਹਿਲਾਂ ਦਲਬੀਰੇ ਕੈਟ ਦੀ ਚਰਚਾ ਉਸ ਸਮੇਂ ਹੋਈ ਜਦੋਂ ਉਹ ਚੰਡੀਗੜ੍ਹ ਵਿਖੇ ਦਿਨ-ਦਿਹਾੜੇ ਕੇ.ਸੀ. ਸ਼ਰਮਾ ਉਰਫ ਸੁਰਿੰਦਰ ਸਿੰਘ ਛਿੰਦਾ ਨਾਂ ਦੇ ਚੋਟੀ ਦੇ ਖਾੜਕੂ ਨੂੰ ਮਾਰ ਕੇ ਪੁਲਿਸ ਨੂੰ ਝਕਾਨੀ ਦੇਣ ਲਈ 16 ਸੈਕਟਰ, ਰਿਬੈਰੋ ਦੀ ਕੋਠੀ ਵਿਚ ਜਾ ਵੜਿਆ ਸੀ। ਉਹ ਅਲੋਕਾਰੀ ਘਟਨਾ ਕਈ ਦਿਨ ਅਖਬਾਰਾਂ ਅੰਦਰ ਦੰਤ ਕਥਾ ਬਣੀ ਰਹੀ ਸੀ। ਫਿਰ ਕੁਝ ਸਮਾਂ ਪਿਛੋਂ ਪਟਿਆਲਾ ਜ਼ਿਲ੍ਹੇ ਦੇ ਪੁਲਿਸ ਮੁਖੀ ਸੀਤਲ ਦਾਸ ਨਾਲ ਪੁਛੋਤਿਕੀ ਵਿਚ ਕਿਸੇ ਗੱਲੋਂ ਬੋਲ-ਬੁਲਾਰਾ ਹੋ ਜਾਣ ਦੌਰਾਨ ਉਹਨੇ ਸੀਤਲ ਦਾਸ ਨੂੰ ਗੋਲੀ ਮਾਰ ਦਿਤੀ ਅਤੇ ਆਪ ਵੀ ਉਥੇ ਹੀ ਮਾਰਿਆ ਗਿਆ। ਸੀਤਲ ਦਾਸ ਖੁਦ ਵੀ ਰਿਬੈਰੋ ਦਾ ਖਾਸ ਚਹੇਤਾ ਸੀ। ਬੜਾ ਹੋ-ਹੱਲਾ ਮਚਿਆ ਸੀ। ਮਾਨੋ ਰਿਬੈਰੋ ਦੇ ਦੋ 'ਪੁੱਤਰ' ਇਕੱਠੇ ਹੀ ਮਾਰੇ ਗਏ ਸਨ। ਸੀਤਲ ਦਾਸ ਦੇ ਕਈ ਸਾਹਿਤਕ ਮਿੱਤਰ ਤਾਂ ਇਹ ਵੀ ਦੱਸਦੇ ਸਨ ਕਿ ਝਗੜੇ ਤੋਂ ਪਹਿਲਾਂ ਉਨ੍ਹਾਂ ਦਾ ਆਪਸ ਵਿਚ ਭਰਾਵਾਂ ਵਾਲਾ ਪਿਆਰ ਸੀ। ਉਸੇ ਤਰ੍ਹਾਂ ਜਿਵੇਂ ਪਿਛੋਂ ਇਸ ਤਰ੍ਹਾਂ ਦੀ ਚਰਚਾ ਹੁੰਦੀ ਰਹੀ ਸੀ ਕਿ ਸਮੇਧ ਸੈਣੀ ਨੇ ਵੀ ਇਕ ਹੋਰ ਉੱਘੇ 'ਕੈਟ' ਬਾਬਾ ਅਜੀਤ ਸਿੰਘ ਪੂਹਲਾ ਨਾਲ 'ਪੱਗ ਵਟਾਈ' ਹੋਈ ਸੀ।

ਦਲਬੀਰ ਦੇ ਮਾਰੇ ਜਾਣ ਪਿਛੋਂ ਸੰਤੋਖ ਕਾਲੇ ਦਾ ਨਾਂ ਸਭ ਤੋਂ ਵੱਧ ਚਰਚਾ ਵਿਚ ਸੀ ਪਰ ਇਜ਼ਹਾਰ ਆਲਮ ਦੇ ਅੰਮ੍ਰਿਤਸਰ ਤੋਂ ਸ਼ਿਫਟ ਹੋ ਜਾਣ ਪਿਛੋਂ ਸੰਤੋਖੇ ਦੀ 'ਕੈਟ ਰਜਮੈਂਟ' ਭੰਗ ਕਰ ਦਿਤੀ ਗਈ। ਉਹ ਪ੍ਰੇਸ਼ਾਨ ਸੀ ਅਤੇ ਉਸ ਦੀ ਇਸੇ ਪ੍ਰੇਸ਼ਾਨੀ ਦਾ ਲਾਹਾ ਲੈਂਦਿਆਂ ਉਸ ਦੇ ਸ਼ੁਰੂਆਤੀ ਖਾੜਕੂ ਦਿਨਾਂ ਦਾ ਸਾਥੀ ਭੁਪਿੰਦਰ ਸਿੰਘ ਤੋਤੀ ਉਸ ਦੇ ਨੇੜੇ ਲਗਣ ਵਿਚ ਸਫਲ ਹੋ ਗਿਆ।... ਤੇ ਫਿਰ ਇਕ ਦਿਨ ਉਹਨੇ ਸੰਤੋਖ ਦੇ ਘਰੇ ਬੈਠਿਆਂ ਉਸ ਦੀ ਮਾਂ ਅਤੇ ਭੈਣ ਦੇ ਸਾਹਮਣੇ, ਉਸੇ ਦੀ ਏ.ਕੇ. ਸੰਤਾਲੀ ਨਾਲ ਹੀ ਉਸ ਦਾ ਕੰਮ ਤਮਾਮ ਕਰ ਦਿਤਾ। ਪਿਛੋਂ ਸੰਤੋਖੇ ਦੀ ਹੱਤਿਆ ਦੀ ਜ਼ਿੰਮੇਵਾਰੀ 'ਦਸਮੇਸ਼ ਰਜਮੈਂਟ' ਵਲੋਂ ਲਈ ਗਈ ਸੀ। ਭੁਪਿੰਦਰ ਸਿੰਘ ਆਲ ਇੰਡੀਆ ਸਿੱਖ ਫੈਡਰੇਸ਼ਨ ਦੇ ਪ੍ਰਧਾਨ ਅਤੇ 'ਦਸਮੇਸ਼ ਰਜਮੈਂਟ' ਦੇ 'ਜਨਰਲ' ਹਰਮਿੰਦਰ ਸਿੰਘ ਸੰਧੂ ਦਾ ਚਹੇਤਾ ਅਜ਼ੀਜ਼ ਹੀ ਤਾਂ ਸੀ। ਦਲਬੀਰ ਅਤੇ ਸੰਤੋਖ ਤੋਂ ਬਾਅਦ ਵਾਰੀ ਲੱਖੇ ਮਰੂਤੀ ਦੀ ਸੀ। ਖਾੜਕੂ ਲਹਿਰ ਵਿਰੁਧ ਪੂਰਾ ਕੰਮ ਦੇ ਦੇਣ ਪਿਛੋਂ ਉਸ ਦੀ ਕਿਸੇ ਨੂੰ ਲੋੜ ਨਹੀਂ ਸੀ। ਦਿਸ਼ਾ ਵਿਹੂਣਾ ਉਹ ਹੋ ਹੀ ਚੁੱਕਾ ਸੀ। ਕਹਿੰਦੇ ਹਨ ਕਿ ਪੁਲਿਸ ਵਾਲੇ ਵੀ ਜਲਦੀ ਹੀ ਉਸ ਤੋਂ ਅੱਕ ਗਏ ਅਤੇ ਉਨ੍ਹਾਂ ਨੇ ਖੁਦ ਹੀ ਉਸ ਨੂੰ ਕੋਹ-ਕੋਹ ਕੇ 'ਹਲਾਲ' ਕਰ ਦਿਤਾ। ਉਸ ਦੀ ਮੌਤ ਬੜੀ ਹੀ ਭਿਆਨਕ ਸੀ। ਪੰਜਾਬੀ ਦੇ ਉੱਘੇ ਕਹਾਣੀਕਾਰ ਮਨਿੰਦਰ ਕਾਂਗ ਨੇ 'ਭਾਰ' ਨਾਂ ਦੀ ਚਰਚਿਤ ਕਹਾਣੀ ਲੱਖੇ ਮਰੂਤੀ ਬਾਰੇ ਹੀ ਲਿਖੀ ਸੀ। 'ਪੰਜਾਬ ਟਾਈਮਜ' ਦੇ ਪਾਠਕਾਂ ਨੇ ਇਹ ਕਹਾਣੀ ਪੜ੍ਹੀ ਵੀ ਹੋਈ ਹੈ।

ਇਨ੍ਹਾਂ 'ਕੈਟ ਕਮਾਂਡਰਾਂ' ਵਿਚੋਂ ਸ੍ਰੀ ਸੁਮੇਧ ਸੈਣੀ ਅਤੇ ਰਾਜ ਕਿਸ਼ਨ ਬੇਦੀ ਦੇ ਕਥਿਤ ਥਾਪੜੇ ਸਦਕਾ ਇਕੱਲਾ ਗੁਰਮੀਤ ਪਿੰਕੀ ਹੀ ਆਪਣੇ ਹੋਰ 'ਭਰਾਵਾਂ' ਦੀ ਹੋਣੀ ਨੂੰ ਡਾਜ ਮਾਰ ਸਕਣ ਵਿਚ ਸਫਲ ਹੋਇਆ ਸੀ। ਉਹ ਕੈਟਾਂ ਵਿਚੋਂ ਨਿਕਲ ਕੇ ਪੁਲਿਸ ਦੀ ਪੱਕੀ ਨੌਕਰੀ ਵਿਚ ਆਇਆ ਅਤੇ ਪੁਲਿਸ ਇੰਸਪੈਕਟਰ ਬਣ ਗਿਆ। ਸਭ ਪਾਸੇ ਠੰਢ-ਠੰਢੋਲਾ ਹੋ ਚੁੱਕਿਆ ਸੀ। ਲੋਕਾਂ ਨੂੰ ਸ਼ਾਇਦ ਭੁੱਲ ਵੀ ਗਿਆ ਹੋਵੇ। ਪੂਰੇ 17 ਸਾਲ ਗਰਦਿਸ਼ 'ਚ ਰਹਿਣ ਪਿੱਛੋਂ ਸਰਦਾਰ ਬਾਦਲ ਦੇ ਸਿਤਾਰੇ ਮੁੜ ਚਮਕੇ ਅਤੇ ਸਾਲ 1997 'ਚ ਪੂਰੇ 16-17 ਸਾਲ ਪਹਿਲਾਂ ਉਹ ਮੁਖ ਮੰਤਰੀ ਦੀ ਕੁਰਸੀ 'ਤੇ ਵੀ ਬਿਰਾਜ ਗਏ। ਪੰਜਾਬ ਵਿਚ 'ਸ਼ਾਂਤੀ ਬਹਾਲ' ਹੋ ਚੁਕੀ ਸੀ। ਗੁਰਮੀਤ ਸਿੰਘ ਉਰਫ ਪਿੰਕੀ ਕੈਟ ਦੀ ਜ਼ਿੰਦਗੀ ਵੀ ਸ਼ਾਂਤ ਸੀ, ਪਰ ਹੋਣੀ ਬੜੀ ਬਲਵਾਨ ਸੀ। ਇਕ ਦਿਨ ਸ਼ਾਮ ਸਮੇਂ ਗੁਰਮੀਤ ਪਿੰਕੀ ਬਾਡੀ ਗਾਰਡਾਂ ਨਾਲ ਕਿਧਰੇ ਜਾ ਰਿਹਾ ਸੀ ਕਿ ਜਾਂਦਿਆਂ-ਜਾਂਦਿਆਂ ਆਪਣੇ ਕਿਸੇ ਸੱਜਣ ਨੂੰ ਮਿਲਣ ਲਈ ਰੁਕ ਗਿਆ। ਘਰ ਦੇ ਦਰਵਾਜ਼ੇ ਅੱਗੇ ਸੜਕ ਤੰਗ ਸੀ ਅਤੇ ਰੇਤ ਬਜਰੀ ਵਗੈਰਾ ਦਾ ਢੇਰ ਲਗਿਆ ਹੋਇਆ ਸੀ। ਬਾਡੀ ਗਾਰਡਾਂ ਦਾ ਕਿਸੇ ਰਾਹਗੀਰ ਪਿਉ ਪੁੱਤਰ ਨਾਲ ਲਾਂਘਾ ਛੱਡਣ ਦੀ ਮਾਮੂਲੀ ਗੱਲ ਤੋਂ ਝਗੜਾ ਹੋ ਗਿਆ। ਨੌਬਤ ਗੋਲੀ ਚੱਲਣ ਤਕ ਅਪੜ ਗਈ। ਸੁਣਿਆ, ਪਿੰਕੀ ਆਪਣੇ ਮਿੱਤਰ ਨਾਲ ਗੱਲਾਂ ਵਿਚ ਗਲਤਾਨ ਸੀ। ਉਸ ਨੂੰ ਸ਼ਾਇਦ ਚਿਤ-ਚੇਤਾ ਵੀ ਨਹੀਂ ਸੀ ਕਿ 'ਹੋਣੀ' ਉਸ ਨੂੰ ਕਿਵੇਂ ਘੇਰਾ ਪਾਉਣ ਜਾ ਰਹੀ ਸੀ। ਦੁਰਘਟਨਾ ਵਾਪਰ ਗਈ। ਰਾਹਗੀਰ ਨੌਜਵਾਨ ਨਿਹੱਕਾ ਮਾਰਿਆ ਗਿਆ। ਘਟਨਾ ਜਿਵੇਂ ਹੋਈ ਸੀ, ਸਬੰਧਤ ਥਾਣੇ ਵਿਚ ਐਫ.ਆਈ.ਆਰ. ਉਵੇਂ ਹੀ ਲਿਖੀ ਗਈ, ਪਰ ਕਾਲ ਚੱਕਰ ਉਸ ਸਮੇਂ ਤੱਕ ਘੁੰਮ ਚੁਕਿਆ ਹੋਇਆ ਸੀ। ਲੁਧਿਆਣਾ ਬੜਾ ਦਿਲਚਸਪ ਸ਼ਹਿਰ ਹੈ। ਕੁਝ ਦਿਨ ਬਾਅਦ ਹਰ ਜਣਾ-ਖਣਾ ਹੀ ਦਸੀ ਜਾ ਰਿਹਾ ਸੀ ਕਿ ਮੌਕੇ ਦੇ ਪਿੰਕੀ-ਸੁਮੇਧ ਧੜੇ ਦੇ ਵਿਰੋਧੀ ਕਿਸੇ ਉਚ ਪੁਲਿਸ ਅਧਿਕਾਰੀ ਨੇ ਕਿਵੇਂ ਗਾਲ੍ਹਾਂ ਦੇ ਕੇ ਪਹਿਲੀ ਐਫ.ਆਰ.ਆਈ. ਪੜਵਾਈ ਅਤੇ ਨਵੇਂ ਸਿਰਿਓਂ ਲਿਖਵਾਈ ਤਾਂ ਕਿ ਪਿੰਕੀ ਕਿਸੇ ਕੰਨੀਓਂ ਵੀ ਬਚ ਕੇ ਬਾਹਰ ਨਿਕਲ ਨਾ ਸਕੇ। ਇਸ ਦੇ ਬਾਵਜੂਦ ਪਿੰਕੀ ਦੇ ਹੋਣੀ ਦੇ ਫੰਧੇ ਵਿਚੋਂ ਨਿਕਲਣ ਦੇ ਇਮਕਾਨ ਵਾਰ-ਵਾਰ ਬਣਦੇ ਰਹੇ, ਪਰ ਉਸ ਦੇ 'ਭੂਤ' ਨੇ ਉਸ ਦਾ ਪਿੱਛਾ ਨਾ ਛੱਡਿਆ। ਐਤਕੀਂ ਉਹ ਪਿੰਜਰੇ 'ਚੋਂ ਨਿਕਲ ਤਾਂ ਗਿਆ ਹੈ ਪਰ ਅਜੇ ਵੇਖੋ ਅੱਗਿਉਂ ਹੋਣੀ ਕੀ ਕਰਵਟ ਲੈਂਦੀ ਹੈ। ਅਸਲ ਵਿਚ ਗੁਰਮੀਤ ਪਿੰਕੀ ਦੀ ਕਹਾਣੀ ਬੜੀ ਟੇਢੀ ਹੈ। ਅਖਬਾਰੀ ਰਿਪੋਰਟ ਰਾਹੀਂ ਇਹ ਸੁਣਾਈ ਜਾ ਨਹੀਂ ਸਕਦੀ। ਇਹ ਤਾਂ ਮਨਿੰਦਰ ਕਾਂਗ ਵਰਗਾ ਕੋਈ ਸਮਰੱਥ ਕਥਾਕਾਰ ਹੀ ਸੁਣਾ ਸਕਦਾ ਹੈ। ਪੰਜਾਬ ਦੇ ਹਾਲੀਆ ਇਤਿਹਾਸ ਦੇ ਇਨ੍ਹਾਂ ਖਲਨਾਇਕਾਂ ਦੀ ਕਹਾਣੀ ਦਾ ਵੀ ਲੋਕਾਂ ਨੂੰ ਪਤਾ ਲੱਗਣਾ ਚਾਹੀਦਾ ਹੈ। ਆਖਰ ਤਰਨ ਤਾਰਨ ਤੇ ਬਟਾਲਾ ਸ਼ਹਿਰਾਂ ਦੇ ਬਥੇਰੇ ਲੋਕ ਦਲਬੀਰ ਅਤੇ ਲੱਖੇ ਮਰੂਤੀ ਨੂੰ ਅੱਜ ਤੱਕ ਵੀ ਯਾਦ ਕਰਦੇ ਹਨ ਅਤੇ ਕਈਆਂ ਦਾ ਕਹਿਣਾ ਹੈ ਕਿ ਦਲਬੀਰੇ ਨਾਲ ਜੋ ਕੋਈ ਘੜੀ ਪਲ ਦਾ ਸਮਾਂ ਗੁਜ਼ਾਰ ਗਿਆ, ਉਹ ਉਸ ਨੂੰ ਫਿਰ ਕਦੀ ਭੁਲਿਆ ਨਹੀਂ ਸੀ। ਦੂਜੇ ਪਾਸੇ ਕੇ.ਸੀ. ਸ਼ਰਮਾ, ਖਾੜਕੂ ਲਹਿਰ ਦੇ ਨਾਇਕ ਹਰਜਿੰਦਰ ਸਿੰਘ ਜਿੰਦਾ ਦੀ ਸੱਜੀ ਬਾਂਹ ਸੀ। ਨਵੀਂ ਦਿੱਲੀ ਵਿਚ ਲਲਿਤ ਮਾਕਨ ਅਤੇ ਅਰਜਣ ਦਾਸ ਵਰਗੇ ਲੋਕਾਂ ਦੇ ਹੱਤਿਆ ਕਾਂਡਾਂ ਵਿਚ ਜਿੰਦੇ ਨਾਲ ਮੁੱਖ ਭੂਮਿਕਾ ਉਸੇ ਵਲੋਂ ਹੀ ਨਿਭਾਈ ਗਈ ਸੀ, ਪਰ ਕੇ.ਸੀ. ਸ਼ਰਮਾ ਇਕ-ਦੂਜੇ ਨਾਲ ਰਾਹ ਕਟ ਜਾਣ ਤੋਂ ਪਹਿਲਾਂ ਦਲਬੀਰ ਦਾ ਅਜ਼ੀਜ਼ ਹੀ ਤਾਂ ਸੀ ਅਤੇ ਕੋਟ ਮਹਿਮਦ ਖਾਨ ਅਤੇ ਪੱਖੋ ਕਿਆਂ ਦੇ ਲੋਕਾਂ ਨੂੰ ਉਨ੍ਹਾਂ ਦੇ ਯਰਾਨੇ ਦੀਆਂ ਕਹਾਣੀਆਂ ਅੱਜ ਵੀ ਯਾਦ ਹਨ।... ਤੇ ਸਥਿਤੀ ਦਾ ਤਰਾਸਦਿਕ ਵਿਅੰਗ ਵੇਖੋ ਕਿ ਉਨ੍ਹੀਂ ਦਿਨੀਂ ਕੇ.ਸੀ. ਸ਼ਰਮਾ ਦੀ ਮੌਤ ਦਾ ਬਦਲਾ ਲੈਣ ਲਈ ਉਸ ਦੇ ਸਮਰਥਕਾਂ ਨੇ ਦਲਬੀਰ ਦੇ ਬਜ਼ੁਰਗ ਬਾਪ ਨੂੰ ਘਰੋਂ ਉਠਾ ਕੇ ਬਾਹਰ ਰੂੜੀਆਂ ਤੇ ਲਿਆਂਦਾ ਅਤੇ ਗੋਲੀਆਂ ਮਾਰ ਕੇ ਮਾਰ ਦਿਤਾ। ਕੁਝ ਹੀ ਸਮੇਂ ਬਾਅਦ ਇਹੋ ਭਾਣਾ 'ਪੁਲਿਸ ਕੈਟਾਂ' ਨੇ ਵਰਤਾਇਆ। ਉਨ੍ਹਾਂ ਵਲੋਂ ਵੀ ਕੇ.ਸੀ. ਸ਼ਰਮਾ ਦੇ ਬਜ਼ੁਰਗ ਪਿਤਾ ਨੂੰ ਉਸੇ ਤਰ੍ਹਾਂ ਸੁੱਤੇ ਪਿਆਂ ਨੂੰ ਘਰੋਂ ਉਠਾ ਕੇ ਬਾਹਰ ਲਿਜਾ ਕੇ ਗੋਲੀਆਂ ਮਾਰ ਦਿਤੀਆਂ ਗਈਆਂ। ਦੋਵੇਂ ਬਜ਼ੁਰਗ ਸ਼ਾਨਾਮੱਤੇ ਮਝੈਲ ਸਨ ਤੇ ਦੋਵਾਂ ਪਿੰਡਾਂ ਦੇ ਲੋਕ ਇਹ ਗੱਲ ਅੱਜ ਵੀ ਤਸਦੀਕੀ ਅੰਦਾਜ਼ ਨਾਲ ਕਹਿੰਦੇ ਸੁਣੇ ਜਾ ਸਕਦੇ ਸਨ।

# ਇਸਰਾਇਲੀ ਹਮਲੇ ਅਤੇ ਅਮਰੀਕਾ

## ਦੇਸ-ਪਰਦੇਸ

***ਬਰਤਾਨਵੀ ਹਕੂਮਤ ਤਾਂ ਇਕ ਹੋਰ ਪੱਖੋਂ ਵੀ ਇਸਰਾਈਲ ਨਾਲ ਜੁੜੀ ਹੋਈ ਹੈ; ਉਹ ਹੈ ਗਾਜ਼ਾ ਦੀ 4 ਅਰਬ ਡਾਲਰ ਮੁੱਲ ਦੀ ਕੁਦਰਤੀ ਗੈਸ ਉਪਰ ਕਬਜ਼ੇ ਦੀ ਲਾਲਸਾ। ਬ੍ਰਿਟਿਸ਼ ਗੈਸ (ਬੀ.ਜੀ.) ਦੀ ਖੋਜ ਅਨੁਸਾਰ ਗਾਜ਼ਾ ਦੇ ਸਮੁੰਦਰੀ ਕੰਢੇ ਦੇ ਖੇਤਰ ਵਿਚ 4 ਅਰਬ ਡਾਲਰ ਕੁਦਰਤੀ ਗੈਸ ਦੇ ਭੰਡਾਰ ਹਨ ਅਤੇ ਅਮਰੀਕੀ ਊਰਜਾ ਸੂਚਨਾ ਪ੍ਰਸ਼ਾਸਨ (ਈ.ਆਈ.ਏ.) ਅਨੁਸਾਰ ਗਾਜ਼ਾ ਦੇ ਸਮੁੰਦਰੀ ਇਲਾਕੇ ਵਿਚ ਤਕਰੀਬਨ 1.6 ਖਰਬ ਵਰਗ ਫੁੱਟ ਐਸੀ ਗੈਸ ਹੈ ਜੋ ਦੁਬਾਰਾ ਕੱਢੀ ਜਾ ਸਕਦੀ ਹੈ। ਨਾਲ ਹੀ ਗਾਜ਼ਾ ਦੇ ਸਮੁੰਦਰੀ ਕੰਢੇ ਅੰਦਰ ਕੁਦਰਤੀ ਊਰਜਾ ਦੇ ਹੋਰ ਵਸੀਲੇ ਹੋਣ ਦੀ ਪੂਰੀ ਸੰਭਾਵਨਾ ਹੈ। ਜਦੋਂ ਤੋਂ ਇਹ ਖੋਜ ਹੋਈ ਹੈ, ਸੰਨ 2000 ਤੋਂ ਹੀ ਇਸਰਾਈਲ ਨੇ ਫਲਸਤੀਨੀਆਂ ਨੂੰ ਆਪਣੀ ਹੀ ਸਰਜ਼ਮੀਨ ਦੇ ਪਾਣੀਆਂ ਅਤੇ ਮੱਛੀਆਂ ਫੜਨ ਦੇ ਹੱਕਾਂ ਤੋਂ ਵਾਂਝੇ ਕਰ ਕੇ ਗਾਜ਼ਾ ਨੂੰ ਘੇਰਾ ਪਾਇਆ ਹੋਇਆ ਹੈ। ਉਹ ਹਰ ਕੀਮਤ 'ਤੇ ਇਸ ਖੇਤਰ ਵਿਚੋਂ ਫ਼ਲਸਤੀਨੀ ਲੋਕਾਂ ਨੂੰ ਕੱਢ ਦੇਣਾ ਚਾਹੁੰਦੇ ਹਨ।***

ਗਾਜ਼ਾ ਉਪਰ ਇਸਰਾਇਲ ਦੇ ਕਬਜ਼ੇ ਅਤੇ ਨਾਜਾਇਜ਼ ਹਮਲਿਆਂ ਦਾ ਵਿਰੋਧ ਕਰਦੇ ਸਮੇਂ ਇਸ ਪਹਿਲੂ ਵੱਲ ਬਹੁਤ ਘੱਟ ਧਿਆਨ ਦਿੱਤਾ ਜਾਂਦਾ ਹੈ ਕਿ ਇਸ ਵਿਚ ਸਾਮਰਾਜਵਾਦੀਆਂ, ਖ਼ਾਸ ਕਰ ਕੇ ਅਮਰੀਕੀ ਸਾਮਰਾਜਵਾਦੀਆਂ ਦਾ ਕਿੰਨਾ ਵੱਡਾ ਹੱਥ ਹੈ। ਉਪਰੋਂ ਦੇਖਿਆਂ ਇਉਂ ਲੱਗਦਾ ਹੈ ਕਿ ਅਮਰੀਕਾ ਇਸਰਾਇਲ ਦੀ ਜ਼ਿੱਦ ਅੱਗੇ ਬੇਵੱਸ ਹੈ। ਸੱਚਾਈ ਇਹ ਹੈ ਕਿ ਅਮਰੀਕਾ ਅਤੇ ਇਸ ਦੇ ਪਿਛਲੱਗ ਬਰਤਾਨੀਆ ਵੱਲੋਂ ਮੁਹੱਈਆ ਕਰਵਾਈ ਜਾ ਰਹੀ ਮਦਦ- ਹਥਿਆਰ ਅਤੇ ਜਾਸੂਸੀ ਤਕਨਾਲੋਜੀ ਤੇ ਸੂਚਨਾ, ਇਸਰਾਇਲੀ ਹਮਲਿਆਂ 'ਚ ਅਹਿਮ ਭੂਮਿਕਾ ਨਿਭਾ ਰਹੀ ਹੈ। ਇਹ ਅਮਰੀਕਾ ਹੀ ਹੈ ਜੋ ਇਸਰਾਇਲੀ ਜੰਗੀ ਮਸ਼ੀਨ ਨੂੰ ਹਥਿਆਰਾਂ ਦੀ ਤੋਟ ਨਹੀਂ ਆਉਣ ਦਿੰਦਾ। ਬਕੌਲ ਨੋਮ ਚੌਮਸਕੀ, "ਅਮਰੀਕਾ ਇਨ੍ਹਾਂ ਜ਼ੁਲਮਾਂ ਲਈ ਅਹਿਮ, ਫ਼ੈਸਲਾਕੁਨ ਮਦਦ ਦੇ ਰਿਹਾ ਹੈ।...ਪਾਇਲਟ ਤਾਂ ਇਸਰਾਇਲੀ ਹਨ ਪਰ ਜਿਨ੍ਹਾਂ ਜੈੱਟ ਜਹਾਜ਼ਾਂ ਤੋਂ ਬੰਬਾਰੀ ਕੀਤੀ ਜਾਂਦੀ ਹੈ, ਉਹ ਅਮਰੀਕਾ ਦੇ ਦਿੱਤੇ ਹੋਏ ਹਨ।" ਅਮਰੀਕੀ ਜਾਸੂਸੀ ਤਾਣੇ-ਬਾਣੇ ਦਾ ਭਾਂਡਾ ਭੰਨਣ ਵਾਲੇ ਐਡਵਰਡ ਸਨੋਡਨ ਵਲੋਂ ਨਸ਼ਰ ਕੀਤੇ ਦਸਤਾਵੇਜ਼ ਅਮਰੀਕਾ ਤੇ ਇਸ ਦੇ ਜੋਟੀਦਾਰਾਂ ਦੀ ਇਸਰਾਇਲੀ ਹਮਲਿਆਂ 'ਚ ਭੂਮਿਕਾ ਦਾ ਪ੍ਰਮਾਣਿਕ ਸਬੂਤ ਪੇਸ਼ ਕਰਦੇ ਹਨ।

ਬੂਟਾ ਸਿੰਘ
ਫੋਨ: 91-94634-74342

ਅਮਰੀਕੀ ਨੈਸ਼ਨਲ ਸਕਿਉਰਿਟੀ ਏਜੰਸੀ ਵਲੋਂ ਇਸਰਾਇਲੀ ਖ਼ੁਫ਼ੀਆ ਏਜੰਸੀ ਆਈ.ਐਸ.ਐਨ.ਯੂ (ਇਸਰਾਇਲੀ ਸਿਗਨਲ ਇੰਟੈਲੀਜੈਂਸ ਨੈਸ਼ਨਲ ਯੂਨਿਟ) ਉਰਫ਼ ਯੂਨਿਟ-8200 ਨੂੰ ਜਾਸੂਸੀ ਜਾਣਕਾਰੀ ਮੁਹੱਈਆ ਕਰਾਉਣ 'ਚ ਪਿਛਲੇ ਦਹਾਕੇ ਵਿਚ ਚੋਖਾ ਵਾਧਾ ਹੋਇਆ ਹੈ। ਇਸ ਵਿਚ ਫ਼ਲਸਤੀਨੀਆਂ ਦੀ ਜਾਸੂਸੀ ਕਰਨਾ ਤੇ ਉਨ੍ਹਾਂ ਨੂੰ ਹਮਲਿਆਂ ਦਾ ਨਿਸ਼ਾਨਾ ਬਣਾਉਣ ਲਈ ਇਸਤੇਮਾਲ ਕੀਤੀ ਜਾਣ ਵਾਲੀ ਜਾਣਕਾਰੀ ਮੁਹੱਈਆ ਕਰਨਾ ਵੀ ਸ਼ਾਮਲ ਹੈ। ਕਈ ਮਾਮਲਿਆਂ ਵਿਚ ਤਾਂ ਬਰਤਾਨਵੀ ਅਤੇ ਕੈਨੇਡੀਅਨ ਜਾਸੂਸੀ ਏਜੰਸੀਆਂ ਜੀ.ਸੀ.ਐਚ.ਕਿਊ. ਅਤੇ ਸੀ.ਐਸ.ਈ.ਸੀ. ਵੀ ਸ਼ਾਮਲ ਹਨ।

ਇਕ ਮਿਸਾਲ ਐਸੀ ਹੈ ਜਦੋਂ ਇਸਰਾਇਲੀ ਜਾਸੂਸੀ ਏਜੰਸੀ ਨੂੰ ਅਮਰੀਕਾ ਵਲੋਂ ਵੱਡੀ ਮਾਤਰਾ ਵਿਚ ਗੁਪਤ ਫੰਡ ਵੀ ਮੁਹੱਈਆ ਕਰਵਾਏ ਗਏ। ਅਮਰੀਕੀ ਤੇ ਬਰਤਾਨਵੀ ਜਾਸੂਸੀ ਏਜੰਸੀਆਂ ਅਮਰੀਕਾ ਦੀਆਂ ਹਮਾਇਤੀ ਅਰਬ ਹਕੂਮਤਾਂ ਅਤੇ ਖ਼ੁਦ ਫ਼ਲਸਤੀਨੀ ਅਥਾਰਟੀ ਸੁਰੱਖਿਆ ਤਾਕਤਾਂ ਰਾਹੀਂ ਫ਼ਲਸਤੀਨੀ ਨਿਸ਼ਾਨਿਆਂ ਬਾਰੇ ਅਹਿਮ ਖ਼ੁਫ਼ੀਆ ਜਾਣਕਾਰੀ ਇਸਰਾਇਲ ਜੰਗੀ ਮਸ਼ੀਨ ਨੂੰ ਮੁਹੱਈਆ ਕਰਵਾ ਰਹੀਆਂ ਹਨ।

ਹਮਲੇ ਭਾਵੇਂ 2008 ਦੇ ਅਖ਼ੀਰ 'ਚ ਕੀਤੇ, ਤੇ ਭਾਵੇਂ 2012 ਦੀ ਪੱਤਝੜ ਵੇਲੇ, ਜਾਂ ਪਿਛਲੇ ਮਹੀਨੇ ਤੋਂ ਸ਼ੁਰੂ ਹੋਏ, ਹਰ ਵਾਰ ਜਦੋਂ ਵੀ ਇਸਰਾਇਲ ਗਾਜ਼ਾ ਅਤੇ ਪੱਛਮੀ ਕੰਢੇ ਦੀ ਆਮ ਫ਼ਲਸਤੀਨੀ ਵਸੋਂ ਦਾ ਕਤਲੇਆਮ ਕਰਦਾ ਹੈ, ਇਕ ਹੀ ਕਹਾਣੀ ਵਾਰ-ਵਾਰ ਦੁਹਰਾਈ ਜਾਂਦੀ ਹੈ। ਅਮਰੀਕੀ ਹਕੂਮਤ ਇਸਰਾਇਲ ਨੂੰ ਦਰਿਆ-ਦਿਲੀ ਨਾਲ ਹਥਿਆਰ ਤੇ ਜੰਗੀ ਤਕਨਾਲੋਜੀ ਮੁਹੱਈਆ ਕਰਦੀ ਹੈ। ਅਮਰੀਕੀ ਕਾਂਗਰਸ ਇਸ ਦੀ ਹਮਾਇਤ 'ਚ ਮਤਾ ਪਾਉਂਦੀ ਹੈ ਅਤੇ ਹਕੂਮਤ ਜਨਤਕ ਤੌਰ 'ਤੇ ਵੀ ਅਤੇ ਸੰਯੁਕਤ ਰਾਸ਼ਟਰ ਵਿਚ ਵੀ ਇਸਰਾਇਲੀ ਹਮਲਿਆਂ ਦੇ ਹੱਕ ਵਿਚ ਖੜ੍ਹਦੀ ਹੈ। ਪਿਛਲੇ ਸਾਲ 'ਦਿ ਗਾਰਡੀਅਨ' ਅਖਬਾਰ ਨੇ ਦੋਵਾਂ ਏਜੰਸੀਆਂ ਦਰਮਿਆਨ ਇਸ ਅਦਾਨ-ਪ੍ਰਦਾਨ ਬਾਰੇ ਆਹਲਾ ਖ਼ੁਫ਼ੀਆ ਇਕਰਾਰਨਾਮਾ ਛਾਪ ਕੇ ਖ਼ੁਲਾਸਾ ਕੀਤਾ ਸੀ ਕਿ ਅਮਰੀਕੀ ਨਾਗਰਿਕਾਂ ਬਾਰੇ ਸੂਚਨਾ ਨੂੰ ਹਟਾਏ ਬਗ਼ੈਰ ਹੀ ਐਨ.ਐਸ.ਏ. ਅਕਸਰ ਹੀ ਸਮੁੱਚੀ ਜਾਸੂਸੀ ਜਾਣਕਾਰੀ ਇਸਰਾਇਲ ਨੂੰ ਦੇ ਰਹੀ ਹੈ।

ਹੁਣ ਇੰਟਰਸੈਪਟ ਨੇ ਐਨ.ਐਸ.ਏ. ਦਾ 13 ਅਪਰੈਲ 2013 ਦਾ ਇਕ ਅਹਿਮ ਦਸਤਾਵੇਜ਼ ਨਸ਼ਰ ਕੀਤਾ ਹੈ ਜੋ ਦੱਸਦਾ ਹੈ, "ਐਨ.ਐਸ.ਏ. ਨੇ ਇਸਰਾਇਲੀ ਸਿਗਿੰਟ ਨੈਸ਼ਨਲ ਯੂਨਿਟ ਨਾਲ ਡੇਟਾ ਤਕ ਪਹੁੰਚਣ, ਇਸ ਵਿਚ ਸੰਨ੍ਹ ਲਾਉਣ, ਨਿਸ਼ਾਨਾ ਬਣਾਉਣ, ਭਾਸ਼ਾ, ਵਿਸ਼ਲੇਸ਼ਣ ਅਤੇ ਰਿਪੋਰਟਿੰਗ ਬਾਰੇ ਜਾਣਕਾਰੀ ਸਾਂਝੀ ਕਰਨ ਦਾ ਦੂਰਗਾਮੀ ਤਕਨੀਕੀ ਅਤੇ ਵਿਸ਼ਲੇਸ਼ਣਾਤਮਕ ਰਿਸ਼ਤਾ ਬਣਾਇਆ ਹੋਇਆ ਹੈ।" ਖ਼ਾਸ ਕਰ ਕੇ, "ਇਸ ਸਿਗਿੰਟ ਸਬੰਧ ਦੀ ਅਮਰੀਕਾ ਅਤੇ ਇਸਰਾਇਲ ਦਰਮਿਆਨ ਚੁੜੇਰੇ ਜਾਸੂਸੀ ਸਬੰਧ ਨੂੰ ਵਧਾਉਣ 'ਚ ਜਾਗ-ਲਾਊ ਭੂਮਿਕਾ ਰਹੀ ਹੈ।...ਐਨ.ਐਸ.ਏ. ਦੀਆਂ ਸਾਈਬਰ ਹਿੱਸੇਦਾਰੀਆਂ ਦਾ ਇਸਨੂ ਤੋਂ ਪਾਰ ਜਾ ਕੇ ਇਸਰਾਇਲੀ ਡਿਫੈਂਸ ਇੰਟੈਲੀਜੈਂਸ ਦੀ ਐਸ.ਓ.ਡੀ. (ਸਪੈਸ਼ਲ ਓਪਰੇਸ਼ਨ ਡਿਵੀਜ਼ਨ) ਅਤੇ ਮੌਸਾਦ ਤਕ ਵਿਸਤਾਰ ਹੋ ਚੁੱਕਾ ਹੈ।"

ਇਸ ਵਿਆਪਕ ਸਹਿਯੋਗ ਤਹਿਤ, ਅਮਰੀਕੀ ਅਤੇ ਇਸਰਾਇਲੀ ਏਜੰਸੀਆਂ "ਭੂਗੋਲਿਕ ਨਿਸ਼ਾਨਿਆਂ" ਤਕ ਪਹੁੰਚਣ ਲਈ ਮਿਲ ਕੇ ਕੰਮ ਕਰਦੀਆਂ ਹਨ "ਜਿਸ ਵਿਚ ਉਤਰੀ ਅਫ਼ਰੀਕਾ, ਮੱਧ ਪੂਰਬ, ਇਰਾਨ ਦੀ ਖਾੜੀ, ਦੱਖਣੀ ਏਸ਼ੀਆ, ਅਤੇ ਸਾਬਕਾ ਸੋਵੀਅਤ ਯੂਨੀਅਨ ਦੇ ਇਸਲਾਮੀ ਗਣਰਾਜ ਸ਼ਾਮਲ ਹਨ।" ਇਸ ਵਿਚ "ਐਨ.ਐਸ.ਏ. ਅਤੇ ਇਸਨੂ ਦਰਮਿਆਨ ਉਚੇਚੀ ਸੰਚਾਰ ਲਾਈਨ" ਵੀ ਸ਼ਾਮਲ ਹੈ "ਜੋ ਹਾਸਲ ਸੂਚਨਾ ਅੱਗੇ ਦੇਣ ਅਤੇ ਰੋਜ਼ਮੱਰਾ ਦੀ ਵਿਸ਼ਲੇਸ਼ਣਾਤਮਕ ਤੇ ਤਕਨੀਕੀ ਖ਼ਤੋ-ਕਿਤਾਬਤ ਕਰਨ 'ਚ ਮਦਦ ਕਰਦੀ ਹੈ।"

ਇਸ ਰਿਸ਼ਤੇ ਨੇ ਖ਼ੁਫ਼ੀਆ ਜਾਣਕਾਰੀ ਅਤੇ ਜਾਸੂਸੀ, ਦੋਵੇਂ ਪੱਖਾਂ ਤੋਂ ਇਸਰਾਈਲ ਦੀ ਤਕੜੀ ਮਦਦ ਕੀਤੀ ਹੈ: "ਇਸਰਾਈਲ ਨੂੰ ਐਨ.ਐਸ.ਏ. ਦੀ ਆਲਮੀ ਦਰਜ਼ੇ ਦੀ ਕ੍ਰਿਪਟ-ਵਿਸ਼ਲੇਸ਼ਣੀ ਵਿਆਪਕ ਭੂਗੋਲਿਕ ਪਹੁੰਚ ਅਤੇ ਸਿਗਿੰਟ ਦੀ ਇੰਜੀਨੀਅਰਿੰਗ ਮੁਹਾਰਤ ਦਾ ਲਾਹਾ ਮਿਲ ਰਿਹਾ ਹੈ, ਨਾਲ ਹੀ ਇਹ ਖ਼ਰੀਦਦਾਰੀ ਦੀ ਸਹੂਲਤ ਅਤੇ ਵਿਦੇਸ਼ੀ ਫ਼ੌਜੀ ਸਾਜ਼ੋ-ਸਮਾਨ ਦੀ ਵਿਕਰੀ ਰਾਹੀਂ ਵਿਕਸਤ ਅਮਰੀਕੀ ਤਕਨਾਲੋਜੀ ਤੇ ਸਾਜ਼ੋ-ਸਮਾਨ ਤੱਕ ਬਾਜ਼ਾਬਤਾ ਪਹੁੰਚ ਦਾ ਲਾਹਾ ਵੀ ਲੈ ਰਿਹਾ ਹੈ।" ਐਨ.ਐਸ.ਏ. ਜਿਸ ਨੂੰ "ਫ਼ਲਸਤੀਨੀ ਦਹਿਸ਼ਤਵਾਦ" ਕਹਿੰਦੀ ਹੈ, ਉਹ ਇਸਰਾਇਲੀ ਦੀਆਂ ਸਹਿਯੋਗ ਦੀਆਂ ਤਰਜੀਹਾਂ ਵਿਚ ਸ਼ੁਮਾਰ ਹੈ।

"ਐਨ.ਐਸ.ਏ. ਅਤੇ ਇਸਨੂ ਦਰਮਿਆਨ ਸਹਿਯੋਗ ਕਈ ਦਹਾਕੇ ਪਹਿਲਾਂ ਸ਼ੁਰੂ ਹੋਇਆ। ਦੋਵਾਂ ਏਜੰਸੀਆਂ ਦਰਮਿਆਨ ਆਹਲਾ ਦਰਜੇ ਦਾ ਸਮਝੌਤਾ ਦੱਸਦਾ ਹੈ ਕਿ ਇਨ੍ਹਾਂ ਦਾ ਖ਼ੁਫ਼ੀਆ ਜਾਣਕਾਰੀ ਸਾਂਝੀ ਕਰਨ ਦਾ ਪਹਿਲਾ ਰਸਮੀ ਸਮਝੌਤਾ ਭਾਵੇਂ ਅਮਰੀਕੀ ਰਾਸ਼ਟਰਪਤੀ ਲਿੰਡਨ ਜੌਹਨਸਨ ਅਤੇ ਇਸਰਾਇਲੀ ਪ੍ਰਧਾਨ ਮੰਤਰੀ ਲੈਵੀ ਇਸ਼ਕੌਲ ਦਰਮਿਆਨ 1968 ਵਿਚ ਹੋਇਆ, ਪਰ ਗ਼ੈਰ-ਰਸਮੀ ਸਮਝੌਤਾ 1950ਵਿਆਂ ਵਿਚ ਹੀ ਹੋ ਗਿਆ ਸੀ। ਲੰਘੇ ਦਹਾਕੇ ਵਿਚ ਇਹ ਸਬੰਧ ਤੇਜ਼ੀ ਨਾਲ ਵਧੇ ਹਨ।

ਸੰਨ 2003 ਅਤੇ 2004 ਵਿਚ, ਇਸਰਾਈਲ ਵਲੋਂ ਐਨ.ਐਸ.ਏ. ਉਪਰ ਵਿਆਪਕ ਵਿਸਤਾਰ ਵਾਲਾ ਖ਼ੁਫ਼ੀਆ ਜਾਣਕਾਰੀ ਸਾਂਝੀ ਕਰਨ ਦਾ ਰਿਸ਼ਤਾ ਬਣਾਉਣ ਲਈ ਦਬਾਅ ਪਾਇਆ ਗਿਆ ਜਿਸ ਦਾ ਨਾਂ "ਗਲੇਡੀਏਟਰ" ਸੀ। ਇਸਰਾਈਲ ਚਾਹੁੰਦਾ ਸੀ ਕਿ ਅਮਰੀਕਾ ਇਸਰਾਇਲੀ ਸਰਗਰਮੀਆਂ ਲਈ ਲਖੂਖਾ ਡਾਲਰ ਦਾ ਸਮੁੱਚਾ ਖ਼ਰਚ ਦੇਵੇ। ਸ਼ਾਇਦ "ਗਲੇਡੀਏਟਰ" ਸਮਝੌਤੇ ਵਾਲੀ ਤਜਵੀਜ਼ ਨੇਪਰੇ ਨਾ ਚੜ੍ਹੀ ਹੋਵੇ, ਪਰ ਸਨੋਡਨ ਦੇ ਦਸਤਾਵੇਜ਼ੀ ਆਰਕਾਈਵ ਅੰਦਰ ਇਨ੍ਹਾਂ ਵਾਰਤਾਵਾਂ ਨਾਲ ਸਬੰਧਤ ਦਸਤਾਵੇਜ਼ਾਂ ਵਿਚ ਦੋ ਦਸਤਾਵੇਜ਼ ਐਸੇ ਹਨ ਜੋ ਕਿਸੇ ਗੁੱਝੇ ਮੰਤਵ ਲਈ ਇਸਰਾਇਲੀ ਅਧਿਕਾਰੀਆਂ ਨੂੰ ਪੰਜ ਲੱਖ ਡਾਲਰ ਦੀਆਂ ਇਕ ਜਾਂ ਵੱਧ ਵਾਰ ਅਦਾਇਗੀਆਂ



ਕੀਤੇ ਜਾਣ ਦੀਆਂ ਰਸੀਦਾਂ ਹਨ।

ਬਰਤਾਨੀਆ ਤੇ ਕੈਨੇਡਾ ਦੀਆਂ ਜਾਸੂਸੀ ਏਜੰਸੀਆਂ ਜੀ.ਸੀ.ਐਚ.ਕਿਊ. ਅਤੇ ਸੀ.ਐਸ.ਈ.ਸੀ. ਵੀ ਰਿਸ਼ਤਿਆਂ ਦੇ ਇਸ ਵਿਸਤਾਰ ਵਿਚ ਸ਼ਾਮਲ ਹਨ ਜੋ ਆਪਣੇ ਵਲੋਂ ਜੁਟਾਈ ਜਾਣਕਾਰੀ ਇਸਰਾਇਲੀਆਂ ਨਾਲ ਸਾਂਝੀ ਕਰਦੀਆਂ ਹਨ। 2009 ਦੇ ਸ਼ੁਰੂ ਤੋਂ ਲੈ ਕੇ, ਜਦੋਂ ਗਾਜ਼ਾ ਉਪਰ "ਕਾਸਟ ਲੀਡ" ਨਾਂ ਦਾ ਇਸਰਾਇਲੀ ਹਮਲਾ ਪੂਰੇ ਸਿਖ਼ਰਾਂ 'ਤੇ ਸੀ ਜਿਸ ਨੇ 1000 ਤੋਂ ਵੱਧ ਜਾਨਾਂ ਲਈਆਂ, ਬਹੁਤ ਸਾਰੇ ਦਸਤਾਵੇਜ਼ ਇਸ ਸਹਿਯੋਗ ਦਾ ਵਿਸਤਾਰਤ ਵੇਰਵਾ ਦਿੰਦੇ ਹਨ।

ਜੀ.ਸੀ.ਐਚ.ਕਿਊ. ਦੇ ਚੋਟੀ ਦੇ ਗੁਪਤ ਪ੍ਰੋਜੈਕਟ ਜਿਸ ਦਾ ਨਾਂ "ਯੈਸਟਰ-ਨਾਈਟ" ਸੀ ਵਿਚ "ਰੱਫਲ" ਸ਼ੁਮਾਰ ਸੀ ਜੋ ਬਰਤਾਨਵੀ ਏਜੰਸੀ ਵਲੋਂ ਇਸਰਾਇਲੀ ਇਸਨੂ ਨੂੰ ਦਿੱਤਾ ਕੋਡ ਨਾਂ ਸੀ। ਦਸਤਾਵੇਜ਼ ਅਨੁਸਾਰ, ਪ੍ਰੋਜੈਕਟ ਵਿਚ ਕੌਮਸੈਟ ਪਹੁੰਚ ਨੂੰ ਆਪਣੇ ਘੇਰੇ ਵਿਚ ਲੈਂਦਾ "ਤਿੰਨ-ਧਿਰੀ (ਜੀ.ਸੀ.ਐਚ.ਕਿਊ., ਐਨ.ਐਸ.ਏ. ਅਤੇ ਥਰਡ ਪਾਰਟੀ ਰੱਫਲ) ਟਾਰਗੈਟਿੰਗ ਆਦਾਨ-ਪ੍ਰਦਾਨ ਸਮਝੌਤਾ ਸ਼ਾਮਲ ਸੀ।" ਇਨ੍ਹਾਂ ਧਿਰਾਂ ਦਰਮਿਆਨ ਆਦਾਨ-ਪ੍ਰਦਾਨ ਦਾ ਇਕ "ਖ਼ਾਸ ਸੂਹੀਆ ਮਜਮੂਨ" "ਫ਼ਲਸਤੀਨੀ" ਸਨ, ਹਾਲਾਂਕਿ ਜੀ.ਸੀ.ਐਚ.ਕਿਊ. ਦਸਤਾਵੇਜ਼ ਕਹਿੰਦਾ ਹੈ ਕਿ ਇਸਰਾਈਲ ਦੀ ਸ਼ਮੂਲੀਅਤ ਦੀਆਂ "ਸੰਵੇਦਨਸ਼ੀਲਤਾਵਾਂ ਕਾਰਨ" ਉਸ ਖ਼ਾਸ ਪ੍ਰੋਗਰਾਮ ਵਿਚ ਫ਼ਲਸਤੀਨੀਆਂ ਅਤੇ ਖ਼ੁਦ ਇਸਰਾਇਲੀਆਂ ਨੂੰ ਸਿੱਧਾ ਨਿਸ਼ਾਨਾ ਬਣਾਉਣਾ ਸ਼ਾਮਲ ਨਹੀਂ ਹੈ; ਪਰ ਫਰਵਰੀ 2009 ਦਾ ਇਕ ਹੋਰ ਜੀ.ਸੀ.ਐਚ.ਕਿਊ. ਦਸਤਾਵੇਜ਼ "ਰੱਫਲ, ਐਨ.ਐਸ.ਏ., ਸੀ.ਐਸ.ਈ.ਸੀ. ਅਤੇ ਜੀ.ਸੀ.ਐਚ.ਕਿਊ. ਦੀ ਚਾਰ-ਧਿਰੀ ਮੀਟਿੰਗ" ਦਾ ਖ਼ੁਲਾਸਾ ਕਰਦਾ ਹੈ।

ਐਨ.ਐਸ.ਏ. ਅਤੇ ਜੀ.ਸੀ.ਐਚ.ਕਿਊ. ਕਈ ਵਸੀਲਿਆਂ ਤੋਂ ਫ਼ਲਸਤੀਨੀਆਂ ਬਾਰੇ ਖ਼ੁਫ਼ੀਆ ਜਾਣਕਾਰੀ ਹਾਸਲ ਕਰਦੀਆਂ ਹਨ। ਉਨ੍ਹਾਂ ਨੇ ਤਾਂ ਇਸ ਖੇਤਰ ਅੰਦਰਲੇ ਹੋਰ ਅਰਬ ਗਰੁਪਾਂ ਬਾਰੇ ਅਮਰੀਕੀ ਹਮਾਇਤੀ ਫ਼ਲਸਤੀਨੀ ਅਥਾਰਟੀ ਸਕਿਉਰਿਟੀ ਸਰਵਿਸ ਨੂੰ ਜਾਸੂਸੀ ਤੇ ਖ਼ੁਫ਼ੀਆ ਜਾਣਕਾਰੀ ਦੇਣ ਲਈ ਵੀ ਮਨਾ ਲਿਆ ਹੋਇਆ ਹੈ। ਜੀ.ਸੀ.ਐਚ.ਕਿਊ. ਦਾ ਜੁਲਾਈ 2008 ਦਾ ਇਕ ਦਸਤਾਵੇਜ਼ ਬਿਆਨ ਕਰਦਾ ਹੈ:

"ਜਾਰਡਨ ਵੀ ਫ਼ਲਸਤੀਨੀਆਂ ਬਾਰੇ ਐਨ.ਐਸ.ਏ. ਨੂੰ ਜਾਸੂਸੀ ਜਾਣਕਾਰੀ ਦਿੰਦਾ ਹੈ।" ਐਨ.ਐਸ.ਏ. ਦਾ 2013 ਦਾ ਗੁਪਤ ਦਸਤਾਵੇਜ਼ ਦੱਸਦਾ ਹੈ ਕਿ ਕਿਵੇਂ "ਐਨ.ਐਸ.ਏ. ਦੀ ਈ.ਡਬਲਯੂ.ਡੀ. (ਜਾਰਡਨ ਦਾ ਇਲੈਕਟ੍ਰਾਨਿਕ ਵਾਰਫੇਅਰ ਡਾਇਰੈਕਟੋਰੇਟ) ਨਾਲ 1980ਵਿਆਂ ਦੇ ਸ਼ੁਰੂ ਤੋਂ ਹੀ ਪੱਕੀ, ਚਿਰਜੀਵੀ ਅਤੇ ਭਰੋਸੇਯੋਗ ਸਾਂਝ ਚਲੀ ਆ ਰਹੀ ਹੈ।" ਖ਼ਾਸ ਤੌਰ 'ਤੇ, ਦੋਵੇਂ ਏਜੰਸੀਆਂ "ਦੁਵੱਲੇ ਹਿੱਤ ਵਾਲੇ ਉਚ-ਤਰਜੀਹੀ ਸਿਗਿੰਟ ਨਿਸ਼ਾਨਿਆਂ ਬਾਰੇ ਸਹਿਯੋਗ ਕਰ ਕੇ ਚਲਦੀਆਂ ਹਨ" ਜਿਨ੍ਹਾਂ ਵਿਚ ਫ਼ਲਸਤੀਨੀ ਸਕਿਉਰਿਟੀ ਤਾਕਤਾਂ ਵੀ ਸ਼ਾਮਲ ਹਨ।

ਦਿਲਚਸਪ ਗੱਲ ਇਹ ਵੀ ਹੈ ਕਿ ਇਸਰਾਈਲ ਦੇ ਜਾਸੂਸੀ ਸੂਚਨਾ-ਸੰਗ੍ਰਿਹ ਅਤੇ ਤਕਨਾਲੋਜੀ ਦਾ ਢਿੱਡ ਭਰਨ ਲਈ ਐਨ.ਐਸ.ਏ. ਤੇ ਇਸ ਦੇ ਹਿੱਸੇਦਾਰਾਂ ਨੂੰ ਹਦਾਇਤਾਂ ਦੇਣ ਵਾਲੇ ਸਿਆਸੀ ਲੋਕ ਹਨ, ਪਰ ਉਹ ਇਸਰਾਈਲ ਨੂੰ ਆਪਣੀ ਕੌਮੀ ਅਤੇ ਵਧੇਰੇ ਆਮ ਕਰ ਕੇ ਖੇਤਰੀ ਸ਼ਾਂਤੀ ਲਈ ਖ਼ਤਰਾ ਵੀ ਲਗਾਤਾਰ ਮੰਨਦੇ ਹਨ। ਅਮਰੀਕੀ ਤੇ ਬਰਤਾਨਵੀ ਅਧਿਕਾਰੀਆਂ ਦੀ ਇਸਰਾਈਲ ਬਾਰੇ ਜਨਤਕ ਬਿਆਨਬਾਜ਼ੀ ਦੇ ਉਲਟ, ਸਨੋਡਨ ਦੇ ਆਰਕਾਈਵ 'ਚ ਇਸਰਾਈਲ ਨੂੰ ਸੰਗੀ ਦੀ ਬਜਾਏ ਖਤਰੇ ਵਜੋਂ ਬਿਆਨ ਕਰਦੇ ਬਹੁਤ ਸਾਰੇ ਦਸਤਾਵੇਜ਼ਾਂ ਮੌਜੂਦ ਹਨ।

ਅਮਰੀਕੀ ਅਧਿਕਾਰੀਆਂ ਅਨੁਸਾਰ ਉਹ ਕੁਝ ਵੀ ਗ਼ੈਰ-ਕਾਨੂੰਨੀ ਨਹੀਂ ਕਰ ਰਹੇ, ਸਗੋਂ ਇਸਰਾਇਲੀ ਖ਼ੁਫ਼ੀਆ ਏਜੰਸੀਆਂ ਨਾਲ ਜਾਸੂਸੀ ਦੀ ਜਾਣਕਾਰੀ ਅਤੇ ਤਕਨਾਲੋਜੀ ਸਾਂਝੀ ਕਰਨਾ ਪੂਰੀ ਤਰ੍ਹਾਂ ਕਾਨੂੰਨੀ ਹੈ। ਦਰਅਸਲ ਐਨ.ਐਸ.ਏ. ਦਾ ਇਸਰਾਇਲ ਦੀਆਂ ਫ਼ੌਜੀ ਅਤੇ ਖ਼ੁਫ਼ੀਆ ਏਜੰਸੀਆਂ ਨਾਲ ਵਿਆਪਕ, ਬਹੁ-ਪਰਤੀ ਸਹਿਯੋਗ ਲੰਮੀ-ਚੌੜੀ ਅਮਰੀਕੀ ਨੀਤੀ ਦਾ ਹਿੱਸਾ ਹੈ ਜੋ ਇਸਰਾਈਲ ਦੇ ਹਮਲੇ ਅਤੇ ਜੰਗਬਾਜ਼ੀ ਦੀ ਸਰਗਰਮੀ ਨਾਲ ਮਦਦ ਕਰਦੀ ਹੈ ਤੇ ਉਸ ਨੂੰ ਬੇਖ਼ੌਫ਼ ਹਮਲਿਆਂ ਦੇ ਸਮਰੱਥ ਬਣਾਉਂਦੀ ਹੈ। ਗਾਜ਼ਾ ਵਿਚ ਇਸਰਾਈਲ ਦੀ ਹਰ ਕਾਰਵਾਈ ਉਪਰ ਅਮਰੀਕੀ ਪੰਜਿਆਂ ਦੇ ਨਿਸ਼ਾਨ ਸਾਫ਼ ਨਜ਼ਰ ਆਉਂਦੇ ਹਨ। ਬਹੁਤੇ ਅਮਰੀਕੀ ਸੋਚਦੇ ਹੋਣਗੇ ਕਿ ਗਾਜ਼ਾ ਉਪਰ ਇਸਰਾਇਲੀ ਹਮਲੇ ਦਾ ਉਨ੍ਹਾਂ ਲਈ ਕੋਈ ਮਤਲਬ ਜਾਂ ਸਰੋਕਾਰ ਨਹੀਂ, ਪਰ ਫ਼ਲਸਤੀਨੀਆਂ ਖ਼ਿਲਾਫ਼ ਹਿੰਸਾ ਨੂੰ ਸਹਿਲ ਬਣਾਉਣ 'ਚ ਕੇਂਦਰੀ ਭੂਮਿਕਾ ਉਨ੍ਹਾਂ ਦੀ ਹੀ ਹਕੂਮਤ ਦੀ ਹੈ।

ਬਰਤਾਨਵੀ ਹਕੂਮਤ ਤਾਂ ਇਕ ਹੋਰ ਪੱਖੋਂ ਵੀ ਇਸਰਾਈਲ ਨਾਲ ਜੁੜੀ ਹੋਈ ਹੈ; ਉਹ ਹੈ ਗਾਜ਼ਾ ਦੀ 4 ਅਰਬ ਡਾਲਰ ਮੁੱਲ ਦੀ ਕੁਦਰਤੀ ਗੈਸ ਉਪਰ ਕਬਜ਼ੇ ਦੀ ਲਾਲਸਾ। ਬ੍ਰਿਟਿਸ਼ ਗੈਸ (ਬੀ.ਜੀ.) ਦੀ ਖੋਜ ਅਨੁਸਾਰ ਗਾਜ਼ਾ ਦੇ ਸਮੁੰਦਰੀ ਕੰਢੇ ਦੇ ਖੇਤਰ ਵਿਚ 4 ਅਰਬ ਡਾਲਰ ਕੁਦਰਤੀ ਗੈਸ ਦੇ ਭੰਡਾਰ ਹਨ ਅਤੇ ਅਮਰੀਕੀ ਊਰਜਾ ਸੂਚਨਾ ਪ੍ਰਸ਼ਾਸਨ (ਈ.ਆਈ.ਏ.) ਅਨੁਸਾਰ ਗਾਜ਼ਾ ਦੇ ਸਮੁੰਦਰੀ ਇਲਾਕੇ ਵਿਚ ਤਕਰੀਬਨ 1.6 ਖਰਬ ਵਰਗ ਫੁੱਟ ਐਸੀ ਗੈਸ ਹੈ ਜੋ ਦੁਬਾਰਾ ਕੱਢੀ ਜਾ ਸਕਦੀ ਹੈ। ਨਾਲ ਹੀ ਗਾਜ਼ਾ ਦੇ ਸਮੁੰਦਰੀ ਕੰਢੇ ਅੰਦਰ ਕੁਦਰਤੀ ਊਰਜਾ ਦੇ ਹੋਰ ਵਸੀਲੇ ਹੋਣ ਦੀ ਪੂਰੀ ਸੰਭਾਵਨਾ ਹੈ। ਜਦੋਂ ਤੋਂ ਇਹ ਖੋਜ ਹੋਈ ਹੈ, ਸੰਨ 2000 ਤੋਂ ਹੀ ਇਸਰਾਈਲ ਨੇ ਫਲਸਤੀਨੀਆਂ ਨੂੰ ਆਪਣੀ ਹੀ ਸਰਜ਼ਮੀਨ ਦੇ ਪਾਣੀਆਂ ਅਤੇ ਮੱਛੀਆਂ ਫੜਨ ਦੇ ਹੱਕਾਂ ਤੋਂ ਵਾਂਝੇ ਕਰ ਕੇ ਗਾਜ਼ਾ ਨੂੰ ਘੇਰਾ ਪਾਇਆ ਹੋਇਆ ਹੈ। ਉਹ ਹਰ ਕੀਮਤ 'ਤੇ ਇਸ ਖੇਤਰ ਵਿਚੋਂ ਫ਼ਲਸਤੀਨੀ ਲੋਕਾਂ ਨੂੰ ਕੱਢ ਦੇਣਾ ਚਾਹੁੰਦੇ ਹਨ।

'ਇਕੋਲੋਜਿਸਟ' ਰਸਾਲੇ ਅਨੁਸਾਰ, ਮਈ 2013 ਤੋਂ ਹੀ ਇਸਰਾਇਲੀ ਅਹਿਲਕਾਰ ਬ੍ਰਿਟਿਸ਼ ਗੈਸ ਗਰੁਪ ਨਾਲ ਮਹੀਨਿਆਂ ਬੱਧੀ "ਗੁਪਤ ਮੀਟਿੰਗਾਂ" ਕਰਨ ਲੱਗੇ ਹੋਏ ਹਨ ਜਿਸ ਕੋਲ ਗਾਜ਼ਾ ਦੇ ਸਮੁੰਦਰੀ ਖੇਤਰ ਦੇ ਵਸੀਲਿਆਂ ਦਾ ਲਾਇਸੈਂਸ ਹੈ। ਰਸਾਲੇ ਦਾ ਖ਼ੁਲਾਸਾ ਹੈ ਕਿ ਬਰਤਾਨੀਆ ਦਾ ਸਾਬਕਾ ਪ੍ਰਧਾਨ ਮੰਤਰੀ ਟੋਨੀ ਵੀ ਮੱਧ ਪੂਰਬ ਲਈ ਚੌਕੜੀ ਗਰੋਹ (ਅਮਰੀਕਾ, ਯੂ.ਕੇ. ਯੂਰਪੀ ਯੂਨੀਅਨ, ਰੂਸ) ਦੇ ਖ਼ਾਸ ਏਲਚੀ ਦੀ ਹੈਸੀਅਤ ਵਿਚ ਗੁਪਤ ਮੀਟਿੰਗਾਂ ਵਿਚ ਸ਼ਾਮਲ ਹੁੰਦਾ ਰਿਹਾ ਹੈ। 'ਫਾਇਨਾਂਸ਼ੀਅਲ ਟਾਈਮਜ਼' ਦੀ ਰਿਪੋਰਟ ਹੈ ਕਿ ਜੇ ਇਸੇ ਦਿਸ਼ਾ 'ਚ ਕੰਮ ਹੁੰਦਾ ਰਿਹਾ ਤਾਂ ਬੀ.ਜੀ. ਗਰੁਪ ਦੀ ਅਗਵਾਈ ਵਾਲਾ ਇਹ ਗੈਸ ਪ੍ਰੋਜੈਕਟ 2017 ਤਕ ਗੈਸ ਦੀ ਐਨੀ ਪੈਦਾਵਾਰ ਕਰ ਸਕਦਾ ਹੈ ਜਿਸ ਨਾਲ 6 ਤੋਂ ਲੈ ਕੇ 7 ਅਰਬ ਡਾਲਰ ਸਾਲਾਨਾ ਕਮਾਈ ਸ਼ੁਰੂ ਹੋ ਜਾਵੇਗੀ। ਇਸ ਨਾਲ ਨੋਬਲ ਅਤੇ ਡਿਲਿਕ ਊਰਜਾ ਕੰਪਨੀ ਸਮੂਹ ਉਪਰ ਇਸਰਾਈਲ ਦੀ ਨਿਰਭਰਤਾ ਘਟ ਜਾਵੇਗੀ ਜੋ ਹੁਣ ਇਸਰਾਈਲ ਦੇ ਤਾਮਾਰ ਅਤੇ ਲੈਵੀਥੀਅਨ ਸਮੁੰਦਰੀ ਕੰਢੇ ਦੇ ਗੈਸ ਖੇਤਰਾਂ ਨੂੰ ਵਿਕਸਤ ਕਰਨ 'ਚ ਜੁਟਿਆ ਹੈ। ਇਸਰਾਈਲ ਦੀ ਹਕੂਮਤ ਇਹ ਤਦ ਹੀ ਹਾਸਲ ਕਰ ਸਕੇਗੀ, ਜੇ ਇਹ ਫਲਸਤੀਨੀ ਟਾਕਰੇ ਅਤੇ ਹਮਾਸ ਦਾ ਮੁਕੰਮਲ ਸਫ਼ਾਇਆ ਕਰਨ 'ਚ ਕਾਮਯਾਬ ਹੋ ਜਾਂਦੀ ਹੈ।

ਲਿਹਾਜ਼ਾ, ਸੌੜੇ ਹਿੱਤਾਂ ਦੇ ਇਸ ਅਜੀਬ ਮੇਲ ਨੇ ਇਨ੍ਹਾਂ ਸਾਰੀਆਂ ਹੀ ਲੋਕ-ਦੁਸ਼ਮਣ ਤਾਕਤਾਂ ਨੂੰ ਬੇਕਸੂਰ ਫ਼ਲਸਤੀਨੀਆਂ ਖ਼ਿਲਾਫ਼ ਇਸਰਾਇਲ ਦੀ ਨਾਜਾਇਜ਼ ਜੰਗ 'ਚ ਇਕਮੱਤ ਕੀਤਾ ਹੋਇਆ ਹੈ।

## ਅਸੀਂ ਗਾਜ਼ਾ ਵਿਚ ਰਾਜ਼ੀ-ਖ਼ੁਸ਼ੀ ਹਾਂ...

***ਸੀਰੀਆ ਅਤੇ ਲਿਬਨਾਨ ਦੀ ਕਮਿਊਨਿਸਟ ਪਾਰਟੀ ਦੀ 85ਵੀਂ ਵਰ੍ਹੇਗੰਢ ਮਨਾਏ ਜਾਣ ਵਕਤ ਫ਼ਲਸਤੀਨੀ ਗਾਇਕ ਅਤੇ ਲੇਖਕ ਖ਼ਾਲਿਦ-ਅਲ-ਹਿਬ ਨੇ ਇਹ ਕਟਾਖ਼ਸ਼ਮਈ ਤਰਾਨਾ ਗਾਇਆ ਸੀ।***

ਅਸੀਂ ਗਾਜ਼ਾ ਵਿਚ ਰਾਜ਼ੀ-ਖ਼ੁਸ਼ੀ ਹਾਂ
ਤੁਸੀਂ ਕਿਵੇਂ ਹੋ?

ਸਾਡੀ ਤਾਂ ਹਮਲਿਆਂ ਦਰਮਿਆਨ...
ਸੁੱਖ-ਸਾਂਦ ਹੈ
ਤੁਸੀਂ ਕਿਵੇਂ ਹੋ?

ਸਾਡੇ ਸ਼ਹੀਦ ਮਲਬੇ ਹੇਠ ਦਬੇ ਹੋਏ
ਬੱਚੇ ਅਸਾਡੇ ਹੁਣ ਤੰਬੂਆਂ ਵਿਚ ਰਹਿ ਰਹੇ
ਸਭ ਤੁਹਾਡੀ ਸੁੱਖ-ਸਾਂਦ ਪੁੱਛ ਰਹੇ
ਅਸੀਂ ਰਾਜ਼ੀ-ਖ਼ੁਸ਼ੀ ਹਾਂ ਗਾਜ਼ਾ ਵਿਚ
ਤੁਸੀਂ ਕਿਵੇਂ ਹੋ?

ਐਨ ਪਿੱਛੇ ਸਮੁੰਦਰ ਹੈ ਸਾਡੇ
ਪਰ ਅਸੀਂ ਹਮਲਾਵਰਾਂ ਨਾਲ ਟੱਕਰ ਲੈ ਰਹੇ
ਅੱਗਿਉਂ ਸਾਨੂੰ ਵੈਰੀ ਨੇ ਘੇਰਿਆ
ਫਿਰ ਵੀ ਅਸੀਂ ਲੜ ਰਹੇ
ਉਹ ਸਭ ਕੁਛ ਹੈ ਸਾਡੇ ਕੋਲ, ਲੋੜ ਜੋਗਾ
ਖਾਣਾ ਤੇ ਹਥਿਆਰ
ਸ਼ਾਂਤੀ ਦੇ ਵਾਅਦੇ
ਤੁਸੀਂ ਜੋ ਹਮਾਇਤ ਕਰ ਰਹੇ ਹੋ ਸਾਡੀ
ਉਸ ਦੇ ਲਈ ਅਸੀਂ ਰਿਣੀ ਹਾਂ ਤੁਹਾਡੇ


ਅਸੀਂ ਰਾਜ਼ੀ-ਖ਼ੁਸ਼ੀ ਹਾਂ ਗਾਜ਼ਾ ਵਿਚ
ਤੁਸੀਂ ਕਿਵੇਂ ਹੋ?

ਸਾਡੀਆਂ ਰੂਹਾਂ/ਸਾਡੇ ਜ਼ਖ਼ਮ
ਸਾਡੇ ਘਰ/ਸਾਡੇ ਅੰਬਰ
ਸਾਡੇ ਚਿਹਰੇ/ਸਾਡਾ ਲਹੂ
ਸਾਡੀਆਂ ਅੱਖਾਂ/ਸਾਡੇ ਤਾਬੂਤ
ਬਚਾਉਂਦੇ ਨੇ ਸਾਨੂੰ
ਤੁਹਾਡੇ ਹਥਿਆਰਾਂ ਤੋਂ
ਤੁਹਾਡੇ ਵਾਅਦਿਆਂ ਤੋਂ
ਤੁਹਾਡੇ ਲਫ਼ਜ਼ਾਂ ਤੋਂ
ਤੁਹਾਡੀਆਂ ਤਲਵਾਰਾਂ ਤੋਂ
ਅਸੀਂ ਰਾਜ਼ੀ-ਖ਼ੁਸ਼ੀ ਹਾਂ ਗਾਜ਼ਾ ਵਿਚ
ਤੁਸੀਂ ਕਿਵੇਂ ਹੋ?

# ਤੂੰਬੀ, ਭਗਤਾ ਤੇ ਭਸੂੜੀ

***'ਪੰਜਾਬ ਟਾਈਮਜ਼' ਦੇ 16 ਅਗਸਤ ਵਾਲੇ ਅੰਕ ਵਿਚ ਤੂੰਬੀ ਬਾਰੇ ਕੁਲਦੀਪ ਤੱਖਰ ਦਾ ਲੇਖ 'ਤੂੰਬੀ, ਸੁਰ ਤੇ ਸੰਗੀਤ' ਛਾਪਿਆ ਸੀ। ਇਸ ਲੇਖ ਵਿਚ ਤੂੰਬੀ ਦੇ ਸੁਰਾਂ ਨਾਲ ਰਿਸ਼ਤੇ ਬਾਰੇ ਚਰਚਾ ਕੀਤੀ ਗਈ ਸੀ। ਸਾਡੇ ਕਾਲਮਨਵੀਸ ਤਰਲੋਚਨ ਸਿੰਘ ਦੁਪਾਲਪੁਰ ਨੇ ਇਸ ਲੇਖ ਨੂੰ ਆਧਾਰ ਬਣਾ ਕੇ ਆਪਣੇ ਇਸ ਕਾਲਮ ਵਿਚ ਕੁਝ ਟਿੱਪਣੀਆਂ ਤੂੰਬੀ ਬਾਰੇ ਕੀਤੀਆਂ ਹਨ। ਇਸ ਵਿਸ਼ੇ ਬਾਰੇ ਆਈਆਂ ਹੋਰ ਉਮਦਾ ਟਿੱਪਣੀਆਂ ਨੂੰ ਵੀ ਪਰਚੇ ਵਿਚ ਬਣਦੀ ਥਾਂ ਦਿੱਤੀ ਜਾਵੇਗੀ ਤਾਂ ਕਿ ਸੰਗੀਤ ਬਾਰੇ ਬਹਿਸ-ਮੁਬਾਹਿਸਾ ਅਗਾਂਹ ਤੋਰਿਆ ਜਾ ਸਕੇ। -ਸੰਪਾਦਕ***

**ਲਿਖਤੁਮ**



**ਤਰਲੋਚਨ ਸਿੰਘ ਦੁਪਾਲਪੁਰ**

ਫੋਨ: 408-915-1268

ਪੰਜਾਬ ਦਾ ਲੋਕ ਸਾਜ਼ ਕਹੀ ਜਾਂਦੀ ਤੂੰਬੀ ਦੇ ਨਾਲ-ਨਾਲ ਲਾਲ ਚੰਦ ਯਮਲੇ ਦਾ ਸਿੱਧਾ ਅਤੇ ਇਕ-ਦੋ ਹੋਰ ਜਣਿਆਂ ਦਾ ਜ਼ਰਾ ਪਰਦੇ ਨਾਲ 'ਤੂੰਬਾ-ਤੂੰਬਾ' ਉਡਾਉਂਦਾ ਲੇਖ 'ਤੂੰਬੀ, ਸੁਰ ਤੇ ਸੰਗੀਤ' ਪਿਛਲੇ ਹਫਤੇ ਦੇ 'ਪੰਜਾਬ ਟਾਈਮਜ਼' (16 ਅਗਸਤ 2014) ਵਿਚ ਪੜ੍ਹਿਆ। ਯਮਲੇ ਦਾ 'ਰੂਹਾਨੀ ਝਲਕਾਂ' ਮਾਰਦਾ ਬੜਾ ਮਸ਼ਹੂਰ ਗੀਤ ਹੈ, 'ਜੰਗਲ ਦੇ ਵਿਚ ਖੂਹਾ ਲਵਾ ਦੇ, ਉਤੇ ਰਖਾ ਦੇ ਡੋਲ...ਸਖੀਆ ਨਾਮ ਸਾਂਈਂ ਦਾ ਬੋਲ।' ਖੂਹਾਂ ਉਤੋਂ ਮੁਟਿਆਰਾਂ ਪਾਣੀ ਭਰਦੀਆਂ ਹੁੰਦੀਆਂ ਹਨ ਅਤੇ ਬਲਦਾਂ-ਬੋਤਿਆਂ ਨਾਲ ਗਿੜਦੇ ਹਲਟ ਮੈਂ ਦੇਖੇ ਹੋਏ ਨੇ। ਖੂਹ ਵਿਚ ਜਦੋਂ ਕਿਸੇ ਦਾ ਡੋਲ-ਬਾਲਟੀ ਡਿਗ ਪੈਂਦਾ, ਤਾਂ ਲੱਜ ਨਾਲ ਕੁੰਡਾ ਬੰਨ੍ਹ ਕੇ ਖੂਹ ਦਾ ਪਾਣੀ ਖੰਘਾਲਿਆ ਜਾਂਦਾ ਸੀ। ਲੋਹੇ ਦੀ ਫੁੱਟ ਕੁ ਲੰਮੀ ਪੱਤੀ ਦੇ ਦੁਪਾਸੀਂ ਕੁੰਢੀਆਂ ਮੁੱਛਾਂ ਵਾਂਗ ਮਰੋੜੀਆਂ ਹੋਈਆਂ ਲੋਹੇ ਦੀਆਂ ਹੀ ਕੁੰਡੀਆਂ ਵਿਚ, ਡੋਲ ਜਾਂ ਬਾਲਟੀ ਦਾ ਕੜਾ ਫਸ ਜਾਂਦਾ, ਤੇ ਪਾਣੀ ਭਰਨ ਦਾ ਕੰਮ ਦੁਬਾਰਾ ਚੱਲ ਪੈਂਦਾ।

ਸ੍ਰੀ ਕੁਲਦੀਪ ਤੱਖਰ ਦੇ ਇਸ ਲੇਖ ਨੇ ਮੇਰੇ ਉਤੇ ਬਾ-ਐਨ੍ਹ ਕੁੰਡੇ ਵਾਲੀ ਕਲਾ ਹੀ ਵਰਤਾ ਦਿੱਤੀ। ਮੇਰੇ ਦਿਲ ਦੇ ਖੂਹ ਵਿਚ ਵਰ੍ਹਿਆਂ ਦੇ ਡਿੱਗੇ ਹੋਏ ਤੂੰਬੀ ਦੇ ਵਿਰੋਧ ਦੇ ਕਿੱਸੇ, ਇਸ ਲੇਖ ਨੇ ਇਕੋ ਝਟਕੇ ਨਾਲ ਬਾਹਰ ਕੱਢ ਸੁੱਟੇ। ਤੂੰਬੀ ਜਾਂ ਤੂੰਬੀ ਵਾਦਨ ਦੇ ਵਿਰੋਧ ਵਿਚ ਲਿਖਿਆ ਸ੍ਰੀ ਤੱਖਰ ਦਾ ਲੇਖ ਸ਼ਾਇਦ ਬਹੁਤੇ ਪਾਠਕਾਂ ਨੂੰ ਅਜੀਬ ਜਿਹਾ ਲੱਗੇ; ਕਿਉਂਕਿ ਤੂੰਬੀ ਦੀ ਟੁਣਕਾਰ ਨੇ ਪੰਜਾਬੀਆਂ ਨੂੰ ਇਸ ਕਦਰ ਮੋਹਿਆ ਹੋਇਆ ਹੈ ਕਿ ਕਈਆਂ ਤੋਂ ਇਹਦੇ ਖਿਲਾਫ਼ ਬੋਲਿਆ-ਚੱਲਿਆ ਬਰਦਾਸ਼ਤ ਹੀ ਨਹੀਂ ਹੋਣਾ।

ਮੇਰੇ ਇਸ ਲੇਖ ਦਾ ਮਕਸਦ ਤੂੰਬੀ ਨੂੰ ਸੁਰਾਂ ਤੋਂ ਸੱਖਣੀ ਕਹਿ ਕੇ ਇਸ ਦਾ 'ਭੋਗ ਪਾਉਣ ਦੀ' ਹਮਾਇਤ ਕਰਨਾ ਨਹੀਂ। ਸਾਜ਼ ਸੰਗੀਤ ਦਾ ਗਿਆਨ ਨਾ ਹੋਣ ਕਰ ਕੇ ਮੈਂ ਇਸ ਵਿਸ਼ੇ 'ਤੇ ਕੁਝ ਨਹੀਂ ਕਹਿ ਸਕਦਾ। ਨਾ ਹੀ ਤੂੰਬੀ ਦੇ 'ਉਸਤਾਦ' ਯਮਲੇ ਨੂੰ ਛੁਟਿਆਉਣਾ ਜਾਂ ਵਡਿਆਉਣਾ ਹੀ ਹੈ। ਤੂੰਬੀ ਨੂੰ ਦੂਜੇ ਸੰਗੀਤਕ ਸਾਜ਼ਾਂ ਦੇ ਬਰਾਬਰ ਬਹਾਲਣਾ ਹੈ ਜਾਂ ਉਠਾਲਣਾ ਹੈ, ਇਹ ਤਾਂ ਮਰਹੂਮ ਯਮਲਾ ਜੀ ਦੀ ਗਾਇਕੀ ਬਾਰੇ ਸੰਗੀਤ ਤੇ ਸੁਰਾਂ ਦੇ ਸੋਝੀਵਾਨ ਹੀ ਕੁਝ ਕਹਿਣਗੇ; ਮੈਂ ਤਾਂ ਸਿਰਫ਼ ਕੁਝ ਦੇਖੀਆਂ/ਸੁਣੀਆਂ ਵਰਣਨ ਕਰ ਕੇ ਇਹ ਦਰਸਾਉਣਾ ਹੈ ਕਿ ਸ੍ਰੀ ਤੱਖਰ ਦਾ ਤੂੰਬੀ ਵਿਰੋਧੀ ਲੇਖ, ਕੋਈ ਨਿਵੇਕਲੀ ਗੱਲ ਨਹੀਂ। ਧਾਰਮਿਕ ਜੋੜ ਮੇਲਿਆਂ, ਖਾਸ ਕਰ ਕੇ ਗੁਰਦੁਆਰਿਆਂ ਵਿਚ ਹੁੰਦੇ ਸਮਾਗਮਾਂ ਮੌਕੇ ਤੂੰਬੀ ਵਜਾਉਣ ਦਾ ਵਿਰੋਧ ਕਈ ਦਹਾਕੇ ਪਹਿਲੋਂ ਹੁੰਦਾ ਰਿਹਾ ਹੈ।

ਸਭ ਤੋਂ ਪਹਿਲੀ ਮਿਸਾਲ ਦੂਰ-ਦੂਰ ਤੱਕ ਜੋੜੇ ਮੇਲਿਆਂ, ਦੀਵਾਨਾਂ ਦੀਆਂ ਹਾਜ਼ਰੀਆਂ ਭਰਨ ਦੇ ਰੱਜ ਕੇ ਰਸੀਏ ਅਤੇ ਰਾਗੀਆਂ, ਢਾਡੀਆਂ ਤੇ ਪ੍ਰਚਾਰਕਾਂ ਦੇ ਪਾਰਖੂ ਸ੍ਰੋਤੇ ਰਹੇ ਮੇਰੇ ਭਾਈਆ ਜੀ, ਤੂੰਬੀ ਦਾ ਨਾਂ ਸੁਣਦਿਆਂ ਹੀ ਨੱਕ-ਮੂੰਹ ਚਾੜ੍ਹਦੇ ਸਨ। ਆਪਣੇ ਜ਼ਮਾਨੇ ਵਿਚ ਉਹ ਇਕ ਵਾਰ ਆਪਣੇ ਕਿਸੇ ਦੋਸਤ ਨੂੰ ਹੋਲਾ-ਮਹੱਲਾ ਦਿਖਾਉਣ ਲਈ ਸ੍ਰੀ ਅਨੰਦਪੁਰ ਸਾਹਬਿ ਲੈ ਗਏ। ਵਾਪਸ ਆ ਕੇ ਖਿਝ-ਖਿਝ ਕੇ ਦੱਸਣ, "ਮੂਰਖ ਕਿਸੇ ਥਾਂ ਦਾ...ਜਿਸ ਕਿਸੇ ਦੀਵਾਨ 'ਚੋਂ ਤੂੰਬੀ ਦੀ 'ਤੁਣਕ ਤੁਣਕ' ਕੰਨੀਂ ਪਵੇ, ਉਥੇ ਥਾਂਏਂ ਈ ਪੈਰ ਗੱਡ ਲਵੇ...ਮੈਂ ਬਥੇਰਾ ਕਹਾਂ ਕਿ ਜਿਥੇ ਕੋਈ ਚੱਜ ਦਾ ਰਾਗੀ-ਢਾਡੀ ਲੱਗਾ ਹੋਵੇਗਾ, ਉਸ ਦੀਵਾਨ ਵਿਚ ਬੈਠਾਂਗੇ...ਪਰ ਕਿਥੇ ਜੀ?...ਤੂੰਬੀ-ਅਲਗੋਜ਼ੇ ਵੱਜਦੇ ਸੁਣ ਕੇ, ਲੂਰੀਆਂ ਲੈਣ ਲੱਗ ਪਿਆ ਕਰੇ ਕਮਲਾ...।"

ਮੇਲਿਆਂ-ਮਸ੍ਹਾਵਿਆਂ ਤੋਂ ਮੁੜ ਕੇ ਪਿੰਡ ਜੁੜਦੀਆਂ ਯਾਰਾਂ-ਬੇਲੀਆਂ ਦੀਆਂ ਮਹਿਫ਼ਿਲਾਂ ਵਿਚ ਉਹ ਕਿਸੇ ਥਾਂ ਵੱਜਦੇ ਸੁਣੇ ਹੋਏ ਤਬਲੇ, ਹਾਰਮੋਨੀਅਮ, ਸਾਰੰਗੀ, ਮਰਦੰਗ ਜਾਂ ਢੱਡਾਂ ਆਦਿ ਸਾਜ਼ਾਂ ਦੀਆਂ ਸਿਫ਼ਤਾਂ ਤਾਂ ਬਥੇਰੀਆਂ ਕਰਦੇ, ਪਰ ਤੂੰਬੀ ਜਾਂ ਅਲਗੋਜ਼ਿਆਂ ਦੀ ਸਿਫ਼ਤ ਨਈਂ; ਹਾਂ, ਨਿਖੇਧੀ ਜ਼ਰੂਰ ਸੁਣਦੇ ਸਾਂ ਅਸੀਂ ਉਨ੍ਹਾਂ ਦੇ ਮੂੰਹੋਂ। ਹੋਰ ਤਾਂ ਹੋਰ, ਜਦੋਂ ਕੁ ਕੁਲਦੀਪ ਮਾਣਕ ਚਮਕਿਆ, ਤੇ ਅਸੀਂ ਉਹਦੀਆਂ ਗਾਈਆਂ ਕਲੀਆਂ ਦੀਆਂ ਟੇਪਾਂ ਭਰਵਾਂ ਕੇ ਲਿਆਉਣ ਲੱਗ ਪਏ, ਤਾਂ ਭਾਈਆ ਜੀ ਟਿੱਚਰ ਵਜੋਂ 'ਤੁੰਗ-ਤੁੰਗ' ਕਰਦਿਆਂ ਮਾਣਕ ਨੂੰ 'ਐਵੇਂ ਕਿੱਲ੍ਹ ਕਿੱਲ੍ਹ ਕੇ ਗਾਉਣ ਵਾਲਾ ਛੋਕਰਾ' ਕਹਿੰਦੇ ਹੁੰਦੇ ਸੀ। ਟੇਪ ਵਿਚ ਵੱਜਦੇ ਮਾਣਕ ਦੇ ਗੀਤ ਸੁਣ ਕੇ ਸਾਨੂੰ ਝੂਮਦਿਆਂ ਨੂੰ ਦੇਖ ਕੇ, ਉਹ ਸਾਨੂੰ ਵੀ ਮਖੌਲ ਕਰਨ ਲੱਗ ਪੈਂਦੇ। ਜਦ ਕਦੇ ਗੀਤ-ਸੰਗੀਤ ਦਾ ਜ਼ਿਕਰ ਛਿੜਦਾ ਤਾਂ ਉਨ੍ਹਾਂ ਅਕਸਰ ਇਹ 'ਫਤਵਾ' ਸੁਣਾ ਦੇਣਾ, "ਤੂੰਬੀ-ਤੂੰਬੇ ਵਾਲਾ ਵੀ ਕੋਈ 'ਗਵੱਈਆ' ਹੁੰਦਾ ਐ ਭਲਾ?"

ਉਨ੍ਹੀਂ ਦਿਨੀਂ ਕਈ ਅਜਿਹੇ ਵਾਕਿਆ ਵੀ ਸੁਣਨ ਨੂੰ ਮਿਲਦੇ ਰਹਿੰਦੇ ਸਨ ਕਿ ਪਿੰਡਾਂ ਸ਼ਹਿਰਾਂ ਵਿਚ ਹੋਣ ਵਾਲੇ ਧਾਰਮਿਕ ਇਕੱਠਾਂ ਵਿਚ ਨਵਾਂ ਪੋਚ ਤੂੰਬੀਆਂ ਵਾਲੇ ਕਲਾਕਾਰਾਂ ਨੂੰ ਬੁਲਾਉਂਦਾ, ਪਰ ਬਜ਼ੁਰਗ ਬਾਬੇ, ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਤੂੰਬੀ ਵਾਲਾ ਕਲਾਕਾਰ ਲਾਉਣਾ 'ਪੁਰਾਣੀ ਰਵਾਇਤ' ਦੀ ਉਲੰਘਣਾ ਦੱਸਦੇ। ਕਈ ਥਾਂਈਂ ਖੱਪਖਾਨਾ ਵੀ ਹੁੰਦਾ।

ਤੂੰਬੀ ਹਮਾਇਤੀਆਂ ਅਤੇ ਵਿਰੋਧੀਆਂ ਦੇ ਆਪਸੀ ਬੋਲ-ਬੁਲਾਰੇ ਦੀ ਉਨ੍ਹਾਂ ਵੇਲਿਆਂ ਦੀ ਬੜੀ ਦਿਲਚਸਪ ਵਾਰਤਾ ਹੈ ਇਕ। ਰੋਪੜ-ਹੁਸ਼ਿਆਰਪੁਰ ਮਾਰਗ ਉਤੇ ਬਲਾਚੌਰ ਅਤੇ ਗੜ੍ਹਸ਼ੰਕਰ ਦਰਮਿਆਨ ਪਿੰਡ ਬਕਾਪੁਰ ਦੇ ਪਹਾੜ ਦੇ ਪਾਸੇ ਪਿੰਡ ਹੈ ਹਯਾਤਪੁਰ। ਇਸ ਪਿੰਡ ਦੇ ਨਾਲ ਲਗਦੇ ਪਿੰਡ ਐਮਾ ਵਿਖੇ ਸਾਡੀ ਰਿਸ਼ਤੇਦਾਰੀ ਹੋਣ ਕਰ ਕੇ, ਸਾਨੂੰ ਆਉਂਦਿਆਂ-ਜਾਂਦਿਆਂ ਇਸ ਗੱਲ ਦਾ ਪਤਾ ਲੱਗਾ। ਹਯਾਤਪੁਰ ਦੇ ਬਾਹਰਲੇ ਪਾਸੇ ਰਿਟਾਇਰਡ ਡੀ.ਐਸ.ਪੀ. ਆਪਣੀ ਕੋਠੀ ਵਿਚ ਰਹਿੰਦਾ ਸੀ। ਉਹ ਇਸੇ ਪਿੰਡ ਦਾ



ਵਸਨੀਕ ਸੀ। ਉਹਦੇ ਕਰੜੇ ਸੁਭਾਅ ਦੀਆਂ ਗੱਲਾਂ, ਸਾਡੇ ਰਿਸ਼ਤੇਦਾਰ ਗਾਹੇ-ਬਗਾਹੇ ਸਾਨੂੰ ਸੁਣਾਉਂਦੇ ਰਹਿੰਦੇ। ਇਕ ਦਫ਼ਾ ਉਸ ਦੇ ਆਪਣੇ ਪਿੰਡ ਹਯਾਤਪੁਰ ਦੇ ਗੁਰਦੁਆਰਾ ਸਾਹਿਬ ਵਿਚ ਗੁਰਪੁਰਬ ਮਨਾਇਆ ਜਾ ਰਿਹਾ ਸੀ। ਭੋਗ ਉਪਰੰਤ ਨਵੇਂ-ਨਵੇਂ ਉਠੇ ਮੁੰਡਿਆਂ ਨੇ ਤੂੰਬੀ ਵਾਲਾ ਕੋਈ ਗਾਇਕ ਸੱਦਿਆ ਹੋਇਆ ਸੀ। ਜਿਵੇਂ ਤੂੰਬੀ ਵਜਾਉਣ ਵਾਲੇ ਆਮ ਕਰ ਕੇ ਕਰਦੇ ਈ ਹੁੰਦੇ ਨੇ, ਤੂੰਬੀ 'ਸੁਰ' ਕਰਨ ਲਈ ਗਾਇਕ 'ਤੁਣਕ-ਟੁਣਨ-ਟਿਊਂ-ਟੀਂਗ-ਲੀਂਗ' ਵਰਗੀਆਂ ਆਵਾਜ਼ਾਂ ਕੱਢਣ ਲੱਗਾ। ਲਾਊਡ ਸਪੀਕਰਾਂ ਰਾਹੀਂ ਗੁਰਦੁਆਰੇ ਵੱਜਣ ਲੱਗੀ ਤੂੰਬੀ ਡੀ.ਐਸ.ਪੀ. ਦੇ ਕੰਨੀਂ ਵੀ ਪੈ ਗਈ। ਉਨ੍ਹਾਂ ਉਸੇ ਵੇਲੇ ਚੌਕੀਦਾਰ ਨੂੰ ਗੁਰਦੁਆਰੇ ਭਜਾਇਆ। ਚੌਕੀਦਾਰ ਨੇ ਤੂੰਬੀ ਨਾ ਵਜਾਉਣ ਦਾ ਡੀ.ਐਸ.ਪੀ. ਦਾ ਸੁਨੇਹਾ ਪ੍ਰਬੰਧਕਾਂ ਨੂੰ ਜਾ ਦਿੱਤਾ, ਪਰ ਮੁੰਡੀਰ ਨੇ ਅਣਸੁਣਿਆ ਕਰ ਦਿੱਤਾ ਅਤੇ ਵੱਜਦੀ ਤੂੰਬੀ ਦੀ ਲੈਅ ਸੁਣ ਕੇ ਬੀਨ ਮੋਹਰੇ ਸੱਪ ਵਾਂਗ ਮੇਲ੍ਹਣ ਲੱਗ ਪਏ।

ਸੁਨੇਹੇ ਉਤੇ ਅਮਲ ਨਾ ਹੋਇਆ ਦੇਖ ਕੇ, ਡੀ.ਐਸ.ਪੀ. ਨੇ ਐਤਕੀਂ ਚੌਕੀਦਾਰ ਨੂੰ ਆਖਿਆ ਕਿ ਕਿਸੇ ਪ੍ਰਧਾਨ ਜਾਂ ਸਕੱਤਰ ਨੂੰ ਕਹਿਣ ਦੀ ਬਜਾਏ ਸਿੱਧਾ ਗਾਇਕ ਨੂੰ ਕਹਿ ਕੇ ਆ, ਕਿ ਭਾਈ ਸਿੱਖਾ, ਤੂੰਬੀ ਬੰਦ ਕਰ ਦੇ; ਹਾਰਮੋਨੀਅਮ ਨਾਲ ਕੋਈ ਸ਼ਬਦ ਪੜ੍ਹ ਲੈ, ਤੂੰਬੀ ਨਹੀਂ ਵੱਜਣੀ ਚਾਹੀਦੀ। ਚੌਕੀਦਾਰ ਨੇ ਆਪਣੇ 'ਸਾਹਿਬ' ਦਾ ਹੁਕਮ ਬਜਾ ਦਿੱਤਾ, ਪਰ ਹੁਕਮ ਉਤੇ ਤਾਮੀਲ ਫਿਰ ਵੀ ਨਾ ਹੋਈ। ਸਾਹਮਣੇ ਝੂਮ ਰਹੇ ਸ੍ਰੋਤੇ ਦੇਖ ਕੇ ਗਾਇਕ ਨੇ ਵੀ ਚੌਕੀਦਾਰ ਦੇ ਕਹੇ 'ਤੇ ਕੰਨ ਨਾ ਧਰਿਆ। ਕਹਿੰਦੇ...ਆਖਰ ਨੂੰ ਫਿਰ ਜਿਉਣੇ ਮੌੜ ਵਾਂਗ ਗੁੱਸਾ ਖਾ ਕੇ, ਰੂਲ ਹੱਥ ਫੜ ਡੀ.ਐਸ.ਪੀ. ਸਿੱਧਾ ਈ ਗੁਰਦੁਆਰੇ ਜਾ ਪਹੁੰਚਿਆ। ਜਾਂਦਿਆਂ ਈ ਉਸ ਨੇ ਤੂੰਬੀ ਦਾ ਕਰ ਤਾਂ ਤੂੰਬਾ ਤੂੰਬਾ...। ਵੈਸੇ ਇਸ ਡੀ.ਐਸ.ਪੀ. ਬਾਰੇ ਇਹ ਦੱਸਣਾ ਵਿਸ਼ੇ ਤੋਂ ਬਾਹਰੀ ਗੱਲ ਹੋਵੇਗੀ ਕਿ ਪੰਜਾਬ ਦੇ ਕਾਲੇ ਦਿਨਾਂ ਦੌਰਾਨ ਇਹ ਵੀ ਖਾੜਕੂਆਂ ਦੇ ਗੁੱਸੇ ਦਾ ਸ਼ਿਕਾਰ ਬਣ ਗਿਆ ਸੀ।

ਕਾਫ਼ੀ ਪੁਣ-ਛਾਣ ਕਰਨ ਤੋਂ ਬਾਅਦ ਵੀ ਮੇਰੇ ਹੱਥ ਪੱਲੇ ਕੁਝ ਨਹੀਂ ਪਿਆ ਕਿ ਤੂੰਬੀ ਵਿਚਾਰੀ ਤੋਂ ਕੀ ਗੁਨਾਹ ਹੋਇਆ ਹੋਵੇਗਾ ਜੋ ਉਸ ਨੂੰ ਹਾਲੇ ਤੱਕ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਾਂ ਹੇਠਲੇ ਕਿਸੇ ਗੁਰਦੁਆਰੇ ਦੀ ਸਟੇਜ 'ਤੇ ਜਾਣ ਨਹੀਂ ਦਿੱਤਾ ਜਾਂਦਾ? ਮੇਰਾ ਖਿਆਲ ਹੈ ਕਿ ਕਿਸੇ ਅਜਿਹੀ ਮਿੱਥ-ਮਨੌਤ ਨੇ ਹੀ ਇਸ ਦਾ ਰਾਹ ਰੋਕ ਰੱਖਿਆ ਹੋਵੇਗਾ; ਜਿਵੇਂ ਇਕ ਸਮੇਂ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਸਮੂਹ ਰਾਗੀਆਂ ਨੇ 'ਹਾਰਮੋਨੀਅਮ' ਬਾਜੇ ਦਾ ਬਾਈਕਾਟ ਕਰ ਦਿੱਤਾ ਸੀ, ਅਖੇ ਇਹ ਤਾਂ ਨਚਾਰਾਂ ਦਾ ਸਾਜ਼ ਹੈ!

ਹੁਣ ਦੋ ਕੁ ਗੱਲਾਂ ਮਰਹੂਮ ਯਮਲਾ ਜੀ ਬਾਰੇ। ਉਸ ਦੇ ਪ੍ਰਸਿੱਧ ਹੋਣ ਪਿੱਛੇ ਨਿਰਾ ਇਹੀ ਕਾਰਨ ਨਹੀਂ ਹੋ ਸਕਦਾ ਕਿ ਉਦੋਂ ਗਿਣਵੇਂ-ਚੁਣਵੇਂ ਗਾਇਕ ਹੀ ਹੁੰਦੇ ਸਨ। ਅੱਜ ਵਾਂਗ ਦਲੀ 'ਤੇ ਮਲੀ ਨਹੀਂ ਸੀ ਮਰਦੀ। ਵਾਕਿਆ ਹੀ ਉਸ ਦੀ ਗਾਇਕੀ ਵਿਚ ਮਿਠਾਸ ਸੀ ਜੋ ਸ੍ਰੋਤਿਆਂ 'ਤੇ ਜਾਦੂ ਬਿਖੇਰ ਦਿੰਦੀ। ਇਹ ਉਨ੍ਹਾਂ ਦੀ ਹਰਮਨ-ਪਿਆਰਤਾ ਦਾ ਹੀ ਸਬੂਤ ਸੀ ਕਿ ਤਵਿਆਂ ਦੇ ਯੁੱਗ ਵਿਚ ਜਦ ਵੀ ਕਿਸੇ ਦੇ ਕੋਠੇ ਦੇ ਬਨੇਰੇ ਤੋਂ ਲਾਊਡ ਸਪੀਕਰ ਵੱਜਣਾ ਸ਼ੁਰੂ ਹੁੰਦਾ, ਤਾਂ ਪਹਿਲੀ ਆਵਾਜ਼ ਯਮਲੇ ਦੀ ਹੀ ਗੂੰਜਦੀ,

ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਏ।
ਨੀਝਾਂ ਲਾ-ਲਾ ਵੇਂਹਦੀ ਦੁਨੀਆਂ ਸਾਰੀ ਏ।

ਪਿੰਡ ਐਮੇ ਵਿਚ ਹੀ ਹੋਏ ਇਕ ਵਿਆਹ ਮੌਕੇ ਦਾ ਸੀਨ ਮੈਨੂੰ ਹੁਣ ਤੱਕ ਯਾਦ ਹੈ। ਕੋਈ ਲਲਕਾਰੇ ਮਾਰਦਾ ਪੇਂਡੂ, ਘੜੀ-ਮੁੜੀ ਸਪੀਕਰ ਵਾਲੇ ਨੂੰ ਇਕ-ਇਕ ਰੁਪਿਆ ਇਨਾਮ ਵਜੋਂ ਦਿੰਦਾ ਹੋਇਆ, ਯਮਲੇ ਦਾ ਰਿਕਾਰਡ ਵਾਰ-ਵਾਰ ਲਗਾਈ ਜਾਂਦਾ ਸੀ। ਗੀਤ ਨਵਾਂ-ਨਵਾਂ ਚੱਲਿਆ ਸੀ: ਤੂੰਬਾ ਵੱਜਦਾ ਈ ਨਾ, ਤਾਰ ਤੋਂ ਬਿਨਾ...।

ਰਹੀ ਗੱਲ ਯਮਲਾ ਜੀ ਨੂੰ ਉਸਤਾਦ ਕਹਿਣ ਜਾਂ ਨਾ ਕਹਿਣ ਦੀ। ਇਸ ਬਾਰੇ ਫੈਸਲਾ ਤਾਂ ਕੋਈ ਸੰਗੀਤ ਆਚਾਰੀਆ ਹੀ ਕਰ ਸਕਦਾ ਹੈ, ਜਾਂ ਉਨ੍ਹਾਂ ਦੇ ਪਰਿਵਾਰ-ਜਨ ਦੱਸ ਸਕਦੇ ਹਨ ਕਿ ਉਨ੍ਹਾਂ ਦੇ ਬਜ਼ੁਰਗ ਨੇ ਕਿਥੇ 'ਸੰਗੀਤ ਵਿਦਿਆਲਾ' ਖੋਲ੍ਹਿਆ ਹੋਇਆ ਸੀ ਜਿਥੋਂ ਸਿੱਖੇ ਹੋਏ ਸੈਂਕੜੇ ਸ਼ਾਗਿਰਦ, ਕੱਦੂ ਵਿਚ ਡੰਡੇ ਫ਼ਸਾਈ ਫ਼ਿਰਦੇ ਹਨ? ਇਕ ਸ੍ਰੀਮਾਨ ਜੀ ਤਾਂ ਖੁਦ ਨੂੰ ਯਮਲਾ ਜੀ ਦਾ 'ਲਾਡਲਾ ਸ਼ਾਗਿਰਦ' ਲਿਖਦੇ ਹਨ। ਇਹ ਤਾਂ ਹੁਣ ਰੱਬ ਹੀ ਜਾਣੇ ਕਿ ਲਾਲ ਚੰਦ ਜੀ ਦਾ ਲਾਡਲਾ ਸ਼ਾਗਿਰਦ ਇਹ ਸ੍ਰੀਮਾਨ ਹੀ ਸੀ, ਜਾਂ ਉਹ ਬੀਬੀ 'ਲਾਡਲੀ ਸ਼ਾਗਿਰਦਣੀ' ਹੋਵੇਗੀ, ਜਿਹਦੇ ਨਾਲ ਆਖਰੀ ਉਮਰੇ ਯਮਲਾ ਜੀ ਨੇ ਇਹ 'ਇਸ਼ਕ ਹਕੀਕੀ' ਗੀਤ ਗਾਇਆ ਸੀ:

ਜਗਤੇ ਨੂੰ ਛੱਡ ਕੇ ਤੂੰ ਭਗਤੇ ਨੂੰ ਕਰ ਲੈ
ਜਿਨ ਤੇਰਾ ਹੋਣਾ ਏ ਸਹਾਈ, ਨੀ ਜਿੰਦੜੀਏ...

ਸ਼ਾਗਿਰਦਾਂ ਤੋਂ ਸੁਣਿਆ ਹੈ ਕਿ ਇਸ ਗਾਇਕਾ ਬੀਬੀ ਨੇ ਇਸ ਗੀਤ ਦੀ 'ਰਮਜ਼' ਨੂੰ ਅਮਲੀ ਰੂਪ ਦਿੰਦਿਆਂ 'ਜਗਤੇ' ਨੂੰ ਛੱਡ ਕੇ ਜਦੋਂ ਭਗਤੇ ਨੂੰ 'ਕਰ ਲਿਆ' ਸੀ, ਤਦ ਭਗਤੇ ਦੇ ਘਰ ਵਿਚ ਭਸੂੜੀ ਪੈ ਗਈ ਸੀ।

## ਪੀਰ ਸਾਜ਼ ਤੂੰਬੀ ਅਤੇ ਯਮਲਾ ਜੱਟ

**ਸੰਪਾਦਕ ਦੀ ਡਾਕ**

**ਸੰਪਾਦਕ ਸਾਹਿਬ,**
**ਸਤਿ ਸ੍ਰੀ ਅਕਾਲ।**

ਪੰਜਾਬ ਟਾਈਮਜ਼ ਦੇ ਅੰਕ 33 ਵਿਚ ਉਸਤਾਦ ਲਾਲ ਚੰਦ ਯਮਲਾ ਜੱਟ ਬਾਰੇ ਸ੍ਰੀ ਕੁਲਦੀਪ ਤੱਖਰ ਦਾ ਲੇਖ 'ਤੂੰਬੀ, ਸੁਰ ਤੇ ਸੰਗੀਤ' ਪੜ੍ਹਿਆ। ਮਨ ਨੂੰ ਕਾਫੀ ਠੇਸ ਪਹੁੰਚੀ, ਬਹੁਤ ਸਾਰੇ ਵੀਰਾਂ ਦੇ ਇਸ ਲੇਖ ਸਬੰਧੀ ਫੋਨ ਵੀ ਆਏ ਕਿ ਇਹਦਾ ਜੁਆਬ ਦਿਉ।

ਕਿਸੇ ਵੀ ਵਿਅਕਤੀ ਦੇ ਬੋਲਣ-ਚੱਲਣ ਅਤੇ ਪਹਿਰਾਵੇ ਵਿਚੋਂ ਉਹਦੀ ਸ਼ਖਸੀਅਤ ਝਲਕਦੀ ਹੈ। ਇਵੇਂ ਹੀ ਕੁਝ ਲੇਖਕ ਹੁੰਦੇ ਨੇ ਜਿਨ੍ਹਾਂ ਦੇ ਅੰਦਰ ਵਿਰੋਧਤਾ ਦੀ ਸੁਲਘਦੀ ਅੱਗ ਉਨ੍ਹਾਂ ਦੇ ਸ਼ਬਦਾਂ ਵਿਚੋਂ ਸਹਿਜ ਸੁਭਾ ਮਹਿਸੂਸ ਕੀਤੀ ਜਾ ਸਕਦੀ ਹੈ।

ਕੁਝ ਲੋਕ ਹੁੰਦੇ ਨੇ ਜੋ ਫੋਕੀ ਸ਼ੋਹਰਤ ਹਾਸਲ ਕਰਨ ਲਈ ਕਿਸੇ ਸੰਸਥਾ ਜਾਂ ਵਿਅਕਤੀ ਵਿਸ਼ੇਸ਼ ਨੂੰ ਬੇਤੁਕੀਆਂ ਗੱਲਾਂ ਲਿਖ ਕੇ ਬਦਨਾਮ ਕਰਨ ਦੀ ਕੋਸ਼ਿਸ਼ ਕਰਦੇ ਹਨ। 'ਤੂੰਬੀ, ਸੁਰ ਤੇ ਸੰਗੀਤ' ਲੇਖ ਦੇ ਲੇਖਕ ਨੂੰ ਲਗਦਾ ਜਿਵੇਂ ਤੂੰਬੀ ਸੂਲਾਂ ਵਾਂਗੂ ਚੁਭਦੀ ਹੈ। ਪਹਿਲੀ ਗੱਲ ਜਿਹੜਾ ਵਿਅਕਤੀ ਯਮਲੇ ਜੱਟ ਦੇ ਗੀਤਾਂ 'ਤੇ ਕਿੰਤੂ-ਪ੍ਰੰਤੂ ਕਰਦਾ ਹੈ ਜਾਂ ਤਾਂ ਉਹਨੂੰ ਪੰਜਾਬੀ ਸੰਗੀਤ ਬਾਰੇ ਪੂਰੀ ਜਾਣਕਾਰੀ ਨਹੀਂ ਜਾਂ ਫਿਰ ਉਹ ਅਸਲੀ ਫੋਕ ਪੰਜਾਬੀ ਸੰਗੀਤ ਤੋਂ ਕੋਹਾਂ ਦੂਰ ਹੈ। ਜਦੋਂ ਢੋਲ ਉਤੇ ਡੱਗਾ ਵੱਜਦਾ ਹੈ ਜਾਂ ਤੂੰਬੀ ਦੀ ਟੁਣਕਾਰ ਕਿਸੇ ਪੰਜਾਬੀ ਦੇ ਕੰਨਾਂ ਵਿਚ ਪੈਂਦੀ ਹੈ ਤਾਂ ਉਹ ਆਪ ਮੁਹਾਰੇ ਹੀ ਝੂਮ ਉਠਦਾ ਹੈ। ਜੇ ਤੂੰਬੀ ਇਸ ਲੇਖਕ ਨੂੰ ਬੇਸੁਰੀ ਲੱਗੀ ਹੈ, ਫਿਰ ਇਹ ਹਿੰਦੀ ਫਿਲਮਾਂ ਜਾਂ ਗੋਰਿਆਂ ਦੀਆਂ ਮਹਿਫਿਲਾਂ ਵਿਚ ਨਾ ਵੱਜਦੀ, ਜੇ ਤੂੰਬੀ ਬੇਸੁਰੀ ਹੈ ਫਿਰ ਮੁਹੰਮਦ ਸਦੀਕ ਦਾ ਸੁੱਚਾ ਸੂਰਮਾ ਲੋਕੀਂ ਟਿਕ-ਟਿਕੀ ਲਾ ਕੇ ਨਾ ਸੁਣਦੇ, ਜੇ ਤੂੰਬੀ ਲੱਚਰ ਹੈ ਫਿਰ ਕੁਲਦੀਪ ਮਾਣਕ ਦੀ ਬੁਲੰਦ ਆਵਾਜ਼ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਜੋਸ਼ੀਲੀ ਵਾਰ 'ਲੈ ਕੇ ਕਲਗੀਧਰ ਤੋਂ ਥਾਪੜਾ' ਐਨਾ ਨਾਮਣਾ ਨਾ ਖੱਟਦੀ।

ਜਿੰਨਾ ਬਾਬੇ ਨਾਨਕ ਨੂੰ ਉਸਤਾਦ ਲਾਲ ਚੰਦ ਯਮਲਾ ਜੱਟ ਨੇ ਤੂੰਬੀ ਦੀ ਤਾਰ 'ਤੇ ਗਾਇਆ ਹੈ ਸ਼ਾਇਦ ਕਿਸੇ ਹੋਰ ਗਾਇਕ ਨੇ ਉਨਾ ਨਾ ਗਾਇਆ ਹੋਵੇ! ਮੁਹੰਮਦ ਰਫੀ ਵੀ ਯਮਲਾ ਜੀ ਦੀ ਬੇਥਾਹ ਇੱਜ਼ਤ ਕਰਦੇ ਸਨ। ਯਮਲਾ ਜੀ ਨੂੰ ਉਨ੍ਹਾਂ ਦੀ ਸਾਫ-ਸੁਥਰੀ ਗਾਇਕੀ ਬਦਲੇ ਅਨੇਕਾਂ ਵਾਰ ਲੋਕਾਂ ਵੱਲੋਂ ਮੇਲਿਆ ਅਤੇ ਸਾਹਿਤ ਸਭਾਵਾਂ ਦੇ ਸਮਾਗਮਾਂ ਵਿਚ ਸਨਮਾਨਿਤ ਕੀਤਾ ਜਾ ਚੁਕਾ ਹੈ। ਉਨ੍ਹਾਂ ਨੂੰ ਭਾਰਤ ਦਾ ਰਾਸ਼ਟਰੀ ਐਵਾਰਡ ਵੀ ਮਿਲਿਆ ਅਤੇ ਉਨ੍ਹਾਂ ਤੂੰਬੀ ਦੀ ਇੱਕ ਤਾਰ ਵਿਚੋਂ ਸੱਤ ਸੁਰਾਂ ਕੱਢ ਕੇ ਪੂਰੀ ਦੁਨੀਆਂ ਵਿਚ ਪੰਜਾਬੀ ਮਾਂ ਬੋਲੀ ਦਾ ਮਾਣ ਵਧਾਇਆ ਹੈ।

ਸ੍ਰੀ ਤੱਖਰ ਨੇ ਲੇਖਕ ਨਿੰਦਰ ਘੁਗਿਆਣਵੀ ਵੱਲ ਵੀ ਉਂਗਲ ਉਠਾਈ ਹੈ। ਨਿੰਦਰ ਘੁਗਿਆਣਵੀ ਨੇ ਬਹੁਤ ਸਾਰੀਆਂ ਕਿਤਾਬਾਂ ਪੰਜਾਬੀ ਮਾਂ ਬੋਲੀ ਦੀ ਝੋਲੀ ਪਾਈਆਂ ਹਨ, ਜਿਨ੍ਹਾਂ ਵਿਚੋਂ ਕੁਝ ਕਿਤਾਬਾਂ ਕਾਲਜੀ ਵਿਦਿਆਰਥੀਆਂ ਨੂੰ ਪੜ੍ਹਾਈਆ ਵੀ ਜਾਂਦੀਆਂ ਹਨ। ਮੇਰੀ ਜਾਚੇ ਐਸੇ ਵਿਅਕਤੀ 'ਤੇ ਕਿੰਤੂ-ਪ੍ਰੰਤੂ ਕਰਨਾ ਮਾੜੀ ਗੱਲ ਹੈ।

ਲੇਖਕ ਨੇ ਸਟੇਜਾਂ ਦੀ ਮਲਿਕਾ ਆਸ਼ਾ ਸ਼ਰਮਾ ਨੂੰ ਵੀ ਕਲਮ ਦੇ ਰਗੜੇ ਹੇਠ ਰਗੜ ਕੇ ਆਪਣੇ ਅੰਦਰ ਦੀ ਵੇਦਨਾ ਜੱਗ ਜਾਹਿਰ ਕਰ ਦਿੱਤੀ ਹੈ। ਸਮਝ ਨਹੀਂ ਲੱਗੀ ਕਿ ਇਹ ਭੱਦਰ ਪੁਰਸ਼ ਆਪਣੀ ਇਸ ਰਚਨਾ ਜ਼ਰੀਏ ਕੀ ਸਿੱਧ ਕਰਨਾ ਚਾਹੁੰਦਾ ਹੈ? ਜੋ ਮਰਜ਼ੀ ਕੋਈ ਕਹੀ ਜਾਵੇ ਪਰ ਆਸ਼ਾ, ਆਸ਼ਾ ਹੀ ਹੈ। ਜਿਸ ਰਵਾਨੀ ਨਾਲ ਉਹ ਸ਼ਬਦ ਬੋਲਦੇ ਹਨ, ਉਹ ਸ਼ਾਇਦ ਹੀ ਕਿਸੇ ਹੋਰ ਪੰਜਾਬੀ ਦੇ ਹਿੱਸੇ ਆਇਆ ਹੋਵੇ। ਨਾਲੇ ਮੈਂ ਦੱਸ ਦੇਵਾਂ ਕਿ ਅੱਜ ਕੱਲ੍ਹ ਦੇ ਲੱਚਰ ਹਨੀ ਸਿੰਘ ਅਤੇ ਇਹਦੇ ਗੰਦ ਪਾਊ ਭਾਈਵਾਲ ਤੂੰਬੀ ਨਾਲ ਨਹੀਂ ਗਾਉਂਦੇ! ਸੋ, ਲੇਖਕ ਨੂੰ ਪੀਰ ਸਾਜ਼ ਤੂੰਬੀ 'ਤੇ ਚਿੱਕੜ ਸੁਟਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

***-ਗੁਰਿੰਦਰਜੀਤ 'ਨੀਟਾ ਮਾਛੀਕੇ'***
***ਸਕੱਤਰ, ਯਮਲਾ ਜੱਟ ਫਾਊਡੇਸ਼ਨ***
***ਫਰਿਜ਼ਨੋ (ਕੈਲੀਫੋਰਨੀਆ)***



# ਮੋਦੀ ਦੀ ਸਮਰਾਟ ਅਸ਼ੋਕ ਦੀ ਮਸੀਹਾ ਵਾਲੀ ਦਿੱਖ ਦੀ ਚਾਹਤ

## ਸਿਆਸਤ ਦਾ ਪਿੜ



**ਜਤਿੰਦਰ ਪਨੂੰ**
ਫੋਨ: 91-98140-68455

***ਜਿਥੋਂ ਤੱਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਲਾਲ ਕਿਲ੍ਹੇ ਤੋਂ ਦਿੱਤੇ ਗਏ ਭਾਸ਼ਣ ਦਾ ਸਬੰਧ ਹੈ, ਉਸ ਬਾਰੇ ਕਾਂਗਰਸ ਪਾਰਟੀ ਦਾ ਉਹੋ ਪ੍ਰਤੀਕਰਮ ਆਇਆ ਹੈ, ਜਿਹੜਾ ਆਉਣ ਦੀ ਆਸ ਸੀ। ਕਾਂਗਰਸ ਨੇ ਕਿਹਾ ਹੈ ਕਿ ਮੋਦੀ ਦੀ ਤਕਰੀਰ ਤੋਂ ਲੱਗਦਾ ਹੈ ਕਿ ਹਾਲੇ ਤੱਕ ਉਨ੍ਹਾਂ ਦਾ ਚੋਣ ਭਾਸ਼ਣਾਂ ਵਾਲਾ ਚੈਨਲ ਹੀ ਚੱਲ ਰਿਹਾ ਹੈ, ਉਹ ਅਜੇ ਉਸ ਲੀਹ ਵਿਚੋਂ ਨਹੀਂ ਨਿਕਲੇ। ਅਸਲੀਅਤ ਇਸ ਤੋਂ ਵੱਖਰੀ ਹੈ। ਮੋਦੀ ਸਾਹਿਬ ਉਸ ਦੌਰ ਤੋਂ ਇੱਕਦਮ ਵੱਖਰੇ ਇੱਕ ਰੰਗ ਵਿਚ ਪੇਸ਼ ਹੋਣ ਦਾ ਯਤਨ ਕਰ ਰਹੇ ਹਨ, ਜਿਹੜਾ ਰੰਗ ਉਨ੍ਹਾਂ ਦੇ ਪੁਰਾਣੇ ਜੋੜੀਦਾਰਾਂ ਤੇ ਉਨ੍ਹਾਂ ਦੇ ਪਿੱਛੇ ਖੜੀ ਸਭ ਤੋਂ ਵੱਡੇ ਆਧਾਰ ਦੀ ਜਥੇਬੰਦੀ ਰਾਸ਼ਟਰੀ ਸੋਇਮ ਸੇਵਕ ਸੰਘ (ਆਰ ਐਸ ਐਸ) ਦੇ ਲੀਡਰਾਂ ਨੂੰ ਪਸੰਦ ਨਹੀਂ।***

ਜਿਵੇਂ ਬੱਚੇ ਪਹਿਲਾਂ ਕਾਰ ਦੇ ਖਿਡੌਣੇ ਨਾਲ ਖੇਡਦੇ ਹਨ, ਫਿਰ ਇੱਕ ਦਿਨ ਕਾਰ ਚਲਾਉਣ ਦੇ ਯੋਗ ਵੀ ਹੋ ਜਾਂਦੇ ਹਨ ਤੇ ਆਪਣੀ ਖਰੀਦਣ ਦੇ ਯੋਗ ਵੀ, ਨਰਿੰਦਰ ਮੋਦੀ ਨਾਂ ਦਾ ਆਗੂ ਪਿਛਲੇ ਸਾਲ ਤੱਕ ਲਾਲ ਕਿਲ੍ਹੇ ਵਰਗੇ ਮੰਚ ਉਤੋਂ ਲੋਕਾਂ ਅੱਗੇ ਭਾਸ਼ਣ ਦਿੰਦਾ ਹੁੰਦਾ ਸੀ, ਇਸ ਵਾਰੀ 15 ਅਗਸਤ ਨੂੰ ਉਸ ਦਾ ਲਾਲ ਕਿਲ੍ਹੇ ਦੀ ਕੰਧ ਤੋਂ ਭਾਸ਼ਣ ਦੇਣ ਦਾ ਸੁਫਨਾ ਪੂਰਾ ਹੋ ਗਿਆ। ਜਿੰਨੀ ਵਧਾਈ ਦੇਸ਼ ਵਾਸੀਆਂ ਨੂੰ ਆਜ਼ਾਦੀ ਦਿਵਸ ਦੀ ਦਿੱਤੀ ਗਈ, ਕਈ ਲੋਕਾਂ ਨੇ ਇਸ਼ਾਰਿਆਂ ਵਿਚ ਲਾਲ ਕਿਲ੍ਹੇ ਦੀ ਕੰਧ ਤੋਂ ਬੋਲਣ ਦਾ ਸੁਫਨਾ ਪੂਰਾ ਹੋਣ ਦੀ ਵਧਾਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦੇਣੀ ਵੀ ਨਹੀਂ ਭੁੱਲੀ। ਕੁਝ ਲੋਕਾਂ ਨੇ ਇਸ ਮੌਕੇ ਵਿਅੰਗ ਵੀ ਕੀਤੇ। ਹਲਕੇ ਰੰਗ ਦੇ ਵਿਅੰਗ ਵੀ ਸਨ ਅਤੇ ਗੰਭੀਰ ਵੀ, ਜਿਨ੍ਹਾਂ ਵਿਚ ਇੱਕ ਵਿਅੰਗ ਹਿੰਦੀ ਕਾਮੇਡੀਅਨ ਸੁਨੀਲ ਪਾਲ ਦਾ ਸੀ ਕਿ ਭਾਸ਼ਣ ਵਿਚ ਜੇ ਨਰਿੰਦਰ ਮੋਦੀ ਜ਼ਿਆਦਾ ਭਾਵੁਕ ਹੋ ਗਏ ਤਾਂ ਇਹ ਕਹਿਣਗੇ, 'ਹਮਾਰੇ ਆਗੂ ਬਹੁਤ ਮਹਾਨ ਥੇ, ਮੈਂ ਆਜ ਯਹਾਂ ਹੂੰ, ਉਨ ਕੀ ਵਜ੍ਹਾ ਸੇ ਹੂੰ, ਔਰ ਵੋ ਨੇਤਾ ਲੋਗ ਜਹਾਂ ਹੈਂ, ਸੁਖੀ ਰਹੇਂ, ਵੋ ਸਬ ਭੀ ਵਹਾਂ ਪਰ ਮੇਰੀ ਵਜ੍ਹਾ ਸੇ ਹੈਂ।' ਵਿਚਾਰ ਪ੍ਰਗਟ ਕਰਨ ਦੀ ਖੁੱਲ੍ਹ ਮਿਲੀ ਹੋਣ ਕਾਰਨ ਪਹਾੜ ਜਿੱਡੀ ਗੱਲ ਸੁਨੀਲ ਪਾਲ ਕਾਗਜ਼ ਦੇ ਫੁੱਲਾਂ ਵਾਂਗ ਹਵਾ ਵਿਚ ਉਛਾਲ ਗਿਆ ਹੈ।

ਜਿਥੋਂ ਤੱਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਲਾਲ ਕਿਲ੍ਹੇ ਤੋਂ ਦਿੱਤੇ ਗਏ ਭਾਸ਼ਣ ਦਾ ਸਬੰਧ ਹੈ, ਉਸ ਬਾਰੇ ਕਾਂਗਰਸ ਪਾਰਟੀ ਦਾ ਉਹੋ ਪ੍ਰਤੀਕਰਮ ਆਇਆ ਹੈ, ਜਿਹੜਾ ਆਉਣ ਦੀ ਆਸ ਸੀ। ਕਾਂਗਰਸ ਨੇ ਕਿਹਾ ਹੈ ਕਿ ਮੋਦੀ ਦੀ ਤਕਰੀਰ ਤੋਂ ਲੱਗਦਾ ਹੈ ਕਿ ਹਾਲੇ ਤੱਕ ਉਨ੍ਹਾਂ ਦਾ ਚੋਣ ਭਾਸ਼ਣਾਂ ਵਾਲਾ ਚੈਨਲ ਹੀ ਚੱਲ ਰਿਹਾ ਹੈ, ਉਹ ਅਜੇ ਉਸ ਲੀਹ ਵਿਚੋਂ ਨਹੀਂ ਨਿਕਲੇ। ਅਸਲੀਅਤ ਇਸ ਤੋਂ ਵੱਖਰੀ ਹੈ। ਮੋਦੀ ਸਾਹਿਬ ਉਸ ਦੌਰ ਤੋਂ ਇੱਕਦਮ ਵੱਖਰੇ ਇੱਕ ਰੰਗ ਵਿਚ ਪੇਸ਼ ਹੋਣ ਦਾ ਯਤਨ ਕਰ ਰਹੇ ਹਨ, ਜਿਹੜਾ ਰੰਗ ਉਨ੍ਹਾਂ ਦੇ ਪੁਰਾਣੇ ਜੋੜੀਦਾਰਾਂ ਤੇ ਉਨ੍ਹਾਂ ਦੇ ਪਿੱਛੇ ਖੜੀ ਸਭ ਤੋਂ ਵੱਡੇ ਆਧਾਰ ਦੀ ਜਥੇਬੰਦੀ ਰਾਸ਼ਟਰੀ ਸੋਇਮ ਸੇਵਕ ਸੰਘ (ਆਰ ਐਸ ਐਸ) ਦੇ ਲੀਡਰਾਂ ਨੂੰ ਪਸੰਦ ਨਹੀਂ। ਅੰਦਰ ਦੀਆਂ ਕੁੜੱਤਣਾਂ ਵੀ ਦੋਵਾਂ ਪਾਸਿਆਂ ਤੋਂ ਬਾਹਰ ਨਿਕਲਦੀਆਂ ਸਾਫ ਦਿੱਸ ਰਹੀਆਂ ਹਨ। ਲਾਲ ਕਿਲ੍ਹੇ ਦੇ ਭਾਸ਼ਣ ਵਿਚ ਦੇਸ਼ ਦੇ ਲੋਕਾਂ ਨਾਲੋਂ ਵੱਧ ਇੱਕ ਖਾਸ ਸੁਨੇਹਾ ਮੋਦੀ ਨੇ ਆਪਣੇ ਉਨ੍ਹਾਂ ਪੁਰਾਣੇ ਮਿੱਤਰਾਂ ਨੂੰ ਦੇਣ ਦਾ ਯਤਨ ਕੀਤਾ ਹੈ।

ਅਸੀਂ ਪ੍ਰਧਾਨ ਮੰਤਰੀ ਦੇ ਭਾਸ਼ਣ ਦੇ ਇਨ੍ਹਾਂ ਹਾਂ-ਪੱਖੀ ਨੁਕਤਿਆਂ ਦੀ ਵਿਆਖਿਆ ਕਰਨ ਨੂੰ ਬਹੁਤਾ ਸਮਾਂ ਨਹੀਂ ਦੇ ਸਕਦੇ ਕਿ ਦੇਸ਼ ਨੂੰ ਤਰੱਕੀ ਦੇ ਰਾਹ ਉਤੇ ਅੱਗੇ ਵਧਣ ਲਈ ਡਿਸਿਪਲਿਨ ਦੀ ਲੋੜ ਹੈ। ਉਨ੍ਹਾਂ ਠੀਕ ਗੱਲ ਆਖੀ ਹੈ ਕਿ ਦੇਸ਼ ਦੇ ਕਈ ਸਰਕਾਰੀ ਮਹਿਕਮੇ ਇੱਕ-ਦੂਸਰੇ ਦੇ ਖਿਲਾਫ ਅਦਾਲਤਾਂ ਵਿਚ ਮੁਕੱਦਮੇ ਕਰੀ ਫਿਰਦੇ ਹਨ, ਜਿਸ ਨਾਲ ਪੈਸਾ ਵੀ ਖਰਚ ਹੁੰਦਾ ਹੈ, ਸਮਾਂ ਵੀ। ਧੀਆਂ ਨੂੰ ਪੁੱਤਰਾਂ ਦੇ ਬਰਾਬਰ ਸਮਝਣ ਲਈ ਜਿਸ ਢੰਗ ਨਾਲ ਉਨ੍ਹਾਂ ਨੇ ਆਪਣੀ ਗੱਲ ਕਹੀ, ਉਸ ਲਈ ਵੀ ਤਾਰੀਫ ਦੇ ਸ਼ਬਦ ਲਿਖੇ ਜਾ ਸਕਦੇ ਹਨ। ਹੋਰ ਵੀ ਕਈ ਕੁਝ ਚੰਗਾ ਹੈ। ਅਸੀਂ ਉਨ੍ਹਾਂ ਦੀ ਤਕਰੀਰ ਤੋਂ ਝਲਕਦੇ ਨਾਂਹ-ਪੱਖੀ ਰੁਝਾਨਾਂ ਦੀ ਬਹੁਤੀ ਚਰਚਾ ਵੀ ਇਸ ਵੇਲੇ ਨਹੀਂ ਕਰ ਰਹੇ, ਜਿਨ੍ਹਾਂ ਵਿਚ ਸਭ ਤੋਂ ਵੱਡਾ ਇਹ ਹੈ ਕਿ ਉਹ ਨਿੱਜੀਕਰਨ ਅਤੇ ਵਿਦੇਸ਼ੀ ਪੂੰਜੀ ਦੇ ਭਾਰਤ ਵਿਚ ਦਾਖਲੇ ਦੇ ਵਕੀਲ ਬਣ ਕੇ ਪੇਸ਼ ਹੋ ਰਹੇ ਹਨ। ਯੋਜਨਾ ਕਮਿਸ਼ਨ ਪਹਿਲਾਂ ਵੀ ਦੇਸ਼ ਦੇ ਲੋਕਾਂ ਦੀਆਂ ਆਸਾਂ ਉਤੇ ਪੂਰਾ ਨਹੀਂ ਸੀ ਉਤਰ ਰਿਹਾ, ਪਰ ਇਸ ਦਾ ਸੁਧਾਰ ਕਰਨ ਦੀ ਥਾਂ ਇਸ ਦਾ ਭੋਗ ਪਾ ਕੇ ਸਾਰੀ ਯੋਜਨਾਬੰਦੀ ਪ੍ਰਧਾਨ ਮੰਤਰੀ ਦਫਤਰ ਦੇ ਅਧਿਕਾਰ ਦਾ ਖੇਤਰ ਬਣਾ ਕੇ ਇਸ ਨੂੰ ਇੱਕ ਵਿਅਕਤੀ, ਉਹ ਕਿੰਨਾ ਵੀ ਵੱਡਾ ਤੇ ਯੋਗ ਹੋਵੇ, ਤੱਕ ਸੀਮਤ ਕਰ ਦੇਣਾ ਵੀ ਚੰਗਾ ਨਹੀਂ ਲੱਗ ਰਿਹਾ। ਫਿਰ ਵੀ ਅਸਲੀ ਗੱਲਾਂ ਇਹ ਨਹੀਂ, ਜਿਨ੍ਹਾਂ ਬਾਰੇ ਸਿਰ ਖਪਾਇਆ ਜਾਵੇ, ਸਗੋਂ ਰਾਜਸੀ ਪੱਖੋਂ ਪ੍ਰਧਾਨ ਮੰਤਰੀ ਦੇ ਕਹੇ ਕੁਝ ਉਹ ਨੁਕਤੇ ਹਨ, ਜਿਹੜੇ ਪੁਰਾਣੇ ਜੋੜੀਦਾਰਾਂ ਨਾਲੋਂ ਵਖਰੇਵਾਂ ਦਰਸਾਉਂਦੇ ਹਨ।



*ਗਣਤੰਤਰ ਦਿਵਸ ਮੌਕੇ ਭਾਸ਼ਣ ਦਿੰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ*

ਪਿਛਲੇ ਦਿਨਾਂ ਵਿਚ ਅਮਰ ਨਾਥ ਦੀ ਯਾਤਰਾ ਦੇ ਇੱਕ ਮਾਮੂਲੀ ਜਿਹੇ ਝਗੜੇ ਨੂੰ ਲੈ ਕੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਨੇਤਾ ਪ੍ਰਵੀਨ ਤੋਗੜੀਆ ਨੇ ਜਿਵੇਂ ਮੁਸਲਿਮ ਭਾਈਚਾਰੇ ਲਈ ਸਿੱਧੀ ਧਮਕੀਆਂ ਦੀ ਭਾਸ਼ਾ ਬੋਲੀ ਸੀ, ਉਸ ਤਰ੍ਹਾਂ ਦੀ ਪ੍ਰਧਾਨ ਮੰਤਰੀ ਨੇ ਹੁਣ ਬੋਲਣੀ ਛੱਡ ਦਿੱਤੀ ਹੈ। ਨਾ ਉਹ ਅਮਰ ਨਾਥ ਯਾਤਰਾ ਵੇਲੇ ਇਸ ਤਰ੍ਹਾਂ ਬੋਲੇ, ਨਾ ਉਹ ਲੇਹ-ਲੱਦਾਖ ਦੀ ਯਾਤਰਾ ਸਮੇਂ ਜਨਤਕ ਇਕੱਠ ਵਿਚ ਪੁਰਾਣੀ ਲੀਹ ਉਤੇ ਚੱਲੇ ਤੇ ਨਾ ਉਦੋਂ ਚੁੱਪ ਤੋੜੀ, ਜਦੋਂ ਆਰ ਐਸ ਐਸ ਦੇ ਮੁਖੀ ਮੋਹਨ ਭਾਗਵਤ ਨੇ ਸਾਰੇ ਹਿੰਦੁਸਤਾਨੀਆਂ ਦੇ ਹਿੰਦੂ ਹੋਣ ਦੀ ਸੁਰ ਉਭਾਰੀ ਸੀ। ਮੋਦੀ ਸਾਹਿਬ ਨੇ ਉਨ੍ਹਾਂ ਤੋਂ ਅਸਲੋਂ ਵਖਰੇਵੇਂ ਦਾ ਰਾਹ ਅਚਾਨਕ ਫੜ ਲਿਆ ਹੈ। ਮੋਹਨ ਭਾਗਵਤ ਦੀ ਇਸ ਟਿੱਪਣੀ ਬਾਰੇ ਬਹਿਸ ਦੌਰਾਨ ਟੀ ਵੀ ਚੈਨਲ ਦੇ ਇੱਕ ਐਂਕਰ ਨੇ ਜਦੋਂ ਇੱਕ ਗਰਮ-ਦਲੀ ਹਿੰਦੂ ਆਗੂ ਨੂੰ ਪੁੱਛਿਆ ਕਿ ਪ੍ਰਧਾਨ ਮੰਤਰੀ ਮੋਦੀ ਤੁਹਾਡੀ ਇਸ ਗੱਲ ਦੀ ਹਮਾਇਤ ਵਿਚ ਨਹੀਂ ਬੋਲਦੇ, ਉਸ ਨੇ ਹੱਸ ਕੇ ਕਿਹਾ ਸੀ, 'ਜਿਨ ਕੇ ਅੱਛੇ ਦਿਨ ਆ ਗਏ ਹੈਂ, ਉਨ ਕੋ ਬੋਲਨੇ ਕੀ ਅਬ ਜ਼ਰੂਰਤ ਨਹੀਂ ਰਹੀ।' ਟੀ ਵੀ ਐਂਕਰ ਨੇ ਇੱਕ ਦਮ ਅੱਗੋਂ ਇਹ ਸਵਾਲ ਪੁੱਛ ਲਿਆ ਕਿ 'ਫਿਰ ਵੋ ਲੋਗ ਅਬ ਬੋਲ ਰਹੇ ਹੋਂਗੇ, ਜਿਨ ਕੇ ਅੱਛੇ ਦਿਨ ਅਭੀ ਤੱਕ ਨਹੀਂ ਆ ਸਕੇ?' ਇਥੇ ਉਹ ਬੰਦਾ ਚੁੱਪ ਹੋ ਗਿਆ ਸੀ।

ਮੋਹਨ ਭਾਗਵਤ ਦੀ ਇਹ ਧਾਰਨਾ ਮੁੱਢੋਂ ਹੀ ਗਲਤ ਹੈ ਕਿ "ਜਿਵੇਂ ਇੰਗਲੈਂਡ ਦਾ ਹਰ ਨਾਗਰਿਕ ਅੰਗਰੇਜ਼ ਹੋ ਸਕਦਾ ਹੈ, ਹਰ ਹਿੰਦੁਸਤਾਨੀ ਨੂੰ ਵੀ 'ਹਿੰਦੂ' ਮੰਨਿਆ ਜਾਣਾ ਚਾਹੀਦਾ ਹੈ।" ਇੰਗਲੈਂਡ ਕੋਈ ਦੇਸ਼ ਨਹੀਂ, ਬ੍ਰਿਟੇਨ ਦੇਸ਼ ਦਾ ਇੱਕ ਪ੍ਰਾਂਤ ਹੈ, ਦੂਸਰੇ ਰਾਜ ਸਕਾਟਲੈਂਡ ਦੇ ਲੋਕ ਅੰਗਰੇਜ਼ ਨਹੀਂ, ਸਕਾਟਿਸ਼ ਕਹੇ ਜਾਂਦੇ ਹਨ ਤੇ ਵੇਲਜ਼ ਦੇ ਤੀਸਰੇ ਰਾਜ ਦੇ ਲੋਕ ਵੈਲਸ਼ ਕਹਾਉਂਦੇ ਹਨ। ਜੇ ਇੰਗਲੈਂਡ ਦੇ ਲੋਕ ਅੰਗਰੇਜ਼ ਵੀ ਮੰਨੇ ਜਾਣ ਤਾਂ ਅੰਗਰੇਜ਼ ਕਹਿਣ ਨਾਲ ਖਾਸ ਧਰਮ ਦੇ ਹੋਣ ਦਾ ਪ੍ਰਭਾਵ ਨਹੀਂ ਪੈਂਦਾ, ਭਾਰਤ ਵਿਚ ਕਿਸੇ ਨੂੰ ਹਿੰਦੂ ਕਹਿਣ ਦਾ ਪ੍ਰਭਾਵ ਇੱਕ ਧਰਮ ਨਾਲ ਜੁੜਦਾ ਹੈ। ਇਸ ਦੀ ਥਾਂ ਹਿੰਦੀ-ਭਾਸ਼ੀ ਵਿਅਕਤੀ ਕਿਹਾ ਜਾਵੇ, ਜਿਵੇਂ ਪੰਜਾਬੀ ਬੋਲਣ ਵਾਲਿਆਂ ਨੂੰ ਪੰਜਾਬੀ ਲੋਕ ਅਤੇ ਬੰਗਾਲੀ ਭਾਸ਼ਾ ਬੋਲਣ ਵਾਲਿਆਂ ਨੂੰ ਬੰਗਾਲੀ ਕਿਹਾ ਜਾਂਦਾ ਹੈ, ਉਵੇਂ ਇੰਗਲੈਂਡ ਵਿਚ ਅੰਗਰੇਜ਼ੀ ਭਾਸ਼ਾ ਬੋਲਣ ਵਾਲਿਆਂ ਨੂੰ ਅੰਗਰੇਜ਼ ਕਿਹਾ ਜਾਂਦਾ ਹੈ। ਆਜ਼ਾਦੀ ਲਹਿਰ ਵੇਲੇ ਹਿੰਦੀ ਨੂੰ ਸੰਪਰਕ ਭਾਸ਼ਾ ਵਜੋਂ ਵਰਤਣ ਕਾਰਨ ਕਈ ਥਾਂ ਭਾਰਤ ਦੇ ਸਾਰੇ ਲੋਕਾਂ ਨੂੰ 'ਹਿੰਦੀ ਲੋਕ' ਕਹਿ ਕੇ ਸੰਬੋਧਨ ਕੀਤਾ ਗਿਆ ਹੈ। ਉਹ ਵਰਤੋਂ ਠੀਕ ਸੀ। ਮੋਹਨ ਭਾਗਵਤ ਜਿਵੇਂ ਇਸ ਦੇਸ਼ ਲਈ 'ਹਿੰਦੁਸਤਾਨ' ਦਾ ਨਾਂ ਵਰਤਦੇ ਹਨ, ਉਹ ਰਵਾਇਤ ਪੱਖੋਂ ਹੀ ਹੈ, ਸੰਵਿਧਾਨ ਮੁਤਾਬਕ ਇਸ ਦੇਸ਼ ਦੇ ਸਿਰਫ ਦੋ ਨਾਂ 'ਇੰਡੀਆ' ਅਤੇ 'ਭਾਰਤ' ਹਨ। ਸੰਵਿਧਾਨ ਘੜਨੀ ਸਭਾ ਵੱਲੋਂ ਪਾਸ ਕੀਤਾ ਸੰਵਿਧਾਨ ਇਨ੍ਹਾਂ ਸ਼ਬਦਾਂ ਨਾਲ ਸ਼ੁਰੂ ਹੁੰਦਾ ਹੈ ਕਿ 'ਇੰਡੀਆ, ਦੈਟ ਇਜ਼ ਭਾਰਤ, ਸ਼ੈਲ ਬੀ ਏ ਯੂਨੀਅਨ ਆਫ ਸਟੇਟਸ', ਭਾਵ ਕਿ 'ਇੰਡੀਆ, ਜਿਹੜਾ ਭਾਰਤ ਹੈ, ਰਾਜਾਂ ਦੀ ਇੱਕ ਯੂਨੀਅਨ ਹੋਵੇਗਾ।' ਇਸ ਵਿਚ 'ਹਿੰਦੁਸਤਾਨ' ਕਿੱਥੇ ਹੈ? ਭਾਰਤ ਦੇ ਨੋਟ ਅਤੇ ਸਿੱਕੇ ਵੀ ਵੇਖੇ ਜਾਣ ਤਾਂ ਤਿੰਨ ਸ਼ੇਰਾਂ ਵਾਲੇ ਨਿਸ਼ਾਨ ਦੇ ਨਾਲ ਇੰਡੀਆ ਤੇ ਭਾਰਤ ਲਿਖਿਆ ਜਾਂਦਾ ਹੈ, ਹਿੰਦੁਸਤਾਨ ਦਾ ਕਿਤੇ ਜ਼ਿਕਰ ਨਹੀਂ ਹੁੰਦਾ। ਸਿਰਫ ਆਪਣੀ ਸੋਚ ਵਾਲੇ ਲੋਕਾਂ ਵਿਚ ਰਾਤ-ਦਿਨ ਘਿਰੇ ਰਹਿਣ ਨਾਲ ਭਾਗਵਤ ਨੂੰ ਇਸ ਤਰ੍ਹਾਂ ਦੀਆਂ ਗੱਲਾਂ ਬਾਰੇ ਪੜ੍ਹਨ ਅਤੇ ਸੋਚਣ ਦਾ ਸ਼ਾਇਦ ਵਕਤ ਨਹੀਂ ਲੱਗਦਾ ਹੋਵੇਗਾ। ਫਿਰ ਵੀ ਗੱਲ ਮੋਹਨ ਭਾਗਵਤ ਦੀ ਨਹੀਂ, ਨਰਿੰਦਰ ਮੋਦੀ ਦੇ ਭਾਸ਼ਣ ਦੀ ਹੈ, ਜੋ ਲਾਲ ਕਿਲ੍ਹੇ ਦੀ ਕੰਧ ਤੋਂ ਦਿੱਤਾ ਗਿਆ ਤੇ ਜਿਸ ਵਿਚ ਇਸ਼ਾਰੇ ਮੋਦੀ ਵੱਲੋਂ ਮੁਲਕ ਤੋਂ ਵੱਧ ਭਾਗਵਤ ਵੱਲ ਕੀਤੇ ਹੋਏ ਕਈ ਲੋਕਾਂ ਨੂੰ ਨਜ਼ਰ ਆ ਗਏ ਹਨ।

ਪਿਛਲੇ ਦਿਨੀਂ ਜਦੋਂ ਦਿੱਲੀ ਵਿਚ ਭਾਰਤੀ ਜਨਤਾ ਪਾਰਟੀ ਦੇ ਨਵੇਂ ਪ੍ਰਧਾਨ ਵਜੋਂ ਅਮਿਤ ਸ਼ਾਹ ਦੀ ਤਾਜਪੋਸ਼ੀ ਕੀਤੀ ਜਾ ਰਹੀ ਸੀ, ਪ੍ਰਧਾਨ ਮੰਤਰੀ ਮੋਦੀ ਨੇ ਪਾਰਲੀਮੈਂਟ ਚੋਣ ਦੀ ਜਿੱਤ ਲਈ ਅਮਿਤ ਸ਼ਾਹ ਨੂੰ 'ਮੈਨ ਆਫ ਦਾ ਮੈਚ' ਕਰਾਰ ਦੇ ਦਿੱਤਾ ਸੀ। ਇਸ ਦੇ ਚੌਵੀ ਘੰਟੇ ਲੰਘਣ ਤੋਂ ਪਹਿਲਾਂ ਮੋਹਨ ਭਾਗਵਤ ਦਾ ਬਿਆਨ ਆ ਗਿਆ ਕਿ ਇਹ ਜਿੱਤ ਕਿਸੇ ਇੱਕ ਜਾਂ ਦੋ ਬੰਦਿਆਂ ਦੀ ਨਹੀਂ, ਭਾਰਤ ਦੇ ਲੋਕਾਂ ਦੀ ਹੈ, ਜਿਹੜੇ ਪਿਛਲੀ ਸਰਕਾਰ ਦੇ ਭ੍ਰਿਸ਼ਟਾਚਾਰ ਤੋਂ ਇੰਨੇ ਤੰਗ ਸਨ ਕਿ ਸਰਕਾਰ ਬਦਲਣਾ ਚਾਹੁੰਦੇ ਸਨ। ਭਾਗਵਤ ਨੇ ਮੋਦੀ ਦੇ ਕਹੇ ਦੀ ਕਾਟ ਜਿਵੇਂ ਅਗਲੇ ਦਿਨ ਕੀਤੀ, ਉਸ ਤੋਂ ਸਾਫ ਲੱਗਦਾ ਸੀ ਕਿ ਉਸ ਨੂੰ ਮੋਦੀ ਤੇ ਅਮਿਤ ਸ਼ਾਹ ਦਾ ਉਭਰਨਾ ਪਸੰਦ ਨਹੀਂ। ਮੋਦੀ ਦਾ ਉਭਾਰ ਨਾਪਸੰਦ ਕਰਨ ਵਾਲੇ ਸਿਰਫ ਉਹ ਹੀ ਨਹੀਂ, ਮੋਦੀ ਸਾਹਿਬ ਵੀ ਮੋਹਨ ਭਾਗਵਤ ਦਾ ਹੱਦਾਂ ਤੋਂ ਅੱਗੇ ਲੰਘਣ ਲਈ ਯਤਨ ਕਰਨਾ ਪਸੰਦ ਨਹੀਂ ਕਰ ਰਹੇ। ਉਹ ਹੁਣ ਪਹਿਲਾਂ ਵਾਲੇ ਮੋਦੀ ਨਹੀਂ, ਪ੍ਰਧਾਨ ਮੰਤਰੀ ਮੋਦੀ ਹਨ, ਜਿਸ ਨੇ ਦੇਸ਼ ਦੇ ਲੋਕਾਂ ਨੂੰ ਆਪਣੀ ਨੇਕ-ਚੱਲਣੀ ਪੇਸ਼ ਕਰਨੀ ਤੇ ਖੁਦ ਸਰਬ ਸਾਂਝਾ 'ਪ੍ਰਧਾਨ ਸੇਵਕ' ਬਣ ਕੇ ਪੇਸ਼ ਹੋਣਾ ਹੈ, ਤਾਂ ਕਿ ਪਿਛੋਕੜ ਤੋਂ ਖਹਿੜਾ ਛੁਡਾਇਆ ਜਾ ਸਕੇ। ਇਹ ਗੱਲ ਲਾਲ ਕਿਲ੍ਹੇ ਵਾਲੇ ਭਾਸ਼ਣ ਤੋਂ ਸਾਫ ਹੋ ਗਈ ਹੈ।

ਆਜ਼ਾਦੀ ਦਿਵਸ ਤੋਂ ਪਹਿਲੀ ਸ਼ਾਮ ਦੇਸ਼ ਵਾਸੀਆਂ ਨੂੰ ਸੰਦੇਸ਼ ਦੇਣ ਦੀ ਰਸਮ ਪੂਰੀ ਕਰਨ ਲਈ ਜਦੋਂ ਅੱਜ ਦੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਬੋਲੇ, ਉਨ੍ਹਾਂ ਵੀ ਜਨੂੰਨ ਤੋਂ ਸਾਵਧਾਨ ਕੀਤਾ ਸੀ। ਮੁਖਰਜੀ ਨੇ ਕਿਹਾ ਸੀ ਕਿ 'ਜਨੂੰਨੀ ਬਾਦਸ਼ਾਹ ਔਰੰਗਜ਼ੇਬ ਨੇ ਦੂਸਰੇ ਧਰਮਾਂ ਦੇ ਲੋਕਾਂ ਉਤੇ ਜਜ਼ੀਆ ਲਾ ਦਿੱਤਾ ਸੀ, ਇਹ ਉਸ ਤੋਂ ਪਹਿਲਾਂ ਅਕਬਰ ਤੇ ਸ਼ਾਹ ਜਹਾਂ ਵੀ ਲਾ ਸਕਦੇ ਸਨ, ਪਰ ਉਨ੍ਹਾਂ ਇਹੋ ਜਿਹੀ ਕੋਈ ਵੰਡ ਸਮਾਜ ਵਿਚ ਨਹੀਂ ਸੀ ਪੈਣ ਦਿੱਤੀ ਤੇ ਸਾਨੂੰ ਉਨ੍ਹਾਂ ਤੋਂ ਸਿੱਖਣਾ ਚਾਹੀਦਾ ਹੈ।' ਕਈ ਲੋਕ ਸੋਚਦੇ ਸਨ ਕਿ ਨਰਿੰਦਰ ਮੋਦੀ ਇਸ਼ਾਰੇ ਵਿਚ ਇਸ ਦੀ ਕਾਟ ਕਰਨਗੇ। ਉਨ੍ਹਾਂ ਨੇ ਇਹੋ ਜਿਹੀ ਕਾਟ ਵੱਲ ਜਾਣ ਦੀ ਥਾਂ ਨੇਪਾਲ ਦੇ ਮਾਓਵਾਦੀਆਂ ਦੇ ਹਥਿਆਰ ਛੱਡ ਕੇ ਲੋਕਤੰਤਰ ਵੱਲ ਮੁੜਨ ਦਾ ਕਿੱਸਾ ਛੋਹ ਕੇ ਇਹ ਕਹਿ ਦਿੱਤਾ ਕਿ ਭਾਰਤ ਵਿਚ ਸਮਰਾਟ ਅਸ਼ੋਕ ਹੋਇਆ ਹੈ, ਜਿਸ ਨੇ ਇੱਕ ਜੰਗ ਲੜਨ ਪਿੱਛੋਂ ਖੂਨ-ਖਰਾਬੇ ਤੋਂ ਤੌਬਾ ਕਰ ਲਈ ਤੇ ਅਮਨ ਦਾ ਮਸੀਹਾ ਬਣ ਗਿਆ ਸੀ। ਇਸ ਦੇ ਪਿੱਛੋਂ ਮੋਦੀ ਇਹ ਕਹਿਣ ਲੱਗ ਪਏ ਕਿ ਅਸੀਂ ਜਾਤੀਵਾਦ ਅਤੇ ਫਿਰਕੂਪੁਣੇ ਦੀਆਂ ਕਈ ਕਿਸਮਾਂ ਦੀ ਹਿੰਸਾ ਹੁੰਦੀ ਵੇਖੀ ਹੈ, ਅਸੀਂ ਬਹੁਤ ਲੜਾਈਆਂ ਲੜ ਲਈਆਂ, ਬਹੁਤ ਲੋਕਾਂ ਦੀ ਜਾਨ ਗਈ, ਪਿੱਛੇ ਮੁੜ ਕੇ ਵੇਖੋ, ਕੀ ਕਿਸੇ ਨੂੰ ਕੁਝ ਮਿਲਿਆ ਹੈ? ਸਾਲਾਂ-ਬੱਧੀ ਹੋਏ ਖੂਨ-ਖਰਾਬੇ ਨਾਲ ਭਾਰਤ ਮਾਤਾ ਨੂੰ ਕੇਵਲ ਗਹਿਰੇ ਜ਼ਖਮ ਦਿੱਤੇ ਹਨ। ਫਿਰ ਗੱਲ ਇਥੇ ਮੁਕਾ ਦਿੱਤੀ ਕਿ ਗਲਤੀਆਂ ਨੂੰ ਭੁੱਲ ਜਾਈਏ ਤੇ ਹੁਣ ਸਾਰੇ ਮਿਲ ਕੇ ਅੱਗੇ ਚੱਲੀਏ। ਇਹ ਮੋਦੀ ਦਾ ਚੋਣਾਂ ਦਾ ਚੈਨਲ ਚੱਲਣ ਤੋਂ ਵੱਖਰੀ ਕਥਾ ਹੈ।

ਹੁਣ ਮੋਦੀ ਇੱਕ ਜੰਗ ਲੜਨ ਪਿੱਛੋਂ ਅਮਨ ਦਾ ਮਸੀਹਾ ਬਣੇ ਸਮਰਾਟ ਅਸ਼ੋਕ ਵਾਲੇ ਅਵਤਾਰ ਵਿਚ ਆਉਣਾ ਤੇ ਪਿਛੋਕੜ ਤੋਂ ਪਿੱਛਾ ਛੁਡਾਉਣਾ ਚਾਹੁੰਦੇ ਹਨ ਤੇ ਸ਼ਾਇਦ ਉਸ ਪਿਛੋਕੜ ਦੇ ਉਨ੍ਹਾਂ ਸਾਥੀਆਂ ਵਾਲੀ ਸੰਗਤ ਤੋਂ ਵੀ, ਜਿਨ੍ਹਾਂ ਦੇ ਹਾਲੇ 'ਅੱਛੇ ਦਿਨ' ਨਹੀਂ ਆਏ ਤੇ ਮੋਦੀ ਦੇ 'ਅੱਛੇ ਦਿਨ' ਆਏ ਉਹ ਬਰਦਾਸ਼ਤ ਨਹੀਂ ਕਰ ਰਹੇ। ਬਾਕੀ ਦਾ ਭਾਸ਼ਣ ਤਾਂ ਪ੍ਰਧਾਨ ਮੰਤਰੀ ਦਾ ਭਾਸ਼ਣ ਸੀ, ਪ੍ਰਧਾਨ ਮੰਤਰੀ ਦੇ ਵਿਅਕਤਿਤਵ ਅੰਦਰਲੇ ਨਰਿੰਦਰ ਮੋਦੀ ਦੇ ਦਿਲ ਦੀ ਗੱਲ ਬੱਸ ਏਨੀ ਸੀ, ਜਿਹੜੀ ਉਸ ਨੇ ਕਹਿ ਦਿੱਤੀ ਹੈ। ਭਾਰਤ ਦੇ ਲੋਕ ਉਸ ਨੂੰ ਕਾਲਿੰਗਾ ਦੀ ਜੰਗ ਪਿੱਛੋਂ ਅਮਨ ਵਾਲਾ ਮਸੀਹਾ ਬਣੇ ਸਮਰਾਟ ਅਸ਼ੋਕ ਵਜੋਂ ਪ੍ਰਵਾਨ ਕਰ ਲੈਣਗੇ, ਇਹ ਗੱਲ ਸੋਚਣੀ ਹਾਲ ਦੀ ਘੜੀ ਔਖੀ ਹੈ।



10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 ਵਿਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।
ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ
24/7 Customer Service Available
Same rate for lanline and mobile.
ਟੌਲ ਫਰੀ ਨੰਬਰ 1-888-652-6268
732-983-4332/4333

# ਕੌਂਸਲਖਾਨੇ 'ਚ ਡਾ. ਅੰਬੇਦਕਰ ਦੀ ਤਸਵੀਰ ਲਾਈ

## ਭਾਰਤ ਦਾ ਮਾਣ ਸਨ ਡਾ. ਅੰਬੇਦਕਰ: ਪਾਰਥਾਸਾਰਥੀ

**ਸੈਨ ਫਰਾਂਸਿਸਕੋ (ਬਿਊਰੋ):** 'ਭਾਰਤੀ ਸੰਵਿਧਾਨ ਦੇ ਪਿਤਾਮਾ ਡਾਕਟਰ ਭੀਮ ਰਾਓ ਅੰਬੇਦਕਰ ਪੂਰੇ ਦੇਸ਼ ਦਾ ਮਾਣ ਸਨ ਅਤੇ ਉਨ੍ਹਾਂ ਨੂੰ ਭਾਰਤ ਰਤਨ ਦਾ ਸਨਮਾਨ ਦੇ ਕੇ ਰਾਸ਼ਟਰ ਨੇ ਨਾ ਸਿਰਫ਼ ਉਨ੍ਹਾਂ ਨੂੰ ਮਾਣ ਦਿੱਤਾ ਹੈ ਸਗੋਂ ਇਸ ਮਹਾਨ ਫ਼ਿਲਾਸਫ਼ਰ ਅੱਗੇ ਸ਼ਰਧਾਵਾਨ ਵੀ ਹੋਏ





ਹਨ। ਉਨ੍ਹਾਂ ਨੇ ਦਲਿਤ ਸਮਾਜ ਵਿਚ ਜਨਮ ਲਿਆ ਪਰ ਉਹ ਭਾਰਤੀ ਸਪੂਤ ਸੀ ਅਤੇ ਉਨ੍ਹਾਂ ਨੂੰ ਗਰੀਬ ਵਰਗ ਦੀਆਂ ਮੁਸ਼ਕਿਲਾਂ ਤੇ ਦੁੱਖਾਂ ਦਾ ਅਹਿਸਾਸ ਹੋਣ ਕਰ ਕੇ ਗਰੀਬ ਤੇ ਪਛੜੇ ਲੋਕਾਂ ਨੂੰ ਸੰਵਿਧਾਨ ਵਿਚ ਅੱਗੇ ਆਉਣ ਦੇ ਹੱਕ ਦਿੱਤੇ ਗਏ।' ਇਹ ਸ਼ਬਦ ਸੈਨ ਫਰਾਂਸਿਸਕੋ ਵਿਚ ਭਾਰਤੀ ਕੌਂਸਲ ਜਨਰਲ ਸ੍ਰੀ ਐਨ. ਪਾਰਥਾਸਾਰਥੀ ਨੇ ਦਫ਼ਤਰ ਵਿਚ ਡਾਕਟਰ ਭੀਮ ਰਾਓ ਅੰਬੇਦਕਰ ਦੀ ਸੁਸ਼ੋਭਿਤ ਕੀਤੀ ਤਸਵੀਰ ਤੋਂ ਪਰਦਾ ਉਠਾਉਣ ਉਪਰੰਤ ਪੰਜਾਬੀ ਭਾਈਚਾਰੇ ਦੇ ਲੋਕਾਂ ਨੂੰ ਸੰਬੋਧਨ ਕਰਦਿਆਂ ਆਖੇ। ਇਸ ਮੌਕੇ ਸ੍ਰੀ ਪਾਰਥਾਸਾਰਥੀ ਨੇ ਕਿਹਾ ਕਿ ਕੌਂਸਲਖਾਨਾ ਇਸ ਸੈੱਲ 'ਤੇ ਮਾਣ ਕਰਦਾ ਹੈ ਕਿ ਇਸ ਨੇ ਪਹਿਲਾਂ ਗਦਰ ਲਹਿਰ ਦੇ ਮੋਢੀਆਂ ਵਿਚੋਂ ਇਕ ਕਰਤਾਰ ਸਿੰਘ ਸਰਾਭਾ ਅਤੇ ਹੁਣ ਭਾਰਤੀ ਸੰਵਿਧਾਨ ਦੇ ਪਿਤਾਮਾ ਡਾ. ਅੰਬੇਦਕਰ ਦੀ ਤਸਵੀਰ ਲਗਾ ਕੇ ਆਪਣਾ ਬਣਦਾ ਤੇ ਮਹੱਤਵਪੂਰਨ ਕਾਰਜ ਕੀਤਾ ਹੈ।

ਬੇਗਮਪੁਰਾ ਕਲਚਰਲ ਸੁਸਾਇਟੀ ਅਤੇ ਬਾਬਾ ਸਾਹਿਬ ਏਡਜ਼ ਸੁਸਾਇਟੀ ਸੈਕਰਾਮੈਂਟੋ ਵੱਲੋਂ ਕੀਤੇ ਉਚੇਚੇ ਯਤਨਾਂ ਨਾਲ ਇਸ ਅਹਿਮ ਸਮਾਗਮ ਨੂੰ ਅਮਲ ਵਿਚ ਲਿਆਉਣ ਵਿਚ ਅਹਿਮ ਕੜੀ ਵਜੋਂ ਭੂਮਿਕਾ ਨਿਭਾਉਣ ਵਾਲੇ ਕੌਂਸਲ ਅਨੰਦ ਸ਼ਾਅ ਨੇ ਮੰਚ ਸੰਚਾਲਨ ਕਰਦਿਆਂ ਕਿਹਾ ਕਿ ਆਮ ਲੋਕਾਂ ਅਤੇ ਕੌਂਸਲੇਟ ਵਿਚ ਨੇੜਤਾ ਲਿਆਉਣ ਵਿਚ ਕੌਂਸਲ ਜਨਰਲ ਸ੍ਰੀ ਪਾਰਥਾਸਾਰਥੀ ਦਾ ਅਹਿਮ ਯੋਗਦਾਨ ਹਮੇਸ਼ਾ ਯਾਦ ਕੀਤਾ ਜਾਂਦਾ ਰਹੇਗਾ। ਕੈਲੀਫੋਰਨੀਆ ਦੇ ਸਾਬਕਾ ਕਮਿਸ਼ਨਰ ਮਰਹੂਮ ਲਹੌਰੀ ਰਾਮ ਦੇ ਪੁੱਤਰ ਜਗਦੇਵ ਰਾਮ ਨੇ ਕਿਹਾ ਕਿ ਡਾਕਟਰ ਸਾਹਿਬ ਨੇ ਦਲਿਤ ਅਤੇ ਪਛੜੇ ਲੋਕਾਂ ਨੂੰ ਬਰਾਬਰ ਹੱਕ ਦਿਵਾਏ ਜਿਸ ਕਾਰਨ ਅਸੀਂ ਬਾਹਰਲੇ ਮੁਲਕਾਂ ਵਿਚ ਵੀ ਇਸ ਮੁਕਾਮ 'ਤੇ ਪਹੁੰਚੇ ਹਾਂ। ਸ਼ਾਇਰ ਜੀਵਨ ਰੱਤੂ ਨੇ ਆਪਣੇ ਸ਼ਾਇਰਾਨਾ ਅੰਦਾਜ਼ ਵਿਚ ਡਾਕਟਰ ਸਾਹਿਬ ਬਾਰੇ ਵਿਸਥਾਰ ਵਿਚ ਵਿਚਾਰ ਪ੍ਰਗਟ ਕੀਤੇ।

ਲਾਸ ਵੇਗਸ ਤੋਂ ਉਚੇਚੇ ਤੌਰ 'ਤੇ ਇਸ ਸਮਾਰੋਹ ਵਿਚ ਭਾਗ ਲੈਣ ਪੁੱਜੇ ਮਦਨ ਕੈਲੇ ਨੇ ਕਿਹਾ ਕਿ ਅਮਰੀਕਾ ਵਸਦੇ ਹਰ ਇਕ ਪੰਜਾਬੀ ਨੂੰ ਇਕ ਲੋੜਵੰਦ ਬੱਚੇ ਨੂੰ ਪੰਜਾਬ ਅੰਦਰ ਸਿੱਖਿਆ ਦੇਣ ਦਾ ਹੰਭਲਾ ਮਾਰਨਾ ਚਾਹੀਦਾ ਹੈ। ਕਮਿਊਨਿਟੀ ਆਗੂ ਮਹਿੰਦਰ ਸਿੰਘ ਧਾਮੀ ਨੇ ਕੌਂਸਲਖਾਨੇ ਵਿਚ ਤਸਵੀਰ ਲਗਾਏ ਜਾਣ ਦੀ ਸ਼ਲਾਘਾ ਕਰਦਿਆਂ ਡਾਕਟਰ ਅੰਬੇਦਕਰ ਦਾ ਸੰਦੇਸ਼ ਵੀ ਮੁੜ ਕੇ ਸੁਣਾਇਆ। ਸੰਬੋਧਨ ਕਰਨ ਵਾਲਿਆਂ ਵਿਚ ਪ੍ਰੇਮ ਕੁਮਾਰ ਚੁੰਬਰ, ਰਾਮ ਸੇਵਕ ਭਾਟੀਆ ਵੀ ਸ਼ਾਮਲ ਸਨ। ਸਮਾਗਮ ਦੇ ਮੁੱਖ ਧੁਰੇ ਜੱਸੀ ਬੰਗਾ ਨੇ ਆਪਣੇ ਧੰਨਵਾਦੀ ਭਾਸ਼ਣ ਵਿਚ ਕਿਹਾ ਕਿ ਡਾ. ਭੀਮ ਰਾਓ ਅੰਬੇਦਕਰ ਦੀ ਤਸਵੀਰ ਲਗਾ ਦੇਣਾ ਛੋਟਾ ਕਾਰਜ ਨਹੀਂ, ਸਗੋਂ ਇੱਥੇ ਹਰ ਆਉਣ ਵਾਲੇ ਭਾਰਤੀ ਨੂੰ 'ਫਾਦਰ ਆਫ ਇੰਡੀਅਨ ਕਾਂਸਟੀਟਿਊਸ਼ਨ ਡਾ. ਬੀ.ਆਰ. ਅੰਬੇਦਕਰ' ਪੜ੍ਹ ਕੇ ਮਾਣ ਹੋਵੇਗਾ ਅਤੇ ਸਮੁੱਚਾ ਰਵਿਦਾਸ ਭਾਈਚਾਰਾ ਕੌਂਸਲੇਟ ਦੇ ਇਸ ਉਦਮ ਨੂੰ ਸਲਾਹੁੰਦਾ ਰਹੇਗਾ।

ਇਸ ਮੌਕੇ ਹਾਜ਼ਰ ਹੋਰ ਸ਼ਖ਼ਸੀਅਤਾਂ ਵਿਚ ਬਾਬਾ ਸਾਹਿਬ ਅੰਬੇਦਕਰ ਏਡਜ਼ ਸੁਸਾਇਟੀ ਦੇ ਪ੍ਰਧਾਨ ਜੋਗਿੰਦਰ ਸਿੰਘ ਚੁੰਬਰ, ਜਨਰਲ ਸਕੱਤਰ ਜਸਵੰਤ ਸ਼ੀਮਾਰ, ਅਜੈ ਪਾਲ, ਧਰਮਪਾਲ ਝੰਮਟ, ਸ਼ਿੰਗਾਰਾ ਰੱਲ, ਹਰਬੰਸ ਰੱਲ, ਤਿਲਕ ਚੁੰਬਰ, ਗੁਰੂ ਰਵਿਦਾਸ ਗੁਰਦੁਆਰਾ ਯੂਬਾ ਸਿਟੀ ਦੇ ਚੇਅਰਮੈਨ ਪ੍ਰਸ਼ੋਤਮ ਲਾਲ, ਦਵਿੰਦਰ ਰੱਲ, ਸਾਬਕਾ ਬੀ.ਡੀ.ਓ. ਸੋਹਣ ਲਾਲ ਅਤੇ ਸ਼ਾਮ ਲਾਲ ਸ਼ਾਮਲ ਸਨ।

# ਗੁਰਦੁਆਰਾ ਫਰੀਮਾਂਟ 'ਚ ਬੱਚਿਆਂ ਦਾ ਗੁਰਮਤਿ ਕੈਂਪ ਸੰਪਨ


**ਫਰੀਮਾਂਟ (ਬਿਊਰੋ):** ਗੁਰਦੁਆਰਾ ਫਰੀਮਾਂਟ ਵਿਚ ਬੱਚਿਆਂ ਦਾ 6 ਹਫਤੇ ਲੱਗਾ ਗੁਰਮਤਿ ਕੈਂਪ ਸੰਪਨ ਹੋ ਗਿਆ ਹੈ। ਇਸ ਕੈਂਪ ਵਿਚ ਕਰੀਬ 120 ਬੱਚਿਆਂ ਨੇ ਭਾਗ ਲਿਆ। ਇਹ ਕੈਂਪ ਪਹਿਲੇ ਚਾਰ ਹਫਤੇ ਯੂਨੀਵਰਸਿਟੀ ਦੇ ਬੱਚਿਆਂ ਵਲੋਂ ਆਯੋਜਿਤ ਕੀਤਾ ਗਿਆ।

ਕੈਂਪ ਦੌਰਾਨ ਭਾਈ ਹਰਵਿੰਦਰ ਸਿੰਘ ਦਮਦਮੀ ਟਕਸਾਲ ਵਲੋਂ ਸੁਖਮਨੀ ਸਾਹਿਬ ਦੀ ਸੰਥਿਆ ਦਿੱਤੀ ਗਈ। ਭਾਈ ਰਾਮ ਸਿੰਘ ਅਤੇ ਵਿਚ ਪਹਾੜੇ, ਮੁਹਾਰਨੀ ਅਤੇ ਗੁਰਮੁਖੀ ਲਿਖਾਈ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ।

ਪੰਜਵੇਂ ਹਫਤੇ ਦਾ ਕੈਂਪ ਭਾਈ ਜੋਗਿੰਦਰ ਸਿੰਘ (ਸਰੀ, ਕੈਨੇਡਾ) ਅਤੇ ਉਨ੍ਹਾਂ ਦੇ ਸਾਥੀਆਂ ਵਲੋਂ ਲਾਇਆ ਗਿਆ। ਸਿਮਰਨ ਦੌਰਾਨ ਇਕ ਘੰਟਾ ਲਗਾਤਾਰ ਬੈਠੇ ਰਹਿ ਕੇ 5 ਬੱਚਿਆਂ ਨੇ ਵਿਸ਼ੇਸ਼ ਇਨਾਮ ਹਾਸਲ ਕੀਤੇ। ਕੈਂਪ 'ਚ ਆਉਣ ਵਾਲੇ ਹਰ ਬੱਚੇ ਨੂੰ ਸਰਟੀਫਿਕੇਟ ਅਤੇ ਬੈਗ ਇਨਾਮ ਵਜੋਂ ਦਿੱਤੇ ਗਏ। ਕੁਝ ਚੋਣਵੇਂ ਬੱਚਿਆਂ



ਭਾਈ ਭੁਪਿੰਦਰ ਸਿੰਘ ਧਾਲੀਵਾਲ ਵਲੋਂ ਵੱਡੇ ਬੱਚਿਆਂ ਦੀਆਂ ਹਿਸਾਬ ਦੀਆਂ ਕਲਾਸਾਂ, ਭਾਈ ਰਤਨ ਸਿੰਘ, ਭਾਈ ਪਾਹੁਲਮੀਤ ਸਿੰਘ, ਭਾਈ ਗੁਰਜੰਟ ਸਿੰਘ, ਭਾਈ ਗੁਰਾ ਸਿੰਘ ਤੇ ਭਾਈ ਭੁਪਿੰਦਰ ਸਿੰਘ ਵਲੋਂ ਗੁਰਮਤਿ, ਗੁਰਬਾਣੀ ਵਿਚਾਰ ਤੇ ਗੁਰ ਇਤਿਹਾਸ ਦੀਆਂ ਕਲਾਸਾਂ



ਲਈਆਂ ਗਈਆਂ। ਇਨ੍ਹਾਂ ਕਲਾਸਾਂ ਵਿਚ ਮੂਲਮੰਤਰ ਅਤੇ ਸ਼ਬਦ ਵਿਆਖਿਆ, ਰਹਿਤਨਾਮਿਆਂ ਦੀ ਵਿਆਖਿਆ ਅਤੇ 18ਵੀਂ ਸਦੀ ਦਾ ਇਤਿਹਾਸ ਬੱਚਿਆਂ ਨਾਲ ਸਾਂਝਾ ਕੀਤਾ ਗਿਆ। ਬੀਬੀ ਗੁਰਚਰਨ ਕੌਰ, ਬੀਬੀ ਰੋਜ਼ਰਤਨ ਕੌਰ, ਬੀਬੀ ਨਵਿੰਦਰ ਕੌਰ, ਬੀਬੀ ਹਰਜਿੰਦਰ ਕੌਰ, ਬੀਬੀ ਹਰਸ਼ਰਨ ਕੌਰ, ਬੀਬੀ ਗਗਨਦੀਪ ਕੌਰ ਵਲੋਂ ਗੁਰਮੁਖੀ ਦੀਆਂ ਕਲਾਸਾਂ ਲਾਈਆਂ ਗਈਆਂ ਜਿਸ

ਨੇ ਮਿਸਲਾਂ ਦੇ ਇਤਿਹਾਸ 'ਤੇ ਵਧੀਆ ਪ੍ਰਦਰਸ਼ਨੀ ਕਰਕੇ ਇਨਾਮ ਹਾਸਲ ਕੀਤੇ। ਇਸ ਹਫਤੇ ਦੇ ਅਖੀਰ ਵਿਚ ਅੰਮ੍ਰਿਤ ਸੰਚਾਰ ਹੋਇਆ ਜਿਸ ਵਿਚ ਬੱਚਿਆਂ ਸਮੇਤ 26 ਪ੍ਰਾਣੀਆਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ।

ਆਖਰੀ ਹਫਤੇ ਗਿਆਨ ਟੀ.ਵੀ. ਚੈਨਲ ਦੇ ਸੰਚਾਲਕ ਅਤੇ ਪ੍ਰਚਾਰਕ ਭਾਈ ਰਾਮ ਸਿੰਘ ਨੇ ਮਲਟੀਮੀਡੀਏ ਨਾਲ 5 ਦਿਨ ਰੋਜ਼ਾਨਾ ਸਵੇਰੇ 10:30 ਵਜੇ ਤੋਂ ਸ਼ਾਮ 4 ਵਜੇ ਤੱਕ ਗੁਰ-ਗਿਆਨ ਚੇਤਨਾ ਕੈਂਪ ਲਾਇਆ। ਇਸ ਕੈਂਪ ਵਿਚ ਬੱਚਿਆਂ ਵੱਲੋਂ ਕੀਰਤਨ ਅਤੇ ਅਰਦਾਸ ਕਰਕੇ ਬਖਸ਼ਿਸ਼ ਸ਼ੈਸ਼ਨ ਕੀਤਾ ਜਾਂਦਾ ਸੀ। ਕੈਂਪ ਦੌਰਾਨ ਬੱਚਿਆਂ ਨੂੰ ਗੁਰਬਾਣੀ ਗਿਆਨ ਰਾਹੀਂ ਗੁਰਸਿੱਖੀ ਜੀਵਨ ਤੇ ਮਾਨਵੀ ਕਦਰਾਂ-ਕੀਮਤਾਂ ਪ੍ਰਤੀ ਚੇਤਨਾ ਜਗਾਉਣ ਲਈ ਵੀ ਸ਼ੈਸ਼ਨ ਕੀਤੇ ਗਏ। ਵੀਡੀਓ ਪ੍ਰੈਜੈਂਟੇਸ਼ਨ ਰਾਹੀਂ ਇਤਿਹਾਸਕ ਸਾਖੀਆਂ ਅਤੇ ਸਿੱਖੀ ਨਾਲ ਸਬੰਧਤ ਵੀਡੀਓ ਦਿਖਾਈਆਂ ਗਈਆਂ। ਸ਼ਾਮ ਨੂੰ ਸਮਾਪਤੀ ਸਮੇਂ ਫਿਰ ਬਖਸ਼ਿਸ਼ ਦਾ ਸ਼ੈਸ਼ਨ ਹੁੰਦਾ ਸੀ ਜਿਸ ਵਿਚ ਬੱਚੇ ਆਪ ਕੀਰਤਨ ਅਤੇ ਅਰਦਾਸ ਕਰਦੇ ਸਨ।

ਭਾਈ ਰਾਮ ਸਿੰਘ 31 ਅਗਸਤ ਤੱਕ ਫਰੀਮਾਂਟ ਅਤੇ ਸਤੰਬਰ ਮਹੀਨਾ ਸਟਾਕਟਨ ਵਿਖੇ ਕਥਾ ਕਰਨਗੇ। ਉਨ੍ਹਾਂ ਨਾਲ ਸੰਪਰਕ ਫੋਨ 209-275-3175 ਰਾਹੀਂ ਕੀਤਾ ਜਾ ਸਕਦਾ ਹੈ।

# ਫਰਿਜ਼ਨੋ 'ਚ ਪੱਤਰਕਾਰ ਬਲਜੀਤ ਬੱਲੀ ਦਾ ਸਨਮਾਨ



**ਫਰਿਜ਼ਨੋ (ਬਿਊਰੋ):** ਪੱਤਰਕਾਰ ਬਲਜੀਤ ਬੱਲੀ ਦਾ ਰੇਡੀਓ ਵਤਨੋਂ ਦੂਰ ਵਲੋਂ 'ਸੁਚੇਤ ਕਲਮ' ਐਵਾਰਡ ਨਾਲ ਸਨਮਾਨ ਕੀਤਾ ਗਿਆ। ਇਸ ਤੋਂ ਪਹਿਲਾਂ ਬਲਜੀਤ ਬੱਲੀ ਨੇ ਰੇਡੀਓ ਵਤਨੋਂ ਦੂਰ ਨਾਲ ਗੱਲਬਾਤ ਦੌਰਾਨ ਆਪਣੀ ਪੱਤਰਕਾਰੀ ਵਾਲੀ ਜ਼ਿੰਦਗੀ ਅਤੇ ਅਜੋਕੀ ਪ੍ਰਿੰਟ, ਇਲੈਕਟ੍ਰਾਨਿਕ ਅਤੇ ਸੋਸ਼ਲ ਮੀਡੀਆ ਸਬੰਧੀ ਖੁੱਲ੍ਹੀਆਂ ਗੱਲਾਂ ਕੀਤੀਆਂ। ਉਨ੍ਹਾਂ ਕਿਹਾ ਕਿ ਅਜੇ ਪੰਜਾਬੀ ਪੱਤਰਕਾਰੀ ਅੰਗਰੇਜ਼ੀ ਪੱਤਰਕਾਰੀ ਦੇ ਹਾਣ ਦੀ ਨਹੀਂ ਹੈ ਅਤੇ ਸਾਨੂੰ ਪੰਜਾਬੀ ਖ਼ਬਰ ਸਰੋਤਾਂ ਦੀ ਵੱਡੇ ਪੱਧਰ 'ਤੇ ਲੋੜ ਹੈ।

ਇਸ ਮੌਕੇ ਰੇਡੀਓ ਸੰਚਾਲਕ ਕੁਲਵੀਰ ਸਿੰਘ ਹੇਅਰ, ਰਵਿੰਦਰ ਸਿੰਘ ਬੋਇਲ, ਪਿਆਰਾ ਸਿੰਘ ਪੰਨੂ, ਸ਼ੇਰ ਸਿੰਘ ਖ਼ਲੀਲ, ਮਾਸਟਰ ਲਛਮਣ ਸਿੰਘ, ਭੁਪਿੰਦਰ ਸਿੰਘ ਜਾਡਲਾ, ਸ਼ੇਰ ਸਿੰਘ ਚੌਹਾਨ, ਹਰਬੰਸ ਸਿੰਘ, ਸਤਿਬੀਰ ਸਿੰਘ ਹੀਰ, ਗੈਰੀ ਢੇਸੀ, ਪੱਤਰਕਾਰ ਕੁਲਵੰਤ ਉੱਭੀ, ਰਾਣੀ ਗਿੱਲ, ਕਾਂਤਾ ਸਹੋਤਾ, ਟੋਨੀ ਗਿੱਲ, ਹਰਪ੍ਰੀਤ ਸਿੰਘ ਸਿੱਧੂ, ਗੁਰਮੀਤ ਗਾਜ਼ੀਆਣਾ, ਇੰਦਰਜੀਤ ਸਿੰਘ ਨਾਗਰਾ, ਕਰਮਜੀਤ ਸਿੰਘ ਗਰੇਵਾਲ, ਚਮਕੌਰ ਸਿੰਘ ਬਰਾੜ, ਡਾ. ਪਿਆਰਾ ਸਿੰਘ ਪੰਨੂ, ਕੁਲਵਿੰਦਰ ਸਿੰਘ, ਪ੍ਰਗਟ ਸਿੰਘ, ਸੁਖਦੇਵ ਸਿੰਘ ਸੰਧੂ, ਹਰਬੰਸ ਸਿੰਘ ਕੂਲਾਰ, ਹਰਬੰਸ ਸਿੰਘ ਸੰਘੇੜਾ, ਸੁਰਿੰਦਰਪਾਲ ਸਿੰਘ, ਸੁਖਵਿੰਦਰ ਸਿੰਘ ਰਾਜਪੂਤ, ਨਾਰੰਗ ਸਿੰਘ, ਖੜਕ ਸਿੰਘ, ਹਰਦਿਆਲ ਸਿੰਘ, ਕਰਨੈਲ ਸਿੰਘ, ਦਲਜੀਤ ਸਿੰਘ ਘੋਲੀਆ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਜਰਮਨੀ ਨੇ ਕੀਤੀ ਸੀ ਹਿਲੇਰੀ ਤੇ ਕੈਰੀ ਦੀ ਜਾਸੂਸੀ

**ਬਰਲਿਨ:** ਜਰਮਨੀ ਦੀ ਵਿਦੇਸ਼ੀ ਖੁਫ਼ੀਆ ਏਜੰਸੀ ਨੇ ਅਮਰੀਕੀ ਵਿਦੇਸ਼ ਮੰਤਰੀ ਜੌਹਨ ਕੈਰੀ ਤੇ ਉਨ੍ਹਾਂ ਤੋਂ ਪਹਿਲਾਂ ਵਿਦੇਸ਼ ਮੰਤਰੀ ਰਹੀ ਹਿਲੇਰੀ ਕਲਿੰਟਨ ਵੱਲੋਂ ਕੀਤੇ ਗਏ ਫੋਨ ਗੁਪਤ ਤਰੀਕੇ ਨਾਲ ਸੁਣ ਕੇ ਜਾਸੂਸੀ ਕੀਤੀ ਸੀ।

ਇਹ ਖੁਲਾਸਾ ਜਰਮਨੀ ਦੇ ਮੈਗਜ਼ੀਨ 'ਡੇਰ ਸਪਾਈਗੇਲ' ਨੇ ਆਪਣੀ ਇਕ ਰਿਪੋਰਟ ਵਿਚ ਕੀਤਾ ਹੈ। ਇਸ ਉੱਘੇ ਮੈਗਜ਼ੀਨ ਨੇ ਦੱਸਿਆ ਹੈ ਕਿ 'ਬੀ.ਐਨ.ਡੀ' ਦੇ ਨਾਂ ਨਾਲ ਚਰਚਿਤ ਖੁਫ਼ੀਆ ਏਜੰਸੀ ਨੇ ਪੱਛਮ ਏਸ਼ੀਆ ਵਿਚ ਦੂਰਸੰਚਾਰ ਦੀ ਨਿਗਰਾਨੀ ਦੇ ਹਿੱਸੇ ਦੇ ਤੌਰ 'ਤੇ 2013 ਵਿਚ ਕੈਰੀ ਵੱਲੋਂ ਸੈਟੇਲਾਈਟ ਫੋਨ 'ਤੇ ਕੀਤੀ ਗਈ ਗੱਲਬਾਤ 'ਟੈਪ' ਕੀਤੀ ਸੀ।

ਮੈਗਜ਼ੀਨ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਏਜੰਸੀ ਨੇ ਇਸ ਤੋਂ ਇਕ ਸਾਲ ਪਹਿਲਾਂ ਹਿਲੇਰੀ ਤੇ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਕੋਫੀ ਅੰਨਾਨ ਦਰਮਿਆਨ ਹੋਈ ਗੱਲਬਾਤ ਵੀ ਰਿਕਾਰਡ ਕੀਤੀ ਸੀ। ਮੈਗਜ਼ੀਨ ਨੇ ਆਪਣੀ ਸੂਚਨਾ ਦਾ ਸਰੋਤ ਨਹੀਂ ਦੱਸਿਆ ਪਰ ਕਿਹਾ ਕਿ ਇਹ ਕਾਲ ਸੰਯੋਗਵਸ ਹੀ ਹੱਥ ਲੱਗੇ ਹਨ। ਮੈਗਜ਼ੀਨ ਨੇ ਕਿਹਾ ਕਿ ਤਿੰਨਾਂ ਅਧਿਕਾਰੀਆਂ ਨੂੰ ਸਿੱਧੇ ਤੌਰ 'ਤੇ ਨਿਸ਼ਾਨੇ ਉਤੇ ਨਹੀਂ ਰੱਖਿਆ ਗਿਆ ਸੀ ਤੇ ਘਟਨਾ ਤੋਂ ਤੁਰੰਤ ਬਾਅਦ ਰਿਕਾਰਡਿੰਗ ਨਸ਼ਟ ਕਰਨ ਦੇ ਆਦੇਸ਼ ਦੇ ਦਿੱਤੇ ਗਏ ਸਨ। ਜਰਮਨੀ ਦੇ 'ਏਆਰਡੀ ਤੇ ਮਿਊਨਿਖ ਦੇ ਅਖ਼ਬਾਰ 'ਸਿਊਡਾਇਚੇ ਜ਼ਿਤੁੰਗ' ਨੇ ਹਿਲੇਰੀ ਦੀ ਕਾਲ ਟੈਪਿੰਗ ਦੀ ਖ਼ਬਰ ਪ੍ਰਕਾਸ਼ਿਤ ਕੀਤੀ ਸੀ।

ਜੇਕਰ ਖ਼ਬਰ ਸਹੀ ਸਾਬਤ ਹੋਈ ਤਾਂ ਇਹ ਜਰਮਨੀ ਸਰਕਾਰ ਲਈ ਕਾਫੀ ਸ਼ਰਮਿੰਦਗੀ ਦਾ ਸਬੱਬ ਬਣ ਸਕਦੀ ਹੈ। ਜਰਮਨੀ ਸਰਕਾਰ ਪਿਛਲੇ ਕਈ ਮਹੀਨੇ ਤੋਂ ਆਪਣੇ ਦੇਸ਼ ਵਿਚ ਅਮਰੀਕੀ ਜਾਸੂਸੀ ਗਤੀਵਿਧੀਆਂ ਬਾਰੇ ਸ਼ਿਕਾਇਤ ਕਰਦੀ ਆ ਰਹੀ ਹੈ।

# ਲਾਲ ਚੰਦ ਯਮਲਾ ਜੱਟ ਦੀ ਯਾਦ 'ਚ ਮੇਲਾ 12 ਅਕਤੂਬਰ ਨੂੰ

**ਫਰਿਜ਼ਨੋ (ਬਿਊਰੋ):** ਮਰਹੂਮ ਗਾਇਕ ਲਾਲ ਚੰਦ ਯਮਲਾ ਜੱਟ ਦੀ ਯਾਦ ਨੂੰ ਸਮਰਪਿਤ 14ਵਾਂ ਸਾਲਾਨਾ ਮੇਲਾ 12 ਅਕਤੂਬਰ ਨੂੰ ਕਰਵਾਉਣ ਦਾ ਫੈਸਲਾ ਲਿਆ ਗਿਆ। ਇਹ ਮੇਲਾ ਕਰਮਨ ਸ਼ਹਿਰ ਦੇ ਕਮਿਊਨਿਟੀ ਸੈਂਟਰ ਵਿਚ ਹੋਵੇਗਾ।

ਇਸ ਸਬੰਧੀ ਫੈਸਲਾ 'ਉਸਤਾਦ ਲਾਲ ਚੰਦ ਯਮਲਾ ਜੱਟ ਮੈਮੋਰੀਅਲ ਫਾਊਂਡੇਸ਼ਨ' ਦੀ ਇਥੇ ਹੋਈ ਇਕ ਮੀਟਿੰਗ ਵਿਚ ਲਿਆ ਗਿਆ। ਮੇਲੇ ਵਿਚ ਭਾਰਤ ਤੋਂ ਲਾਲ ਚੰਦ ਯਮਲਾ ਜੱਟ ਦੇ ਸਪੁੱਤਰ ਜਸਦੇਵ ਯਮਲਾ ਅਤੇ ਬੀਬੀ ਸਰਬਜੀਤ ਕੌਰ ਚਿਮਟੇ ਵਾਲੀ ਤੋਂ ਇਲਾਵਾ ਗੋਰਾ ਚੱਕ ਵਾਲਾ ਅਤੇ ਕੁਝ ਹੋਰ ਕਲਾਕਾਰ ਸ਼ਾਮਲ ਹੋਣਗੇ। ਮੇਲੇ ਦੀ ਕੋਈ ਦਾਖਲਾ ਟਿਕਟ ਨਹੀਂ ਹੋਵੇਗੀ ਅਤੇ ਚਾਹ-ਪਾਣੀ, ਖਾਣਾ ਤੇ ਪਾਰਕਿੰਗ ਵੀ ਮੁਫ਼ਤ ਹੋਵੇਗੀ।

ਇਸ ਮੀਟਿੰਗ ਵਿਚ ਗੋਰਾ ਚੱਕ ਵਾਲਾ, ਰਾਜ ਬਰਾੜ ਯਮਲਾ ਅਤੇ ਅਵਤਾਰ ਸਿੰਘ ਗਰੇਵਾਲ ਨੇ ਹਾਜ਼ਰੀਨ ਦਾ ਭਰਪੂਰ ਮਨੋਰੰਜਨ ਵੀ ਕੀਤਾ। ਗੋਰਾ ਚੱਕ ਵਾਲਾ ਨੂੰ ਯਾਦਗਾਰੀ ਚਿੰਨ੍ਹ ਵੀ ਦਿੱਤਾ ਗਿਆ।



ਗਾਇਕ ਗੋਰਾ ਚੱਕ ਵਾਲਾ ਨੂੰ ਸਨਮਾਨਿਤ ਕਰਦੇ ਹੋਏ ਫਾਊਂਡੇਸ਼ਨ ਦੇ ਮੈਂਬਰ

# ਪੰਜਾਬ 'ਚ ਨਸ਼ਾ ਤਸਕਰੀ ਲਈ ਪੰਜਾਬ ਸਰਕਾਰ ਜ਼ਿੰਮੇਵਾਰ: ਦਾਖਾ

**ਫਰਿਜ਼ਨੋ (ਬਿਊਰੋ):** ਪੰਜਾਬ ਦੇ ਸਾਬਕਾ ਮੰਤਰੀ ਅਤੇ ਸੀਨੀਅਰ ਕਾਂਗਰਸੀ ਆਗੂ ਸ. ਮਲਕੀਤ ਸਿੰਘ ਦਾਖਾ ਇਨ੍ਹੀਂ ਦਿਨੀਂ ਆਪਣੀ ਅਮਰੀਕਾ ਫੇਰੀ 'ਤੇ ਹਨ ਅਤੇ ਇਸੇ ਤਹਿਤ ਉਹ ਫਰਿਜ਼ਨੋ ਪਹੁੰਚੇ, ਜਿਥੇ ਯਮਲਾ ਜੱਟ ਫਾਊਡੇਂਸ਼ਨ ਦੇ ਮੈਂਬਰਾਂ ਵੱਲੋਂ ਇੱਕ ਮਿਲਣੀ ਉਨ੍ਹਾਂ ਦੇ ਸੁਆਗਤ ਵਿਚ ਕੀਤੀ ਗਈ।

ਇਸ ਮੌਕੇ ਵਿਚਾਰ ਪ੍ਰਗਟ ਕਰਦਿਆਂ ਸ. ਦਾਖਾ ਨੇ ਕਿਹਾ ਕਿ ਅੱਜ ਜਿਸ ਮੋੜ 'ਤੇ ਪੰਜਾਬ ਆ ਖੜ੍ਹਾ ਹੋਇਆ ਹੈ, ਇਨ੍ਹਾਂ ਸਭ ਹਾਲਾਤ ਲਈ ਮੌਜੂਦਾ ਪੰਜਾਬ ਸਰਕਾਰ ਅਤੇ ਉਥੋਂ ਦੀ ਆਹਲਾ ਅਫਸਰਸ਼ਾਹੀ ਜ਼ਿੰਮੇਵਾਰ ਹੈ। ਉਨ੍ਹਾਂ ਤਿੱਖੇ ਸ਼ਬਦਾਂ ਵਿਚ ਕਿਹਾ ਕਿ ਬਾਦਲ ਸਰਕਾਰ ਜੇ ਨਸ਼ੇ ਦੇ ਵਪਾਰ ਨੂੰ ਨੱਥ ਪਾਉਂਦੀ ਤਾਂ ਸ਼ਾਇਦ ਪੰਜਾਬੀਆਂ ਨੂੰ ਇਹ ਦਿਨ ਨਾ ਵੇਖਣੇ ਪੈਂਦੇ। ਉਨ੍ਹਾਂ ਸ. ਬਾਦਲ ਵੱਲੋਂ ਆਪਣੇ ਚਹੇਤਿਆਂ ਨੂੰ ਨਸ਼ਾ ਤਸ਼ਕਰੀ ਵਿਚੋਂ ਕਲੀਨ ਚਿੱਟਾਂ ਦੇਣ 'ਤੇ ਸਖਤ ਨਿਖੇਧੀ ਕੀਤੀ।

ਪੰਜਾਬ ਕਾਂਗਰਸ ਵਿਚ ਪੈਦਾ ਹੋਈਆਂ ਧੜੇਬਾਜ਼ੀਆਂ ਨੂੰ ਕਾਂਗਰਸ ਪਾਰਟੀ ਲਈ ਸ਼ਰਾਪ ਦੱਸਦਿਆਂ ਸ. ਦਾਖਾ ਨੇ ਆਸ ਪ੍ਰਗਟਾਈ ਕਿ ਜਲਦ ਹੀ ਕਾਂਗਰਸ ਇੱਕ ਪਲੇਟਫਾਰਮ 'ਤੇ ਇਕੱਠੀ ਨਜ਼ਰ ਆਵੇਗੀ। ਉਨ੍ਹਾਂ ਸਮੂਹ ਪਰਵਾਸੀ ਪੰਜਾਬੀਆਂ ਵੱਲੋਂ ਪੰਜਾਬ ਦੀ ਖੁਸ਼ਹਾਲੀ ਲਈ ਪਾਏ ਯੋਗਦਾਨ ਦੀ ਸਰਾਹਨਾ ਵੀ ਕੀਤੀ।

ਇਸ ਮੌਕੇ ਓਵਰਸੀਜ਼ ਕਾਂਗਰਸ ਦੇ ਪ੍ਰਧਾਨ ਪਾਲ ਸਹੋਤਾ, ਰੇਡੀਓ ਹੋਸਟ ਪਾਲ ਧਾਲੀਵਾਲ, ਯਮਲਾ ਜੱਟ ਫਾਊਡੇਂਸ਼ਨ ਦੇ ਪ੍ਰਧਾਨ ਰਾਜ ਬਰਾੜ ਅਤੇ ਅਮਰਜੀਤ ਦੌਧਰ ਨੇ ਵੀ ਆਪਣੇ ਵਿਚਾਰ ਰੱਖੇ। ਸ. ਦਾਖਾ ਨੂੰ ਇਕ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਵੀ ਕੀਤਾ ਗਿਆ।



ਯਮਲਾ ਜੱਟ ਫਾਊਡੇਂਸ਼ਨ ਦੀ ਤਰਫੋਂ ਸਨਮਾਨ ਚਿੰਨ੍ਹ ਭੇਟ ਕਰਦੇ ਹੋਏ ਪਤਵੰਤੇ

## ਮੁਰਸੀ ਦੇ ਦਸ ਸਮਰਥਕਾਂ ਨੂੰ ਕੈਦ

**ਕਾਹਿਰਾ:** ਮਿਸਰ ਦੀ ਗੱਦੀ ਤੋਂ ਲਾਹੇ ਰਾਸ਼ਟਰਪਤੀ ਮੁਹੰਮਦ ਮੁਰਸੀ ਦੇ ਦਸ ਸਮਰਥਕਾਂ ਨੂੰ ਅਦਾਲਤ ਨੇ 25 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਇਹ ਸਜ਼ਾ ਮੁਰਸੀ ਸਮਰਥਕਾਂ ਵੱਲੋਂ ਸਰਕਾਰ ਵਿਰੁੱਧ ਕੀਤੇ ਮੁਜ਼ਾਹਰਿਆਂ ਦੇ ਦੋਸ਼ ਵਿਚ ਸੁਣਾਈ ਗਈ ਹੈ। ਚੀਨ ਦੀ ਖ਼ਬਰ ਏਜੰਸੀ ਸਿਨਹੂਆ ਮੁਤਾਬਕ ਮੁਰਸੀ ਸਮਰਥਕਾਂ ਨੇ ਕਾਹਿਰਾ ਤੇ ਗਿਜ਼ਾ ਵਿਚ ਮਾਰਚ ਕੀਤੇ ਸਨ ਤੇ ਇਨ੍ਹਾਂ ਦੌਰਾਨ ਭੜਕੀ ਹਿੰਸਾ ਵਿਚ ਕੋਈ ਇਕ ਹਜ਼ਾਰ ਲੋਕ ਮਾਰੇ ਗਏ ਸਨ।

M.K. Nijjar DDS
Ruchi Nijjar DDS
Laser Dentistry
No shots, No Drill,
No Pain.
Family Dentistry
Cosmetic Dentistry
Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome
510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont




Harmit Toor
Professional Real Estate Services
For a Real Estate Broker with an in-depth knowledge of both the area and market, contact Harmit Toor!
925.202.7027 hdtoor@gmail.com
WWW.MissionPeakBrokers.Com
For Buying/Selling Home, Business & Loans
550 Credit Scores FHA Purchase Loans Available
Broker Associate
BRE Lic. #01462579
NMLS #358820
Serving Bay Area and Central Valley Over 10 Years

ਪੰਜਾਬ ਟਰੱਕ ਵਾਸ਼ ਐਂਡ ਰਿਪੇਅਰ
Punjab Truck Wash & Repair 2301 Simpson Street, Kingsburg, CA 93631
ਫਰੀਵੇ ਦੇ ਬਹੁਤ ਨਜ਼ਦੀਕ- 99 ਨਾਰਥ ਤੋਂ ਐਗਜ਼ਿਟ 112, 99 ਸਾਊਥ ਤੋਂ ਐਗਜ਼ਿਟ 114




*ਨਵੇਂ ਪੁਰਾਣੇ ਟਾਇਰ *ਬਰੇਕ
*ਆਇਲ ਚੇਂਜ *ਰੀਅਰਐਂਡ
*ਸਸਪੈਂਸ਼ਨ *ਇੰਸ਼ਪੈਕਸ਼ਨ
*ਕਲੱਚ *ਵੈਲਡਿੰਗ
Oil Change Special $179.99
Labour $55 per hour
All major and minor repairs.
ਤਸੱਲੀਬਖਸ਼ ਕੰਮ
ਵਾਜਬ ਰੇਟ
Free Parking
ਸੁਖਵਿੰਦਰ ਸਿੰਘ ਸੁੱਖ, ਗਰਜਾ ਸਿੰਘ
ਫੋਨ: 559-897-2323, ਸੈਲ: 209-923-1110





# ਖੂਬ ਧਮੱਚੜ ਪਿਆ ਪੀ ਸੀ ਐਸ ਸੈਕਰਾਮੈਂਟੋ ਦੇ ਤੀਆਂ ਦੇ ਮੇਲੇ 'ਚ

**ਸੈਕਰਮੈਂਟੋ (ਹਰਜਿੰਦਰ ਪੰਧੇਰ):** ਮਿਹਨਤ ਲਗਨ ਤੇ ਰੂਹ ਨਾਲ ਜਦੋਂ ਕੋਈ ਕਿਸੇ ਕਾਰਜ ਵਿਚ ਜੁਟ ਜਾਵੇ ਤਾਂ ਦੇਖਣ ਸੁਣਨ ਵਾਲਿਆਂ ਦੇ ਦਿਲ ਵੀ ਖੁਸ਼ੀ ਨਾਲ ਨੱਚ ਉਠਦੇ ਨੇ। ਪੀ ਸੀ ਐਸ ਸੈਕਰਾਮੈਂਟੋ ਦੇ ਤੀਆਂ ਦੇ ਮੇਲੇ ਨੇ ਇਸ ਵਾਰ ਇਹ ਧਾਰਨਾ ਜੱਗ ਜ਼ਾਹਰ ਕਰ ਦਿਖਾਈ। ਉਹ ਰੰਗ ਬੰਨੇ, ਉਹ ਰਿਕਰਡ ਤੋੜ ਇਕਠ ਹੋਇਆ ਕਿ ਬਾਤਾਂ ਪਾਉਣ ਵਰਗੀ ਗੱਲ ਹੋ ਗਈ। ਕਿਤੇ ਰੰਗ-ਬਰੰਗੇ ਪੰਜਾਬੀ ਸੂਟਾਂ, ਪਰਾਂਦੀਆਂ ਤੇ ਗਹਿਣਿਆਂ ਦੇ ਸਟਾਲ, ਕਿਧਰੇ ਚਾਹ ਪਕੌੜਿਆਂ ਤੇ ਛੋਲੇ ਭਠੂਰਿਆਂ ਦੀ ਮਹਿਕ, ਕਿਤੇ ਗਿੱਧੇ ਦੀ ਧਮਕ ਨਾਲ ਥਰਥਰਾਉਂਦੀ ਸਟੇਜ ਅਤੇ ਚਾਅਵਾਂ ਨਾਲ ਤੀਆਂ ਦਾ ਅਨੰਦ ਮਾਣਨ ਆਈਆਂ ਬੀਬੀਆਂ ਦੇ ਚਿਹਰਿਆਂ 'ਤੇ ਖੁਸ਼ੀ ਦੇ ਰੰਗ, ਟੁਣਕਦੇ ਹਾਸੇ-ਇਉਂ ਲਗਦਾ ਹੀ ਨਹੀਂ ਸੀ ਕੇ ਉਹ ਪੰਜਾਬ ਤੋਂ ਬਾਹਰ ਕਿਸੇ ਹੋਰ ਧਰਤੀ 'ਤੇ ਹੋਣ।



ਇਹ ਨਜ਼ਾਰਾ ਪੰਜਾਬੀ ਕਲਚਰਲ ਸੁਸਾਇਟੀ ਵਲੋਂ ਐਸ ਈ ਐਸ ਹਾਲ ਐਲਕ ਗਰੋਵ ਵਿਖੇ 17 ਅਗਸਤ ਨੂੰ ਕਰਵਾਈਆਂ ਤੀਆਂ ਦੇ ਮੇਲੇ ਦਾ ਸੀ। ਪਿਛਲੇ 25 ਸਾਲਾਂ ਤੋਂ ਲਗਾਤਾਰ ਵਿਸਾਖੀ ਦਾ ਮੇਲਾ ਕਰਵਾਉਂਦੀ ਆ ਰਹੀ ਇਸ ਸੰਸਥਾ ਦਾ ਇਹ 14 ਵਾਂ ਤੀਆਂ ਦਾ ਮੇਲਾ ਸੀ। ਦੁਪਹਿਰ ਦੇ ਇਕ ਵਜੇ ਤੋਂ ਸ਼ਾਮ ਦੇ 6 ਵਜੇ ਤੱਕ ਚਲੇ ਇਸ ਮੇਲੇ ਵਿਚ ਲਾਗਲੇ ਸ਼ਹਿਰਾਂ ਤੇ ਕਸਬਿਆਂ ਤੋਂ ਵੱਡੀ ਗਿਣਤੀ ਵਿਚ ਬੀਬੀਆਂ ਨੇ ਦਰਸ਼ਕਾਂ ਤੇ ਕਲਾਕਾਰਾਂ ਦੇ ਰੂਪ ਵਿਚ ਪਹੁੰਚ ਕੇ ਮੇਲੇ ਦੀ ਰੌਣਕ ਹੀ ਨਹੀਂ ਵਧਾਈ ਸਗੋਂ ਆਪਣੀ ਰੂਹ ਨੂੰ ਵੀ ਸੌਣ ਦੀਆਂ ਫੁਹਾਰਾਂ ਵਾਂਗ ਤਰੋਤਾਜ਼ਾ ਕੀਤਾ।

ਉਲੀਕੇ ਪ੍ਰੋਗਰਾਮ ਅਨੁਸਾਰ ਇਸ ਦੇ ਪਹਿਲੇ ਹਿੱਸੇ ਵਿਚ ਸਮੂਹ ਬੀਬੀਆਂ ਨੇ ਵੀਰਾਂ ਤੇ ਬਾਬਲ ਦੇ ਗੀਤ, ਘੋੜੀਆਂ ਤੇ ਸੁਹਾਗ ਰਲ ਕੇ ਗਾਏ। ਸਾਰਿਆਂ ਦੇ ਚਿਹਰਿਆਂ 'ਤੇ ਤੀਆਂ ਸ਼ੁਰੂ ਹੋਣ ਦਾ ਹੁਲਾਸ ਡਲ੍ਹਕ ਰਿਹਾ ਸੀ। ਛੋਟੀਆਂ ਬੱਚੀਆਂ ਤਾਂ ਇਸ ਨੂੰ ਹੋਰ ਵੀ ਉਤਸ਼ਾਹਤ ਹੋ ਕੇ ਮਾਣ ਰਹੀਆਂ ਸਨ।

ਸਮਾਗਮ ਦਾ ਦੂਸਰਾ ਦੌਰ ਗੀਤ-ਸੰਗੀਤ ਤੇ ਲੋਕ-ਨਾਚਾਂ ਦਾ ਸੀ। ਇਸ ਵਿਚ ਸਕੂਲਾਂ-ਕਾਲਜਾਂ ਦੀਆਂ ਆਈਆਂ ਵੱਖ ਵੱਖ ਟੀਮਾਂ ਵਲੋਂ ਗਰੁਪ ਸੌਂਗ, ਸੋਲੋ ਡਾਂਸ, ਗਿੱਧਾ ਮੁਟਿਆਰਾਂ ਦਾ, ਭੰਗੜਾ ਸ਼ੌਕੀਨਣਾਂ ਦਾ, ਗਿੱਧਾ ਪੰਜਾਬਣਾਂ ਦਾ,



ਸਕਿਟ, ਮਲਵਈ ਗਿੱਧਾ ਅਤੇ ਉਡਦੀਆਂ ਫੁਲਕਾਰੀਆਂ ਆਈਟਮਾਂ ਅਧੀਨ ਦਿਲਕਸ਼ ਪ੍ਰੋਗਰਾਮ ਪੇਸ਼ ਕੀਤੇ ਗਏ। ਸਾਰੀਆਂ ਆਈਟਮਾਂ ਹੀ ਇਕ ਤੋਂ ਵੱਧ ਇਕ ਕਮਾਲ ਦੀਆਂ ਤੇ ਚੜ੍ਹਵੀਆਂ ਸਨ। ਬੈਠੇ ਤੇ ਖੜੋਤੇ ਦਰਸ਼ਕ ਝੂਮ ਝੂਮ ਕੇ ਇਸ ਦੀ ਦਾਦ ਦੇ ਰਹੇ ਸਨ।

ਪ੍ਰੋਗਰਾਮ ਦਾ ਤੀਜਾ ਹਿੱਸਾ ਲਾਈਵ ਬੋਲੀਆਂ ਦਾ ਸੀ, ਪੰਜਾਬੀ ਸਭਿਆਚਾਰ ਵਿਚ ਰੰਗੀਆਂ ਇਨ੍ਹਾਂ















ਬੋਲੀਆਂ ਨੇ ਹਿਰਦਿਆਂ 'ਚ ਧੂਹਾਂ ਪਾ ਦਿਤੀਆਂ। ਪ੍ਰੋਗਰਾਮ ਦਾ ਚੌਥਾ ਹਿਸਾ ਡੀ.ਜੇ. ਡਾਂਸ ਦਾ ਸੀ। ਸਟੇਜ ਉਤੇ ਕਲਾਕਾਰਾਂ ਨੂੰ ਨੱਚਦਿਆਂ ਵੇਖ ਨੱਚਣ ਲਈ ਉਤਾਵਲੀਆ ਬੀਬੀਆਂ, ਮੁਟਿਆਰਾਂ ਤੇ ਬੱਚੀਆਂ ਨੇ ਦਿਲ ਖੋਲ੍ਹ ਕੇ ਗਿੱਧਾ ਪਾਇਆ। ਡੀ.ਜੇ. 'ਤੇ ਵੱਜਦੇ ਗੀਤਾਂ ਨੇ ਸਭ ਨੂੰ ਨੱਚਣ ਲਾ ਦਿਤਾ।

ਲਗਾਤਾਰ ਪੰਜ ਘੰਟੇ ਚਲੇ ਇਸ ਪ੍ਰੋਗਰਾਮ ਦਾ ਮੰਚ ਸੰਚਾਲਨ ਮਨਦੀਪ ਫਰਵਾਲਾ ਨੇ ਆਪਣੇ ਹੀ ਅੰਦਾਜ਼ ਵਿਚ ਕੀਤਾ।

ਮੇਲੇ ਨੂੰ ਕਾਮਯਾਬ ਕਰਨ ਲਈ ਰਛਪਾਲ ਪਰਹਾਰ, ਬਲਦੇਵ ਕੌਰ, ਪਰਦੀਪ ਪੂਨੀ, ਪਰਮਜੀਤ ਔਲਖ, ਇੰਦਰਪਾਲ ਕਾਹਲੋਂ, ਭਵਨਦੀਪ ਕੌਰ, ਪਰਮਜੀਤ ਕੌਰ, ਰਾਣੀ ਸਰਹੱਦੀ, ਰਾਜਵਿੰਦਰ ਪੂਨੀ ਤੇ ਸਿਮਰਨ ਸਮੇਤ ਸਮੁਚੀ ਟੀਮ ਨੇ ਵਡਮੁੱਲਾ ਯੋਗਦਾਨ ਪਾਇਆ। ਮਨਦੀਪ ਫਰਵਾਲਾ ਨੇ ਸਟੇਜ ਤੋਂ ਆਪਣੇ ਦਿਲ ਦੇ ਵਲਵਲੇ ਸਾਂਝੇ ਕਰਦਿਆਂ ਦੱਸਿਆ ਕਿ ਕਿਤੇ ਵੀ ਅਜਿਹਾ ਸਭਿਆਚਾਰਕ ਪ੍ਰੋਗਰਾਮ ਜੋ ਮਨੋਰੰਜਨ ਦੇ ਨਾਲ ਨਾਲ ਉਸਾਰੂ ਵੀ ਹੋਵੇ, ਉਨ੍ਹਾਂ ਨੂੰ ਅਤਿਅੰਤ ਖੁਸ਼ੀ ਦਿੰਦਾ ਹੈ। ਪਿਛਲੇ 25 ਸਾਲਾਂ ਤੋਂ ਇਸ ਸੰਸਥਾ ਨੇ ਮਿਲਦੇ ਅਥਾਹ ਪਿਆਰ ਤੇ ਸਤਿਕਾਰ ਸਦਕਾ ਹੀ ਇਕ ਲੰਮਾ ਸਫਰ ਤੈਅ ਕੀਤਾ ਹੈ। ਬੀਬੀ ਫਰਵਾਲਾ ਨੇ ਇਹ ਵੀ ਦਸਿਆ ਕਿ ਸੰਸਥਾ ਦਾ ਅਗਲੇ ਸਾਲ ਦਾ ਵਿਸਾਖੀ ਮੇਲਾ 18 ਅਪਰੈਲ ਨੂੰ ਇਸੇ ਹਾਲ ਵਿਚ ਮਨਾਇਆ ਜਾਵੇਗਾ। ਉਨ੍ਹਾਂ ਪ੍ਰਬੰਧਕ ਕਮੇਟੀ ਦੇ ਸਮੂਹ ਮੈਂਬਰਾਂ ਅਤੇ ਸਪਾਂਸਰਾਂ ਦਾ ਵਿਸ਼ੇਸ ਤੌਰ 'ਤੇ ਧੰਨਵਾਦ ਵੀ ਕੀਤਾ।

## ਨਿਊ ਸਾਊਥ ਵੇਲਜ਼ ਦੇ ਸੱਤ ਵਿਧਾਇਕ ਰਿਸ਼ਵਤ ਦੇ ਦੋਸ਼ਾਂ ਵਿਚ ਘਿਰੇ

**ਸਿਡਨੀ:** ਆਸਟਰੇਲੀਆ ਦੇ ਪ੍ਰਮੁੱਖ ਪ੍ਰਾਂਤ ਨਿਊ ਸਾਊਥ ਵੇਲਜ਼ ਅੰਦਰ ਹੁਕਮਰਾਨ ਲਿਬਰਲ ਸਰਕਾਰ ਨੂੰ ਇਕ ਤੋਂ ਬਾਅਦ ਇਕ ਰਾਜਨੀਤਕ ਝਟਕੇ ਲੱਗ ਰਹੇ ਹਨ। ਤਾਜ਼ਾ ਵਾਪਰੇ ਘਟਨਾਕ੍ਰਮ ਵਿਚ ਲਿਬਰਲ ਪਾਰਟੀ ਦੇ ਸੱਤ ਵਿਧਾਇਕ ਵੱਢੀਖੋਰੀ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ। ਇਨ੍ਹਾਂ ਸੱਤਾਂ ਵਿਚੋਂ ਦੋ ਵਿਧਾਇਕਾਂ ਨੇ ਅਸਤੀਫੇ ਦੇ ਦਿੱਤੇ ਹਨ ਜਦੋਂ ਕਿ ਬਾਕੀ ਪੰਜਾਂ ਨੂੰ ਪਾਰਟੀ ਵਿਚੋਂ ਮੁਅੱਤਲ ਕਰ ਦਿੱਤਾ ਗਿਆ ਹੈ। ਇਹ ਪੰਜ ਵਿਧਾਇਕ ਫਿਲਹਾਲ ਵਿਧਾਨ ਸਭਾ ਵਿਚ ਵਿਰੋਧੀ ਧਿਰ ਵਾਲੇ ਬੈਂਚਾਂ ਉਪਰ ਬੈਠ ਕੇ ਦਿਨ ਕਟੀ ਕਰ ਰਹੇ ਹਨ। ਸੂਬੇ ਦੇ ਪਾਰਲੀਮਾਨੀ ਵਿਧਾਨ ਮੁਤਾਬਕ ਅਸੈਂਬਲੀ ਚੋਣਾਂ ਅਗਲੇ ਵਰ੍ਹੇ 28 ਮਾਰਚ ਨੂੰ ਹਨ।

ਲਿਬਰਲ ਪਾਰਟੀ ਪ੍ਰਾਂਤ ਅੰਦਰ ਤਕਰੀਬਨ 16 ਵਰ੍ਹੇ ਬਾਅਦ ਲੇਬਰ ਪਾਰਟੀ ਨੂੰ ਲਾਂਭੇ ਕਰਕੇ 26 ਮਾਰਚ 2011 ਨੂੰ ਸੱਤਾ ਵਿਚ ਆਈ ਸੀ। ਮੁੱਖ ਮੰਤਰੀ ਬੈਰੀ ਓ ਫੈਰਲ ਹੀ ਇਕ ਵਾਟਰ ਕੰਪਨੀ ਪਾਸੋਂ ਸ਼ਰਾਬ ਦੀ ਬੋਤਲ ਰਿਸ਼ਵਤ ਵਜੋਂ ਲੈਣ ਦੇ ਦੋਸ਼ ਕਾਰਨ ਇਸ ਸਾਲ ਅਪਰੈਲ ਵਿਚ ਆਪਣੀ ਕੁਰਸੀ ਤੋਂ ਹੱਥ ਧੋ ਬੈਠਾ ਸੀ।

ਸੂਬੇ ਦੇ ਨਵੇਂ ਬਣੇ ਮੁੱਖ ਮੰਤਰੀ ਮਾਈਕ ਬੇਅਰਡ ਪਾਸੋਂ ਲੋਕਾਂ ਨੂੰ ਆਸ ਸੀ ਕਿ ਕੋਈ ਨਵਾਂ ਸਕੈਂਡਲ ਨਹੀਂ ਨਿਕਲੇਗਾ ਪਰ ਇੰਡੀਪੈਂਡੈਂਟ ਕਮਿਸ਼ਨ ਅਗੇਂਸਟ ਕੁਰੱਪਸ਼ਨ ਦੇ ਕਮਿਸ਼ਨਰ ਕੋਲ ਪੁੱਜੀਆਂ ਸ਼ਿਕਾਇਤਾਂ ਤੋਂ ਬਾਅਦ ਲਿਬਰਲ ਪਾਰਟੀ ਦੇ ਸੱਤ ਵਿਧਾਇਕ ਵਿਵਾਦਾਂ ਦੇ ਘੇਰੇ ਵਿਚ ਫਸ ਗਏ ਹਨ। ਲਿਬਰਲ ਸਰਕਾਰ ਚਾਹੁੰਦੀ ਸੀ ਕਿ ਕਿਸੇ ਤਰ੍ਹਾਂ ਨਾਲ ਵਿਧਾਨ ਸਭਾ ਚੋਣਾਂ ਤਕ ਇਹ ਮੁੱਦਾ ਸ਼ਾਂਤ ਰਹੇ।

ਮੁੱਖ ਮੰਤਰੀ ਮਾਈਕ ਬੇਅਰਡ ਨੇ ਇਸ 'ਤੇ ਦਖਲ ਦਿੰਦਿਆਂ ਦੋ ਵਿਧਾਇਕਾਂ ਟਿਮ ਓਵਨ ਤੇ ਐਂਡਰਿਊ ਕੋਰਨਵੈਲ ਪਾਸੋਂ ਅਸਤੀਫੇ ਮੰਗ ਲਏ। ਉਨ੍ਹਾਂ ਪੰਜ ਵਿਧਾਇਕਾਂ ਨਾਲੋਂ ਲਿਬਰਲ ਪਾਰਟੀ ਦੇ ਸਬੰਧ ਤੋੜਦਿਆਂ ਕਿਹਾ ਕਿ ਇਨ੍ਹਾਂ ਖਿਲਾਫ ਵੀ ਜਾਂਚ ਚੱਲ ਰਹੀ ਹੈ।

# ਪੀ ਸੀ ਐਸ ਸੈਕਰਾਮੈਂਟੋ

## ਤੀਆਂ ਦਾ ਮੇਲਾ: ਤਸਵੀਰਾਂ ਦੀ ਜ਼ੁਬਾਨੀ






























*Sponsored Page*

# ਸੁੱਚੀਆਂ ਸੁਰਾਂ




ਦੋ ਨਾਮੀ ਮੰਗੇਸ਼ਕਰ ਭੈਣਾਂ (ਲਤਾ ਮੰਗੇਸ਼ਕਰ ਤੇ ਆਸ਼ਾ ਭੌਂਸਲੇ) ਦੀ ਸ਼ਰੀਕੇਬਾਜ਼ੀ ਕਿਸੇ ਤੋਂ ਛੁਪੀ ਹੋਈ ਨਹੀਂ। ਵੱਡੀ ਭੈਣ ਚਾਹੁੰਦੀ ਸੀ ਕਿ ਸੰਗੀਤ ਦੀ ਦੁਨੀਆਂ ਵਿਚ ਕੋਈ ਉਸ ਦਾ ਸਾਨੀ ਨਾ ਹੋਵੇ। ਇਸੇ ਕਰ ਉਸ ਨੇ ਆਪਣੀ ਸਕੀ ਭੈਣ ਅਤੇ ਗਾਇਨ ਕਲਾ ਵਿਚ ਉਹਦੇ ਜਿੰਨੀ ਹੀ ਪ੍ਰਤਿਭਾਸ਼ਾਲੀ ਆਸ਼ਾ ਦੇ ਰਾਹ ਵਿਚ ਰੋੜੇ ਅਟਕਾਏ। ਹੋ ਸਕਦਾ ਹੈ, ਦੋਹਾਂ ਭੈਣਾਂ ਵਿਚੋਂ ਕੋਈ ਆਪਣੀ ਜੀਵਨ ਕਹਾਣੀ ਦਾ ਬਿਰਤਾਂਤ ਸੁਣਾਵੇ ਅਤੇ ਉਸ ਬਿਰਤਾਂਤ ਵਿਚ ਇਹ ਗੱਲਾਂ-ਬਾਤਾਂ ਵੀ ਕੀਤੀਆਂ ਜਾਣ। ਸੰਗੀਤ ਪ੍ਰੇਮੀ ਇਨ੍ਹਾਂ ਗੱਲਾਂ ਦੀ ਸੱਚਾਈ ਇਨ੍ਹਾਂ ਭੈਣਾਂ ਦੇ ਮੂੰਹੋਂ ਸੁਣਨ ਲਈ ਬੜੇ ਉਤਸੁਕ ਹਨ। ਖੈਰ! ਇਨ੍ਹਾਂ ਮੰਗੇਸ਼ਕਰ ਭੈਣਾਂ ਵਿਚਕਾਰ ਸ਼ਰੀਕੇਬਾਜ਼ੀ ਤਾਂ ਜਿਹੜੀ ਹੋਣੀ ਸੀ, ਸੋ ਹੋਈ ਪਰ ਪਿਛਲੇ ਦਿਨੀਂ ਨਕੋਦਰ ਦੀਆਂ ਨੂਰਾਂ ਭੈਣਾਂ (ਸੁਲਤਾਨਾ

**ਨਵਦੀਪ ਕੌਰ ਸੂਰਜਪੁਰ**

ਤੇ ਜੋਤੀ) ਬਾਰੇ ਜਿਹੜੀਆਂ ਖਬਰਾਂ ਆਈਆਂ, ਉਸ ਨਾਲ ਸੰਗੀਤ ਪ੍ਰੇਮੀਆਂ ਦੇ ਦਿਲ ਤੜਫ ਉਠੇ। ਇਨ੍ਹਾਂ ਵਿਚੋਂ ਛੋਟੀ, ਜੋਤੀ ਨੇ ਆਪਣੇ ਘਰਦਿਆਂ ਦੀ ਮਰਜ਼ੀ ਦੇ ਖਿਲਾਫ ਵਿਆਹ ਕਰਵਾ ਲਿਆ ਅਤੇ ਫਿਰ ਆਪਣੇ ਜੀਵਨ ਦੀ ਰਾਖੀ ਲਈ ਹਾਈ ਕੋਰਟ ਦਾ ਕੁੰਡਾ ਵੀ ਜਾ ਖੜਕਾਇਆ। ਇਹ ਜੀਵਨ-ਬਿਰਤਾਂਤ ਅਗਾਂਹ ਜਾ ਕੇ ਕਿਸ ਤਰ੍ਹਾਂ ਦਾ ਮੋੜ ਕੱਟਦਾ ਹੈ, ਇਹ ਤਾਂ ਸਮਾਂ ਹੀ ਦੱਸਗਾ, ਪਰ ਸੰਗੀਤ ਪ੍ਰੇਮੀ ਫਿਲਹਾਲ ਇਸ ਜੋੜੀ ਜਿਸ ਨੇ ਬਹੁਤ ਘੱਟ ਸਮੇਂ ਵਿਚ ਆਪਣੇ ਉਮਦਾ ਸੂਫੀ ਗਾਇਨ ਨਾਲ ਸਭ ਦਾ ਦਿਲ ਮੋਹ ਲਿਆ ਸੀ, ਦੇ ਤੋੜ-ਵਿਛੋੜੇ ਦੀਆਂ ਪੀੜਾਂ ਝੱਲ ਰਹੇ ਹਨ।


ਇਨ੍ਹਾਂ ਨੂਰਾਂ ਭੈਣਾਂ ਦੀਆਂ ਜੜ੍ਹਾਂ ਅਸਲ ਵਿਚ ਸੂਫੀ ਅਤੇ ਰਵਾਇਤੀ ਸੰਗੀਤ ਵਿਚ ਲੱਗੀਆਂ ਹੋਈਆਂ ਹਨ। ਉਨ੍ਹਾਂ ਨੂੰ ਦਾਦੀ ਬੀਬੀ ਨੂਰਾਂ ਆਪਣੇ ਵੇਲੇ ਦੀ ਬੜੀ ਮਸ਼ਹੂਰ ਗਾਇਕਾ ਰਹੀ ਹੈ ਅਤੇ ਨੂਰਾਂ ਭੈਣਾਂ ਬੀਬੀ ਨੂਰਾਂ ਵੱਲੋਂ ਪਾਈਆਂ ਪੈੜਾਂ ਉਤੇ ਹੀ ਤੁਰੀਆਂ, ਸਗੋਂ ਇਸ ਰਾਹ ਉਤੇ ਦੋ ਕਦਮ ਅੱਗੇ ਹੀ ਵਧਾਏ। ਉਨ੍ਹਾਂ ਦੇ ਪਿਤਾ ਗੁਲਸ਼ਨ ਕੁਮਾਰ ਨੇ ਬਚਪਨ ਵਿਚ ਹੀ ਉਨ੍ਹਾਂ ਦੀ ਇਹ ਪ੍ਰਤਿਭਾ ਪਛਾਣ ਲਈ ਸੀ ਅਤੇ ਉਦੋਂ ਹੀ ਇਨ੍ਹਾਂ ਬੱਚੀਆਂ ਨੂੰ ਸੰਗੀਤ ਤੇ ਸੁਰਾਂ ਦੀ ਵਿੱਦਿਆ ਦੇਣੀ ਸ਼ੁਰੂ ਕਰ ਦਿੱਤੀ ਸੀ।


ਨੂਰਾਂ ਭੈਣਾਂ ਦਾ ਸਮੁੱਚਾ ਪਰਿਵਾਰ ਸ਼ਾਮ ਚੁਰਾਸੀ ਸੰਗੀਤ ਘਰਾਣੇ ਦੀਆਂ ਰੀਤਾਂ ਮੁਤਾਬਕ ਚੱਲ ਰਿਹਾ ਹੈ। ਨੂਰਾਂ ਭੈਣਾਂ ਦੇ ਪਿਤਾ ਗੁਲਸ਼ਨ ਕੁਮਾਰ ਨੇ ਹੀ ਉਨ੍ਹਾਂ ਨੂੰ ਸੁਰ ਲਾਉਣੇ ਸਿਖਾਏ ਅਤੇ ਹਾਰਮੋਨੀਅਮ ਸਿਖਾਇਆ। ਇਨ੍ਹਾਂ ਭੈਣਾਂ ਦੀ ਪ੍ਰਤਿਭਾ ਪਹਿਲਾਂ-ਪਹਿਲ ਟੀ.ਵੀ ਸ਼ੋਅ 'ਨਿੱਕੀ ਆਵਾਜ਼ ਪੰਜਾਬ ਦੀ' ਵਿਚ ਉਭਰੀ ਸੀ। ਉਦੋਂ ਸ੍ਰੋਤਿਆਂ ਅਤੇ ਸ਼ੋਅ ਦੇ ਜੱਜਾਂ ਨੇ ਉਨ੍ਹਾਂ ਦੀ ਰੱਜ ਕੇ ਤਾਰੀਫ਼ ਕੀਤੀ। ਇਸ ਸ਼ੋਅ ਵਿਚ ਬਹੁਤੇ ਬੱਚਿਆਂ ਨੇ ਹੋਰ ਗਾਇਕਾਂ ਦੇ ਗੀਤ ਗਾਏ, ਪਰ ਨੂਰਾਂ ਭੈਣਾਂ ਨੇ ਆਪਣੀ ਵੱਖਰੀ ਪ੍ਰਫ਼ਾਰਮੈਂਸ ਨਾਲ ਸਭ ਦਾ ਦਿਲ ਜਿੱਤ ਲਿਆ। ਇਸ ਤੋਂ ਬਾਅਦ ਉਨ੍ਹਾਂ ਦੀਆਂ ਧੁੰਮਾਂ ਪੈ ਗਈਆਂ। ਜੁਲਾਈ 2012 'ਚ ਕੋਕ ਸਟੂਡੀਓ (ਇੰਡੀਆ) ਨੇ ਉਨ੍ਹਾਂ ਨੂੰ ਗਾਉਣ ਲਈ ਸੱਦਾ ਦਿੱਤਾ। ਉਨ੍ਹਾਂ ਨੇ ਉਥੇ 'ਅੱਲਾ ਹੂ' ਨਾਲ ਰੰਗ ਹੀ ਬੰਨ੍ਹ ਦਿੱਤਾ ਅਤੇ ਸਾਰੇ ਅਸ਼-ਅਸ਼ ਕਰ ਉਠੇ।

ਨੂਰਾਂ ਭੈਣਾਂ ਦੇ ਪਸੰਦੀਦਾ ਕਲਾਕਾਰਾਂ ਵਿਚ ਨੁਸਰਤ ਫ਼ਤਿਹ ਅਲੀ ਖਾਂ, ਲਤਾ ਮੰਗੇਸ਼ਕਰ ਅਤੇ ਕਿਸ਼ੋਰ ਕੁਮਾਰ ਸ਼ਾਮਲ ਹਨ। ਉਨ੍ਹਾਂ ਦੇ ਗਾਏ ਹਰ ਗੀਤ ਨੂੰ ਸ੍ਰੋਤਿਆਂ ਨੇ ਪਿਆਰ ਦਿੱਤਾ। ਨੂਰਾਂ ਭੈਣਾਂ ਦੇ ਪਿਤਾ ਗੁਲਸ਼ਨ ਕੁਮਾਰ ਨੇ ਉਨ੍ਹਾਂ ਨੂੰ ਸਭ ਤੋਂ ਪਹਿਲਾਂ 'ਕੁੱਲੀ ਵਿਚੋਂ ਨੀ ਯਾਰ ਲੱਭਣਾ' ਗੁਣ-ਗੁਣਾਉਂਦੇ ਸੁਣਿਆ ਅਤੇ ਸੰਗੀਤ ਦੀ ਸਿਖਲਾਈ ਸ਼ੁਰੂ ਕਰ ਦਿੱਤੀ। 2005 ਵਿਚ ਉਨ੍ਹਾਂ ਨੇ ਜਲੰਧਰ ਦੂਰਦਰਸ਼ਨ ਉਤੇ 'ਜਸ਼ਨ ਦੀ ਰਾਤ' ਵਿਚ ਵੀ ਗੀਤ ਗਾਇਆ। ਅਸਲ ਵਿਚ ਉਨ੍ਹਾਂ ਜਿੱਥੇ ਵੀ ਸੁਰਾਂ ਲਾਈਆਂ, ਬੱਸ!...ਸਮਾਂ ਬੰਨ੍ਹ ਕੇ ਰੱਖ ਦਿੱਤਾ।

## ਭੈਣਾਂ ਦਾ ਤੋੜ-ਵਿਛੋੜਾ

*ਨੂਰਾਂ ਭੈਣਾਂ ਦਾ ਜੀਵਨ-ਬਿਰਤਾਂਤ ਅਗਾਂਹ ਜਾ ਕੇ ਕਿਸ ਤਰ੍ਹਾਂ ਦਾ ਮੋੜ ਕੱਟਦਾ ਹੈ, ਇਹ ਤਾਂ ਸਮਾਂ ਹੀ ਦੱਸਗਾ, ਪਰ ਸੰਗੀਤ ਪ੍ਰੇਮੀ ਫਿਲਹਾਲ ਇਸ ਜੋੜੀ ਜਿਸ ਨੇ ਬਹੁਤ ਘੱਟ ਸਮੇਂ ਵਿਚ ਆਪਣੇ ਉਮਦਾ ਸੂਫੀ ਗਾਇਨ ਨਾਲ ਸਭ ਦਾ ਦਿਲ ਮੋਹ ਲਿਆ ਸੀ, ਦੇ ਤੋੜ-ਵਿਛੋੜੇ ਦੀਆਂ ਪੀੜਾਂ ਝੱਲ ਰਹੇ ਹਨ।*


ਜੋਤੀ


ਸੁਲਤਾਨਾ

## ਸੰਗੀਤ ਤੇ ਸੁਰਾਂ ਦਾ ਸਾਗਰ...

ਨੂਰਾਂ ਭੈਣਾਂ ਨੂੰ ਸਭ ਤੋਂ ਵੱਡਾ ਮੌਕਾ 2011 ਵਿਚ ਮਿਲਿਆ ਜਦੋਂ ਸਨੇਹਾ ਖਨਵਾਲਕਰ ਨੇ ਉਨ੍ਹਾਂ ਦਾ ਗੀਤ 'ਤੂੰਗ-ਤੂੰਗ' ਸੰਸਾਰ ਭਰ ਦੇ ਲੋਕਾਂ ਨੂੰ ਸੁਣਾ ਛੱਡਿਆ। ਉਨ੍ਹਾਂ ਨੇ ਪੰਜਾਬੀ ਦੀ ਇਨਾਮ ਜੇਤੂ ਫਿਲਮ 'ਨਾਬਰ' ਵਿਚ ਵੀ ਇਕ ਗੀਤ ਗਾਇਆ। ਉਹ ਪਿਛਲੇ 10 ਸਾਲ ਤੋਂ ਸੂਫ਼ੀ ਸੰਗੀਤ ਨਾਲ ਸੁਰਾਂ ਦੀ ਛਹਿਬਰ ਲਾ ਰਹੀਆਂ ਹਨ।

# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 30 ਅਗਸਤ 2014 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-131



*ਪੂਰਾ ਭਰ ਦੇ ਕੱਪ ਤੂੰ ਚਾਹ ਦਾ, ਹੋ ਜਾਏ ਅੱਖ ਕਰਾਰੀ।*
*ਕੜੇ-ਕਰਫਿਊ ਲੱਗੇ ਰਹਿਣੇ, ਮੱਤ ਲੋਕਾਂ ਦੀ ਮਾਰੀ।*
*ਰਫਲ ਤੇ ਸਾਡਾ ਕਦੇ ਨਹੀਂ ਹੁੰਦਾ ਪੱਕਾ ਕੋਈ ਰੂਟ।*
*ਮਸਾਂ ਹੀ ਵਿਹਲੇ ਹੁੰਦੇ ਮਿੱਤਰਾ, ਫੌਜੀ ਅਤੇ ਸਲੂਟ।*

## ਕੈਪਸ਼ਨ ਮੁਕਾਬਲਾ-129



ਲੁਧਿਆਣੇ ਹੈ ਮੇਲਾ ਲਗਦਾ
ਲਗਦਾ ਬੜਾ ਹੀ ਭਾਰੀ।
ਦੂਰੋਂ ਦੂਰੋਂ ਜੱਟ ਨੇ ਆਉਂਦੇ
ਬਸ ਗੱਡੀ ਦੀ ਕਰ ਸਵਾਰੀ।
ਬੀਜ ਲੈਣ ਲਈ ਲੱਗਣ ਕਤਾਰਾਂ
ਹੁੰਦੀ ਬੜੀ ਹੀ ਖੱਜਲ ਖੁਆਰੀ।
ਕੁੱਬ ਕਰਜ਼ੇ ਨੇ ਪਾ ਦਿੱਤਾ ਹੈ
ਕਿਸਾਨੀ ਕਿੱਧਰ ਜਾਊ ਬਿਚਾਰੀ।
***-ਜਗਮੀਤ ਸਿੰਘ ਪੰਧੇਰ***
*jagmitsinghpandher@gmail.com*

---

ਫਿਕਰ ਬਾਪੂ ਨੂੰ ਕੰਮ-ਧੰਦੇ ਦਾ
ਇਸ ਉਮਰੇ ਵੀ ਲੱਗਿਆ ਆਹਰੇ।
ਖੇਤੀ-ਬਾੜੀ ਦਾ ਵੀ ਚਾਅ ਐ
ਘਰ ਦੇ ਵੀ ਸੌ ਕੰਮ ਸੰਵਾਰੇ।
ਰੱਜਵੀਂ ਕਿਰਤ ਕਰਦਾ ਬਾਪੂ
ਵਿਹਲੇ ਛੋਕਰਖਾਨੇ ਨੂੰ ਫਿਟਕਾਰੇ।
ਅਸਲ ਅਰਥਾਂ ਵਿਚ ਅੰਨਦਾਤਾ
ਚਿੱਤ ਕਰਦਾ ਜਾਈਏ ਬਲਿਹਾਰੇ।
***-ਹਰਮੀਕ ਸਿੰਘ ਵਿੱਕੀ***
***ਸਟਾਕਟਨ, ਕੈਲੀਫੋਰਨੀਆ।***

ਬਜ਼ੁਰਗ ਹੁੰਦੇ ਧਰਤੀ ਦੇ ਜਾਏ
ਪਰ ਗੱਭਰੂ ਹੋਏ ਮਸ਼ੀਨਾਂ ਦੇ।
ਲੀੜਿਆਂ ਨੂੰ ਵੱਟ ਨਾ ਪੈ ਜਾਵੇ
ਜਵਾਨੀ ਚੜ੍ਹੇ ਸ਼ੌਕੀਨਾਂ ਦੇ।
ਮੁੰਡੇ ਲੈਂਦੇ ਬਾਹਰ ਦੇ ਸੁਪਨੇ
ਬਾਪੂ ਫਿਕਰ ਕਰਨ ਜ਼ਮੀਨਾਂ ਦੇ।
ਖਿੜ੍ਹੇ ਮੱਥੇ ਬਾਪੂ ਭਾਰ ਹੈ ਚੁੱਕਿਆ
ਚਿਹਰੇ ਮੁਰਝਾਏ ਗਮਗੀਨਾਂ ਦੇ।
***-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ***

---

ਇਕ ਹੱਥ ਬੀਜਾਂ ਵਾਲੀ ਥੈਲੀ
ਦੂਜੇ ਹੱਥ ਖੂੰਡਾ ਫੜ੍ਹਿਆ।
ਕੁੜਤਾ ਪਜਾਮਾ, ਸਿਰ ਦਸਤਾਰ ਸਜੀ
ਜੱਟ ਕਿਸਾਨ ਮੇਲੇ ਵਿਚ ਵੜਿਆ।
ਕਹਿੰਦਾ ਖੇਤੀ ਕਰੂੰ ਸੁਚੱਜੀ
ਨਾ ਕਿਸੇ ਤੋਂ ਘੱਟ ਰਹੂੰ ਅੜਿਆ।
ਹੱਥੀ ਕਿਰਤ ਕਰਕੇ ਜਿਉਣਾ
ਬਾਬੇ ਨਾਨਕ ਦਾ ਸਿੱਖ ਪੜ੍ਹਿਆ।
***-ਪਰਸ਼ੋਤਮ ਸਿੰਘ ਯੂਬਾ ਸਿਟੀ***

---

ਬੁੱਢੇ ਬਾਪੂ ਢੋਣ ਮੇਲਿਓਂ ਬੀਜਾਂ ਵਾਲੇ ਥੈਲੇ।
ਗੱਭਰੂ ਪੁੱਤ ਨਸ਼ੇੜੀ ਹੋਏ
ਕਰ ਕੇ ਨਸ਼ਾ ਰਹਿੰਦੇ ਵਿਹਲੇ।
***-ਬਲਕਾਰ ਸਿੰਘ ਗਹੂੰਣ***
***ਬਫਲੋ, ਨਿਊ ਯਾਰਕ***

## ਕੈਪਸ਼ਨ ਮੁਕਾਬਲਾ-128

ਅਖੇ, ਉਦਮ ਅੱਗੇ ਲੱਛਮੀ
ਤੇ ਪੱਖੇ ਅੱਗੇ ਪੌਣ।
ਕਿਰਤ ਹੁੰਦੀ ਅਣਖਾਂ ਦਾ ਗਹਿਣਾ
ਇਹਦੀ ਰੀਸ ਕਰੂਗਾ ਕੌਣ।
ਕਰਾਮਾਤ ਹੁਨਰ ਦੀ ਦੇਖੋ
ਰੁੱਖ 'ਚੋਂ ਸੁੱਖ ਪੈਦਾ ਕਰ ਲਿਆ।
ਤਾਂਹੀਂਓ ਸਿਰੜੀ ਬਾਬੇ ਨੇ
ਮੁਢ ਟੋਕਰੇ ਦਾ ਧਰ ਲਿਆ।
***-ਸੇਵਾ ਸਿੰਘ ਨੂਰਪੁਰੀ***

# ਫਰੈਂਡਜ਼ ਆਫ ਸਿੱਖ ਕਾਕਸ ਨੇ ਕਾਂਗਰਸਮੈਨ ਨੂੰ ਸਿੱਖ ਮਸਲਿਆਂ ਬਾਰੇ ਜਾਣੂੰ ਕਰਵਾਇਆ

**ਫਰੀਮਾਂਟ (ਬਿਊਰੋ):** ਅਮਰੀਕਨ ਸਿੱਖ ਕਾਂਗਰਸ 'ਕਾਕਸ' ਦੇ ਕੋ-ਚੇਅਰ ਅਤੇ ਫਿਲਾਡੈਲਫੀਆ ਤੋਂ ਰਿਪਬਲਿਕਨ ਪਾਰਟੀ ਦੇ ਕਾਂਗਰਸਮੈਨ ਪੈਟਰਿਕ ਐਲ ਮੀਹਾਨ ਦਾ ਮਿਲਪੀਟਸ ਵਿਖੇ ਪਹੁੰਚਣ 'ਤੇ ਸਿੱਖ ਆਗੂਆਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਫਰੈਂਡਜ਼ ਆਫ ਸਿੱਖ ਕਾਕਸ ਸੰਸਥਾ ਦੇ ਆਗੂਆਂ ਨੇ ਉਨ੍ਹਾਂ ਨੂੰ ਜੀ ਆਇਆ ਆਖਿਆ ਅਤੇ ਉਪਰੰਤ ਉਨ੍ਹਾਂ ਨਾਲ ਸਿੱਖ ਭਾਈਚਾਰੇ ਨੂੰ ਦਰਪੇਸ਼ ਮੁਸ਼ਕਿਲਾਂ 'ਤੇ ਵਿਚਾਰਾਂ ਵੀ ਸਾਂਝੀਆਂ ਕੀਤੀਆਂ।



ਸੰਸਥਾ ਵਲੋਂ ਜਾਰੀ ਬਿਆਨ ਅਨੁਸਾਰ ਸ੍ਰੀ ਪੈਟਰਿਕ ਨੇ ਵੱਖ-ਵੱਖ ਮੁੱਦਿਆਂ 'ਤੇ ਆਪਣੇ ਵਿਚਾਰ ਰੱਖੇ। ਸ੍ਰੀ ਪੈਟਰਿਕ ਨੇ ਇਸ ਮੌਕੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਸਿੱਖ ਕਾਕਸ ਸਿੱਖਾਂ ਦੇ ਹਰ ਮੁੱਦੇ ਨੂੰ ਸਹੀ ਪੱਧਰ 'ਤੇ ਉਠਾ ਕੇ ਇਨ੍ਹਾਂ ਦੇ ਯੋਗ ਹੱਲ ਲੱਭਣ 'ਚ ਆਪਣਾ ਪੂਰਨ ਸਹਿਯੋਗ ਦੇ ਰਹੀ ਹੈ ਅਤੇ ਆਉਣ ਵਾਲੇ ਸਮੇਂ 'ਚ ਵੀ ਉਹ ਸਿੱਖਾਂ ਨੂੰ ਦਰਪੇਸ਼ ਮੁਸ਼ਕਿਲਾਂ ਦੇ ਹੱਲ ਲਈ ਵਚਨਬੱਧ ਹਨ।

ਫਰੈਂਡਜ਼ ਆਫ ਸਿੱਖ ਕਾਕਸ ਦੇ ਇਕ ਅਹੁਦੇਦਾਰ ਡਾ. ਪ੍ਰਿਤਪਾਲ ਸਿੰਘ ਨੇ ਸ੍ਰੀ ਪੈਟਰਿਕ ਦਾ ਸਿੱਖ ਮੁੱਦਿਆਂ 'ਤੇ ਦਰਸਾਈ ਸੰਵੇਦਨਸ਼ੀਲਤਾ 'ਤੇ ਧੰਨਵਾਦ ਕੀਤਾ। ਡਾ. ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਕਾਕਸ ਦੇ 50 ਦੇ ਕਰੀਬ ਮੈਂਬਰ ਬਣ ਚੁੱਕੇ ਹਨ, ਜੋ ਆਪਣੇ ਆਪ 'ਚ ਵੱਡੀ ਸਫਲਤਾ ਹੈ। ਉਨ੍ਹਾਂ ਕਿਹਾ ਕਿ ਡੇਵਿਡ ਵਾਲਾਡਾਓ, ਕਾਂਗਰਸ ਦੀ ਮੈਂਬਰ ਜੂਡੀ ਚੂ ਅਤੇ ਜੌਹਨ ਗਰਮੈਂਡੀ ਤੋਂ ਇਲਾਵਾ ਸ੍ਰੀ ਪੈਟਰਿਕ ਵੀ ਕਾਕਸ ਦੇ ਸਭ ਤੋਂ ਪ੍ਰਭਾਵਸ਼ਾਲੀ ਕੋ-ਚੇਅਰ ਹਨ। ਇਸ ਮੌਕੇ ਸ੍ਰੀ ਪੈਟਰਿਕ ਨੂੰ ਸਨਮਾਨ ਵਜੋਂ ਯਾਦਗਾਰੀ ਚਿੰਨ੍ਹ ਭੇਟ ਕੀਤਾ ਗਿਆ।

# ਜੇਲ੍ਹ ਵਿਚ ਸੁਬਰੋਤੋ ਰਾਏ 'ਤੇ ਰੋਜ਼ਾਨਾ ਹੁੰਦਾ ਹੈ 70 ਹਜ਼ਾਰ ਦਾ ਖਰਚਾ

**ਨਵੀਂ ਦਿੱਲੀ:** ਤਿਹਾੜ ਜੇਲ੍ਹ ਵਿਚ ਆਪਣੇ ਤਿੰਨ ਹੋਟਲਾਂ ਦਾ ਸੌਦਾ ਕਰਨ ਲਈ ਸਹਾਰਾ ਸਮੂਹ ਦੇ ਮੁਖੀ ਸੁਬਰੋਤੋ ਰਾਏ ਨੂੰ ਕਾਨਫਰੰਸ ਹਾਲ ਦੇਣਾ ਕਾਫੀ ਮਹਿੰਗਾ ਸਾਬਤ ਹੋ ਰਿਹਾ ਹੈ। ਉਨ੍ਹਾਂ ਨੂੰ ਜਿਸ ਵਿਸ਼ੇਸ਼ ਸੈੱਲ ਵਿਚ ਰੱਖਿਆ ਗਿਆ ਹੈ ਉਥੇ ਡੇਢ-ਡੇਢ ਟਨ ਦੇ ਅੱਠ ਏ.ਸੀ. ਲੱਗੇ ਹੋਏ ਹਨ।

ਸੁਪਰੀਮ ਕੋਰਟ ਦੇ ਹੁਕਮਾਂ ਮੁਤਾਬਕ ਉਨ੍ਹਾਂ ਨੂੰ ਇਸ ਕਾਨਫਰੰਸ ਹਾਲ ਦੀ ਸੁਵਿਧਾ ਦਿੱਤੀ ਜਾ ਰਹੀ ਹੈ ਜਦਕਿ ਉਨ੍ਹਾਂ ਤੇ ਉਨ੍ਹਾਂ ਦੇ ਦੋ ਸਾਥੀਆਂ ਨੂੰ ਸੌਣ ਲਈ ਵੱਖਰੇ ਕਮਰੇ ਦਿੱਤੇ ਗਏ ਹਨ।

ਜੇਲ੍ਹ ਅਧਿਕਾਰੀ ਮੁਤਾਬਕ ਇਸ ਸਾਰੇ ਕੁਝ 'ਤੇ ਰੋਜ਼ਾਨਾ 70 ਹਜ਼ਾਰ ਰੁਪਏ ਦਾ ਖਰਚ ਹੋ ਰਿਹਾ ਹੈ ਜਿਸ ਵਿਚ ਦਿਨ-ਰਾਤ ਚੱਲਣ ਵਾਲੇ ਏ.ਸੀ. ਦੀ ਬਿਜਲੀ ਦਾ ਖਰਚ, ਸੈਮੀ-ਓਪਨ ਜੇਲ੍ਹ ਦੀ ਕੰਟੀਨ ਤੋਂ ਆਉਣ ਵਾਲਾ ਖਾਣਾ, ਮਿਨਰਲ ਵਾਟਰ, ਇੰਟਰਨੈੱਟ, ਵੀਡੀਓ ਕਾਨਫਰੰਸਿੰਗ ਸੁਵਿਧਾ, ਆਈ.ਐੱਸ.ਡੀ. ਕਾਲ ਤੇ ਇਨ੍ਹਾਂ ਦਿਨਾਂ ਦੌਰਾਨ ਡਿਊਟੀ ਦੇ ਰਹੇ 45 ਅਫਸਰਾਂ ਤੇ ਜਵਾਨਾਂ ਦੀ ਤਨਖਾਹ ਸ਼ਾਮਲ ਹਨ।

# ਆਹੂਜਾ ਸਾਹਿਬ ਨੂੰ ਜਨਮ ਦਿਨ ਮੁਬਾਰਕ !




ਰੀਨੋ ਫਲੇਵਰ ਆਫ ਇੰਡੀਆ ਵਿਚ ਫਰਿੰਕ ਆਹੂਜਾ ਨੇ ਆਪਣਾ ਜਨਮ ਦਿਨ ਆਪਣੇ ਦੋਸਤਾਂ-ਮਿੱਤਰਾਂ ਨਾਲ ਮਨਾਇਆ। ਵਧਾਈਆਂ ਦੇਣ ਆਏ ਪਤਵੰਤੇ-ਸੱਜਣਾਂ ਨੇ ਲਜ਼ੀਜ਼ ਖਾਣੇ ਦਾ ਲੁਤਫ ਉਠਾਇਆ ਅਤੇ ਯਾਦਾਂ ਸਾਂਝੀਆਂ ਕੀਤੀਆਂ। ਤਸਵੀਰ ਵਿਚ ਮਿਸਟਰ ਰਣਦਿੱਲੀ, ਦੀਪਕ ਸ਼ਰਮਾ, ਕ੍ਰਿਸ਼ਨ ਆਹੂਜਾ, ਦੀਪੂ ਟੁਟੇਜਾ, ਫਤਿਹਾਬਾਦ ਦੀ ਰੋਜ਼ਾਨਾ ਅਖਬਾਰ AM-PM ਦੇ ਐਡੀਟਰ ਮਿੱਢਾ ਸਾਹਿਬ, ਕਾਲੀ ਟਾਈ ਵਾਲੇ ਖੁਦ ਮਿਸਟਰ ਆਹੂਜਾ ਨਜ਼ਰ ਆ ਰਹੇ ਹਨ। ਸਮੇਂ ਦੀ ਘਾਟ ਕਾਰਨ ਅਰਜਨ ਸਿੰਘ ਖਹਿਰਾ, ਸ਼ਿੰਗਾਰਾ ਸਿੰਘ ਸੰਧੂ, ਤਰਸੇਮ ਸਿੰਘ ਅਤੇ ਪ੍ਰੋਫੈਸਰ ਪੀ ਐਸ ਐਸ ਨਹੀਂ ਪਹੁੰਚ ਸਕੇ ਲੇਕਿਨ ਪੰਮੇ ਲਾਲੀਆ ਨੇ ਸਮੇਂ 'ਤੇ ਪਹੁੰਚ ਕੇ ਆਹੂਜਾ ਜੀ ਨੂੰ ਵਧਾਈ ਦਿੱਤੀ।

*ਵਲੋਂ: ਐਨ. ਐਸ. ਸੌਦਾਗਰ (ਰੀਨੋ, ਨੇਵਾਡਾ)*
*ਫੋਨ: 775-379-5229*


# ਛੇਤੀ ਆ ਰਿਹਾ ਹੈ ਨਾਵਲਕਾਰ ਐਨ.ਐਸ. ਸੌਦਾਗਰ ਦਾ ਜੇਠਾ ਕਹਾਣੀ ਸੰਗ੍ਰਹਿ


ਮੇਰੇ ਦੋਸਤ ਲੇਖਕ ਤੇ ਫਿਲਮ-ਮੇਕਰ ਐਨ.ਐਸ. ਸੌਦਾਗਰ ਨੇ ਸ਼ੁਰੂ-ਸ਼ੁਰੂ ਵਿਚ ਪਾਠਕਾਂ ਨਾਲ ਆਪਣੀ ਜਾਣ-ਪਛਾਣ ਨਾਵਲਕਾਰ ਐਨ.ਐਸ. ਸੌਦਾਗਰ ਵਜੋਂ ਕਰਵਾਈ ਸੀ, ਪਰ ਇਸ ਪਛਾਣ ਨੂੰ ਉਹ ਭਾਰਤ ਛੱਡਣ ਤੋਂ ਬਾਅਦ ਕਾਇਮ ਨਹੀਂ ਰੱਖ ਸਕਿਆ। ਅਮਰੀਕਾ ਦੇ ਰੁਝੇਵਿਆਂ ਨੇ ਉਸ ਨੂੰ ਨਾਵਲ ਲਿਖਣ ਦਾ ਮੌਕਾ ਨਹੀਂ ਦਿੱਤਾ, ਪਰ ਸੌਦਾਗਰ ਦੀ ਕਲਮ ਆਪਣੇ ਅੰਦਰ ਦੀ ਭੜਾਸ ਆਖਰ ਕਿੰਨੀ ਦੇਰ ਤੱਕ ਅੰਦਰ ਰੱਖ ਸਕਦੀ ਸੀ! ਉਸ ਨੇ ਸਮੇਂ ਦੀ ਘਾਟ ਨੂੰ ਮੁੱਖ ਰੱਖਦਿਆਂ ਆਪਣੀ ਕਲਮ ਦੀ ਭੜਾਸ ਕਹਾਣੀ ਰਾਹੀਂ ਬਾਹਰ ਕੱਢਣੀ ਸ਼ੁਰੂ ਕਰ ਦਿੱਤੀ।



**ਪ੍ਰੀਤਮ ਸਿੰਘ ਸੱਗੂ**
**ਫੋਨ: 775-329-6225**

ਸੌਦਾਗਰ ਦੇ ਪਾਠਕਾਂ ਨੇ ਨਾਵਲਾਂ ਵਾਂਗ ਇਨ੍ਹਾਂ ਕਹਾਣੀਆਂ ਨੂੰ ਵੀ ਉਹੀ ਹੁੰਗਾਰਾ ਭਰਿਆ ਜੋ ਨਾਵਲਾਂ ਨੂੰ ਭਰਿਆ ਸੀ। ਸੋ, ਉਹ ਆਪਣੀ ਹਰ ਕਹਾਣੀ ਹੋਰ ਵੀ ਬੋਚ-ਬੋਚ ਕੇ ਲਿਖਣ ਲੱਗਾ। ਉਸ ਦੀ ਹਰ ਕਹਾਣੀ ਪਾਠਕਾਂ ਨੂੰ ਕੀਲ ਕੇ ਰੱਖ ਦਿੰਦੀ। ਹੁਣ ਪਾਠਕਾਂ ਨੇ ਉਸ ਨੂੰ ਵਾਰ-ਵਾਰ ਕਹਿ ਕੇ, ਕਹਾਣੀ ਸੰਗ੍ਰਹਿ ਛਪਵਾਉਣ ਲਈ ਮਜਬੂਰ ਕਰ ਦਿੱਤਾ। ਇਹੀ ਵਜ੍ਹਾ ਹੈ ਕਿ ਸੌਦਾਗਰ ਹੁਣ ਆਪਣਾ ਇਹ ਪਹਿਲਾ ਕਹਾਣੀ ਸੰਗ੍ਰਹਿ 'ਪੂਰੀ ਔਰਤ' ਲੈ ਕੇ ਪਾਠਕਾਂ ਦੇ ਰੂ-ਬ-ਰੂ ਹੋਣ ਜਾ ਰਿਹਾ ਹੈ। ਮੈਨੂੰ ਚੰਗੀ ਤਰ੍ਹਾਂ ਯਾਦ ਹੈ, ਜਦੋਂ ਮੇਰਾ ਇਹ ਬਚਪਨ ਦਾ ਆੜੀ ਮੇਰੇ ਨਾਲ ਅਗਵਾੜ ਗੁੱਜਰਾਂ ਪ੍ਰਾਇਮਰੀ ਸਕੂਲ ਜਗਰਾਉਂ ਦੇ ਹੈਡਮਾਸਟਰ ਲੂੰਬੇ ਦੇ ਹਰੇ ਅੱਕ ਦੇ ਡੰਡੇ ਖਾਂਦਾ ਹੁੰਦਾ ਸੀ। ਪਤਾ ਹੀ ਨਹੀਂ ਲੱਗਿਆ, ਇਹ ਕਦੋਂ ਨਾਮਵਰ ਲੇਖਕਾਂ ਦੀ ਜਮ-ਘਟਾ ਵਿਚ, ਮੀਲ ਪੱਥਰ ਵਾਂਗ ਥੰਮ੍ਹ ਬਣ ਕੇ ਜਾ ਖੜ੍ਹਾ ਹੋਇਆ। ਜਿਹੜੇ ਨਿਰਮਲ ਦੀ ਕਲਮ ਪੋਚੀ ਹੋਈ ਫੱਟੀ ਉਪਰ 'ੳ' 'ਅ' ਲਿਖਣ ਤੋਂ ਐਨਾ ਭੱਜਦੀ ਹੁੰਦੀ ਸੀ, ਅੱਜ ਉਸੇ ਨਿੰਮੇ ਦੀ ਕਲਮ ਨੇ ਆਪਣਾ ਕੱਦ-ਕਾਠ ਐਨਾ ਅਰੂਜ਼ ਅਤੇ ਕੱਦਾਵਰ ਬਣਾ ਲਿਆ ਹੈ ਕਿ ਇਸ ਨੂੰ ਪਹਿਚਾਨਣਾ ਔਖਾ ਹੀ ਨਹੀਂ, ਮੁਸ਼ਕਿਲ ਵੀ ਹੋ ਗਿਆ ਹੈ।

# ਪੂਰੀ ਔਰਤ



**ਗੋਗੀ ਪੁਰੇਵਾਲ**
**ਫੋਨ:775-954-6776**

ਲੇਖਕ ਐਨ.ਐਸ. ਸੌਦਾਗਰ ਨੇ ਆਪਣੀ ਰਚਨਾ 'ਪੂਰੀ ਔਰਤ' ਵਿਚ ਜੀਜੇ-ਸਾਲੀ ਦੇ ਬਦਲਦੇ ਰਿਸ਼ਤੇ ਦੀ ਤਹਿ ਤਕ ਜਾ ਕੇ ਇਸ ਕਹਾਵਤ ਬਾਰੇ ਦੱਸਣ ਦੀ ਕੋਸ਼ਿਸ਼ ਕੀਤੀ ਹੈ। ਲੇਖਕ ਨੇ ਇਸ ਮਸਲੇ 'ਤੇ ਉਨ੍ਹਾਂ ਦੇ ਮਾਪਿਆਂ ਉਤੇ ਉਂਗਲ ਧਰੀ ਹੈ ਜੋ ਸੋਚੇ-ਸਮਝੇ ਬਗੈਰ ਆਪਣੀ ਕੁਆਰੀ ਕੁੜੀ ਨੂੰ ਵਿਆਹੀ ਹੋਈ ਵੱਡੀ ਧੀ ਕੋਲ ਭੇਜ ਦਿੰਦੇ ਹਨ; ਕਦੇ ਵੱਡੀ ਧੀ ਦੇ ਜਣੇਪੇ ਅਤੇ ਕਦੇ ਕਿਸੇ ਬੱਚੇ ਦਾ ਜਨਮ ਦਿਨ ਮਨਾਉਣ ਦੇ ਬਹਾਨੇ। ਇਨ੍ਹਾਂ ਬਹਾਨਿਆਂ ਦੀ ਆੜ ਵਿਚ ਹੀ ਜੀਜੇ-ਸਾਲੀ ਦੇ ਰਿਸ਼ਤੇ ਵਿਚ ਖੋਟ ਆ ਜਾਂਦੀ ਹੈ। ਲੇਖਕ ਨੇ ਇਸ ਕਹਾਣੀ ਰਾਹੀਂ ਉਨ੍ਹਾਂ ਕੁੜੀਆਂ ਨੂੰ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਹੈ ਜਿਨ੍ਹਾਂ ਨੂੰ ਮਰਦ ਉਨ੍ਹਾਂ ਨਾਲ ਵਿਆਹ ਕਰਾਉਣ ਦੇ ਲੰਮੇ ਲਾਰੇ ਲਾ ਕੇ ਆਪਣੇ ਨਾਲ ਹਮ-ਬਿਸਤਰ ਹੋਣ ਲਈ ਮਜਬੂਰ ਕਰਦੇ ਹਨ। ਇਸ ਰਿਸ਼ਤੇ ਦੀ ਵਜ੍ਹਾ ਨਾਲ ਹੀ ਵੱਡੀਆਂ ਭੈਣਾਂ ਨਾਮੋ-ਬੇਨਾਮ ਹੋ ਜਾਂਦੀਆਂ ਹਨ। ਫਿਰ ਸਮਾਜ ਵਿਚ ਨਾ ਉਹ ਵਿਧਵਾ ਅਤੇ ਨਾ ਹੀ ਸੁਹਾਗਣ ਕਹਾ ਸਕਦੀਆਂ ਹਨ। ਜੀਜੇ-ਸਾਲੀ ਵਾਲਾ ਇਹ ਰਿਸ਼ਤਾ ਕਈ ਪਰਿਵਾਰਾਂ ਵਿਚ ਮੌਤ ਦਾ ਕਾਰਨ ਵੀ ਬਣਿਆ ਹੈ। ਕਈ ਵਾਰ ਕਹਿ ਦਿੱਤਾ ਜਾਂਦਾ ਹੈ- 'ਸਾਲੀ ਅੱਧੀ ਘਰ ਵਾਲੀ' ਕਹਾਵਤ ਬਣ ਗਈ ਹੈ। ਇਸ ਗੱਲ ਨੂੰ ਆਧਾਰ ਬਣਾ ਕੇ ਲੇਖਕ ਨੇ ਇਹ ਰਚਨਾ ਰਚੀ ਹੈ ਅਤੇ ਇਸ ਕਹਾਵਤ ਨੂੰ ਸਮਾਜ ਦਾ ਕੋਹੜ ਸਮਝਦਿਆਂ ਆਪਣੇ ਪਾਠਕਾਂ ਨੂੰ ਜੀਜੇ-ਸਾਲੀ ਦੇ ਨਾਜਾਇਜ਼ ਸਬੰਧਾਂ ਤੋਂ ਜਾਣੂ ਕਰਵਾਇਆ ਹੈ, ਕਿ ਕਿਵੇਂ ਸਾਲੀ, ਪੂਰੀ ਘਰ ਵਾਲੀ ਬਣਦੀ ਹੈ। 'ਪੂਰੀ ਔਰਤ' ਵਿਚ ਲੇਖਕ ਉਸ ਸਾਲੀ ਨੂੰ ਪਾਠਕਾਂ ਦੇ ਰੂ-ਬ-ਰੂ ਕਰਵਾ ਰਿਹਾ ਹੈ ਜਿਸ ਨੇ ਬਹੁਤ ਦਲੇਰੀ ਨਾਲ 'ਸਾਲੀ ਅੱਧੀ ਘਰ ਵਾਲੀ' ਕਹਾਵਤ ਨੂੰ ਨਵਾਂ ਮੋੜ ਦੇ ਦਿੱਤਾ ਹੈ। 'ਪੂਰੀ ਔਰਤ' ਦੀ ਕਹਾਣੀ ਪਤੀ, ਪਤਨੀ ਤੇ 'ਉਹ' ਦੇ ਇਰਦ-ਗਿਰਦ ਘੁੰਮਦੀ ਹੈ। 'ਪੂਰੀ ਔਰਤ' ਵਿਚ 'ਉਹ' ਭੈਣ ਦੀ ਹੀ ਛੋਟੀ ਭੈਣ ਹੈ ਜੋ ਅਮਰੀਕਾ ਆਉਣ ਖਾਤਰ ਆਪਣੀ ਭੈਣ ਦਾ ਘਰ ਉਜਾੜ ਦਿੰਦੀ ਹੈ।

## 'ਪੂਰੀ ਔਰਤ' ਵਿਚੋਂ...

*-ਜਗਦੀਆਂ ਬੁਝਦੀਆਂ ਲਾਲ ਬੱਤੀਆਂ ਵਿਚ ਉਹ ਤੇਈ ਸੈਕਟਰ ਵਾਲੀ ਵਫਾਦਾਰ ਕੁੜੀ ਖੜ੍ਹੀ ਆਪਣੇ ਬੇਵਫਾ ਪ੍ਰੇਮੀ ਦੇ ਭੱਜੇ ਜਾਂਦੇ 'ਜਾਵਾ' ਮੋਟਰ ਸਾਇਕਲ ਨੂੰ ਉਨੀ ਦੇਰ ਤੱਕ ਖੜ੍ਹੀ ਦੇਖਦੀ ਰਹੀ ਜਿੰਨੀ ਦੇਰ ਤੱਕ ਉਹ ਬੇਵਫਾ ਉਸ ਨੂੰ ਦਿਸਦਾ ਰਿਹਾ...*

*-ਤੇਈ ਸੈਕਟਰ ਵਾਲੀ ਉਸ ਗਰੀਬ ਕੁੜੀ ਦੀ ਦੂਜੀ ਗਲਤੀ ਉਪਰੋਂ ਪਰਦਾ, ਉਸੇ ਕੁੜੀ ਦੀ ਕੱਚੀ ਸਹੇਲੀ ਭੱਜੀ ਨੇ ਚੁੱਕਿਆ ਸੀ ਜੋ ਅੱਜ ਕੱਲ੍ਹ ਕੈਨੇਡਾ ਵੈਨਕੂਵਰ ਰਹਿੰਦੀ ਹੈ- ਕਿ ਉਨ੍ਹਾਂ ਦੀ ਪੜਛੱਤੀ ਉਪਰ ਕਿਰਾਏ ਉਤੇ ਇਕ ਗੁਰਦਾਸਪੁਰੀ ਮੁੰਡਾ ਰਹਿੰਦਾ ਸੀ, ਜਿਸ ਨੇ ਇਕ ਦਿਨ ਕੁੜੀ ਦੀ ਬੀਜੀ ਨੂੰ ਕਿਹਾ ਕਿ ਮੇਰਾ ਰਿਸ਼ਤਾ ਹੋ ਰਿਹਾ ਹੈ, ਤੁਸੀਂ ਆਪਣੀ ਵੱਡੀ ਬੇਟੀ ਨੂੰ ਸਾਡੇ ਪਿੰਡ ਮੇਰੇ ਨਾਲ ਭੇਜ ਦਿਉ।... ਜੇ ਉਸ ਕੁੜੀ ਦੀ ਖੁਦ ਆਪਣੀ ਮਰਜ਼ੀ ਉਸ ਮੁੰਡੇ ਨਾਲ ਜਾਣ ਦੀ ਨਾ ਹੁੰਦੀ ਤਾਂ ਕੀ ਮਜਾਲ ਸੀ ਉਸ ਮੁੰਡੇ ਦੀ, ਕਿ ਉਹ ਉਸ ਕੁੜੀ ਨੂੰ ਡਰਾ-ਧਮਕਾ ਸਕਦਾ। ਦੂਜੀ ਸਵੇਰ ਆਪਣਾ ਕੁਆਰਾਪਣ ਲੁਟਾ ਚੁੱਕੀ ਉਸ ਕੁੜੀ ਨੂੰ ਚੰਡੀਗੜ੍ਹ ਵਾਲੀ ਬੱਸ ਵਿਚ ਬਿਠਾ, ਉਹ ਇੱਜ਼ਤ-ਲੁਟੇਰਾ ਕਦੇ ਵੀ ਆਪ ਚੰਡੀਗੜ੍ਹ ਨਹੀਂ ਆਇਆ। ਕੁਝ ਮਹੀਨਿਆਂ ਬਾਅਦ ਉਸੇ ਮੁੰਡੇ ਦੀ ਬਰਾਦਰੀ ਵਿਚੋਂ ਉਡਦੀ-ਉਡਦੀ ਉਸ ਦੀ ਮੌਤ ਦੀ ਖ਼ਬਰ ਆਈ ਕਿ ਉਹ ਨਹਿਰ ਵਿਚ ਤਾਰੀਆ ਲਾਉਂਦਾ-ਲਾਉਂਦਾ ਖੁਦ ਹੀ ਦੁਨੀਆਂ ਤੋਂ ਤੁਰ ਗਿਆ। ਭਰੀ ਜਵਾਨੀ ਵਿਚ ਉਪਰੋਂ ਬੁਲਾਵਾ ਆਉਣਾ, ਸ਼ਾਇਦ ਉਸ ਗਰੀਬਣੀ ਦੀ ਇੱਜ਼ਤ ਨਾਲ ਖਿਲਵਾੜ ਕਰਨ ਦੀ ਸਜ਼ਾ ਹੀ ਹੋਵੇ !*

*-ਉਸ ਗਰੀਬ ਕੁੜੀ ਦਾ ਪਿਤਾ ਚੰਗਾ ਇਨਸਾਨ ਸੀ ਜੋ ਆਪਣੀ ਪਿਛਲੀ ਉਮਰ ਵਿਚ ਵੀ ਭਾਰ ਢੋਣ ਵਾਲੀਆਂ ਗੱਡੀਆਂ ਦਾ ਕੰਮ ਸੰਭਾਲੀ ਬੈਠਾ ਸੀ। ਇਕ ਵਾਰ ਮਹੀਨੇ ਦਾ ਖਰਚਾ ਚੰਡੀਗੜ੍ਹ ਦੇਣ ਆਉਂਦਾ, ਉਸੇ ਬਹਾਨੇ ਘਰ ਵਾਲੀ ਦੇ ਹੱਥਾਂ ਦੀ ਬਣੀ ਸਲਗਮਾਂ ਦੀ ਸਬਜ਼ੀ ਅਤੇ ਆਂਡਿਆਂ ਦੀ ਭੁਰਜੀ ਨਾਲ ਗਰਮ-ਗਰਮ ਪਰੌਂਠੇ ਖਾ ਜਾਂਦਾ। ਨਾਲੇ ਨਿੱਕੇ ਮੁੰਡੇ ਤੋਂ ਲੱਤਾਂ-ਗੋਡੇ ਘੁਟਵਾ ਜਾਂਦਾ।*

**ਕਿਤਾਬ ਬਾਰੇ ਹੋਰ ਜਾਣਕਾਰੀ ਲਈ ਫੋਨ: 775-379-5229 ਰੀਨੋ (ਨੇਵਾਡਾ)**

*Advt.*

# ਨਸ਼ਾ ਤਸਕਰੀ ਵਿਚ ਪੰਜਾਬ ਬਣਿਆ ਦੇਸ਼ ਭਰ ਵਿਚ ਮੋਹਰੀ ਸੂਬਾ



**ਚੰਡੀਗੜ੍ਹ:** ਅਫੀਮ ਤੇ ਹੈਰੋਇਨ ਦੀ ਬਰਾਮਦਗੀ ਪੱਖੋਂ ਪੰਜਾਬ ਦੇਸ਼ ਵਿਚੋਂ ਸਭ ਤੋਂ ਮੋਹਰੀ ਸੂਬਾ ਹੈ। ਦੇਸ਼ ਭਰ ਵਿਚੋਂ ਬਰਾਮਦ ਹੁੰਦੀ ਅਫੀਮ ਦੀ 41 ਫੀਸਦੀ ਤੇ ਹੈਰੋਇਨ ਦੀ 29 ਫੀਸਦੀ ਬਰਾਮਦਗੀ ਪੰਜਾਬ ਵਿਚੋਂ ਹੁੰਦੀ ਹੈ। ਪੰਜਾਬ ਪੁਲਿਸ ਨੇ ਦੇਸ਼ ਦੇ ਹੋਰ ਸੂਬਿਆਂ ਦੀ ਪੁਲਿਸ ਦੇ ਮੁਕਾਬਲੇ ਵੱਧ ਅਫੀਮ ਫੜੀ ਹੈ ਤੇ ਐਨ.ਡੀ.ਪੀ.ਸੀ. ਐਕਟ ਤਹਿਤ ਸਭ ਤੋਂ ਵੱਧ ਗ੍ਰਿਫ਼ਤਾਰੀਆਂ ਵੀ ਪੰਜਾਬ ਵਿਚ ਹੀ ਹੋ ਰਹੀਆਂ ਹਨ। ਨੈਸ਼ਨਲ ਕਰਾਈਮ ਰਿਕਾਰਡ ਬਿਊਰੋ (ਐਨ.ਸੀ.ਆਰ.ਬੀ.) ਦੇ ਇਨ੍ਹਾਂ ਅੰਕੜਿਆਂ ਤੋਂ ਸਪਸ਼ਟ ਸੰਕੇਤ ਮਿਲਿਆ ਹੈ ਕਿ ਕੌਮਾਂਤਰੀ, ਕੌਮੀ ਤੇ ਰਾਜ ਪੱਧਰ ਦਾ ਡਰੱਗ ਮਾਫੀਆ ਪੰਜਾਬ ਵਿਚ ਨਸ਼ਿਆਂ ਦੀ ਸਮਗਲਿੰਗ ਕਰਨ ਲਈ ਪੂਰੀ ਤਰ੍ਹਾਂ ਸਰਗਰਮ ਹੈ।

ਇਨ੍ਹਾਂ ਅੰਕੜਿਆਂ ਤੋਂ ਸੂਬੇ ਵਿਚ ਵਿਆਪਕ ਪੱਧਰ 'ਤੇ ਡਰੱਗ ਦੀ ਹੋ ਰਹੀ ਖਪਤ ਦਾ ਵੀ ਖੁਲਾਸਾ ਹੁੰਦਾ ਹੈ। ਐਨ.ਸੀ.ਆਰ.ਬੀ. ਦੇ ਅੰਕੜਿਆਂ ਮੁਤਾਬਕ ਜਿਥੇ ਦੇਸ਼ ਭਰ ਵਿਚੋਂ ਪੰਜਾਬ ਵਿਚ ਨਸ਼ਿਆਂ ਦੀ ਬਰਾਮਦਗੀ ਸਭ ਤੋਂ ਵੱਧ ਹੋ ਰਹੀ ਹੈ ਉਥੇ ਐਨ.ਡੀ.ਪੀ.ਸੀ. ਐਕਟ ਤਹਿਤ 63 ਫ਼ੀਸਦੀ ਗ੍ਰਿਫ਼ਤਾਰੀਆਂ ਇਕੱਲੇ ਪੰਜਾਬ ਵਿਚ ਹੀ ਹੋ ਰਹੀਆਂ ਹਨ। ਇਸ ਦੇ ਬਾਵਜੂਦ ਪੰਜਾਬ ਵਿਆਪਕ ਪੱਧਰ 'ਤੇ ਨਸ਼ਿਆਂ ਦੇ ਪ੍ਰਕੋਪ ਵਿਚ ਘਿਰਿਆ ਪਿਆ ਹੈ। ਉਂਜ ਦੂਜੇ ਪਾਸੇ ਪੰਜਾਬ ਸਰਕਾਰ ਇਨ੍ਹਾਂ ਅੰਕੜਿਆਂ ਨੂੰ ਪੰਜਾਬ ਪੁਲਿਸ ਦੀ ਪ੍ਰਾਪਤੀ ਦੱਸ ਰਹੀ ਹੈ। ਐਨ.ਸੀ.ਬੀ.ਆਰ. ਦੇ ਅੰਕੜਿਆਂ ਮੁਤਾਬਕ 2013 ਦੌਰਾਨ ਦੇਸ਼ ਭਰ ਵਿਚੋਂ 2333 ਕਿੱਲੋ ਅਫੀਮ ਬਰਾਮਦ ਕੀਤੀ ਸੀ ਜਦਕਿ ਇਸ ਵਰ੍ਹੇ ਪੰਜਾਬ ਵਿਚੋਂ 964 ਕਿੱਲੋ ਅਫੀਮ ਬਰਾਮਦ ਕੀਤੀ ਸੀ, ਜੋ ਦੇਸ਼ ਭਰ ਦੀ ਬਰਾਮਦਗੀ ਦਾ 41 ਫੀਸਦੀ ਹੈ। ਇਸੇ ਤਰ੍ਹਾਂ 2012 ਵਿਚ ਭਾਰਤ ਭਰ ਵਿਚੋਂ 3625 ਕਿੱਲੋ ਤੇ ਪੰਜਾਬ ਵਿਚੋਂ 1102 ਕਿੱਲੋ (30 ਫੀਸਦੀ) ਅਫੀਮ ਬਰਾਮਦ ਹੋਈ ਹੈ। ਸਾਲ 2011 ਵਿਚ ਦੇਸ਼ ਭਰ ਵਿਚੋਂ 2348 ਕਿੱਲੋ ਤੇ ਪੰਜਾਬ ਵਿਚੋਂ 863 ਕਿੱਲੋ (37 ਫੀਸਦੀ) ਅਫੀਮ ਬਰਾਮਦ ਹੋਈ ਸੀ।

ਦੂਜੇ ਪਾਸੇ 2013 ਦੌਰਾਨ ਦੇਸ਼ ਭਰ ਵਿਚੋਂ 1450 ਕਿੱਲੋ ਹੈਰੋਇਨ ਫੜੀ ਗਈ ਸੀ ਜਦਕਿ ਇਕੱਲੇ ਪੰਜਾਬ ਵਿਚੋਂ 417 ਕਿੱਲੋ ਹੈਰੋਇਨ ਬਰਾਮਦ ਕੀਤੀ ਸੀ, ਜੋ ਦੇਸ਼ ਭਰ ਦੀ ਬਰਾਮਦਗੀ ਦਾ 29 ਫੀਸਦੀ ਹੈ। ਇਸੇ ਤਰ੍ਹਾਂ ਸਾਲ 2012 ਦੌਰਾਨ ਦੇਸ਼ ਭਰ ਵਿਚੋਂ 1033 ਕਿੱਲੋ ਤੇ ਪੰਜਾਬ ਵਿਚੋਂ 278 ਕਿੱਲੋ (27 ਫੀਸਦੀ) ਹੈਰੋਇਨ ਫੜੀ ਸੀ। ਸਾਲ 2011 ਵਿਚ ਦੇਸ਼ ਭਰ ਵਿਚੋਂ 528 ਕਿੱਲੋ ਤੇ ਪੰਜਾਬ ਵਿਚੋਂ 101 ਕਿੱਲੋ (19 ਫੀਸਦੀ) ਹੈਰੋਇਨ ਬਰਾਮਦ ਕੀਤੀ ਗਈ ਸੀ। ਹੈਰਾਨੀਜਨਕ ਅੰਕੜਿਆਂ ਅਨੁਸਾਰ ਪਿਛਲੇ ਵਰ੍ਹੇ ਐਨ.ਡੀ.ਪੀ.ਸੀ. ਐਕਟ ਤਹਿਤ ਦੇਸ਼ ਭਰ ਵਿਚੋਂ ਫੜੇ ਗਏ ਕੁੱਲ ਮੁਲਜ਼ਮਾਂ ਵਿਚੋਂ 63 ਫੀਸਦੀ ਵਿਅਕਤੀਆਂ ਦੀ ਗ੍ਰਿਫ਼ਤਾਰੀ ਪੰਜਾਬ ਵਿਚ ਹੋਈ ਹੈ। ਅੰਕੜਿਆਂ ਅਨੁਸਾਰ ਸਾਲ 2013 ਦੌਰਾਨ ਭਾਰਤ ਭਰ ਵਿਚ ਐਨ.ਡੀ.ਪੀ.ਸੀ. ਐਕਟ ਤਹਿਤ ਕੁੱਲ 26,658 ਵਿਅਕਤੀ ਗ੍ਰਿਫ਼ਤਾਰ ਕੀਤੇ ਗਏ ਹਨ, ਜਿਨ੍ਹਾਂ ਵਿਚੋਂ ਇਕੱਲੇ ਪੰਜਾਬ ਵਿਚ 16,821 (63 ਫੀਸਦੀ) ਵਿਅਕਤੀ ਗ੍ਰਿਫ਼ਤਾਰ ਕੀਤੇ ਹਨ। ਇਸੇ ਤਰ੍ਹਾਂ 2011 ਦੌਰਾਨ ਇਸੇ ਦੋਸ਼ ਤਹਿਤ ਦੇਸ਼ ਭਰ ਵਿਚ 18,647 ਵਿਅਕਤੀ ਗ੍ਰਿਫਤਾਰ ਕੀਤੇ ਸਨ, ਇਨ੍ਹਾਂ ਵਿਚੋਂ 6125 ਵਿਅਕਤੀ (33 ਫੀਸਦੀ) ਪੰਜਾਬ ਵਿਚੋਂ ਗ੍ਰਿਫਤਾਰ ਕੀਤੇ ਹਨ। ਸਾਲ 2012 ਦੌਰਾਨ ਦੇਸ਼ ਭਰ ਵਿਚ ਐਨ.ਡੀ.ਪੀ.ਐਸ. ਐਕਟ ਦੇ ਕੁੱਲ 28,329 ਕੇਸ ਦਰਜ ਹੋਏ ਸਨ, ਜਿਨ੍ਹਾਂ ਵਿਚੋਂ 10,220 (36 ਫੀਸਦੀ) ਕੇਸ ਪੰਜਾਬ ਪੁਲਿਸ ਵੱਲੋਂ ਦਰਜ ਕੀਤੇ ਗਏ ਹਨ। ਹੈਰਾਨੀਜਨਕ ਅੰਕੜਿਆਂ ਅਨੁਸਾਰ ਪਿਛਲੇ ਵਰ੍ਹੇ ਹੋਰ ਸੂਬਿਆਂ ਦੀ ਪੁਲਿਸ ਨੇ ਕੁੱਲ 954 ਕਿੱਲੋ ਅਫੀਮ ਬਰਾਮਦ ਕੀਤੀ ਸੀ ਜਦਕਿ ਪੰਜਾਬ ਪੁਲਿਸ ਨੇ ਸਾਰੇ ਰਾਜਾਂ ਦੀ ਪੁਲਿਸ ਤੋਂ ਵੀ ਵੱਧ 964 ਕਿਲੋ ਅਫੀਮ ਬਰਾਮਦ ਕੀਤੀ ਹੈ। ਇਸੇ ਤਰ੍ਹਾਂ ਹੋਰ ਸਾਰੇ ਰਾਜਾਂ ਦੀ ਪੁਲਿਸ ਨੇ ਪਿਛਲੇ ਵਰ੍ਹੇ 643 ਕਿੱਲੋ ਹੈਰੋਇਨ ਬਰਾਮਦ ਕੀਤੀ ਸੀ ਜਦਕਿ ਇਕੱਲੀ ਪੰਜਾਬ ਪੁਲਿਸ ਨੇ 417 ਕਿੱਲੋ (29 ਫੀਸਦੀ) ਹੈਰੋਇਨ ਬਰਾਮਦ ਕੀਤੀ ਹੈ।

# 'ਛੋਟੇ ਨਸ਼ੇੜੀਆਂ' ਨੂੰ ਰਿਹਾਅ ਕਰੇਗੀ ਪੰਜਾਬ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਥੋੜ੍ਹੀ ਮਾਤਰਾ ਵਿਚ ਨਸ਼ੇ ਨਾਲ ਫੜੇ ਜਾਣ ਵਾਲੇ ਨਸ਼ੇੜੀਆਂ ਨੂੰ ਨਸ਼ਾ ਛੱਡਣ ਬਾਰੇ ਬਾਂਡ ਭਰਨ 'ਤੇ ਰਿਹਾਅ ਕੀਤੇ ਜਾਣ ਦੀ ਨੀਤੀ ਵਿਚਾਰੀ ਜਾ ਰਹੀ ਹੈ ਤਾਂ ਜੋ ਜੇਲ੍ਹਾਂ ਵਿਚ ਨਜ਼ਰਬੰਦ ਤਕਰੀਬਨ 2000 ਉਨ੍ਹਾਂ ਨਸ਼ੇੜੀਆਂ ਨੂੰ ਜੇਲ੍ਹਾਂ ਤੋਂ ਬਾਹਰ ਕੱਢਿਆ ਜਾ ਸਕੇ, ਜੋ ਤੇ ਨਸ਼ੇ ਦੀ ਲਤ ਤੋਂ ਬਚਾਇਆ ਜਾ ਸਕੇ, ਜੋ ਥੋੜ੍ਹੀ-ਥੋੜ੍ਹੀ ਮਾਤਰਾ ਨਾਲ ਗ੍ਰਿਫ਼ਤਾਰ ਕੀਤੇ ਗਏ ਹਨ। ਮੁੱਖ ਮੰਤਰੀ ਦੀ ਅਗਵਾਈ ਵਿਚ ਹੋਈ ਇਕ ਮੀਟਿੰਗ ਦੌਰਾਨ ਐਨ.ਡੀ.ਪੀ.ਸੀ. ਐਕਟ ਦੀ ਧਾਰਾ 64-ਏ ਤੇ 39 ਦਾ ਹਵਾਲਾ ਦਿੰਦਿਆਂ ਦੱਸਿਆ ਗਿਆ ਕਿ ਉਕਤ ਧਾਰਾਵਾਂ ਵਿਚ ਥੋੜ੍ਹੀ ਮਾਤਰਾ ਨਸ਼ੇ ਨਾਲ ਫੜੇ ਜਾਣ ਵਾਲੇ ਕਿਸੇ ਵੀ ਦੋਸ਼ੀ ਨੂੰ ਛੱਡੇ ਜਾਣ ਦੀ ਗੁਜ਼ਾਇੰਸ਼ ਹੈ।

ਸਰਕਾਰੀ ਪੱਧਰ 'ਤੇ ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਜੇਕਰ ਉਕਤ ਨਸ਼ੇੜੀ ਸਰਕਾਰ ਨੂੰ ਪ੍ਰਣ ਪੱਤਰ ਭਰ ਕੇ ਦਿੰਦੇ ਹਨ ਕਿ ਉਹ ਭਵਿੱਖ ਵਿਚ ਨਸ਼ਾ ਛੱਡਣਗੇ ਤਾਂ ਉਨ੍ਹਾਂ ਨੂੰ ਨਸ਼ਾ ਛੁਡਾਊ ਕੇਂਦਰਾਂ ਹਵਾਲੇ ਕੀਤਾ ਜਾ ਸਕਦਾ ਹੈ ਤਾਂ ਜੋ ਉਨ੍ਹਾਂ ਨੂੰ ਨਸ਼ੇ ਦੀ ਆਦਤ ਵਿਚੋਂ ਕੱਢਿਆ ਜਾ ਸਕੇ। ਸਰਕਾਰੀ ਪੱਧਰ 'ਤੇ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਰਾਜ ਦੀਆਂ ਜੇਲ੍ਹਾਂ ਉਨ੍ਹਾਂ ਨਸ਼ੇੜੀਆਂ ਨਾਲ ਭਰੀਆਂ ਹੋਈਆਂ ਹਨ, ਜਿਨ੍ਹਾਂ ਨੂੰ ਥੋੜ੍ਹੀ-ਥੋੜ੍ਹੀ ਮਾਤਰਾ ਵਿਚ ਨਸ਼ੇ ਨਾਲ ਗ੍ਰਿਫ਼ਤਾਰ ਕੀਤਾ ਗਿਆ ਹੈ। ਸਰਕਾਰੀ ਅਧਿਕਾਰੀਆਂ ਤੇ ਮਾਹਿਰਾਂ ਦਾ ਇਹ ਕਹਿਣਾ ਹੈ ਕਿ ਸਰਕਾਰ ਦੇ ਇਹ ਮੰਤਵ ਨਸ਼ਾ ਲੈਣ ਵਾਲਿਆਂ ਨੂੰ ਸਿਰਫ ਸਜ਼ਾਵਾਂ ਦੇਣਾ ਨਹੀਂ ਬਲਕਿ ਉਨ੍ਹਾਂ ਨੂੰ ਨਸ਼ੇ ਦੀ ਆਦਤ ਤੋਂ ਬਾਹਰ ਕੱਢਣਾ ਹੋਣਾ ਚਾਹੀਦਾ ਹੈ। ਤਜਵੀਜ਼ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਅਜਿਹੇ ਕਿਸੇ ਵਿਅਕਤੀ ਦੇ ਦੁਬਾਰਾ ਨਸ਼ੇ ਨਾਲ ਫੜੇ ਜਾਣ 'ਤੇ ਉਸ ਨੂੰ ਕੋਈ ਰਾਹਤ ਨਹੀਂ ਮਿਲ ਸਕੇਗੀ ਤੇ ਉਸ ਨੂੰ ਦੋਸ਼ਾਂ ਵਿਚ ਸਜ਼ਾ ਭੁਗਤਣੀ ਪਵੇਗੀ, ਕਿਉਂਕਿ ਅਜਿਹੀ ਛੋਟ ਸਿਰਫ ਇਕ ਵਾਰ ਦਿੱਤੀ ਜਾਣੀ ਚਾਹੀਦੀ ਹੈ।

# ਹੁਣ ਐਨ.ਡੀ.ਏ ਸਰਕਾਰ ਤੋਂ ਬਣਦਾ ਹੱਕ ਮੰਗੇ ਬਾਦਲ: ਭੱਠਲ

**ਬਠਿੰਡਾ:** ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਹਰ ਫਰੰਟ 'ਤੇ ਫੇਲ੍ਹ ਹੋ ਗਈ ਹੈ। ਮੁੱਖ



ਮੰਤਰੀ ਪੰਜਾਬ ਪ੍ਰਕਾਸ਼ ਸਿੰਘ ਬਾਦਲ ਕੇਂਦਰ ਦੀ ਮੋਦੀ ਸਰਕਾਰ ਤੋਂ ਆਪਣੀ ਨੂੰਹ ਵਾਸਤੇ ਵਜ਼ੀਰੀ ਤਾਂ ਲੈ ਆਏ ਹਨ ਪਰ ਪੰਜਾਬ ਲਈ ਹਾਲੇ ਤੱਕ ਕੁਝ ਨਹੀਂ ਲਿਆਂਦਾ। ਕੇਂਦਰ ਸਰਕਾਰ ਨੇ ਪੰਜਾਬ ਨੂੰ ਸੋਕਾ ਰਾਹਤ ਫੰਡ ਦੇਣ ਦੇ ਮਾਮਲੇ ਵਿਚ ਮਾਮੂਲੀ ਰਕਮ ਦੇ ਕੇ ਸਾਬਤ ਕਰ ਦਿੱਤਾ ਹੈ ਕਿ ਉਸ ਦਾ ਪੰਜਾਬ ਨਾਲ ਕੋਈ ਮੋਹ ਨਹੀਂ ਹੈ। ਮੁੱਖ ਮੰਤਰੀ ਨੇ ਇਸ 'ਤੇ ਅਜੇ ਤੱਕ ਕੋਈ ਪ੍ਰਤੀਕਰਮ ਨਹੀਂ ਦਿੱਤਾ।

ਇਥੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਬੀਬੀ ਭੱਠਲ ਨੇ ਆਖਿਆ ਕਿ ਪੰਜਾਬ ਕਾਂਗਰਸ ਪੂਰੀ ਤਰ੍ਹਾਂ ਇਕਜੁਟ ਹੈ। ਪਾਰਟੀ ਵਿਚ ਕੋਈ ਦੁਫਾੜ ਨਹੀਂ। ਜ਼ਿਮਨੀ ਚੋਣਾਂ ਪਾਰਟੀ ਪੂਰੇ ਜੋਸ਼ ਨਾਲ ਇਕਜੁਟ ਹੋ ਕੇ ਲੜ ਰਹੀ ਹੈ। ਉਨ੍ਹਾਂ ਇਹ ਵੀ ਆਖਿਆ ਕਿ ਅਕਾਲੀ-ਭਾਜਪਾ ਗਠਬੰਧਨ ਵਿਚ ਅੰਦਰੂਨੀ ਕਲੇਸ਼ ਸਿਖਰਾਂ 'ਤੇ ਹੈ ਤੇ ਇਹ ਨਹੁੰ-ਮਾਸ ਦਾ ਰਿਸ਼ਤਾ ਕਿਸੇ ਵੇਲੇ ਵੀ ਟੁੱਟ ਸਕਦਾ ਹੈ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਕੇਂਦਰ ਦੀ ਐਨ.ਡੀ.ਏ. ਸਰਕਾਰ ਨੇ ਪੰਜਾਬ ਤੋਂ ਪਾਸਾ ਵੱਟ ਲਿਆ ਹੈ। ਉਨ੍ਹਾਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਦਾ ਪਿਆਰ ਤਾਂ ਗੁਰੂ ਘਰਾਂ ਦੀਆਂ ਗੋਲਕਾਂ ਨਾਲ ਹੈ।

# ਪੰਜਾਬ ਵਿਚ ਹੁਣ ਨਸ਼ੇੜੀਆਂ ਨੂੰ ਨਹੀਂ ਮਿਲੇਗੀ ਸਰਕਾਰੀ ਨੌਕਰੀ

**ਚੰਡੀਗੜ੍ਹ:** ਪੰਜਾਬ ਵਿਚ ਹੁਣ ਨਸ਼ਿਆਂ ਦੇ ਆਦੀ ਨੌਜਵਾਨ ਸਰਕਾਰੀ ਨੌਕਰੀ ਨਹੀਂ ਲੈ ਸਕਣਗੇ। ਨੌਕਰੀਆਂ ਦੇ ਚਾਹਵਾਨਾਂ ਲਈ ਹੁਣ ਨਸ਼ਾ ਮੁਕਤ ਹੋਣਾ ਜ਼ਰੂਰੀ ਹੋਵੇਗਾ। ਸਰਕਾਰ ਨੇ ਨੌਕਰੀਆਂ ਵਿਚ ਭਰਤੀ ਦੇ ਸਮੇਂ 'ਡੋਪ' ਟੈਸਟ ਲਾਜ਼ਮੀ ਕਰਨ ਦਾ ਫੈਸਲਾ ਲਿਆ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਨੌਜਵਾਨਾਂ ਵਿਚ ਨਸ਼ਿਆਂ ਪ੍ਰਤੀ ਡਰ ਪੈਦਾ ਕਰਨ ਲਈ ਨੌਕਰੀਆਂ ਵਿਚ ਭਰਤੀ ਸਮੇਂ ਡੋਪ ਟੈਸਟ ਜ਼ਰੂਰੀ ਕੀਤਾ ਜਾਵੇ। ਇਸ ਫੈਸਲੇ ਮੁਤਾਬਕ ਭਰਤੀ ਸਮੇਂ ਉਮੀਦਵਾਰ ਦੀ ਪਰਖ ਕੀਤੀ ਜਾਵੇਗੀ ਕਿ ਉਹ ਨਸ਼ੇ ਦਾ ਆਦੀ ਤਾਂ ਨਹੀਂ।

**ਨੌਕਰੀ ਸਮੇਂ ਡੋਪ ਟੈਸਟ ਹੋਵੇਗਾ ਲਾਜ਼ਮੀ**




ਮੀਟਿੰਗ ਵਿਚ ਸ਼ਾਮਲ ਇਕ ਅਧਿਕਾਰੀ ਨੇ ਦੱਸਿਆ ਕਿ ਸਰਕਾਰ ਦੇ ਫੈਸਲੇ ਦਾ ਮੁੱਖ ਮਕਸਦ ਇਹੀ ਹੈ ਕਿ ਨਸ਼ਾ ਕਰਨ ਵਾਲਿਆਂ ਨੂੰ ਚੌਕਸ ਕੀਤਾ ਜਾਵੇ ਕਿ ਨਸ਼ਿਆਂ ਦੀ ਲਤ ਭਵਿੱਖ ਵੀ ਖਰਾਬ ਕਰ ਸਕਦੀ ਹੈ। ਇਹ ਵੀ ਚਰਚਾ ਕੀਤੀ ਗਈ ਕਿ ਨੌਜਵਾਨਾਂ ਦੇ ਨਸ਼ਾ ਗ੍ਰਸਤ ਹੋਣ ਕਾਰਨ ਫ਼ੌਜ ਤੇ ਪੁਲਿਸ ਵਿਚ ਭਰਤੀ ਲਈ ਪਹਿਲਾਂ ਹੀ ਪੰਜਾਬ ਦੇ ਨੌਜਵਾਨਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਚੰਡੀਗੜ੍ਹ ਪੁਲਿਸ ਵਿਚ ਹਾਲ ਹੀ ਵਿਚ ਹੋਈ ਭਰਤੀ ਦੌਰਾਨ ਪੰਜਾਬ ਦੇ 13 ਨੌਜਵਾਨ ਹੀ ਭਰਤੀ ਹੋ ਸਕੇ ਜਦਕਿ ਹਰਿਆਣਾ ਦੇ 90 ਨੌਜਵਾਨਾਂ ਨੇ ਨੌਕਰੀ ਹਾਸਲ ਕੀਤੀ।

ਪੰਜਾਬ ਬਾਰੇ ਗ਼ੈਰ ਸਰਕਾਰੀ ਤੇ ਸਰਕਾਰੀ ਸੰਸਥਾਵਾਂ ਵੱਲੋਂ ਕੀਤੇ ਸਰਵੇਖਣਾਂ ਮੁਤਾਬਕ ਸੂਬੇ ਦੇ 70 ਫ਼ੀਸਦੀ ਨੌਜਵਾਨ ਨਸ਼ਿਆਂ ਵਿਚ ਗ੍ਰਸਤ ਹਨ। ਸਰਹੱਦੀ ਖੇਤਰ ਦੇ ਜ਼ਿਲ੍ਹਿਆਂ ਦੀ ਹਾਲਤ ਜ਼ਿਆਦਾ ਹੀ ਗੰਭੀਰ ਹੈ। ਪੰਜਾਬ ਪੁਲਿਸ ਦੇ ਜਵਾਨ ਵੀ ਨਸ਼ਾ ਛੁਡਾਊ ਕੇਂਦਰਾਂ ਵਿਚ ਆਪਣਾ ਇਲਾਜ ਕਰਵਾ ਰਹੇ ਹਨ। ਸਰਕਾਰ ਮੁਤਾਬਕ ਨਸ਼ਾ ਛੁਡਾਊ ਕੇਂਦਰਾਂ ਵਿਚ ਓ.ਪੀ.ਡੀ. ਵਾਲੇ ਮਰੀਜ਼ਾਂ ਦੀ ਗਿਣਤੀ ਦੋ ਲੱਖ ਤੋਂ ਉਪਰ ਹੋ ਗਈ ਹੈ। ਮੁੱਖ ਮੰਤਰੀ ਨੇ ਭਰਤੀ ਸਮੇਂ ਡੋਪ ਟੈਸਟ ਜ਼ਰੂਰੀ ਬਣਾਉਣ ਲਈ ਮੌਜੂਦਾ ਭਰਤੀ ਨਿਯਮਾਂ ਵਿਚ ਸੋਧ ਕਰਨ ਲਈ ਲੋੜੀਂਦੇ ਕਦਮ ਚੁੱਕਣ ਦੇ ਹੁਕਮ ਦਿੱਤੇ। ਸ. ਬਾਦਲ ਦਾ ਕਹਿਣਾ ਹੈ ਕਿ ਜੇਕਰ ਕਿਸੇ ਵੀ ਵਿਅਕਤੀ ਦੇ ਡੋਪ ਟੈਸਟ ਦੀ ਰਿਪੋਰਟ ਪਾਜ਼ੀਟਿਵ ਹੋਵੇਗੀ, ਉਸ ਨੂੰ ਸਰਕਾਰੀ ਨੌਕਰੀ ਵਿਚ ਸ਼ਾਮਲ ਹੋਣ ਤੋਂ ਰੋਕਿਆ ਜਾਵੇਗਾ। ਅਧਿਕਾਰੀਆਂ ਦਾ ਕਹਿਣਾ ਸੀ ਕਿ ਜੇਕਰ ਨਸ਼ੇ ਕਰਨ ਵਾਲੇ ਖਿਡਾਰੀ ਤੋਂ ਮੈਡਲ ਵਾਪਸ ਲਿਆ ਜਾ ਸਕਦਾ ਹੈ ਤਾਂ ਨਸ਼ਾ ਕਰਨ ਵਾਲੇ ਵਿਅਕਤੀ ਨੂੰ ਨੌਕਰੀ ਲਈ ਵੀ ਯੋਗ ਨਹੀਂ ਮੰਨਿਆ ਜਾਣਾ ਚਾਹੀਦਾ। ਨਸ਼ਾ ਛੁਡਾਊ ਕੇਂਦਰਾਂ ਦਾ ਜਾਇਜ਼ਾ ਲੈਂਦਿਆਂ ਮੁੱਖ ਮੰਤਰੀ ਨੇ ਡਵੀਜ਼ਨਲ ਕਮਿਸ਼ਨਰਾਂ ਨੂੰ ਆਪਣੇ ਅਧਿਕਾਰ ਖੇਤਰਾਂ ਵਿਚ ਸਥਿਤ ਨਸ਼ਾ ਛੁਡਾਊ ਕੇਂਦਰਾਂ ਦਾ ਦੌਰਾ ਕਰਨ ਲਈ ਆਖਿਆ ਹੈ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਆਖਿਆ ਕਿ ਉਹ ਸਾਰੇ ਨਸ਼ਾ ਛੁਡਾਊ ਕੇਂਦਰਾਂ ਦੇ ਡਾਟੇ ਨੂੰ ਇਕ ਕੇਂਦਰ 'ਤੇ ਸੰਭਾਲਣ ਦੀਆਂ ਸੰਭਾਵਨਾਵਾਂ ਦਾ ਪਤਾ ਲਾਉਣ। ਸ. ਬਾਦਲ ਨੇ ਕਿਹਾ ਕਿ ਇਨ੍ਹਾਂ ਸਾਰੇ ਕੇਂਦਰਾਂ ਵਿਚ ਨਸ਼ਾ ਛੱਡਣ ਦਾ ਇਲਾਜ ਕਰਵਾ ਰਹੇ ਵਿਅਕਤੀਆਂ ਨੂੰ ਸ਼ਨਾਖਤੀ ਸਬੂਤ ਜਾਰੀ ਕੀਤੇ ਜਾਣ ਤਾਂ ਜੋ ਉਹ ਇਕ ਕੇਂਦਰ ਤੋਂ ਇਲਾਵਾ ਹੋਰ ਕੇਂਦਰਾਂ ਉਤੇ ਡਾਕਟਰੀ ਇਲਾਜ ਦੀ ਸਹੂਲਤ ਪ੍ਰਾਪਤ ਕਰ ਸਕਣ। ਮੁੱਖ ਮੰਤਰੀ ਨੇ ਆਪਣੇ ਤਕਨੀਕੀ ਸਲਾਹਕਾਰ ਮੇਜਰ ਜਨਰਲ (ਸੇਵਾਮੁਕਤ) ਬੀ.ਐਸ. ਧਾਲੀਵਾਲ ਨੂੰ ਕਿਹਾ ਕਿ ਉਹ ਛੇਤੀ ਤੋਂ ਛੇਤੀ ਮੁੜ ਵਸੇਬਾ ਕੇਂਦਰਾਂ ਦੇ ਨਿਰਮਾਣ ਲਈ ਐਨ.ਬੀ.ਸੀ.ਸੀ. ਦੇ ਨਾਲ ਸ਼ਰਤਾਂ ਤੈਅ ਕਰਨ ਤਾਂ ਜੋ ਨਸ਼ੇ ਦੇ ਆਦੀਆਂ ਨੂੰ ਮੁੱਖ ਧਾਰਾ ਵਿਚ ਵਾਪਸ ਲਿਆਂਦਾ ਜਾ ਸਕੇ। ਅਧਿਕਾਰੀਆਂ ਨੇ ਦੱਸਿਆ ਕਿ ਪਟਿਆਲਾ, ਜਲੰਧਰ ਤੇ ਬਠਿੰਡਾ ਵਿਚ 50 ਬਿਸਤਰਿਆਂ ਦੇ ਨਸ਼ਾ ਛੁਡਾਊ ਕੇਂਦਰ ਇਸ ਸਾਲ ਦੇ ਅਖੀਰ ਤੱਕ ਕੰਮ ਕਰਨਾ ਸ਼ੁਰੂ ਕਰ ਦੇਣਗੇ ਤੇ ਨਸ਼ਾ ਛੁਡਾਊ ਕੇਂਦਰਾਂ ਵਿਚ ਸਟਾਫ ਦੀ ਭਰਤੀ ਦਾ ਕੰਮ ਇਸ ਮਹੀਨੇ ਦੇ ਅਖੀਰ ਵਿਚ ਮੁਕੰਮਲ ਕਰ ਲਿਆ ਜਾਵੇਗਾ।

# ਤਿੰਨ ਸਾਲਾਂ 'ਚ 300 ਅਪਰਾਧੀ ਪੁਲਿਸ ਹਿਰਾਸਤ ਵਿਚੋਂ ਭੱਜੇ

**ਬਠਿੰਡਾ:** ਪੰਜਾਬ ਪੁਲਿਸ ਦੀ ਹਿਰਾਸਤ ਵਿਚੋਂ ਤਿੰਨ ਸਾਲਾਂ ਦੌਰਾਨ ਤਕਰੀਬਨ 300 ਅਪਰਾਧੀ ਭੱਜ ਗਏ ਹਨ ਜਿਨ੍ਹਾਂ ਵਿਚੋਂ ਬਹੁਤੇ ਮੁੜ ਪੁਲਿਸ ਦੇ ਹੱਥ ਨਹੀਂ ਲੱਗੇ। ਦੇਸ਼ ਭਰ ਵਿਚੋਂ ਪੰਜਾਬ ਪੁਲਿਸ ਇਸ ਮਾਮਲੇ ਵਿਚ ਚੌਥੇ ਨੰਬਰ 'ਤੇ ਹੈ। ਜ਼ਿਆਦਾਤਰ ਅਪਰਾਧੀ ਪੁਲਿਸ ਹਿਰਾਸਤ ਵਿਚੋਂ ਅਦਾਲਤਾਂ ਵਿਚ ਪੇਸ਼ੀ ਭੁਗਤਣ ਤੋਂ ਪਹਿਲਾਂ ਜਾਂ ਪਿਛੋਂ ਭੱਜੇ ਹਨ।

ਕੇਂਦਰੀ ਗ੍ਰਹਿ ਮੰਤਰਾਲੇ ਦੀ ਸੂਚਨਾ ਮੁਤਾਬਕ ਇਕ ਜਨਵਰੀ 2011 ਤੋਂ 31 ਦਸੰਬਰ 2013 ਦੌਰਾਨ 290 ਖਤਰਨਾਕ ਅਪਰਾਧੀ ਪੁਲਿਸ ਹਿਰਾਸਤ ਵਿਚੋਂ ਫ਼ਰਾਰ ਹੋਏ ਹਨ ਜਿਨ੍ਹਾਂ 'ਤੇ ਹਿਰਾਸਤ ਵਿਚੋਂ ਭੱਜਣ ਦੇ 242 ਕੇਸ ਪੰਜਾਬ ਦੇ ਵੱਖ-ਵੱਖ ਥਾਣਿਆਂ ਵਿਚ ਦਰਜ ਹਨ। ਇਹ ਅਪਰਾਧੀ ਤੇ ਇਨ੍ਹਾਂ ਨੂੰ ਹਿਰਾਸਤ ਵਿਚੋਂ ਭਜਾਉਣ ਵਾਲੇ ਪੁਲਿਸ ਮੁਲਾਜ਼ਮ ਵੀ ਅਦਾਲਤਾਂ ਵਿਚੋਂ ਸਾਫ਼ ਬਚ ਜਾਂਦੇ ਹਨ। ਮਿਲੀ ਸੂਚਨਾ ਮੁਤਾਬਕ ਪੰਜਾਬ ਪੁਲਿਸ ਨੇ ਤਿੰਨ ਵਰ੍ਹਿਆਂ ਦੌਰਾਨ 290 ਅਪਰਾਧੀਆਂ ਤੇ ਭਜਾਉਣ ਵਾਲੇ ਪੁਲਿਸ ਮੁਲਾਜ਼ਮਾਂ ਵਿਚੋਂ ਸਿਰਫ਼ 103 ਖ਼ਿਲਾਫ਼ ਹੀ ਅਦਾਲਤਾਂ ਵਿਚ ਚਲਾਨ ਪੇਸ਼ ਕੀਤੇ ਗਏ ਹਨ। ਇਨ੍ਹਾਂ ਵਿਚੋਂ 24 ਕੇਸਾਂ ਦਾ ਨਿਪਟਾਰਾ ਹੋਇਆ ਹੈ ਤੇ ਸਿਰਫ 28 ਵਿਅਕਤੀਆਂ ਨੂੰ ਸਜ਼ਾ ਮਿਲੀ ਹੈ ਜਿਨ੍ਹਾਂ ਵਿਚੋਂ ਸਿਰਫ਼ ਦੋ ਵਿਅਕਤੀਆਂ ਨੂੰ ਤਿੰਨ ਸਾਲ ਤੋਂ ਜ਼ਿਆਦਾ ਜਦਕਿ ਬਾਕੀ 26 ਨੂੰ ਤਿੰਨ ਸਾਲ ਤੱਕ ਦੀ ਸਜ਼ਾ ਹੋਈ ਹੈ। ਇਸ ਮਾਮਲੇ ਵਿਚ ਪਹਿਲਾ ਨੰਬਰ ਮਹਾਰਾਸ਼ਟਰ ਪੁਲਿਸ ਦਾ ਹੈ ਜਿਸਦੀ ਹਿਰਾਸਤ ਵਿਚੋਂ 428 ਅਪਰਾਧੀ ਭੱਜੇ ਹਨ। ਦੂਜਾ ਨੰਬਰ ਮੱਧ ਪ੍ਰਦੇਸ਼ ਪੁਲਿਸ ਦਾ ਹੈ ਜਿਸਦੀ ਹਿਰਾਸਤ ਵਿਚੋਂ 422 ਅਪਰਾਧੀ ਭੱਜੇ ਹਨ ਜਦਕਿ ਤੀਜਾ ਨੰਬਰ ਉੱਤਰ ਪ੍ਰਦੇਸ਼ ਪੁਲਿਸ ਦਾ ਹੈ ਜਿਥੇ ਪੁਲਿਸ ਹਿਰਾਸਤ ਵਿਚੋਂ 419 ਅਪਰਾਧੀ ਭੱਜੇ ਹਨ। ਪੰਜਾਬ ਪੁਲਿਸ ਚੌਥੇ ਨੰਬਰ 'ਤੇ ਹੈ ਜਿਸਦੀ ਹਿਰਾਸਤ ਵਿਚੋਂ ਤਿੰਨ ਵਰ੍ਹਿਆਂ ਵਿਚ 290 ਅਪਰਾਧੀ ਭੱਜੇ ਹਨ।

**ਪੰਜਾਬ ਪੁਲਿਸ ਚੌਥੇ ਨੰਬਰ 'ਤੇ**

ਜ਼ਿਲ੍ਹਾ ਅਟਾਰਨੀ ਬਠਿੰਡਾ ਰਾਜੇਸ਼ ਸ਼ਰਮਾ ਮੁਤਾਬਕ ਜੇਲ੍ਹ ਵਿਭਾਗ ਵੱਲੋਂ ਹਰ ਅਪਰਾਧੀ ਨੂੰ ਪੇਸ਼ੀ 'ਤੇ ਭੇਜਣ ਤੋਂ ਪਹਿਲਾਂ ਅਪਰਾਧੀ ਦੀ ਕਿਸਮ ਮੁਤਾਬਕ ਸੁਰੱਖਿਆ ਬਾਰੇ ਪੁਲਿਸ ਨੂੰ ਲਿਖਿਆ ਜਾਂਦਾ ਹੈ ਪਰ ਪੰਜਾਬ ਪੁਲਿਸ ਅਣਗਹਿਲੀ ਵਰਤ ਜਾਂਦੀ ਹੈ ਜਿਸਦਾ ਮੌਕਾ ਅਪਰਾਧੀ ਉਠਾ ਲੈਂਦੇ ਹਨ। ਜਿਨ੍ਹਾਂ ਪੁਲਿਸ ਮੁਲਾਜ਼ਮਾਂ ਦੀ ਹਿਰਾਸਤ ਵਿਚੋਂ ਇਹ ਅਪਰਾਧੀ ਫ਼ਰਾਰ ਹੁੰਦੇ ਹਨ, ਉਨ੍ਹਾਂ 'ਤੇ ਵੀ ਕੇਸ ਦਰਜ ਕਰ ਲਿਆ ਜਾਂਦਾ ਹੈ ਤੇ ਉਨ੍ਹਾਂ ਨੂੰ ਮੁਅੱਤਲ ਕਰ ਦਿੱਤਾ ਜਾਂਦਾ ਹੈ ਪਰ ਅਦਾਲਤਾਂ ਵਿਚੋਂ ਅਜਿਹੇ ਮੁਲਾਜ਼ਮਾਂ ਨੂੰ ਬਚਾ ਲਿਆ ਜਾਂਦਾ ਹੈ। ਮਿਲੇ ਵੇਰਵਿਆਂ ਮੁਤਾਬਕ ਪੰਜਾਬ ਵਿਚ ਸਾਲ 2011 ਵਿਚ 91, 2012 ਵਿਚ 112 ਤੇ 2013 ਵਿਚ 87 ਅਪਰਾਧੀ ਪੁਲਿਸ ਹਿਰਾਸਤ ਵਿਚੋਂ ਭੱਜੇ ਹਨ।

ਹਾਲਾਂਕਿ ਬਠਿੰਡਾ ਜ਼ੋਨ ਦੇ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਦਾ ਕਹਿਣਾ ਹੈ ਕਿ ਪੀ.ਓ. ਸਟਾਫ਼ ਵੱਲੋਂ ਪੁਲਿਸ ਹਿਰਾਸਤ ਵਿਚੋਂ ਭੱਜਣ ਵਾਲਿਆਂ ਦੀ ਪੈੜ ਨੱਪੀ ਜਾਂਦੀ ਹੈ ਤੇ ਕਾਫ਼ੀ ਅਪਰਾਧੀ ਫੜੇ ਵੀ ਗਏ ਹਨ। ਉਨ੍ਹਾਂ ਕਿਹਾ ਕਿ ਜ਼ਿੰਮੇਵਾਰ ਪੁਲਿਸ ਮੁਲਾਜ਼ਮਾਂ 'ਤੇ ਵੀ ਕੇਸ ਦਰਜ ਕੀਤਾ ਜਾਂਦਾ ਹੈ। ਜੋ ਤਫ਼ਤੀਸ਼ੀ ਅਫ਼ਸਰ ਅਦਾਲਤਾਂ ਵਿਚ ਨਿਸ਼ਚਿਤ ਸਮੇਂ ਅੰਦਰ ਇਨ੍ਹਾਂ ਮਾਮਲਿਆਂ ਵਿਚ ਚਲਾਨ ਪੇਸ਼ ਨਹੀਂ ਕਰਦੇ ਹਨ, ਉਨ੍ਹਾਂ ਖ਼ਿਲਾਫ਼ ਵੀ ਕਾਰਵਾਈ ਕੀਤੀ ਜਾਂਦੀ ਹੈ।

## ਸੀਰੀਆ ਤੇ ਇਰਾਕ ਦੇ 4400 ਲੋਕਾਂ ਨੂੰ ਵਸਾਏਗਾ ਆਸਟਰੇਲੀਆ

**ਸਿਡਨੀ:** ਹਿੰਸਾ ਕਾਰਨ ਇਰਾਕ ਤੇ ਸੀਰੀਆ ਤੋਂ ਭੱਜੇ ਕੋਈ 4400 ਲੋਕਾਂ ਨੂੰ ਆਸਟਰੇਲੀਆ ਵੱਲੋਂ ਵਸੇਬੇ ਦੀ ਪੇਸ਼ਕਸ਼ ਕੀਤੀ ਜਾਏਗੀ। ਇਮੀਗ੍ਰੇਸ਼ਨ ਮੰਤਰੀ ਸਕੌਟ ਮੌਰੀਸਨ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼ਰਨ ਮੰਗਣ ਆਉਣ ਵਾਲਿਆਂ ਦੀਆਂ ਕਿਸ਼ਤੀਆਂ ਆਉਣੋਂ ਰੋਕ ਕੇ ਥਾਂ ਖਾਲੀ ਕਰਾਈ ਗਈ ਹੈ। ਮੰਤਰੀ ਨੇ ਦੱਸਿਆ ਕਿ ਆਸਟਰੇਲੀਆ ਵੱਲੋਂ ਕਿਹਾ ਗਿਆ ਸੀ ਕਿ ਅਣ-ਅਧਿਕਾਰਤ ਕਿਸ਼ਤੀਆਂ ਰਾਹੀਂ ਆ ਕੇ ਇਥੇ ਸ਼ਰਨ ਮੰਗਣ ਵਾਲੇ ਸ਼ਰਨਾਰਥੀਆਂ ਨੂੰ ਵਸੇਬੇ ਦੀ ਆਗਿਆ ਨਹੀਂ ਦਿੱਤੀ ਜਾਏਗੀ, ਬਲਕਿ ਉਨ੍ਹਾਂ ਨੂੰ ਪ੍ਰਸ਼ਾਂਤ ਵਿਚ ਨਾਊਰੂ ਤੇ ਪੱਪੂਆਂ ਨਿਊਗਿੰਨੀ ਵੱਲ ਭੇਜ ਦਿੱਤਾ ਜਾਏਗਾ।

ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਨੀਤੀਆਂ ਕਾਰਨ ਨਾ ਸਿਰਫ ਸਮੁੰਦਰ ਵਿਚ ਜਾਨਾਂ ਬਚੀਆਂ ਹਨ, ਬਲਕਿ ਦੁਨੀਆਂ ਦੇ ਖਦੇੜੇ ਹੋਏ ਤੇ ਬੇਹੱਦ ਦੁਖੀ ਲੋਕਾਂ ਲਈ ਦੇਸ਼ ਦੇ ਮਾਨਵਤਾ ਆਧਾਰ ਪ੍ਰੋਗਰਾਮ ਤਹਿਤ ਬਹੁਤ ਸਾਰੀਆਂ ਥਾਵਾਂ ਲੋਕਾਂ ਲਈ ਉਪਲੱਬਧ ਕਰਾਈਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ 2200 ਟਿਕਾਣੇ ਇਰਾਕੀ ਤੇ 2200 ਟਿਕਾਣੇ ਸੀਰੀਆਈ ਲੋਕਾਂ ਲਈ ਰੱਖੇ ਗਏ ਹਨ।

# 84 ਦੇ ਪੀੜਤ ਯੂ.ਐਨ. ਹੈਡਕੁਆਰਟਰ ਤੱਕ ਲੈ ਕੇ ਜਾਣਗੇ 'ਇਨਸਾਫ ਦੀ ਮਸ਼ਾਲ'

**ਅੰਮ੍ਰਿਤਸਰ:** ਨਵੰਬਰ 1984 ਸਿੱਖ ਨਸਲਕੁਸ਼ੀ ਪੀੜਤਾਂ ਤੇ ਮਨੁੱਖੀ ਅਧਿਕਾਰ ਕਾਰਕੁਨਾਂ ਨੇ ਇਨਸਾਫ ਦੀ ਮੰਗ ਨੂੰ ਲੈ ਕੇ ਕੌਮਾਂਤਰੀ ਪੱਧਰ 'ਤੇ ਜਾਣ ਦਾ ਫੈਸਲਾ ਕੀਤਾ ਹੈ। ਇਨਸਾਫ ਤੋਂ ਲਗਾਤਾਰ ਕੀਤੇ ਜਾ ਰਹੇ ਇਨਕਾਰ ਕਾਰਨ 1984 ਦੇ ਪੀੜਤਾਂ ਨੇ ਸਿੱਖਾਂ ਦੇ ਸਰਬਉਚ ਸਥਾਨ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਮੱਥਾ ਟੇਕ ਕੇ 'ਇਨਸਾਫ ਦੀ ਮਸ਼ਾਲ' ਸ਼ੁਰੂ ਕੀਤੀ ਹੈ। ਏ.ਆਈ.ਐਸ.ਐਸ.ਐਫ. ਤੇ 1984 ਦੇ ਪੀੜਤ ਪਹਿਲੀ ਅਕਤੂਬਰ ਤੋਂ ਆਪਣੀ 'ਇਨਸਾਫ ਦੀ ਮਸ਼ਾਲ' ਯਾਤਰਾ ਦਿੱਲੀ ਤੋਂ ਸ਼ੁਰੂ ਕਰ ਕੇ ਨਿਊ ਯਾਰਕ ਤੱਕ ਸੰਯੁਕਤ ਰਾਸ਼ਟਰ ਦੇ ਹੈਡਕੁਆਰਟਰ ਤੱਕ ਜਾਣਗੇ।

ਏ.ਆਈ.ਐਸ.ਐਸ.ਐਫ. ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ ਕਿ ਮਹੀਨੇ ਭਰ ਚੱਲਣ ਵਾਲੀ 'ਇਨਸਾਫ ਦੀ ਮਸ਼ਾਲ' ਯਾਤਰਾ ਉਨ੍ਹਾਂ ਸਾਰੇ ਰਾਜਾਂ ਵਿਚੋਂ ਹੋ ਕੇ ਲੰਘੇਗੀ ਜਿਥੇ ਨਵੰਬਰ 1984 ਦੌਰਾਨ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਸੀ। ਪੀੜਤਾਂ ਤੇ ਮਨੁੱਖੀ ਅਧਿਕਾਰ ਕਾਰਕੁਨਾਂ ਦਾ ਇਕ ਵਫਦ 'ਇਨਸਾਫ ਦੀ ਮਸ਼ਾਲ' ਲੈ ਕੇ ਦਿੱਲੀ ਤੋਂ ਨਿਊ ਯਾਰਕ ਜਾਵੇਗਾ ਜਿਥੇ ਉਹ ਤਿੰਨ ਨਵੰਬਰ ਨੂੰ ਯੂ.ਐਨ. ਹੈਡਕੁਆਰਟਰ ਪਹੁੰਚੇਗਾ। ਸ. ਪੀਰ ਮੁਹੰਮਦ ਨੇ ਕਿਹਾ ਕਿ ਨਾਨਾਵਤੀ ਕਮਿਸ਼ਨ ਦੀਆਂ ਸਿਫਾਰਿਸ਼ਾਂ ਦੇ ਬਾਵਜੂਦ ਸਮੇਂ-ਸਮੇਂ ਦੀਆਂ ਸਰਕਾਰਾਂ ਕਾਂਗਰਸ ਦੇ ਆਗੂਆਂ ਨੂੰ ਉਨ੍ਹਾਂ ਵੱਲੋਂ ਨਵੰਬਰ 1984 ਵਿਚ ਨਿਭਾਈ ਭੂਮਿਕਾ ਲਈ ਮੁਕੱਦਮੇ ਤੋਂ ਬਚਾਉਂਦੀਆਂ ਆ ਰਹੀਆਂ ਹਨ। ਸਿੱਖਾਂ ਖਿਲਾਫ ਨਸਲਕੁਸ਼ੀ ਹਿੰਸਾ ਕਰਵਾਉਣ ਵਾਲਿਆਂ ਦੀ ਪਿਛਲੇ ਤਿੰਨ ਦਹਾਕਿਆਂ ਤੋਂ ਕੀਤੀ ਜਾ ਰਹੀ ਪੁਸ਼ਤਪਨਾਹੀ ਨੂੰ ਜੱਗ ਜ਼ਾਹਿਰ ਕਰਨ ਲਈ ਇਹ 'ਇਨਸਾਫ ਦੀ ਮਸ਼ਾਲ' ਯਾਤਰਾ ਨਿਊ ਯਾਰਕ ਵਿਚ ਸੰਯੁਕਤ ਰਾਸ਼ਟਰ ਤੱਕ ਲਿਜਾਈ ਜਾਵੇਗੀ।





ਨਿਊ ਯਾਰਕ ਸਥਿਤ ਮਨੁੱਖੀ ਅਧਿਕਾਰ ਸੰਸਥਾ ਸਿਖਸ ਫਾਰ ਜਸਟਿਸ, ਏ. ਆਈ. ਐਸ. ਐਸ. ਐਫ. ਤੇ ਨਵੰਬਰ 1984 ਵਿਕਟਿਮਸ ਦੇ ਆਗੂਆਂ ਅਵਤਾਰ ਸਿੰਘ ਪੰਨੂ, ਸੁਖਵਿੰਦਰ ਸਿੰਘ ਠਾਣਾ, ਅਮਰਦੀਪ ਸਿੰਘ ਨੇ ਕਿਹਾ ਕਿ ਮਨੁੱਖੀ ਅਧਿਕਾਰਾਂ ਬਾਰੇ ਯੂ.ਐਨ. ਦੇ ਸਹਾਇਕ ਸਕੱਤਰ ਜਨਰਲ ਇਵਾਨ ਸਿਮੋਨੋਵਿਕ ਨੂੰ ਰਿਪੋਰਟ ਸੌਂਪੀ ਜਾਵੇਗੀ। ਰਿਪੋਰਟ ਵਿਚ '1984 ਸਿੱਖ ਨਸਲਕੁਸ਼ੀ' ਬਾਰੇ ਉਹ ਸਾਰੇ ਵੇਰਵੇ ਹੋਣਗੇ ਜੋ ਦਰਸਾਉਣਗੇ ਕਿ 19 ਰਾਜਾਂ ਵਿਚ ਸਿੱਖਾਂ ਦਾ ਕਤਲੇਆਮ ਸਾਜ਼ਿਸ਼ ਤਹਿਤ ਕੀਤਾ ਗਿਆ। ਮਗਰੋਂ ਸਰਕਾਰ ਵੱਲੋਂ ਅੱਖਾਂ ਪੂੰਝਣ ਵਾਲੀ ਜਾਂਚ ਤੋਂ ਵੱਧ ਕੁਝ ਨਹੀਂ ਕੀਤਾ ਗਿਆ।

# ਅਫਗਾਨ ਸਿੱਖਾਂ ਦੀ ਬਰਤਾਨੀਆ ਵਿਚ ਹੋ ਰਹੀ ਹੈ ਤਸਕਰੀ

**ਲੰਡਨ:** ਬਰਤਾਨੀਆ ਦੀ ਬੰਦਰਗਾਹ ਉਤੇ ਜਹਾਜ਼ ਵਿਚ ਲੁਕ ਕੇ ਪੁੱਜੇ 35 ਮਰਦ, ਔਰਤਾਂ ਤੇ ਬੱਚੇ ਅਫਗਾਨ ਮੂਲ ਦੇ ਸਿੱਖ ਹਨ। ਬ੍ਰਿਟਿਸ਼ ਪੁਲਿਸ ਮੁਤਾਬਕ ਇਹ ਲੋਕ 'ਮਨੁੱਖੀ ਸਮਗਲਿੰਗ ਦਾ ਸ਼ਿਕਾਰ ਬਣੇ ਹਨ। ਇਨ੍ਹਾਂ 35 ਲੋਕਾਂ ਦੀ ਹੋਂਦ ਬਾਰੇ ਉਦੋਂ ਪਤਾ ਲੱਗਾ ਜਦੋਂ ਉਹ ਬੈਲਜੀਅਮ ਤੋਂ ਸਮੁੰਦਰੀ ਜਹਾਜ਼ ਐਮੈਕਸ ਦੀ ਟਿਲਬੁਰੀ ਬੰਦਰਗਾਹ ਵਿਖੇ ਪੁੱਜੇ। ਜਦੋਂ ਕੰਟੇਨਰ ਨੂੰ ਅੱਗੇ ਟਰੱਕ ਵਿਚ ਲੱਦਿਆ ਜਾਣ ਲੱਗਾ ਤਾਂ ਅੰਦਰੋਂ ਆਵਾਜ਼ਾਂ ਸੁਣਾਈ ਦੇਣ ਬਾਅਦ ਆਲੇ-ਦੁਆਲੇ ਹਾਹਾਕਾਰ ਮੱਚ ਗਈ। ਸ਼ੁਰੂਆਤੀ ਪੜਤਾਲ ਦੌਰਾਨ ਬ੍ਰਿਟਿਸ਼ ਪੁਲਿਸ ਨੇ ਸਮਝਿਆ ਕਿ ਇਹ ਲੋਕ ਭਾਰਤ ਤੋਂ ਆਏ ਹਨ। ਇਥੇ ਪੁੱਜੇ ਪੈਂਤੀ ਵਿਅਕਤੀਆਂ ਵਿਚੋਂ ਇਕ ਦੀ ਮੌਤ ਹੋ ਗਈ ਹੈ ਤੇ ਇਸ ਮਾਮਲੇ ਦੀ ਜਾਂਚ ਜਾਰੀ ਹੈ। ਇਥੇ ਪੁੱਜਣ ਮੌਕੇ ਇਹ ਲੋਕ ਪੂਰੀ ਤਰ੍ਹਾਂ ਨਿਢਾਲ ਹੋ ਚੁੱਕੇ ਸਨ ਤੇ ਪਾਣੀ ਤੇ ਖ਼ੂਨ ਦੀ ਕਮੀ ਦਾ ਸ਼ਿਕਾਰ ਸਨ। ਹਸਪਤਾਲ ਵਿਚ ਮੁਢਲੀ ਸਹਾਇਤਾ ਦੇਣ ਉਪਰੰਤ ਇਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ।

ਪੁਲਿਸ ਸੂਤਰਾਂ ਮੁਤਾਬਕ ਟਿਲਬੁਰੀ ਨੇੜੇ ਇਮੀਗ੍ਰੇਸ਼ਨ ਸੈਂਟਰ ਵਿਚ ਦੋਭਾਸ਼ੀਏ ਦੀ ਸਹਾਇਤਾ ਨਾਲ ਇਨ੍ਹਾਂ ਤੋਂ ਪੁੱਛ-ਪੜਤਾਲ ਕੀਤੀ ਜਾਵੇਗੀ ਤੇ ਬਰਤਾਨੀਆ ਦੇ ਇਮੀਗ੍ਰੇਸ਼ਨ ਨਿਯਮਾਂ ਅਨੁਸਾਰ ਕਾਰਵਾਈ ਕੀਤੇ ਜਾਣ ਦੀ ਸੰਭਾਵਨਾ ਹੈ। ਐਮੈਕਸ ਪੁਲਿਸ ਇਸ ਤਰ੍ਹਾਂ ਦੀ ਘਟਨਾ ਤੋਂ ਬੇਹੱਦ ਹੈਰਾਨ ਹੈ ਤੇ ਇੰਟਰਪੋਲ ਤੇ ਹੋਰ ਏਜੰਸੀਆਂ ਦੀ ਸਹਾਇਤਾ



ਲਈ ਜਾ ਰਹੀ ਹੈ। ਭਾਰਤੀ ਸਫਾਰਤਖਾਨੇ ਦਾ ਅਮਲਾ ਇਨ੍ਹਾਂ ਲੋਕਾਂ ਦੀ ਨਾਗਰਿਕਤਾ ਨਿਰਧਾਰਤ ਕਰਨ ਲਈ ਬ੍ਰਿਟਿਸ਼ ਅਧਿਕਾਰੀਆਂ ਦੇ ਸੰਪਰਕ ਵਿਚ ਹੈ। ਐਮੈਕਸ ਪੁਲਿਸ ਦੇ ਸੁਪਰਡੈਂਟ ਟਰੈਵਰ ਰੋਜ ਨੇ ਦੱਸਿਆ ਕਿ ਉਹ ਇਨ੍ਹਾਂ ਲੋਕਾਂ ਨੂੰ ਕਾਨੂੰਨ ਦੇ ਕਟਹਿਰੇ ਵਿਚ ਖੜ੍ਹਾਉਣ ਲਈ ਯਤਨਸ਼ੀਲ ਹਨ ਤੇ ਇਸ ਘਟਨਾ ਪਿੱਛੇ ਦੋਸ਼ੀਆਂ ਦੀ ਭਾਲ ਕਰਕੇ ਮਾਮਲੇ ਦੀ ਤਹਿ ਤੱਕ ਪੁੱਜਿਆ ਜਾਵੇਗਾ।

ਅਫਗਾਨਿਸਤਾਨ ਵਿਚ ਸਿੱਖ ਭਾਈਚਾਰੇ ਦੇ ਇਕ ਆਗੂ ਰਵੇਲ ਸਿੰਘ ਦਾ ਕਹਿਣਾ ਹੈ ਕਿ ਖ਼ਬਰਾਂ ਆਉਣ ਤੱਕ ਉਨ੍ਹਾਂ ਨੂੰ ਇਸ ਬਾਰੇ ਕੋਈ ਭਿਣਕ ਨਹੀਂ ਸੀ ਤੇ ਇਨ੍ਹਾਂ ਸਿੱਖਾਂ ਦੇ ਪਰਿਵਾਰਾਂ ਨਾਲ ਸੰਪਰਕ ਕਰਨ ਦੇ ਯਤਨ ਕਰ ਰਹੇ ਹਨ। ਹਿੰਦੂ ਤੇ ਸਿੱਖ ਕੌਂਸਲ ਆਫ ਅਫਗਾਨਿਸਤਾਨ ਦੇ ਮੀਤ ਪ੍ਰਧਾਨ ਰਵੇਲ ਸਿੰਘ ਨੇ ਦੱਸਿਆ ਕਿ ਉਹ ਇਸ ਬਾਰੇ ਹੋਰ ਜਾਣਕਾਰੀ ਇਕੱਠੀ ਕਰ ਰਹੇ ਹਨ ਕਿਉਂਕਿ 1990ਵਿਆਂ ਦੀ ਘਰੇਲੂ ਜੰਗ ਤੋਂ ਮਗਰੋਂ ਇਸ ਦੇਸ਼ ਵਿਚ ਸਿੱਖਾਂ ਦੀ ਗਿਣਤੀ ਕੁਝ ਹਜ਼ਾਰ ਹੀ ਰਹਿ ਗਈ ਹੈ। ਇਥੇ ਬਾਕੀ ਬਚੇ ਸਿੱਖਾਂ ਵਿਚੋਂ ਬਹੁਤੇ ਮੁਸਲਿਮ ਬਹੁ-ਗਿਣਤੀ ਵਾਲੇ ਇਸ ਦੇਸ਼ ਵਿਚ ਜ਼ੁਲਮ ਤੇ ਵਧੀਕੀਆਂ ਸਹਿ ਰਹੇ ਹਨ। ਸਿੱਖ ਆਗੂ ਨੇ ਦੱਸਿਆ ਕਿ ਉਨ੍ਹਾਂ ਦੇ ਹੱਕਾਂ ਦਾ ਘਾਣ ਹੁੰਦਾ ਹੈ ਤੇ ਅਫਗਾਨ ਲੋਕ ਉਨ੍ਹਾਂ ਨਾਲ ਬੁਰਾ ਵਿਹਾਰ ਕਰਦੇ ਹਨ। ਉਨ੍ਹਾਂ ਨਾਲ ਵਿਤਕਰਾ ਹੁੰਦਾ ਹੈ, ਉਨ੍ਹਾਂ ਦੇ ਬੱਚੇ ਸਕੂਲ ਨਹੀਂ ਜਾ ਸਕਦੇ। ਜ਼ਮੀਨਾਂ ਖੋਹ ਲਈਆਂ ਜਾਂਦੀਆਂ ਹਨ। ਇਸ ਕਰਕੇ ਬਹੁਤੇ ਸਿੱਖ ਅਫਗਾਨਿਸਤਾਨ ਵਿਚੋਂ ਭੱਜਣ ਲਈ ਮਜਬੂਰ ਹੋ ਰਹੇ ਹਨ। ਅਫਗਾਨਿਸਤਾਨ ਵਿਚ ਸਿੱਖ ਕਾਬੁਲ, ਜਲਾਲਾਬਾਦ ਤੇ ਕੰਧਾਰ ਵਿਚ ਹੀ ਹਨ ਤੇ ਉਹ ਮਜ਼ਦੂਰੀ, ਕੱਪੜਿਆਂ ਦਾ ਜਾਂ ਰਵਾਇਤੀ ਦਵਾਈਆਂ ਦਾ ਕਾਰੋਬਾਰ ਕਰਦੇ ਹਨ।


**Philips-66 Truck Stop Convenience Store**

*For Sale or Lease*

11 Pumps, 30 Trucks Parking
Diesel & Gas With Restaurant, Liquor, Lottery
*Good Profit Margin*
Prime Location (4 States Traffic Area on State Hwy I-44/I-49 in Missouri)

Also available commercial bulding (SCF), partially rented in Mohali, India
Commercial plot in business growing area (in Walmart, Home Office area)

Serious Parties Only, Please.
Contact: 417-825-7602
Email: shaanmann5@gmail.com

**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210
FAX: 209.547.9211
www.gfbontime.com, raj@gfbontime.com

**REPAIR SHOP**

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

**REGISTRATION SERVICES**

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਜਦੋਂ ਗਿੜੇ ਵਕਤ ਦਾ ਗੇੜ...

ਜੇਠ ਮਹੀਨੇ ਦੀ ਸਿਖਰ ਦੁਪਹਿਰ। ਪੈਰੀਂ ਟੁੱਟੀਆਂ ਚੱਪਲਾਂ ਘੜੀਸਦੀ ਬੰਤੀ ਨੇ ਸਰਦਾਰਾਂ ਦਾ ਬੂਹਾ ਖੜਕਾਇਆ। ਬਿਹਾਰੀਏ ਨੇ ਅੱਖਾਂ ਮਲਦਿਆਂ ਬੂਹਾ ਖੋਲ੍ਹਦਿਆਂ ਪੁੱਛਿਆ, "ਕਿਆ ਹੈ, ਸੋਨੇ ਭੀ ਨਹੀਂ ਦੇਤੀ। ਦੁਪਹਿਰ ਮੇਂ ਹੀ ਆ ਜਾਤੀ ਹੋ।"

"ਵੇ ਰਾਮੂ, ਪੁੱਤ ਸਰਦਾਰਨੀ ਨੂੰ ਆਖ, ਮੈਨੂੰ ਬਰਫ਼ ਦਾ ਟੁਕੜਾ ਦੇ ਦੇਵੇ, ਬੂਟਾ ਸਕੂਲੋਂ ਆਇਆ ਪੜ੍ਹ ਕੇ, ਮੈਂ ਉਹਨੂੰ ਮਿੱਠਾ ਪਾਣੀ ਬਣਾ ਕੇ ਦੇਣਾ।"

ਬਿਹਾਰੀਆ ਮਚਦਾ-ਤੜਫਦਾ ਅੰਦਰ ਗਿਆ। ਸਰਦਾਰਨੀ ਅੰਦਰ ਟੀ.ਵੀ. ਸੀਰੀਅਲ ਦੇਖ ਰਹੀ ਸੀ, ਕਿਸੇ ਗਰੀਬ ਕਿਰਦਾਰ ਦੀ ਮੌਤ 'ਤੇ ਅੱਥਰੂ ਵਹਾ ਰਹੀ ਸੀ। ਬੰਤੀ ਹੱਥ ਵਿਚ ਕੌਲਾ ਫੜੀ ਬਾਹਰ ਖੜ੍ਹੀ ਸੀ, ਜਿਵੇਂ ਕੋਈ ਮੰਗਤਾ ਬੂਹੇ ਅੱਗੇ ਖੜ੍ਹਦਾ ਹੈ। ਸੰਗਮਰਮਰ ਦੀ ਤਪਸ਼ ਟੁੱਟੀਆਂ ਚੱਪਲਾਂ ਰਾਹੀਂ ਬੰਤੀ ਦੇ ਸਿਰ ਨੂੰ ਚੜ੍ਹ ਰਹੀ ਸੀ। ਉਪਰੋਂ ਸੂਰਜ ਦੀਆਂ ਤਿੱਖੀਆਂ ਕਿਰਨਾਂ ਬੰਤੀ ਦੀ ਪਾਟੀ ਚੁੰਨੀ ਵਿਚੋਂ ਉਸ ਦੇ ਦਿਲ ਨੂੰ ਹੋਰ ਤੜਫਾ ਰਹੀਆਂ ਸਨ। ਬੰਤੀ ਨੇ ਲੰਮੀ ਉਡੀਕ ਪਿਛੋਂ "ਸਰਦਾਰਨੀ, ਮੈਂ ਬਰਫ਼ ਲੈਣ ਆਈ ਸੀ" ਆਖਿਆ, ਪਰ ਸਰਦਾਰਨੀ ਦੇ ਕੰਨਾਂ 'ਤੇ ਫਿਰ ਵੀ ਜੂੰ ਨਾ ਸਰਕੀ। ਉਹ ਤਾਂ ਕਾਗਜ਼ੀ ਰੁਮਾਲ ਨਾਲ ਆਪਣੀਆਂ ਅੱਖਾਂ ਪੂੰਝ ਰਹੀ ਸੀ। ਜਦੋਂ ਸੀਰੀਅਲ ਦੌਰਾਨ ਮਸ਼ਹੂਰੀਆਂ ਆਈਆਂ ਤਾਂ ਸਰਦਾਰਨੀ ਦੇ ਅੱਖਾਂ ਵਿਚਲੇ ਅੱਥਰੂ ਗੁੱਸੇ ਦੇ ਅੰਗਿਆਰੇ ਬਣ ਗਏ, "ਬੰਤੀਏ... ਤੂੰ ਸਵੇਰਾ-ਦੁਪਹਿਰਾ ਤਾਂ ਦੇਖ ਲਿਆ ਕਰ...ਅਗਲਾ ਸੁੱਤਾ ਪਿਆ ਹੁੰਦਾ। ਪੁੱਤ ਦਾ ਐਨਾ ਜ਼ਿਆਦਾ ਹੇਜ ਐ ਤਾਂ ਘਰੇ ਫਰਿੱਜ਼ ਲੈ ਆ, ਨਾਲੇ ਮੁੰਡਿਆਂ ਦੀਆਂ ਆਦਤਾਂ ਨਹੀਂ ਖਰਾਬ ਕਰੀਦੀਆਂ।" ਸਰਦਾਰਨੀ ਕੁਝ ਹੋਰ ਬੋਲਦੀ, ਇੰਨੇ ਨੂੰ ਸੀਰੀਅਲ ਦੁਬਾਰਾ ਸ਼ੁਰੂ ਹੋ ਗਿਆ ਤੇ ਸਰਦਾਰਨੀ ਨੇ ਬਰਫ਼ ਦਾ ਟੁਕੜਾ ਬੰਤੀ ਦੇ ਕੌਲੇ ਵਿਚ ਇੰਜ ਸੁੱਟਿਆ, ਜਿਵੇਂ ਮਜ਼ਦੂਰ ਇੱਟਾਂ ਸੁੱਟਦਾ ਹੁੰਦਾ ਹੈ; ਤੇ ਬੰਤੀ ਨੇ ਬਰਫ਼ ਦਾ ਕੌਲਾ ਚੁੰਨੀ ਦੇ ਲੜ ਇੰਜ ਲਪੇਟਿਆ ਜਿਵੇਂ ਲੱਖ ਰੁਪਏ ਦੀ ਗੁੱਥੀ ਹੋਵੇ। ਬੰਤੀ ਨੇ ਚਮਚਾ ਸ਼ੱਕਰ ਦਾ ਪਾ ਕੇ ਬੂਟੇ ਨੂੰ ਮਿੱਠਾ ਪਾਣੀ ਬਣਾ ਦਿੱਤਾ, ਤੇ ਉਹ ਆਰਾਮ ਕਰਨ ਲਈ ਟੁੱਟੇ ਬਾਣ ਵਾਲੇ ਮੰਜੇ 'ਤੇ ਲੇਟ ਗਿਆ। ਬੰਤੀ ਪੱਖੀ ਦੀ ਝੱਲ ਮਾਰਨ ਲੱਗੀ। ਬੂਟੇ ਨੂੰ ਪੱਖੀ ਦੀ ਝੱਲ ਜਿਵੇਂ ਏ.ਸੀ. ਤੋਂ ਵੀ ਵੱਧ ਠੰਢ ਪਾ ਰਹੀ ਹੋਵੇ, ਛੇਤੀ ਹੀ ਉਹਦੀ ਅੱਖ ਲੱਗ ਗਈ।

ਬੰਤੀ ਦੇ ਤਿੰਨ ਧੀਆਂ ਤੇ ਇਕ ਪੁੱਤ ਹੈ। ਸਿਰ ਦਾ ਸਾਈਂ ਕਰਜ਼ੇ ਦੀ ਮਾਰ ਨਾ ਝੱਲਦਾ ਸਲਫਾਸ ਖਾ ਕੇ ਮੁਕਤ ਹੋ ਗਿਆ ਸੀ, ਪਰ ਬੰਤੀ ਨੂੰ ਦਰ-ਦਰ ਦੀਆਂ ਠੋਕਰਾਂ ਖਾਣ ਲਈ ਛੱਡ ਗਿਆ ਸੀ। ਬੰਤੀ ਦੀ ਡੇਢ ਕਿੱਲਾ ਜ਼ਮੀਨ ਸਰਦਾਰ ਖੇਮ ਸਿੰਘ ਨੇ ਮੁਫ਼ਤ ਦੇ ਭਾਅ ਲਿਖਾ ਲਈ ਸੀ। ਇਕ ਦੇ ਗਿਆਰਾਂ ਕਰਦਾ ਉਹ ਆਪਣੇ ਮੂਲ ਤੋਂ ਵਿਆਜ ਜ਼ਿਆਦਾ ਵਸੂਲਦਾ ਸੀ। ਇਸੇ ਹੀ ਮਾਰ ਥੱਲੇ ਬੰਤੀ ਦਾ ਸਾਈਂ ਆ ਗਿਆ ਸੀ। ਬੰਤੀ ਨੇ ਤਿੰਨੇ ਕੁੜੀਆਂ ਤਾਂ ਵਿਆਹ ਦਿੱਤੀਆਂ ਸਨ, ਪਰ ਆਹ ਬੂਟਾ...ਅਜੇ ਪੜ੍ਹਦਾ ਸੀ। ਬੂਟਾ ਪੜ੍ਹ ਕੇ ਪੁਲਿਸ ਵਿਚ ਭਰਤੀ ਹੋਣਾ ਚਾਹੁੰਦਾ ਸੀ, ਤੇ ਵਿਆਜੀਆਂ ਦੇ ਦਿੱਤੇ ਮਾਨਸਿਕ ਤਸੀਹਿਆਂ ਤੋਂ ਗਰੀਬ ਜਨਤਾ ਨੂੰ ਆਜ਼ਾਦ ਕਰਵਾਉਣਾ ਚਾਹੁੰਦਾ ਸੀ।

ਸਰਦਾਰ ਖੇਮ ਸਿੰਘ ਦਾ ਖਾਨਦਾਨ ਅੰਗਰੇਜ਼ਾਂ ਦਾ ਪਿੱਠੂ ਰਿਹਾ ਸੀ। ਉਨ੍ਹਾਂ ਨੂੰ ਆਪਣਿਆਂ ਨਾਲ ਗੱਦਾਰੀ ਕਰਨ ਦੇ ਤੋਹਫ਼ੇ ਵਜੋਂ ਜ਼ਮੀਨਾਂ ਦੇ ਮੁਰੱਬੇ ਮਿਲੇ ਸਨ। ਤਿੰਨ ਪੀੜ੍ਹੀਆਂ ਵਿਚ ਖੇਮ ਸਿੰਘ ਹੋਰਾਂ ਦੇ ਜਵਾਨ ਮੁੰਡੇ ਮਰਦੇ ਆ ਰਹੇ ਸਨ। ਸ਼ਾਇਦ ਰੱਬ ਉਨ੍ਹਾਂ ਨੂੰ ਇਹ ਸਜ਼ਾ ਇਸ ਕਰ ਕੇ ਦੇ ਰਿਹਾ ਸੀ ਕਿਉਂਕਿ ਉਨ੍ਹਾਂ ਨੇ ਲੋਕਾਂ ਦੇ ਪੁੱਤ ਮਰਵਾਏ ਸਨ; ਪਰ ਖਾਨਦਾਨ ਦਾ ਸਫੈਦ ਖ਼ੂਨ ਇਸ ਗੱਲ ਨੂੰ ਮੰਨਦਾ ਨਹੀਂ ਸੀ, ਤੇ ਆਪਣੀ 'ਸਰਦਾਰਾਂ' ਵਾਲੀ ਆਕੜ ਵਿਚ ਰਹਿੰਦਾ ਸੀ। ਖੇਮ ਸਿੰਘ ਦੇ ਇਕੱਲਾ ਪੁੱਤ ਸੀ ਤੇ ਦੋ ਧੀਆਂ। ਦੋਵੇਂ ਵਿਆਹੀਆਂ ਹੋਈਆਂ, ਤੇ ਪੁੱਤ ਜੀਤਾ ਅਜੇ ਪੜ੍ਹਦਾ ਸੀ।

ਬੰਤੀ ਸਰਦਾਰਾਂ ਦੇ ਹੀ ਕੰਮ ਕਰਦੀ ਸੀ। ਉਹਦੀ ਕਮਾਈ ਦਾ ਸਾਧਨ ਸਰਦਾਰਾਂ ਦੇ ਜੂਠੇ ਭਾਂਡੇ ਮਾਂਜਣਾ ਤੇ ਗੋਹਾ-ਕੂੜਾ ਕਰਨਾ ਹੀ ਸੀ। ਤਨ ਢਕਣ ਲਈ ਸਰਦਾਰਨੀ ਦੇ ਪੁਰਾਣੇ ਕੱਪੜੇ ਮਿਲ ਜਾਂਦੇ। ਇਸੇ ਤਰ੍ਹਾਂ ਬੂਟੇ ਲਈ ਸਰਦਾਰਨੀ ਦੇ ਮੁੰਡੇ ਜੀਤੇ ਦੇ ਪੁਰਾਣੇ ਕੱਪੜੇ ਲੈ ਲੈਂਦੀ। ਬੰਤੀ ਦੀ ਬਣਦੀ ਤਨਖਾਹ ਤਾਂ ਵਿਆਜ ਵਿਚ ਹੀ ਕੱਟੀ ਜਾਂਦੀ ਸੀ। ਬੂਟੇ ਦੀ ਫੀਸ ਲਈ ਉਹਨੂੰ ਫਿਰ ਸਰਦਾਰਨੀ ਅੱਗੇ ਹੱਥ ਅੱਡਣਾ ਪੈਂਦਾ ਸੀ। ਅੱਗਿਉਂ ਸਰਦਾਰਨੀ ਟੀ.ਵੀ. ਸੀਰੀਅਲ ਵਾਲੇ ਡਾਇਲਾਗ ਬੋਲ ਕੇ ਬੰਤੀ ਦੀ ਬੇਇਜ਼ਤੀ ਕਰਦੀ। ਇਕ ਦਿਨ ਇਸੇ ਤਰ੍ਹਾਂ ਬੰਤੀ ਕੌਲੀ ਫੜੀ ਤੁਰੀ ਜਾ ਰਹੀ ਸੀ। ਅੱਗਿਉਂ ਦਿਆਲੋ ਮਾਈ ਨੇ ਪੁੱਛਿਆ, "ਨੀ ਕੁੜੇ ਬੰਤੀਏ, ਤੂੰ ਕੌਲੀ ਚੁੱਕੀ ਕਿੱਧਰ ਤੁਰੀ ਜਾ ਰਹੀ ਏਂ।"

"ਬੇਬੇ ਜੀ, ਤੁਸੀਂ ਤਾਂ ਬੰਤੀ ਦੇ ਖਾਲੀ ਹੱਥ ਦੇਖ ਕੇ ਪੁੱਛਿਆ ਕਰੋ ਕਿ ਕੁੜੇ ਬੰਤੀਏ, ਅੱਜ ਖਾਲੀ ਹੱਥ ਲਮਕਾਈ ਕਿਧਰ ਜਾ ਰਹੀ ਏਂ।... ਬੇਬੇ ਜੀ, ਮੰਗਤੇ ਦੇ ਹੱਥ ਵਿਚ ਤਾਂ ਹਮੇਸ਼ਾ ਕਟੋਰਾ ਹੀ ਫੜਿਆ ਹੁੰਦਾ।" ਦਿਆਲੋ ਮਾਈ ਨੂੰ ਕੋਈ ਜਵਾਬ ਨਾ ਅਹੁੜਿਆ।

...ਤੇ ਬੰਤੀ ਨੇ ਸਰਦਾਰਨੀ ਅੱਗੇ ਫਰਿਆਦ ਕੀਤੀ ਕਿ ਸਰੋਂ ਦਾ ਤੇਲ ਚਾਹੀਦਾ ਹੈ। ਸਰਦਾਰਨੀ ਨੌਕਰਾਣੀ ਤੋਂ ਆਪਣੀਆਂ ਲੱਤਾਂ ਉਤੇ ਬਦਾਮ ਰੋਗਨ ਲਗਵਾ ਰਹੀ ਸੀ, ਬੋਲੀ, "ਬੰਤੀਏ ਅੱਜ ਦੀਵਾਲੀ ਐ, ਜਿਹੜਾ ਤੂੰ ਸਰੋਂ ਦਾ ਤੇਲ ਲੈਣ ਆ ਗਈ?"

"ਸਰਦਾਰਨੀਏ! ਪੰਦਰਾਂ ਦਿਨ ਹੋ ਗਏ ਸਿਰ ਪਾਣੀ ਪਾਇਆਂ, ਮੈਂ ਕਿਹਾ, ਕੇਸੀਂ ਨਹਾ ਲਵਾਂ। ਚਮਚਾ-ਚਮਚਾ ਜੋੜ ਕੇ ਦਹੀਂ 'ਕੱਠਾ ਕੀਤਾ ਸੀ, ਦੇਖਿਆ ਤਾਂ ਸਰ੍ਹੋਂ ਦਾ ਤੇਲ ਸਾਈਂ ਦੇ ਸੁਆਸਾਂ ਵਾਂਗ ਮੁੱਕਿਆ ਪਿਆ ਸੀ।"

"ਬੰਤੀਏ, ਤੈਨੂੰ ਪਤੈ, ਪਰਸੋਂ ਦੀ ਘਾਣੀ (ਸਰੋਂ ਦਾ ਤੇਲ ਕਢਾਉਣਾ) ਕੋਹਲੂ 'ਤੇ ਰੱਖੀ ਐ। ਅਜੇ ਰਾਮੂ ਲੈ ਕੇ ਨਹੀਂ ਆਇਆ, ਤੂੰ ਕੱਲ੍ਹ ਆਵੀਂ।"

ਬੰਤੀ ਤੁਰਨ ਹੀ ਲੱਗੀ ਸੀ ਕਿ ਅੱਗਿਉਂ ਮੰਗਲੀਆ ਪੰਡਤ ਆ ਗਿਆ।

"ਬੀਬੀ ਜੀ! ਪਾਓ ਤੇਲ...ਅੱਜ ਮੰਗਲਵਾਰ ਹੈ। ਸਾਰੇ ਗ੍ਰਹਿਣ ਟਲ ਜਾਣਗੇ।"

ਸਰਦਾਰਨੀ ਨੇ ਝੱਟ ਨੌਕਰਾਣੀ ਤੋਂ ਲੱਤਾਂ ਛੁਡਾਈਆਂ, ਭੱਜ ਕੇ ਰਸੋਈ ਵਿਚੋਂ ਤੇਲ ਦੀ ਬੋਤਲ ਚੁੱਕ ਲਿਆਈ, ਤੇ ਮੰਗਲੀਏ ਦੇ ਕੁੱਜੇ ਵਿਚ ਮੂਧੀ ਕਰ ਦਿੱਤੀ। ਨਾਲੇ ਪੰਜਾਂ ਦਾ ਨੋਟ ਫੜਾਉਂਦਿਆਂ ਕਿਹਾ, "ਗਰੀਬਾਂ ਨੂੰ ਦੇ ਦੇਵੀਂ। ਸਾਡੇ ਗ੍ਰਹਿਣ ਟਲ ਜਾਣਗੇ।" ਪੰਡਤ 'ਜੈ ਹੋ! ਜੈ ਹੋ' ਕਰਦਾ ਬਾਹਰ ਆ ਗਿਆ, ਤੇ ਬੂਹੇ ਅੱਗੇ ਬੰਤੀ ਖੜ੍ਹੀ ਸੀ। ਬੰਤੀ ਨੇ ਮੰਗਲੀਏ ਨੂੰ ਕਿਹਾ, "ਪੰਡਤ ਜੀ! ਥੋੜ੍ਹਾ ਜਿਹਾ ਤੇਲ ਇਸ ਕੌਲੀ ਵਿਚ ਪਾ ਦੇ।"

"ਮਾਈ ਇਹ ਤੇਲ ਗ੍ਰਹਿਣਾਂ ਵਾਲਾ ਹੈ। ਤੈਨੂੰ ਸਾਰੇ ਗ੍ਰਹਿਣ ਚੁੰਬੜ ਜਾਣਗੇ।" ਪੰਡਤ ਨੇ ਕਿਹਾ।

"ਪੰਡਤ ਜੀ! ਮੈਨੂੰ ਸਾਰੇ ਗ੍ਰਹਿਣ ਤਾਂ ਬਹੁਤ



ਸਮੇਂ ਦੇ ਚੁੰਬੜੇ ਹੋਏ ਹਨ। ਆਹ ਜਿਹੜੇ ਸਿਰ ਨੂੰ ਚੁੰਬੜੇ ਹੋਏ ਨੇ, ਉਨ੍ਹਾਂ ਨੂੰ ਠੀਕ ਕਰਨਾ ਹੈ।" ਬੰਤੀ ਬੋਲੀ।

ਪੰਡਤ ਨੇ ਕੌਲੀ ਤੇਲ ਦੀ ਭਰ ਕੇ ਪੰਜਾਂ ਦਾ ਨੋਟ ਬੰਤੀ ਨੂੰ ਫੜਾ ਦਿੱਤਾ, ਤੇ ਆਪ ਅਗਲੇ ਬੂਹੇ ਅੱਗੇ ਜਾ ਖੜ੍ਹਾ ਹੋਇਆ।

ਬੰਤੀ ਨੇ ਦਹੀਂ ਨਾਲ ਸਿਰ ਨਹਾ ਲਿਆ ਅਤੇ ਸਰ੍ਹੋਂ ਦੇ ਤੇਲ ਦੀ ਕੌਲੀ ਸਿਰ ਵਿਚ ਖਪਾ ਦਿੱਤੀ। ਸਿਰ ਦੀ ਖੁਸ਼ਕੀ ਨਾਲ ਉਸ ਦੇ ਗ੍ਰਹਿਣ ਵੀ ਜਿਵੇਂ ਧੋਤੇ ਗਏ ਹੋਣ। ਉਹ ਹੌਲੀ ਫੁੱਲ ਵਰਗੀ ਹੋ ਗਈ। ਸਮੇਂ ਦੀਆਂ ਸੂਈਆਂ ਚੱਲਦੀਆਂ ਗਈਆਂ। ਬੰਤੀ ਨੇ ਰੁਪਇਆ-ਰੁਪਇਆ ਇਕੱਠਾ ਕਰ ਕੇ ਪੁੱਤ ਬਾਰਾਂ ਜਮਾਤਾਂ ਪੜ੍ਹਾ ਲਿਆ। ਸੁੱਕੇ ਟੁਕੜਿਆਂ ਨਾਲ ਪਲਿਆ ਪੁੱਤ ਛੇ ਫੁੱਟ ਜਵਾਨ ਨਿਕਲਿਆ। ਸੁਹਣਾ ਵੀ ਰੱਜ ਕੇ। ਬੰਤੀ ਤਾਂ ਉਹਨੂੰ ਚੋਰੀ ਦੇ ਅਸਲੇ ਵਾਂਗ ਸਾਂਭ-ਸਾਂਭ ਰੱਖਦੀ। ਜਦੋਂ ਵੱਡੇ ਸ਼ਹਿਰ ਪੁਲਿਸ ਦੀ ਭਰਤੀ ਆਈ, ਤਾਂ ਬੂਟਾ ਸਭ ਤੋਂ ਪਹਿਲਾਂ ਚੁਣਿਆ ਗਿਆ। ਜਿਥੇ ਪੁਲਿਸ ਦੀ ਭਰਤੀ ਲਈ ਮੋਟੀ ਰਕਮ ਲਈ ਜਾਂਦੀ ਸੀ, ਉਥੇ ਬੂਟਾ ਆਪਣੇ ਦਮ 'ਤੇ ਭਰਤੀ ਹੋਇਆ ਸੀ।

ਬੰਤੀ ਦਾ ਚਾਅ ਚੁੱਕਿਆ ਨਹੀਂ ਸੀ ਜਾਂਦਾ। ਉਹ ਪਰਮਾਤਮਾ ਦਾ ਲੱਖ-ਲੱਖ ਸ਼ੁੱਕਰ ਮਨਾਉਂਦੀ। ਬੂਟੇ ਦੀਆਂ ਭੈਣਾਂ ਨੂੰ ਵੀ ਇੰਜ ਲੱਗਿਆ, ਜਿਵੇਂ ਅੱਜ ਬਾਬਲੇ ਦੇ ਵਿਹੜੇ ਸੂਰਜ ਤੇ ਚੰਦ- ਦੋਵੇਂ ਇਕੱਠੇ ਚੜ੍ਹੇ ਹੋਣ। ਬੂਟਾ ਟਰੇਨਿੰਗ ਲਈ ਜਹਾਨ ਖੇਲਾਂ ਚਲਿਆ ਗਿਆ।

ਬੰਤੀ ਅਜੇ ਵੀ ਸਰਦਾਰਨੀ ਦੇ ਬੂਹੇ ਢੁੱਕਦੀ ਰਹਿੰਦੀ। ਬੰਤੀ ਲਈ ਸਰਦਾਰਨੀ ਦਾ ਘਰ ਤਾਂ ਇੰਜ ਸੀ, ਜਿਵੇਂ ਮਜ਼ਦੂਰ ਲਈ ਫੈਕਟਰੀ ਹੁੰਦੀ ਹੈ। ਸਰਦਾਰਨੀ ਹੁਣ ਬੰਤੀ ਨੂੰ ਬੰਤੀ ਨਾ ਕਹਿੰਦੀ, ਸਗੋਂ ਪੁਲਸੀਏ ਦੀ ਮਾਂ ਆਖਦੀ। ਬੰਤੀ ਨੂੰ ਸਮਝ ਨਾ ਆਉਂਦੀ ਕਿ ਸਰਦਾਰਨੀ ਉਹਦੀ ਇੱਜ਼ਤ ਬਣਾਉਂਦੀ ਹੈ, ਜਾਂ ਬੇਇੱਜ਼ਤੀ ਕਰਦੀ ਹੈ।

ਉਧਰ ਸਰਦਾਰਨੀ ਦੇ ਪੁੱਤ ਜੀਤੇ ਦੀਆਂ ਆਦਤਾਂ ਵਿਗੜਦੀਆਂ ਗਈਆਂ। ਉਹ ਪੜ੍ਹਾਈ ਘੱਟ ਕਰਦਾ, ਕੁੜੀਆਂ ਮਗਰ ਜ਼ਿਆਦਾ ਘੁੰਮਦਾ। ਕੁੜੀਆਂ ਕਰ ਕੇ ਉਹ ਕਈ ਵਾਰ ਮੁੰਡਿਆਂ ਨਾਲ ਲੜਾਈਆਂ ਕਰ ਚੁੱਕਾ ਸੀ। ਥਾਣੇ ਜਾਣਾ ਤਾਂ ਉਸ ਲਈ ਆਮ ਹੋ ਗਿਆ ਸੀ। ਉਸ ਦੀ ਗੁੰਡਾਗਰਦੀ ਹੌਲੀ-ਹੌਲੀ ਨਸ਼ਿਆਂ ਦੇ ਵਪਾਰੀ ਵਿਚ ਤਬਦੀਲ ਹੋ ਗਈ। ਉਹ ਕਾਲਜ ਦੇ ਮੁੰਡਿਆਂ ਨੂੰ ਨਸ਼ੇ ਆਮ ਵੇਚਣ ਲੱਗ ਪਿਆ। ਖੇਮ ਸਿੰਘ ਨੇ ਕਈ ਵਾਰ ਉਹਨੂੰ ਸਮਝਾਇਆ ਕਿ ਇਸ ਕੰਮ ਤੋਂ ਮੁੜ ਆ, ਪਰ ਉਹ ਬਹੁਤ ਦੂਰ ਲੰਘ ਚੁੱਕਾ ਸੀ।

ਐਤਕੀਂ ਦੀਵਾਲੀ 'ਤੇ ਬੰਤੀ ਨੇ ਦੀਵਿਆਂ ਵਿਚ ਪੁੱਤ ਦੀ ਕਮਾਈ ਦਾ ਖਰੀਦਿਆ ਤੇਲ ਪਾਇਆ ਸੀ। ਉਹਨੂੰ ਲਗਦਾ ਸੀ ਕਿ ਆਜ਼ਾਦੀ ਸੰਤਾਲੀ ਵਿਚ ਨਹੀਂ, ਸਗੋਂ ਅੱਜ ਮਿਲੀ ਹੈ। ਉਧਰ, ਸਾਰੀ ਹਵੇਲੀ ਵੀ ਜਗ-ਮਗ ਕਰ ਰਹੀ ਸੀ, ਖੂਬ ਰੌਣਕਾਂ ਲੱਗੀਆਂ ਹੋਈਆਂ ਸਨ, ਪਰ ਘਰ ਦਾ ਚਿਰਾਗ ਅਜੇ ਘਰ ਨਹੀਂ ਸੀ ਆਇਆ। ਸਰਦਾਰਨੀ ਫਿਕਰ ਕਰ ਰਹੀ ਸੀ। ਬਨੇਰੇ 'ਤੇ ਰੱਖੇ ਦੀਵੇ ਵਾਰ-ਵਾਰ ਬੁਝ ਰਹੇ ਸਨ। ਸਰਦਾਰਨੀ ਨੂੰ ਲੱਗਦਾ ਕਿ ਦੀਵੇ ਬੁਝਣਾ ਮਾੜੀ ਘਟਨਾ ਦਾ ਅਗਾਊਂ ਸੰਕੇਤ ਹੁੰਦਾ ਹੈ। ਪਟਾਕਿਆਂ ਦਾ ਸ਼ੋਰ-ਸ਼ਰਾਬਾ ਸ਼ੁਰੂ ਹੋ ਗਿਆ। ਆਤਿਸ਼ਬਾਜ਼ੀਆਂ ਅਸਮਾਨ ਛੂਹਣ ਲੱਗੀਆਂ। ਅਨਾਰਾਂ ਨੇ ਵਿਹੜੇ ਰੁਸ਼ਨਾ ਦਿੱਤੇ। ਦੀਵਾਲੀ ਦੀ ਰਾਤ ਪੂਰੀ ਜਵਾਨੀ ਵਿਚ ਸੀ ਜਦੋਂ ਬਾਰੀਆਂ ਦੇ ਬਿੱਲੂ ਨੇ ਆ ਕੇ ਦੱਸਿਆ ਕਿ ਜੀਤੇ ਨੂੰ ਕਿਸੇ ਨੇ ਗੋਲੀਆਂ ਮਾਰ ਦਿੱਤੀਆਂ ਹਨ। ਉਹ ਕਾਲਜ ਦੇ ਅੱਗੇ ਵਗਦੇ ਸੂਏ ਦੀ ਪੱਟੜੀ 'ਤੇ ਮੂਧਾ ਪਿਆ ਹੈ।

ਬੰਦੇ ਅਤੇ ਗੱਡੀਆਂ ਹਵੇਲੀ ਵਿਚੋਂ ਇੰਜ ਨਿਕਲੇ, ਜਿਵੇਂ ਮੰਤਰੀ ਦਾ ਕਾਫਲਾ ਹੋਵੇ! ਜਦੋਂ ਖੇਮ ਸਿੰਘ ਨੇ ਦੇਖਿਆ ਤਾਂ ਉਹਦਾ ਪੁੱਤ ਜੀਤਾ ਹੀ ਸੀ। ਰੋਣਾ-ਪਿੱਟਣਾ ਸ਼ੁਰੂ ਹੋ ਗਿਆ। ਸਾਰੀ ਪੀਤੀ ਸ਼ਰਾਬ ਲਹਿ ਗਈ ਸੀ। ਖੁਸ਼ੀਆਂ ਦੇ ਬਾਜੇ ਗਮੀ ਦੇ ਵੈਣ ਬਣ ਗਏ ਸਨ। ਪੁਲਿਸ ਨੂੰ ਇਤਲਾਹ ਦਿੱਤੀ। ਪੁਲਿਸ ਆਈ। ਬੂਟਾ ਸਿੰਘ ਏ. ਐਸ. ਆਈ. ਵਾਲੀ ਵਰਦੀ ਵਿਚ ਜੀਪ ਵਿਚੋਂ ਉਤਰਿਆ।

ਬੂਟੇ ਨੂੰ ਦੇਖ ਕੇ ਖੇਮ ਸਿੰਘ ਬੋਲਿਆ, "ਦੇਖ ਉਏ ਬੂਟਿਆ! ਕਿਸੇ ਨੇ ਮੇਰਾ ਬੂਟਾ ਜੜ੍ਹੋਂ ਪੁੱਟ ਦਿੱਤਾ।"

ਬੂਟੇ ਨੇ ਕਿਹਾ, "ਖੇਮ ਸਿੰਘ ਜੀ! ਤਮੀਜ਼ ਨਾਲ ਬੋਲੋ...ਇਸ ਕੇਸ ਦੀ ਕਾਰਵਾਈ ਪੁਲਿਸ ਸਟੇਸ਼ਨ ਜਾ ਕੇ ਹੋਊਗੀ।"

ਪੁਲਿਸ ਨੇ ਲਾਸ਼ ਕਬਜ਼ੇ ਵਿਚ ਲੈ ਲਈ ਅਤੇ ਖੇਮ ਸਿੰਘ ਬੂਟੇ ਵੱਲ ਝਾਕਦਾ ਹੀ ਰਹਿ ਗਿਆ। ਦੀਵਾਲੀ ਦਾ ਬੁਢਾਪਾ, ਸਰਦਾਰ ਦਾ ਮੁੰਡਾ ਮੁਕਾ ਗਿਆ। ਜੀਤੇ ਦੇ ਕਤਲ ਦੀ ਖਬਰ ਸਾਰੇ ਪਿੰਡ ਵਿਚ ਫੈਲ ਗਈ। ਸਰਦਾਰਨੀ ਨੇ ਸਾਰੇ ਦੀਵੇ ਬੁਝਾ ਦਿੱਤੇ। ਹਵੇਲੀ ਵਿਚ ਨ੍ਹੇਰਾ ਹੋ ਗਿਆ। ਸਰਦਾਰਨੀ ਨ੍ਹੇਰੇ ਵਿਚ ਭਕਟਦੀ ਫਿਰਦੀ ਸੀ। ਬੰਤੀ ਨੇ ਸਰਦਾਰਨੀ ਨੂੰ ਬੁੱਕਲ ਵਿਚ ਲੈ ਲਿਆ, ਤੇ ਤਸੱਲੀਆਂ ਦੇਣ ਲੱਗੀ ਪਰ ਸਰਦਾਰਨੀ ਨੂੰ ਤਸੱਲੀਆਂ ਨਹੀਂ, ਪੁੱਤ ਚਾਹੀਦਾ ਸੀ...ਤੇ ਪੁੱਤ ਉਥੇ ਚੱਲਿਆ ਗਿਆ ਸੀ ਜਿਥੋਂ ਕੋਈ ਮੁੜਦਾ ਨਹੀਂ। ਲਾਸ਼ ਦਾ ਪੋਸਟ-ਮਾਰਟਮ ਹੋਇਆ। ਜੀਤੇ ਦਾ ਸਸਕਾਰ ਕਰ ਦਿੱਤਾ ਗਿਆ। ਲੋਕਾਂ ਦੇ ਘਰਾਂ ਵਾਲੇ ਦੇ ਚਿਰਾਗ ਬੁਝਾਉਣ ਵਾਲਾ ਖੁਦ ਬੁਝ ਗਿਆ। ਪਿੱਛੇ ਮਾਪਿਆਂ ਨੂੰ ਬੁੱਢੀ ਉਮਰੇ ਲੋਕਾਂ ਦਾ ਮੁਥਾਜ ਬਣਾ ਗਿਆ। ਖੇਮ ਸਿੰਘ ਦੇ ਖਾਨਦਾਨ ਨੂੰ ਅੰਗਰੇਜ਼ਾਂ ਵੱਲੋਂ ਮਿਲੀ ਝੂਠੀ ਸਰਦਾਰੀ ਦਾ ਭੋਗ ਪੈ ਗਿਆ।

ਸਰਦਾਰਨੀ ਵੀ ਦਿਨੋ-ਦਿਨ ਖੁਰਦੀ ਗਈ। ਉਧਰ, ਬੰਤੀ ਦੇ ਦਿਨ ਪਹਿਲਾਂ ਨਾਲੋਂ ਖਿੜ ਗਏ। ਉਹਦੇ ਪੁੱਤ ਨੇ ਵਧੀਆ ਘਰ ਪਾ ਕੇ ਸਾਰੀਆਂ ਸੁੱਖ-ਸਹੂਲਤਾਂ ਲੈ ਆਂਦੀਆਂ। ਬੂਟਾ ਸਿੰਘ ਦੀ ਇਮਾਨਦਾਰੀ ਦੀਆਂ ਗੱਲਾਂ ਸਾਰਾ ਇਲਾਕਾ ਕਰਦਾ। ਸਰਦਾਰ ਮਰਨ ਤੋਂ ਪਹਿਲਾਂ ਗਰੀਬਾਂ ਦੇ ਸਾਰੇ ਪਰਨੋਟ ਪਾੜ ਗਿਆ। ਬੰਤੀ ਦਾ ਡੇਢ ਕਿੱਲਾ ਵੀ ਮੋੜ ਦਿੱਤਾ।

ਫਿਰ ਇਕ ਦਿਨ ਮੰਗਲੀਆ ਬੰਤੀ ਦੇ ਘਰ ਤੇਲ ਲੈਣ ਆਇਆ, ਤਾਂ ਬੰਤੀ ਨੇ ਪੰਜਾਂ ਦਾ ਨੋਟ ਤੇ ਕੌਲੀ ਤੇਲ ਦੀ ਪਾ ਕੇ ਕਿਹਾ, "ਪੰਡਤ ਜੀ, ਅੱਜ ਆਪਣਾ ਹਿਸਾਬ ਬਰਾਬਰ। ਅੱਗੇ ਤੋਂ ਮੈਂ ਦਾਨ-ਪੁੰਨ ਉਸ ਨੂੰ ਕਰਾਂਗੀ ਜਿਸ ਨੂੰ ਜ਼ਰੂਰਤ ਹੋਵੇ।" ਸਰਦਾਰਨੀ ਦੀ ਸੇਵਾ ਬੰਤੀ ਨੇ ਸਾਂਭ ਲਈ ਤੇ ਬੂਟਾ ਸਿੰਘ ਨੇ ਪੁੱਤ ਵਾਲੀ ਥਾਂ ਲੈ ਲਈ। ਸਾਰਾ ਪਿੰਡ ਆਖ ਰਿਹਾ ਸੀ, ਸਰਦਾਰ ਖੇਮ ਸਿੰਘ ਸਾਰੀ ਉਮਰ ਅੰਗਰੇਜ਼ਾਂ ਦੀ ਸਰਦਾਰੀ ਵਿਚ ਆਕੜਿਆ ਰਿਹਾ, ਪਰ ਜਾਂਦਾ ਹੋਇਆ ਗੁਰੂ ਗੋਬਿੰਦ ਸਿੰਘ ਦਾ ਸੁੱਚਾ ਸਿੱਖ ਸਰਦਾਰ ਬਣ ਗਿਆ...ਲੋਕ ਉਹਨੂੰ ਹਮੇਸ਼ਾ ਯਾਦ ਰੱਖਣਗੇ।

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

## ਗੱਲ ਬਣੀ ਕਿ ਨਹੀਂ

### ਕੁੱਤਾ ਹੁਣ ਬਦਨਾਮ

ਹਿੰਮਤ ਹਾਰ ਕੇ ਸੋਹਣਿਆਂ ਕਿਸਮਤ ਨੂੰ ਨਾ ਭੰਡ।
ਸੌ ਗਜ਼ ਰੱਸ ਹੋ ਗਿਆ ਤੂੰ ਹੁਣ ਤਾਂ ਦੇ ਲੈ ਗੰਢ।
ਮਿਰਜ਼ਾ ਰਹਿੰਦਾ ਜਾਗਦਾ ਸੁੱਤੇ ਵੀਰ ਸ਼ਮੀਰ,
ਸਾਹਿਬਾਂ ਕੋਲ ਬੰਦੂਕ ਹੈ, ਹੱਸੀ ਜਾਵੇ ਜੰਡ।
ਕੁੱਤਾ ਤਾਂ ਬਦਨਾਮ ਹੈ, ਚੱਕੀ ਚੱਟਣ ਹੋਰ,
ਪੈਰੋਂ ਲਾਹ ਵਰ੍ਹਾਉਣ ਦਾ ਤਾਂਹੀਂ ਚੜ੍ਹਿਆ ਜੋਰ।
ਦਿਲ ਨੂੰ ਹੁਣ ਅਟੈਕ ਦਾ ਵਿਚ ਜਵਾਨੀ ਰੋਗ,
ਕੱਚੀ ਪਿੱਲੀ ਚੜ੍ਹ ਗਈ ਤਾਂ ਇਸ਼ਕ ਦੀ ਲੋਰ।
ਹੁਸਨ ਬਿਚਾਰਾ ਕੀ ਕਰੂ ਸੁਰਮਾ ਪਾ ਲੈ ਲੱਖ,
ਵੇਸਵਾ ਵਾਂਗੂੰ ਆਫਰੀ ਰਹਿੰਦੀ ਏ ਜਦ ਅੱਖ।
ਬੋਲੀ ਖਿੱਚਵੀਂ ਪਾ ਲਈ ਗਿੱਧਾ ਫਿਰ ਵੀ ਚੁੱਪ,
ਪੀੜਾਂ ਨਾਲ ਪਰੁੰਨਿਆ ਕੀ ਮਟਕਾਵੇ ਲੱਕ।
ਹੋਏ ਹੁੰਗਾਰੇ ਚੁੱਪ ਨੇ ਬਾਤਾਂ ਪੁੱਠੀਆਂ ਪੈਣ,
ਦੁਸ਼ਮਣ ਹੋਈ ਵੀਰ ਦੀ ਰੱਖੜੀ ਬੰਨ੍ਹ ਕੇ ਭੈਣ।
'ਭੌਰਾ' ਕਿਥੇ ਬੈਠ ਜੂ ਫੁੱਲਾਂ ਦੇ ਮੂੰਹ ਬੰਦ,
ਦੱਸੀਂ ਕਿੱਦਾਂ ਫੇਰ ਨਾ ਭੂੰਡ ਨਜ਼ਾਰੇ ਲੈਣ।

*-ਐਸ. ਅਸ਼ੋਕ ਭੌਰਾ*

## ਸਰਮਦ ਤੇ ਤਬਰੇਜ ਦਾ...

ਮਹਿਕ ਵਿਹੂਣੇ ਫੁੱਲ ਨੇ, ਥਾਂ ਥਾਂ ਤਿਖੇ ਖਾਰ।
ਖਾਰਾਂ ਵਿਚ ਫਸ ਲੱਥ ਗਈ, ਮਾਲੀ ਦੀ ਦਸਤਾਰ।
ਜੀਭ ਠਾਕੀਆਂ ਬੁਲਬੁਲਾਂ, ਭੌਰੇ ਫਿਰਨ ਉਦਾਸ,
ਉਜੜ ਰਹੇ ਇਸ ਚਮਨ ਦੇ, ਉਲੂ ਨੇ ਸਰਦਾਰ।
ਆਬ ਸ਼ਾਰ ਵੀ ਸੁੱਕ ਗਏ, ਅੰਬਰ ਉਡਦੀ ਧੂੜ,
ਅੱਛੇ ਦਿਨਾਂ 'ਤੇ ਪੈ ਗਈ ਹੈ ਬੁਰੇ ਦਿਨਾਂ ਦੀ ਮਾਰ।
ਪੱਤੇ ਪੀਲੇ ਹੋ ਗਏ ਤੇ ਝੜ ਝੜ ਪੈਂਦਾ ਬੂਰ,
ਪੱਤਝੜ ਲੰਬੀ ਹੋ ਗਈ, ਮੁੜੀ ਨਾ ਅਜੇ ਬਹਾਰ।
ਤਿਤਲੀਆਂ ਲਹੂ-ਲੁਹਾਣ ਨੇ, ਜਾਨ ਲੁਕਾਉਂਦੇ ਮੋਰ,
ਰੋਂਦੇ ਮਾਲੀ ਸਾਹਮਣੇ, ਸ਼ਿਕਰੇ ਕਰਨ ਸ਼ਿਕਾਰ।

ਚਿੜੀ ਚੰਬੇ ਦੀ ਵਿਲਕਦੀ, ਭੁਖੇ ਤੱਕ ਕੇ ਬੋਟ,
ਜੀਵਨ ਪੂਰੇ ਚਮਨ ਦਾ, ਹੋ ਗਿਆ ਤਾਰੋ ਤਾਰ।
ਸਿਉਂਕ ਬਣਾਈਆਂ ਵਰਮੀਆਂ, ਨਾਗਾਂ ਮੱਲੇ ਰਾਹ,
ਗਿਰਝਾਂ ਰਲ ਕੇ ਘੇਰ ਲਈ, ਮੁੜ ਕੂੰਜਾਂ ਦੀ ਡਾਰ।
ਹਰ ਪਾਸੇ ਧੂੰਆਂ ਫੈਲਿਆ, ਹਰ ਕੋਨੇ ਉਠਦੀ ਲਾਟ,
ਇਥੇ ਹੁੰਦੀ ਜੱਗੋਂ ਤੇਰ੍ਹਵੀਂ, ਨਾ ਲੈਂਦਾ ਕੋਈ ਸਾਰ।
ਫਨੀਅਰਾਂ ਦੇ ਨਾਲ ਦੋਸਤੀ, ਲਈ ਸਪੇਰਿਆਂ ਪਾ,
ਮਿਲੀਭੁਗਤ ਨਾਲ ਡੰਗ ਕੇ, ਦਿੰਦੇ ਕੁੰਜ ਉਤਾਰ।
ਦਹਿ ਦਿਸ਼ਾਵੀਂ ਚੌਂਕੀਆਂ, ਖਾਕੀ ਰੰਗ ਦਾ ਰਾਜ,
ਮੰਗਦੇ ਹੱਕ ਪਰਿੰਦਿਆਂ ਨੂੰ ਜਾਨੋਂ ਦਿੰਦੇ ਮਾਰ।
ਕਲੀਆਂ ਵੀ ਨਾ ਛੱਡੀਆਂ ਸਾਰੇ ਫੁੱਲ ਪਰੁੰਨ'ਤੇ,
ਕਢ ਕੇ ਮਾਲੀ ਚਮਨ ਦੇ ਗਲ ਆਪਣੇ ਪਾਏ ਹਾਰ।
ਰੋਂਦੀਆਂ ਸਭੇ ਸਵਾਰੀਆਂ ਬਹਿ ਕੇ ਟਾਂਗੇ ਵਿਚ,
ਕੋਚਵਾਨ ਦੀ ਖੈਰ ਨ੍ਹੀਂ ਹੁਣ ਟਾਂਗਾ ਹੋਇਆ ਉਲਾਰ।
ਕੁੱਬੇ ਚਾੜ੍ਹੇ ਘੋੜੀਆਂ ਫਿਰਨ ਥੱਲੇ ਅਸਵਾਰ,
ਘਰ ਘਰ ਗੱਲਾਂ ਹੁੰਦੀਆਂ ਇਹ ਕਾਹਦੀ ਸਰਕਾਰ।

ਗੰਗਾ ਕੰਢੇ ਪਾਂਡਿਆਂ ਨੇ ਲੁੱਟੇ ਜੋ ਜਜਮਾਨ,
ਦਾਨਵੀਰ ਬਣ ਪਰਤ ਗਏ ਡੁੱਬ ਗਿਆਂ ਨੂੰ ਤਾਰ।
ਸਾਫ-ਸਫਾਈ ਰਖਦਾ ਸੀ ਅੰਦਰ ਕੋਮਲ ਚਿਤ,
ਅੱਜ ਬਹਾਨੇ ਮਾਰ ਕੇ ਕੱਢਿਆ ਉਹਨੂੰ ਬਾਹਰ।
ਜੰਗਲਾਂ ਦੇ ਵਿਚ ਭਟਕਦੇ ਨੰਗ-ਧੜੰਗੇ ਭੀਲ,
ਪਿੱਠਾਂ ਉਤੇ ਬੰਨ੍ਹ ਕੇ ਕੁੱਲ ਜੰਗਲ ਦਾ ਭਾਰ।
ਸਰਮਦ ਤੇ ਤਬਰੇਜ ਦਾ, ਅੱਜ ਵੀ ਉਹੋ ਹਾਲ।
ਛਾਂਟੇ ਮਾਰ ਕੇ ਹਾਕਮਾਂ ਨੇ ਦਿੱਤੀ ਖੱਲ ਉਤਾਰ।

*-ਹਰਜਿੰਦਰ ਸਿੰਘ ਗੁਲਪੁਰ*
*ਫੋਨ: 814-656-3065*

## ਕਾਵਿ-ਜਗਤ

### ਗਜ਼ਲ

ਕੋਸ਼ਿਸ਼ ਕਿ ਜ਼ਿੰਦਗੀ ਫੇਰ ਤੋਂ ਜੀਵਾਂ ਸੰਵਾਰ ਕੇ,
ਮੈਂ ਉਨ੍ਹਾਂ 'ਚੋਂ ਨਹੀਂ ਜੋ ਘਰ ਬਹਿ ਗਏ ਹਾਰ ਕੇ।
ਦੁੱਧਾਂ 'ਚ ਪਾਣੀ ਆਪ ਜੇ ਮੁਨਸਿਫ ਰਲਾ ਰਿਹਾ,
ਦੱਸੇਗਾ ਕੌਣ ਦੁੱਧ ਤੋਂ ਪਾਣੀ ਨਿਤਾਰ ਕੇ।
ਆਪਣੇ ਜਦ ਪੈਰੀਂ ਖੁੱਭਿਆ ਤਾਂ ਕਿਉਂ ਏਂ ਚੀਖਦਾ,
ਹੋਣਾ ਸੀ ਇਹ ਵੀ ਰਾਹਾਂ 'ਚ ਕੰਡੇ ਖਿਲਾਰ ਕੇ।

ਐਵੇਂ ਤਾਂ ਨਹੀਂ ਜ਼ਖ਼ਮ ਇਹ ਨਾਸੂਰ ਬਣ ਗਿਆ,
ਰੱਖਿਆ ਤੈਂ ਏਸ ਜ਼ਖਮ ਨੂੰ ਅੱਜ ਤੱਕ ਸ਼ਿੰਗਾਰ ਕੇ।
ਬੱਸ ਕੁਝ ਪਲਾਂ ਦੀ ਗੱਲ ਹੈ ਜੋ ਫੈਲ ਰਹੀ ਹੈ ਧੁੰਦ,
ਨਿਕਲੇਗਾ ਸੂਰਜ ਰੱਖ ਦੇਊ ਸਭ ਕੁਝ ਨਿਖਾਰ ਕੇ।
ਹੁਣ ਨਹੀਂ ਬਚਦਾ 'ਬੀਸਲੇ' ਪਹਿਲਾਂ ਸੀ ਸੋਚਣਾ,
ਭੂੰਡਾਂ ਦੇ ਖੱਖਰ ਵਿਚ ਤੂੰ ਆਪ ਢੀਮ ਮਾਰ ਕੇ!

*-ਹਰਿੰਦਰ ਸਿੰਘ ਬੀਸਲਾ*
*ਫੋਨ: 314-226-4120*

# ਬਰਕਤ ਸਿੱਧੂ: ਉਠ ਗਏ ਗੁਆਂਢੋਂ ਯਾਰ...




**ਐਸ. ਅਸ਼ੋਕ ਭੌਰਾ**

ਇੱਛਾਵਾਂ ਦੀ ਦੁਨੀਆਂ ਵਿਚ ਸੁਪਨਿਆਂ ਦਾ ਰਾਜ ਹੁੰਦਾ ਹੈ ਪਰ ਕਈਆਂ ਦੇ ਸੁਪਨੇ ਹਨੇਰੇ ਨੇ ਨਿਗਲ ਲਏ ਹੁੰਦੇ ਹਨ, ਤੇ ਕੁਝ ਲੋਕਾਂ ਦੀਆਂ ਇੱਛਾਵਾਂ ਦੀ ਤਾਂ ਇੱਛਾ ਵੀ ਪੂਰੀ ਨਹੀਂ ਹੋਈ ਹੁੰਦੀ। ਮਹਾਨ ਗਾਇਕ ਬਰਕਤ ਸਿੱਧੂ ਦੀ ਕਲਾਤਮਿਕ ਜ਼ਿੰਦਗੀ ਦੁਆਲੇ ਸੰਗੀਤ-ਪਸੰਦ ਲੋਕ ਪਟਵਾਰੀ ਵਾਂਗ ਅਜਿਹੀ ਹੀ ਜਰੀਬ ਸੁੱਟਣਗੇ। ਇਸ ਦਰਵੇਸ਼ ਗਾਇਕ ਦਾ ਸਫ਼ਰ ਮੁੱਕ ਗਿਆ ਹੈ। ਉਹ ਮਿਥੇ 'ਟੇਸ਼ਣ' ਉਤੇ ਪਹੁੰਚ ਗਿਆ ਹੈ ਜਿਥੋਂ ਕਿਸੇ ਨੇ ਵੀ ਵਾਪਿਸ ਪਰਤਣਾ ਨਹੀਂ ਹੁੰਦਾ। ਉਹਦੀ ਜ਼ਿੰਦਗੀ ਦੀ ਵਾਰਤਾਲਾਪ ਤੋਂ ਪਹਿਲਾਂ ਜਨਾਜ਼ਾ ਚੁੱਕਣ ਦੀਆਂ ਘੜੀਆ 'ਤੇ ਝਾਤ ਮਾਰਦੇ ਹਾਂ...

ਪੰਜਾਬੀ ਦੀ ਇਕ ਲੋਕ ਬੋਲੀ ਦੀ ਸਤਰ ਹੈ, 'ਮੋਗੇ ਵਿਚ ਇਕ ਸਾਧੂ ਰਹਿੰਦਾ, ਬੜੀ ਸੁਣੀਂਦੀ ਸੋਭਾ।'...ਮੈਨੂੰ ਸਾਧੂ ਦੇ ਰਹਿਣ ਬਾਰੇ ਤਾਂ ਪਤਾ ਨਹੀਂ, ਪਰ ਇਹ ਜ਼ਰੂਰ ਜਾਣਦਾ ਹਾਂ ਕਿ ਮੋਗੇ ਬਰਕਤ ਸਿੱਧੂ ਨਾਂ ਦਾ ਸਾਈਂ, ਫਕੀਰ ਤੇ ਸੰਤ ਰਹਿੰਦਾ ਰਿਹਾ ਹੈ। ਜਿਹੜੇ ਉਹਨੂੰ ਨੇੜਿਉਂ ਜਾਣਦੇ ਹਨ, ਉਹ ਮੇਰੇ ਇਨ੍ਹਾਂ ਅਲੰਕਾਰਾਂ ਨੂੰ ਬੌਣੇ ਕਹਿਣਗੇ, ਤੇ ਇਹ ਵੀ ਹੋ ਸਕਦਾ ਕਿ ਕਈ ਸੋਚਣ ਕਿ ਚਲੋ ਸ਼ਰਧਾਂਜਲੀਆਂ ਇਵੇਂ ਹੀ ਦਿੱਤੀਆਂ ਜਾਂਦੀਆਂ ਹਨ। ਕਈ ਅਖ਼ਬਾਰਾਂ ਨੇ ਲਿਖਿਆ ਹੈ, 'ਨਹੀਂ ਰਿਹਾ ਮੋਗੇ ਦਾ ਮਾਣ', ਪਰ ਸੱਚੀ ਗੱਲ ਇਹ ਹੈ ਕਿ ਸਾਰੀ ਉਮਰ ਸੰਗੀਤ ਦੀ ਮੁਕੰਮਲ ਤਸਵੀਰ ਦਾ ਚਿਹਰਾ ਉਦਾਸਿਆ ਤੇ ਉਤਰਿਆ ਹੀ ਰਿਹਾ। ਠੀਕ ਹੈ, ਪੰਜਾਬ ਸਰਕਾਰ ਨੇ ਉਹਦੇ ਇਲਾਜ ਦੇ ਖਰਚ ਲਈ ਡੂਢ ਲੱਖ ਦਿੱਤਾ, ਪਰ ਉਹਦਾ ਮੂੰਹ ਵੇਖਣ ਲਈ ਮੁੱਖ ਮੰਤਰੀ ਨੇ ਤਾਂ ਕੀ, ਮੰਤਰੀਆਂ ਨੇ ਵੀ ਆਪਣੇ ਪੀ.ਏ. ਭੇਜ ਦਿੱਤੇ, ਜਾਂ ਗਾਉਣ ਵਾਲਿਆਂ ਦਾ ਬਾਪੂ ਜਗਦੇਵ ਸਿੰਘ ਜੱਸੋਵਾਲ ਬਿਮਾਰ ਅਵਸਥਾ ਵਿਚ ਪੁੱਜਿਆ, ਤੇ ਜਾਂ ਗਾਇਕ ਸਾਬਰ ਕੋਟੀ; ਪੂਰਨ ਸ਼ਾਹਕੋਟੀ ਸਾਰਾ ਦਿਨ ਰਿਹਾ। ਨਹਾ ਕੇ ਵੀ ਆਵਾਜ਼ਾਂ ਆਉਂਦੀਆਂ ਰਹੀਆਂ, ਅਹੁ ਕਾਰ ਵੇਖ ਲਓ, ਐਧਰੋਂ ਆਵਾਜ਼ ਆਉਂਦੀ ਐ, ਪਰ ਸਪੁਰਦ-ਏ-ਖਾਕ ਕਰਨ ਤੱਕ ਨਾ ਕੋਈ ਗਾਇਕ ਆਇਆ ਤੇ ਨਾ ਰਾਜ ਗਾਇਕ। ਹਾਂ, ਇੰਨਾ ਗਰੂਰ ਹੈ ਕਿ ਗੀਤਕਾਰ ਧਰਮ ਕੰਮੇਆਣਾ ਭਾਸ਼ਾ ਵਿਭਾਗ ਦਾ ਸਹਾਇਕ ਨਿਰਦੇਸ਼ਕ ਬਣ ਕੇ ਫੁੱਲ ਭੇਟ ਕਰ ਗਿਆ। ਬਰਕਤ ਸਿੱਧੂ ਦੇ ਉਹ ਦੋਵੇਂ ਪੁੱਤਰ ਸੁਰਿੰਦਰ ਤੇ ਮਹਿੰਦਰ ਵੀ ਆ ਗਏ, ਜਿਹੜੇ ਉਹਨੂੰ ਆਖਰੀ ਸਾਹ ਤੱਕ ਪੁੱਛਦੇ ਰਹੇ, 'ਮਾਲ-ਛਾਲ ਕਿਥੇ ਐ ਬਾਪੂ... ਵੰਡ ਦੇ ਸਭ ਨੂੰ ਇਕੋ ਜਿਹਾ', ਤੇ ਘਰਦਿਆਂ ਦੀ ਸਤਾਈ ਹੋਈ ਇਹ ਆਤਮਾ ਹਸਪਤਾਲ ਤੋਂ ਬਾਅਦ ਆਪਣੇ ਮਿੱਤਰ ਦੇ ਘਰ ਆਖਰੀ ਘੜੀਆਂ ਗਿਣਦੀ



*ਉਹ ਤਸਵੀਰ ਜਦੋਂ ਬਰਕਤ ਸਿੱਧੂ 1994 ਵਿਚ ਮੇਰੇ ਘਰੇ ਰਿਹਾ*

ਰਹੀ। ਛੋਟੇ ਪੁੱਤ ਰਜਿੰਦਰ ਨੇ ਬਾਪੂ ਦੀ ਲਾਜ ਰੱਖੀ ਅਤੇ ਸਾਂਭ-ਸੰਭਾਲ ਕੀਤੀ।

ਮੋਗੇ ਦੇ ਇਸ ਮਾਣ ਨੇ ਆਪਣੇ ਆਖਰੀ ਸਾਹ ਤੱਕ ਨਾ ਆਪਣਾ ਕਬੀਲਾ ਛੱਡਿਆ, ਨਾ ਦਸਮੇਸ਼ ਨਗਰ ਦਾ ਉਹ ਗਲੀ-ਮੁਹੱਲਾ। ਘਰ ਦੇ ਚੜ੍ਹਦੇ ਪਾਸੇ ਕੋਈ ਛੱਜ ਬਣਾਈ ਜਾਂਦਾ ਸੀ, ਲਹਿੰਦੇ ਪਾਸੇ ਢੇਰਾਂ ਤੋਂ 'ਕੱਠੇ ਕੀਤੇ ਲਫਾਫਿਆਂ ਦਾ ਢੇਰ, ਨੰਗ-ਧੜੰਗੇ ਘੁੰਮਦੇ ਬੱਚੇ, ਢਾਰਿਆਂ ਵਰਗੇ ਮਕਾਨ, ਗੰਦਗੀ ਨਾਲ ਨੱਕੋ-ਨੱਕ ਭਰੀਆਂ ਗਲੀਆਂ-ਨਾਲੀਆਂ... ਤੇ ਇਥੇ ਹੀ ਵਸਦਾ ਰਿਹਾ ਸਾਡਾ ਮਹਾਨ ਸੂਫੀ ਗਾਇਕ ਬਰਕਤ ਸਿੱਧੂ। ਮੇਰੇ ਵਾਂਗ ਹੋਰ ਵੀ ਬੜੇ ਲੋਕਾਂ ਨੇ ਉਹਨੂੰ ਕਿਹਾ, 'ਛੱਡਦੇ ਇਹ ਮੁਹੱਲਾ, ਚੱਲ ਰਹਿ ਲੈ ਲੁਧਿਆਣੇ', ਪਰ ਉਹ ਕਹਿ ਦਿੰਦਾ ਸੀ ਕਿ ਜਾਨ ਆਪਣਿਆਂ ਵਿਚ ਸੁਖਾਲੀ ਨਿਕਲਦੀ ਐ। ਉਂਜ, ਹਕੀਕਤ ਇਹ ਹੈ ਕਿ ਇਸ ਮਹਾਨ ਗਾਇਕ ਦੀ ਜ਼ਿੰਦਗੀ ਦੇ ਅੰਤਿਮ ਮਹੀਨੇ ਬਹੁਤ ਮਾੜੇ ਗੁਜ਼ਰੇ। ਹੋਣੀ ਨੇ ਤੜਫਾ-ਤੜਫਾ ਕੇ ਨਹੀਂ, ਮਧੋਲ-ਮਧੋਲ ਕੇ ਉਹਦੀ ਜਾਨ ਕੱਢੀ। ਆਖਰੀ ਸਾਹਾਂ 'ਤੇ ਜਿਨ੍ਹਾਂ ਨੇ ਉਹਦਾ ਸਰੀਰ ਵੇਖਿਆ, ਉਹ ਜਾਣਦੇ ਹਨ ਕਿ 'ਸਗਲਾ ਖਾਇਆ ਮਾਸੁ' ਦੇ ਅਰਥ ਕੀ ਹੁੰਦੇ ਹਨ।

ਜੇ ਹੰਸ ਸ਼ਾਗਿਰਦ ਨਾ ਹੁੰਦਾ ਅਤੇ ਸਲੀਮ ਪੁੱਤ ਨਾ ਹੁੰਦਾ, ਤਾਂ ਸੂਫੀ ਗਾਇਨ ਦੀ ਰੀਝ ਨੇ ਪੂਰਨ ਸ਼ਾਹਕੋਟੀ ਨੂੰ ਵੀ ਹਾਉਕੇ ਭਰਨ ਲਾ ਦੇਣਾ



*'ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ': ਗੁਰਬਾਣੀ ਦੀ ਤੁਕ, ਸੱਚ ਦੀ ਵਿਆਖਿਆ*

ਸੀ। ਸਾਰਿਆਂ ਦਾ ਮੁੱਲ ਗੁਲਾਮ ਅਲੀ ਜਾਂ ਜਗਜੀਤ ਸਿੰਘ ਵਾਂਗ ਨਹੀਂ ਪੈਂਦਾ। ਪੰਜਾਬ ਦੇ ਸੂਫੀ ਗਵੱਈਆਂ ਦੀ ਆਰਥਿਕ ਹਾਲਤ ਬਹੁਤੀ ਚੰਗੀ ਤਾਂ ਵੀ ਨਹੀਂ ਹੋ ਸਕੀ, ਕਿਉਂਕਿ ਲੁੱਚ-ਪਹੁ ਗਾਇਕਾਂ ਨੇ ਲੋਕਾਂ ਦੀਆਂ ਜੇਬਾਂ ਵਿਚ ਸਿੱਧੇ ਹੱਥ ਪਾ ਲਏ ਸਨ। ਬਰਕਤ ਸਿੱਧੂ ਮਰ ਤਾਂ ਗਿਆ, ਪਰ ਉਹ ਜ਼ਮੀਰ ਮਾਰ ਨੇ ਜਿਉਂਦਾ ਨਹੀਂ ਰਿਹਾ। ਉਹਨੇ 'ਘਰੇ ਆਉਣ ਨਾ ਦਿੰਦੀਆਂ ਰੰਨਾਂ ਜੋ ਕਸ਼ਮੀਰ ਦੀਆਂ' ਗਾ ਕੇ ਮਰਦੇ ਨੇ ਅੱਕ ਤਾਂ ਚੱਬਿਆ ਸੀ, ਪਰ ਪਹਿਲੀ ਵਾਰ ਸ਼ਰਾਬ ਪੀਣ ਵਾਲੇ ਵਾਂਗ ਛੇਤੀ ਹੀ ਸਭ ਕੁਝ ਉਲਟੀ ਰਾਹੀਂ ਬਾਹਰ ਕੱਢ ਦਿੱਤਾ। ਫਿਰ ਉਹਨੇ ਸਰੀਰ ਤਾਂ ਛੱਡ ਦਿੱਤਾ, ਉਹ ਰਾਹ ਨਹੀਂ ਛੱਡਿਆ ਜਿਥੋਂ ਸੰਗੀਤ ਦੇ ਮੰਦਿਰ ਵੱਲ ਸਿੱਧੀਆਂ ਪੌੜੀਆਂ ਚੜ੍ਹਦੀਆਂ ਸਨ।

ਕਰੀਬ 27-28 ਸਾਲ ਮੈਂ ਬਰਕਤ ਨੂੰ ਮਿਲਦਾ ਰਿਹਾਂ। ਉਹ ਮੇਰੇ ਪਿੰਡ ਆ ਕੇ ਵੀ ਰਿਹਾ, ਉਹਦੀਆਂ ਮਹਿਫਿਲਾਂ ਵੀ ਕਰਵਾਈਆਂ। ਉਹਨੂੰ ਸਨਮਾਨ ਮਿਲਦੇ ਵੀ ਵੇਖੇ ਪਰ ਉਹ ਅੰਦਰੋਂ ਗੁਲਾਬ ਦਾ ਫੁੱਲ ਨਹੀਂ ਬਣ ਸਕਿਆ। ਕੈਨੇਡਾ ਸਮੇਤ ਕਈ ਵਿਦੇਸ਼ੀ ਦੌਰਿਆਂ ਨਾਲ ਉਹ ਮਾਣ ਦੇ ਨਾਲ-ਨਾਲ ਚਾਰ ਛਿੱਲੜ ਵੀ ਲੈ ਕੇ ਗਿਆ, ਪਰ ਉਦਾਸੀ ਦੀਆਂ ਝੀਤਾਂ ਵਾਲੇ ਤਖ਼ਤੇ ਫਿਰ ਵੀ ਬਦਲੇ ਨਾ ਗਏ।

ਗੱਲ 1988 ਦੇ ਅਗਸਤ ਮਹੀਨੇ ਦੀ ਹੈ, ਜਦੋਂ ਉਹਦੇ ਘਰ ਮੈਂ ਪਹਿਲੀ ਵਾਰ ਉਹਨੂੰ ਮਿਲਣ ਗਿਆ ਸਾਂ। ਮੋਗੇ ਜਾ ਕੇ ਪਤਾ ਲੱਗਾ ਕਿ ਉਹ ਲੋਹਗੜ੍ਹ ਰੋਡ 'ਤੇ ਕਾਲੋਨੀਆਂ ਵਿਚ ਮਕਾਨ ਬਣਾ ਰਿਹਾ ਹੈ ਧਰਮਕੋਟ। ਉਦੋਂ ਮੈਂ 'ਅਜੀਤ' ਵਿਚ ਹਫ਼ਤਾਵਾਰੀ ਕਾਲਮ 'ਸੁਰ ਸੱਜਣਾਂ ਦੀ' ਲਿਖਦਾ ਸਾਂ। ਉਹਦੀ ਪਤਨੀ ਨਾਲ ਵੀ ਗੱਲਾਂ ਕਰਨੀਆਂ ਸਨ। ਮੇਰੇ ਨਾਲ ਦੇ ਪਿੰਡ ਪੱਲੀ ਝਿੱਕੀ ਦਾ ਮੁੰਡਾ ਗੁਰਚਰਨ ਗਾਉਣ ਵਾਲਿਆਂ ਦੀਆਂ ਫੋਟੋਆਂ ਖਿੱਚਣ ਖਾਤਰ ਨਾਲ ਤੁਰ ਪੈਂਦਾ ਸੀ। ਅਸੀਂ ਦੋਵੇਂ ਜਦੋਂ ਲੱਭਦੇ ਲੋਹਗੜ੍ਹ ਰੋਡ 'ਤੇ ਪੁੱਜੇ ਤਾਂ ਬਰਕਤ ਮੰਜੇ 'ਤੇ ਤਰਪਾਲ ਦੀ ਝੁੱਗੀ ਪਾ ਕੇ ਬਾਕੀ ਕਬੀਲੇ ਵਾਲਿਆਂ ਨਾਲ ਕੱਚੀ ਮਿੱਟੀ ਨਾਲ ਪੱਕੀਆਂ ਇੱਟਾਂ ਦੀ ਚਣਾਈ ਕਰਾ ਰਿਹਾ ਸੀ। ਦੁਪਹਿਰਾ ਟਿਕਿਆ ਪਿਆ ਸੀ। ਉਹਦੀ ਪਤਨੀ ਹੰਸੋ ਮਸਰਾਂ ਦੀ ਦਾਲ ਨੂੰ ਤੜਕਾ ਲਾ ਕੇ ਰੋਟੀਆਂ ਪਕਾ ਰਹੀ ਸੀ ਰੜੇ ਮੈਦਾਨ 'ਚ। ਉਹ ਮੇਰੇ ਨਾਲ ਗਲਵੱਕੜੀ ਹੋਇਆ ਕਹਿਣ ਲੱਗਾ, "ਅਸ਼ੋਕ ਗੱਲਾਂ ਫੇਰ ਕਰਾਂਗੇ, ਪਹਿਲਾਂ ਪ੍ਰਸ਼ਾਦਾ ਛਕ।' ਭੁੱਖ ਦੀ ਦੁਹਾਈ ਪਾਉਣ ਵਾਲਾ ਗੁਰਚਰਨ ਜਾਤੀ ਅਭਿਮਾਨ ਵਿਚ 'ਮੈਂ ਤਾਂ ਰੱਜਿਆ ਪਿਐਂ' ਕਹਿ ਕੇ ਮੁੱਕਰ ਗਿਆ। ਇਸ ਗੱਲ ਨੂੰ ਬਰਕਤ ਵੀ ਸਮਝ ਗਿਆ ਸੀ। ਜਦੋਂ ਮੈਂ ਰੋਟੀਆਂ ਤੇ ਮਸਰਾਂ ਦੀ ਦਾਲ, ਆਚਾਰ ਨਾਲ ਖਾ ਕੇ ਡਕਾਰ ਮਾਰਿਆ ਤਾਂ ਉਹਨੇ ਮੈਨੂੰ ਘੁੱਟ ਕੇ ਜੱਫੀ ਪਾ ਲਈ ਤੇ 'ਅੱਜ ਤੋਂ ਆਪਣੀ ਯਾਰੀ ਪੱਕੀ' ਕਹਿ ਕੇ ਮੇਰਾ ਮੱਥਾ ਚੁੰਮ ਲਿਆ। ਤੇ ਫਿਰ ਹੁਣ ਤੱਕ ਅਸੀਂ ਤਬਲੇ ਦੀ ਤਾਲ 'ਤੇ ਪੈਰਾਂ ਦੀ ਧਮਕ ਵਾਂਗ ਘਿਓ-ਖਿਚੜੀ ਰਹੇ।

ਹੰਸੋ ਚਾਰ ਕੁ ਸਾਲ ਪਹਿਲਾਂ ਤੁਰ ਗਈ ਸੀ। ਉਹ ਆਖਦੀ ਹੁੰਦੀ ਸੀ, 'ਰੱਬ ਜਿਥੇ ਰੱਖਦੈ, ਉਥੇ ਰਹਿਣਾ ਪੈਂਦਾ।' ਕਰੀਬ ਛੱਬੀ ਸਾਲ ਪਹਿਲਾਂ ਜਦੋਂ ਮੈਂ ਉਹਦੇ ਨਾਲ ਗੱਲ ਕੀਤੀ ਸੀ ਤਾਂ ਉਹ ਆਂਹਦੀ ਸੀ, 'ਮੇਰੇ ਪਤੀ ਦੇਵ ਕੋਲ ਬੜਾ ਕੁਛ ਹੈ, ਪਰ ਗਰੀਬ ਘਰਾਂ 'ਚ ਜੰਮਣ ਦਾ ਸੰਤਾਪ ਵੀ ਤਾਂ ਭੋਗਣਾ ਪੈਂਦਾ। ਇਥੇ ਵਾਹ-ਵਾਹ ਕਰ ਕੇ ਤੁਰ ਜਾਂਦੇ ਆ, ਕੌਣ ਕਿਸੇ ਨੂੰ ਪੁੱਛਦਾ?' ਤੇ ਇਹ ਸੱਚ ਹੀ ਸਾਬਤ ਹੋਇਆ ਕਿ ਲੋਕ ਸਿਰਫ ਸ਼ਰਧਾਂਜਲੀਆਂ ਦੇਣ ਦੇ ਹੀ ਆਦੀ ਹੋ ਗਏ ਹਨ।

ਸਾਲ 1994 ਵਿਚ ਉਹ ਮੈਨੂੰ ਜਲੰਧਰ ਦੂਰਦਰਸ਼ਨ ਦੇ ਵਿਹੜੇ ਵਿਚ ਮਿਲਿਆ। ਮੈਂ ਅੰਦਰ ਜਾ ਰਿਹਾ ਸਾਂ ਤੇ ਉਹ ਦੁਰਗਾ ਦੱਤ ਸਵਿਤੋਜ ਨਾਲ ਰਿਕਾਰਡਿੰਗ ਕਰ ਕੇ ਪਰਤ ਰਿਹਾ ਸੀ। ਕਹਿਣ ਲੱਗ, 'ਤੇਰੇ ਨਾਲ ਇਕ ਗੱਲ ਕਰਨੀ ਐਂ।'

ਉਤਸੁਕਤਾ ਨਾਲ ਮੈਂ ਪੁੱਛਿਆ, 'ਸੁੱਖ ਹੈ?'

'ਹੱਥ ਤੰਗ ਐ ਕਾਫੀ ਇਨ੍ਹਾਂ ਦਿਨਾਂ ਵਿਚ। ਦੋ ਕੁ ਮਹਿਫਿਲਾਂ ਦਾ ਪ੍ਰਬੰਧ ਕਰ।' ਕੰਟੀਨ ਵਿਚ ਚਾਹ ਪੀਂਦਿਆਂ ਉਹ ਓਦਰਿਆ ਜਿਹਾ ਬੋਲਿਆ।

'ਪਰ ਇਕ ਸ਼ਰਤ ਐ।'

'ਸਭ ਮਨਜ਼ੂਰ ਨੇ... ਦੱਸ।'

'ਮੇਰੇ ਘਰ ਰਹਿਣਾ ਪਵੇਗਾ ਪੰਜ ਦਿਨ।'

ਉਹ ਹੱਸ ਪਿਆ, 'ਦੱਸ... ਇਹ ਵੀ ਕੋਈ ਸ਼ਰਤ ਐ। ਅਨਪੜ੍ਹ ਜਿਹਾ ਬੰਦਾ ਮੈਂ। ਪੜ੍ਹਿਆਂ-ਲਿਖਿਆਂ ਨਾਲ, ਤੇ ਉਹ ਵੀ ਪੱਤਰਕਾਰਾਂ ਨਾਲ ਰਹਾਂ, ਹੋਰ ਮੈਨੂੰ ਖਰਬੂਜ਼ੇ ਚਾਹੀਦੇ।'

ਖ਼ੈਰ! ਉਹ ਰਿਹਾ ਤਾਂ ਦੋ ਦਿਨ, ਪਰ ਮਹਿਫ਼ਿਲ ਮੈਂ ਇਕ ਹੀ ਕਰਵਾ ਸਕਿਆ ਬੰਗੇ। ਉਂਜ, ਉਨ੍ਹਾਂ ਦਿਨਾਂ ਵਿਚ ਰੁਪਿਆ ਜ਼ਰੂਰ ਸੋਲਾਂ-ਸਤਾਰਾਂ ਹਜ਼ਾਰ ਬਣ ਗਿਆ ਹੋਵੇਗਾ।

ਅੱਜ ਦੇ ਯੁੱਗ ਵਿਚ ਹਉਮੈ ਸੰਤਾਂ ਤੇ ਸਾਧੂਆਂ ਦੇ ਨੱਕ 'ਤੇ ਬੈਠੀ ਹੈ ਪਰ ਉਹ ਸਬਰ ਵਾਲਾ ਸੀ। ਜੋ ਕੁਝ ਉਹਦੇ ਕੋਲ ਸੀ, ਹਾਲਾਤ ਨੇ ਪੂਰੇ ਦਾ ਪੂਰਾ ਅੰਦਰੋਂ ਨਹੀਂ ਨਿਕਲਣ ਦਿੱਤਾ।

ਸੱਚ ਇਹ ਵੀ ਹੈ ਕਿ ਇਸ ਫਨਕਾਰ ਦੀਆਂ ਦੋਵੇਂ ਲੱਤਾਂ ਜੰਮਦਿਆਂ ਹੀ ਗਰੀਬੀ ਦੀ ਦਲ-ਦਲ ਵਿਚ ਫਸ ਗਈਆਂ ਸਨ। ਕਈ ਵਾਰ ਉਹ ਹਫ਼ਤਾ-ਹਫ਼ਤਾ ਕੱਚੀਆਂ ਸਬਜ਼ੀਆਂ ਖਾ ਕੇ ਹੀ ਗੁਜ਼ਾਰਾ ਕਰ ਲੈਂਦਾ ਸੀ। ਕਿਸੇ ਵੇਲੇ ਨਕੋਦਰ ਦੀ 'ਟੂਰਨ ਟਾਕੀਜ਼' ਬੜੀ ਮਸ਼ਹੂਰ ਸੀ ਜਿਥੇ ਫਿਲਮ ਸ਼ੁਰੂ ਹੋਣ ਤੋਂ ਪਹਿਲਾਂ ਪੂਰਨ ਸ਼ਾਹਕੋਟੀ ਤੇ ਬਰਕਤ ਸਿੱਧੂ ਗਾਉਂਦੇ ਹੁੰਦੇ ਸਨ। ਦੋ-ਚਾਰ ਰੁਪਏ ਬਣ ਜਾਂਦੇ ਸਨ। ਬਰਕਤ ਗਾਉਂਦਾ ਹੁੰਦਾ ਸੀ 'ਰੱਸੀ ਉਤੇ ਟੰਗਿਆ ਦੁਪੱਟਾ ਮੇਰੇ ਢੋਲ ਨੇ' ਜਾਂ 'ਖੜ੍ਹੀ ਹੋ ਕੇ ਗੱਲ ਸੁਣ ਜਾ, ਤੇਰੇ ਮਗਰ ਕਿਸੇ ਨਹੀਂ ਆਉਣਾ।' ਉਦੋਂ ਉਹਦੀ ਜਾਣ-ਪਛਾਣ ਤਾਂ ਬਣ ਗਈ ਸੀ, ਪਰ ਘੱਟ ਪੜ੍ਹਿਆ-ਲਿਖਿਆ ਹੋਣ ਕਾਰਨ ਉਹ ਬਾਰਾਂ ਕੁ ਸਾਲ ਤਾਂ ਫਿਰ ਡਰਾਮੇ ਵਾਲਿਆਂ ਨਾਲ ਪੇਟੀ ਹੀ ਵਜਾਉਂਦਾ ਰਿਹਾ।

ਬੁਲ੍ਹੇ ਸ਼ਾਹ ਤੋਂ ਰਣਧੀਰ ਸਿੰਘ ਚੰਦ ਤੱਕ ਮਹਾਨ ਸੂਫੀ ਤੇ ਪੰਜਾਬੀ ਸ਼ਾਇਰਾਂ ਨੂੰ ਗਾਉਣ ਵਾਲੇ ਬਰਕਤ ਸਿੱਧੂ ਨੇ ਜਿੰਨਾ ਵੀ ਗਾਇਆ, ਨਾ ਸਿਰਫ਼ ਚੱਜ ਦਾ ਗਾਇਆ ਸਗੋਂ ਉਹ ਗਾਇਆ ਜਿਹਦੇ ਨਾਲ ਪੰਜਾਬੀ ਜ਼ੁਬਾਨ ਨੂੰ ਸਹੀ ਮਾਅਨਿਆਂ ਵਿਚ ਬਰਕਤ ਨੇ ਬਰਕਤਾਂ ਦਿੱਤੀਆਂ ਹਨ। ਉਹਦਾ ਅੰਦਾਜ਼ ਮਕਬੂਲ ਸੀ, ਸੁਰ ਮਕਬੂਲ ਸੀ ਤੇ ਸਰਕਾਰਾਂ ਤਾਂ ਸੁਕਰਾਤ ਨੂੰ ਵੀ ਜ਼ਹਿਰ ਪਿਆਉਂਦੀਆਂ ਰਹੀਆਂ ਹਨ... ਬਰਕਤ ਸਿੱਧੂ ਨੂੰ ਨਾ ਪੁੱਛਣ ਦੇ ਉਲਾਂਭੇ ਬਹੁਤੇ ਨਹੀਂ ਦਿੱਤੇ ਜਾਣੇ ਚਾਹੀਦੇ, ਕਿਉਂਕਿ ਫਕੀਰਾਂ ਨਾਲ ਧੁਰੋਂ ਹੀ ਇੱਦਾਂ ਹੁੰਦੀ ਆਈ ਹੈ। ਉਹਦੀਆਂ ਅਨੇਕਾਂ ਸੰਗੀਤਕ ਵੰਨਗੀਆਂ ਵਿਗਿਆਨ ਦੇ ਡੱਬੇ ਵਿਚ ਸੰਗੀਤ ਦੇ ਬੁਰਕੇ ਹੇਠ ਬੰਦ ਨੇ, ਪਰ ਕਮਾਲ ਦੇ ਰੰਗਾਂ ਵਿਚ,

-ਗੋਰੀ ਮੈਂ ਜਾਣਾ ਪਰਦੇਸ
ਮੈਂ ਜਾਣਾ ਤੇਰੇ ਨਾਲ...
-ਨਿਮਾਣਿਆਂ ਦੀ ਰੱਬਾ-ਰੱਬਾ ਹੋਈ
ਭੱਠ ਪਵੇ ਤੇਰੀ ਚਿੱਟੀ ਚਾਦਰ
ਚੰਗੀ ਫਕੀਰਾਂ ਦੀ ਲੋਈ...
-ਮੂਰਤਾਂ ਬਣਾਉਣ ਵਾਲਾ
ਕਿਹੜੀ ਖੇਡੇ ਪੈ ਗਿਆ
ਮਿੱਟੀ ਦਾ ਬਣਾ ਕੇ ਬੁੱਤ
ਆਪ ਵਿਚ ਪੈ ਗਿਆ...
-ਮੈਂਡਾ ਦਿਲ ਰਾਂਝਣ ਮੰਗੇ...

... ਤੇ ਸੰਗੀਤ ਦੀ ਦੁਨੀਆਂ ਵਿਚ ਇਹ ਕਮਾਲ ਹੁੰਦੀ ਹੀ ਰਹੇਗੀ।

ਜਦੋਂ ਉਹ ਕੁਝ ਦਿਨ ਮੇਰੇ ਘਰ ਪਿੰਡ ਭੌਰੇ ਰਿਹਾ ਤਾਂ ਅਸੀਂ ਅੱਧੀ-ਅੱਧੀ ਰਾਤ ਤੱਕ ਗੱਲਾਂ ਕਰਦੇ ਰਹਿੰਦੇ। ਬਹਾਨੇ ਨਾਲ ਆਪਣੇ ਉਸਤਾਦ ਕੇਸਰ ਸਿੰਘ ਦੀ ਗੱਲ ਕਰਦਿਆਂ ਉਹ ਦੱਸਣ ਲੱਗਾ ਕਿ ਗੁਰੂ ਦੀ ਸਾਰੀ ਰਾਗ ਵਿਦਿਆ ਤਾਂ ਖਾਨੇ ਪੈ ਗਈ, ਪਰ ਇਕ ਗੱਲ ਸਮਝ ਨਹੀਂ ਆਉਂਦੀ ਕਿ ਉਸਤਾਦ ਆਖਦਾ ਹੁੰਦਾ ਸੀ, 'ਔਖੇ ਕੰਮ ਹਰ ਕੋਈ ਨਹੀਂ ਕਰ ਸਕਦਾ, ਇਸ ਲਈ ਔਖੇ ਕੰਮ ਕਰੋ, ਦੁਨੀਆਂ ਤੁਹਾਨੂੰ ਸੌਖਾ ਕਰ ਦੇਵੇਗੀ।' ਡੀ.ਐਮ.ਸੀ. ਲੁਧਿਆਣੇ ਉਹਦੇ ਇਕ ਚੇਲੇ ਜਤਿੰਦਰ ਜੀਤ ਰਾਹੀਂ ਬਿਮਾਰੀ ਦੇ ਦਿਨਾਂ ਵਿਚ ਹਾਲ ਪੁੱਛਦਿਆਂ ਮੈਂ ਇਹ ਘਟਨਾ ਯਾਦ ਕਰਾ ਕੇ ਪੁੱਛਿਆ, 'ਦੁਨੀਆਂ ਨੇ ਕੁਝ ਸੁਖਾਲਾ ਵੀ ਕੀਤਾ?' ਉਹ ਲੰਮਾ ਹਾਉਕਾ ਭਰ ਕੇ ਕਹਿਣ ਲੱਗਾ, 'ਜਾਂਦੀ ਵਾਰ ਤਾਂ ਰੱਜ ਕੇ ਔਖਾ ਹੋ ਰਿਹਾ ਹਾਂ, ਹੁਣ ਉਸਤਾਦ ਨੂੰ ਜਾ ਕੇ ਪੁੱਛਾਂਗਾ ਕਿ ਮੈਂ ਤਾਂ ਲੋਕਾਂ ਨੂੰ ਖੰਡ ਖੁਆਉਂਦਾ ਰਿਹਾ, ਮੇਰੀਆਂ ਨਾਸਾਂ ਨੂੰ ਕੌੜੀਆਂ ਮਿਰਚਾਂ ਦਾ ਧੂੰਆਂ ਕਿਉਂ ਚੜ੍ਹਾਈ ਰੱਖਿਆ।'

ਕਰਜ਼ਾ ਲੈ ਕੇ ਤਾਂ ਚੱਲੋ ਵਿਆਜ ਹੱਥੋਂ ਤੰਗ ਹੋਣਾ ਹੀ ਹੁੰਦਾ ਹੈ ਪਰ ਜੇ ਬੁਢਾਪੇ ਵਿਚ ਆ ਕੇ ਔਲਾਦ ਵਿਆਜ ਵਾਂਗ ਆਣ ਚੁੰਬੜੇ, ਤਾਂ ਸਭ ਕੁਝ ਖਾਲੀ ਹੋ ਜਾਂਦਾ ਹੈ। ਬਰਕਤ ਸਿੱਧੂ ਤਾਂ ਚਲੋ ਦੁਨੀਆਂ ਵਾਂਗ ਖਾਲੀ ਹੱਥੀਂ ਗਿਆ ਹੀ ਹੈ, ਪਰ ਪੁੱਤਰਾਂ ਹੱਥੋਂ ਉਹਦਾ ਹਾਉਕਾ ਲੰਮਾ ਹੀ ਹੁੰਦਾ ਰਿਹਾ। ਬੋਹੜ ਥਾਂ ਟਾਹਲੀ ਵੀ ਨਹੀਂ ਲੱਗੀ। ਉਹ ਸਾਫ ਕਹਿ ਦਿੰਦਾ ਸੀ, 'ਤਿੰਨਾਂ ਵਿਚੋਂ ਦੋ ਤਾਂ ਕਾਣੇ ਹੀ ਨਿਕਲੇ।' ਉਹਦੀ ਇਕ ਧੀ ਸੀ ਸਾਰਿਆਂ ਤੋਂ ਵੱਡੀ ਬੁਖਾਲੀ। ਪੁੱਤ ਵਜਾਉਣ ਵਾਲੇ ਹੀ ਮਸਾਂ ਬਣੇ, ਗਾਉਣ ਵਾਲੇ ਕੀ ਬਣਨਾ ਸੀ।

ਜ਼ਿੰਦਗੀ ਨੂੰ ਜਿਵੇਂ ਦੋ-ਤਿੰਨ ਗੱਲਾਂ ਦੇ ਮੀਟਰ ਨਾਲ ਸਾਰੇ ਮਾਪਦੇ ਹਨ, ਉਹ ਪੈਮਾਨਾ ਇਉਂ ਹੈ ਕਿ ਬਰਕਤ ਸਿੱਧੂ ਦਾ ਜਨਮ ਸ਼ਾਹਕੋਟ ਲਾਗਲੇ ਪਿੰਡ ਕੀਨੀਆ ਵਿਚ ਹੋਇਆ, ਪਿਤਾ ਲਾਲ ਚੰਦ ਤੇ ਮਾਤਾ ਪਠਾਣੀ ਦੇ ਘਰ। ਵਿਆਹਿਆ ਉਹ ਹੰਸੋ ਨਾਲ ਨਿੱਕਾ ਹੁੰਦਾ ਗਿਆ। ਪੂਰਨ ਸ਼ਾਹਕੋਟੀ ਤੇ ਬਰਕਤ ਸਿੱਧੂ ਮੀਰ ਆਲਮਾਂ ਦੇ ਇਕੋ ਸੰਗੀਤਕ ਘਰਾਣੇ ਵਾਲੇ ਖ਼ੂਨ ਦੇ ਸਨ। ਬਰਕਤ ਨੂੰ ਇਸ ਕਰ ਕੇ ਵੱਡਾ ਸੂਫੀ ਗਾਇਕ ਨਹੀਂ ਕਿਹਾ ਜਾਂਦਾ ਕਿ ਉਹਨੇ ਹਿੰਦੋਸਤਾਨ ਦੀ ਹਰ ਵੱਡੀ ਸੰਗੀਤਕ ਮਹਿਫਿਲ ਵਿਚ ਗਾਇਆ, ਸਗੋਂ ਇਸ ਕਰ ਕੇ ਕਿ ਉਹ ਦਿਲ ਦਾ ਵੱਡਾ ਹੋਣ ਕਰ ਕੇ ਵਪਾਰੀ ਗਵੱਈਆ ਨਾ ਬਣਿਆ, ਤੇ ਦਰਵੇਸ਼ਾਂ ਤੇ ਫਕੀਰਾਂ ਵਾਲੀ ਕਤਾਰ ਵਿਚ ਲੱਗਾ ਰਿਹਾ।

'ਹੱਥੀ ਢਿਲਕ ਗਈ ਮੇਰੇ ਚਰਖੇ ਦੀ' ਗਾਉਣ ਵਾਲਾ ਬਰਕਤ ਸੰਨ 1946 ਵਿਚ ਜਨਮਿਆ, ਤੇ ਹੋਣੀ ਦੀ ਠਿੱਬੀ ਨੇ ਉਹਨੂੰ 16 ਅਗਸਤ 2014 ਵਿਚ ਠਿੱਬੀ ਮਾਰ ਕੇ ਪਹਿਲਾਂ ਮਧੋਲਿਆ, ਤੇ ਫਿਰ ਢਾਹ ਹੀ ਲਿਆ।

'ਉਠ ਗਏ ਗੁਆਂਢੋਂ ਯਾਰ' ਗਾਉਂਦਾ-ਗਾਉਂਦਾ ਸਾਡਾ ਇਹ ਮਿੱਤਰ, ਭਰਾ, ਉਸਤਾਦ, ਫਕੀਰ, ਦਰਵੇਸ਼, ਸੰਤ ਤੇ ਯਾਰ ਖੁਦ ਹੀ ਗੁਆਂਢੋਂ ਉੱਠ ਗਿਆ।

ਗਲਾਸੀ ਉਹ ਲਾ ਲੈਂਦਾ ਸੀ, ਪਰ ਭਰ ਕੇ ਨਹੀਂ। ਜੋ ਕਹਿਣਾ ਸੀ, ਉਹ ਕਹਿ ਦਿੰਦਾ ਸੀ, ਪਰ ਡਰ ਕੇ ਨਹੀਂ। ਉਹ ਹੋਣੀ ਹੱਥੋਂ ਹਾਰ ਤਾਂ ਗਿਆ, ਪਰ ਹਰ ਕੇ ਨਹੀਂ... ਬਰਕਤ ਸਿੱਧੂ ਤੇ ਉਹਦੇ ਹਠ ਨੂੰ ਸਲਾਮ ਹੈ। ਬਰਕਤ ਦੇ ਮਾਮਲੇ 'ਚ ਆਖਰੀ ਗੱਲ ਇਹ ਕਹਾਂਗਾ ਕਿ ਪੈਰੀਂ ਲੱਗੀਆਂ ਸੂਲਾਂ ਨੂੰ ਸੂਈ ਨਾਲ ਹੀ ਕੱਢਿਆ ਜਾਂਦਾ ਹੈ।


'ਇਥੇ ਕੌਣ ਕਿਸੇ ਨੂੰ ਪੁਛਦੈ?'
ਸੁਰ ਸੱਜਣਾਂ ਦੀ
ਹੰਸੋ

*ਛੱਬੀ ਸਾਲ ਪਹਿਲਾਂ 2 ਸਤੰਬਰ 1988 ਨੂੰ 'ਅਜੀਤ ਵਿਚੇ ਲਿਖੇ ਮੇਰੇ ਕਾਲਮ 'ਸੁਰ ਸੱਜਣਾਂ ਦੀ' ਵਿਚ ਬਰਕਤ ਸਿੱਧੂ ਦੀ ਪਤਨੀ ਦਾ ਉਦਰੇਵਾਂ ਸੀ- ਇਥੇ ਕੌਣ ਕਿਸੇ ਨੂੰ ਪੁੱਛਦੈ?... ਤੇ ਇਹੋ ਹੌਲ ਲੈ ਕੇ ਹੁਣ ਤੁਰ ਗਿਆ ਬਰਕਤ ਸਿੱਧੂ*

ਗੁਰਮਤਿ ਵਿਚਾਰ

# ਜਨੁ ਨਾਨਕੁ ਹਰਿ ਕਰਤੈ ਆਪਿ ਬਹਿ ਟਿਕਿਆ...



ਡਾ. ਗੁਰਨਾਮ ਕੌਰ, ਕੈਨੇਡਾ

ਜਨੁ ਨਾਨਕੁ ਹਰਿ ਕਰਤੈ ਆਪਿ ਬਹਿ ਟਿਕਿਆ
ਆਪੇ ਪੈਜ ਰਖੈ ਪ੍ਰਭੁ ਸੋਈ

ਇਸ ਸਲੋਕ ਵਿਚ ਗੁਰੂ ਰਾਮਦਾਸ ਸਤਿਗੁਰੂ ਵੱਲੋਂ ਆਪਣੇ ਜੀਵਨ ਕਾਲ ਵਿਚ ਹੀ ਗੁਰਗੱਦੀ ਦਿੱਤੇ ਜਾਣ ਦੀ ਵਡਿਆਈ ਅਤੇ ਸ਼ੋਭਾ ਦਸ ਰਹੇ ਹਨ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਸਤਿਗੁਰੂ ਜਿਸ ਮਨੁੱਖ ਨੂੰ ਆਪ ਵਡਿਆਈ ਦਿੰਦਾ ਹੈ ਅਰਥਾਤ ਆਪਣੇ ਜੀਵਨ ਕਾਲ ਵਿਚ ਹੀ ਤਿਲਕ ਦੇ ਕੇ ਗੁਰ-ਗੱਦੀ ਤੇ ਬਿਰਾਜਮਾਨ ਕਰ ਦਿੰਦਾ ਹੈ, ਜ਼ਿੰਮੇਵਾਰੀ ਸੌਂਪ ਦਿੰਦਾ ਹੈ, ਉਸ ਮਨੁੱਖ ਦੀ ਅੱਗੋਂ ਦੁਨੀਆਂ ਵਾਲੇ ਵੀ ਸ਼ੋਭਾ ਕਰਦੇ ਹਨ, ਉਸ ਨੂੰ ਸਨਮਾਨ ਦਿੰਦੇ ਹਨ। ਉਸ ਅੱਗੇ ਦੁਨੀਆਂ ਵਾਲੇ ਆ ਕੇ ਆਪਣਾ ਸੀਸ ਝੁਕਾਉਂਦੇ ਹਨ, ਚਰਨ ਬੰਦਨਾਂ ਕਰਦੇ ਹਨ ਅਤੇ ਜਿਹੜਾ ਕੋਈ ਵੀ ਉਸ ਦੇ ਚਰਨੀਂ ਲੱਗਦਾ ਹੈ ਉਸ ਦੀ ਕੀਰਤੀ, ਜਸ ਸੰਸਾਰ ਵਿਚ ਚਾਰੇ ਪਾਸੇ ਫੈਲ ਜਾਂਦਾ ਹੈ। ਜਿਸ ਦੇ ਮਸਤਕ ਉਤੇ ਪੂਰਾ ਗੁਰੂ ਆਪਣਾ ਹੱਥ ਧਰਦਾ ਹੈ, ਉਹ ਪੂਰਾ ਗੁਣਵਾਨ ਬਣ ਜਾਂਦਾ ਹੈ, ਸੰਪੂਰਨ ਹੋ ਜਾਂਦਾ ਹੈ ਅਤੇ ਖੰਡ ਬ੍ਰਹਿਮੰਡ ਦੇ ਸਾਰੇ ਜੀਵ ਉਸ ਨੂੰ ਨਮਸਕਾਰ ਕਰਦੇ ਹਨ। ਸਤਿਗੁਰੂ ਦੀ ਸ਼ੋਭਾ ਦਿਨੋ-ਦਿਨ ਵਧਦੀ ਜਾਂਦੀ ਹੈ ਅਤੇ ਹੋਰ ਕੋਈ ਵੀ ਉਸ ਦੀ ਬਰਾਬਰੀ ਨਹੀਂ ਕਰ ਸਕਦਾ, ਉਸ ਦੀ ਵਡਿਆਈ ਦੀ ਉਚਤਾ ਤੱਕ ਪਹੁੰਚ ਨਹੀਂ ਸਕਦਾ। ਆਪਣੇ ਸੇਵਕ ਨਾਨਕ ਨੂੰ ਅਕਾਲ ਪੁਰਖ ਸਿਰਜਣਹਾਰ ਨੇ ਆਪ ਹੀ ਮਾਣ ਬਖਸ਼ਿਆ ਹੈ ਅਤੇ ਆਪ ਹੀ ਉਹ ਕਰਤਾ ਪੁਰਖ ਲਾਜ ਰੱਖਦਾ ਹੈ,

ਜਿ ਹੋਂਦੈ ਗੁਰੂ ਬਹਿ ਟਿਕਿਆ
ਤਿਸੁ ਜਨ ਕੀ ਵਡਿਆਈ ਵਡੀ ਹੋਈ॥
ਤਿਸੁ ਕਉ ਜਗਤੁ ਨਿਵਿਆ
ਸਭੁ ਪੈਰੀ ਪਇਆ ਜਸੁ ਵਰਤਿਆ ਲੋਈ॥
ਤਿਸੁ ਕਉ ਖੰਡ ਬ੍ਰਹਮੰਡ ਨਮਸਕਾਰੁ ਕਰਹਿ
ਜਿਸ ਕੈ ਮਸਤਕਿ ਹਥੁ ਧਰਿਆ
ਗੁਰਿ ਪੂਰੈ ਸੋ ਪੂਰਾ ਹੋਈ॥
ਗੁਰ ਕੀ ਵਡਿਆਈ ਨਿਤ ਚੜੈ ਸਵਾਈ
ਅਪੜਿ ਕੋ ਨ ਸਕੋਈ॥
ਜਨੁ ਨਾਨਕੁ ਹਰਿ ਕਰਤੈ ਆਪਿ ਬਹਿ ਟਿਕਿਆ
ਆਪੇ ਪੈਜ ਰਖੈ ਪ੍ਰਭੁ ਸੋਈ॥੩॥ (ਪੰਨਾ ੩੦੯)

ਅੱਗੇ ਪਉੜੀ ਵਿਚ ਗੁਰੂ ਰਾਮਦਾਸ ਮਨੁੱਖੀ ਸਰੀਰ ਦਾ ਵਰਣਨ ਕਰਦੇ ਹੋਏ ਦੱਸਦੇ ਹਨ ਕਿ ਮਨੁੱਖ ਦਾ ਸਰੀਰ ਸਮਝੋ ਇੱਕ ਤਰ੍ਹਾਂ ਦਾ ਸੁੰਦਰ ਕਿਲਾ ਹੈ ਜਿਸ ਵਿਚ ਸੁੰਦਰ ਬਾਜ਼ਾਰ ਵੀ ਸਜੇ ਹੋਏ ਹਨ। ਇਥੇ ਗਿਆਨ ਇੰਦਰੀਆਂ ਨੂੰ ਹੱਟੀਆਂ ਅਰਥਾਤ ਦੁਕਾਨਾਂ ਦੀਆਂ ਕਤਾਰਾਂ ਕਿਹਾ ਹੈ। ਇਸ ਬਾਜ਼ਾਰ ਵਿਚ ਵਾਪਾਰ ਕਿਸ ਚੀਜ਼ ਦਾ ਹੁੰਦਾ ਹੈ? ਕਿਹੜਾ ਸੌਦਾ ਵਿਹਾਜਿਆ ਜਾਂਦਾ ਹੈ? ਇਹ ਵਾਪਾਰ ਜਾਂ ਸੌਦਾ ਹੈ ਪਰਮਾਤਮਾ ਦੇ ਨਾਮ ਦਾ। ਜਿਹੜੇ ਮਨੁੱਖ ਗੁਰੂ ਦੇ ਸਨਮੁਖ ਹੋ ਕੇ, ਗੁਰੂ ਦੀ ਅਗਵਾਈ ਵਿਚ ਚੱਲ ਕੇ ਇਸ ਨਾਮ ਦਾ ਵਾਪਾਰ ਕਰਦੇ ਹਨ, ਉਹ ਨਾਮ-ਰੂਪੀ ਸੌਦੇ ਨੂੰ ਸੰਭਾਲ ਲੈਂਦੇ ਹਨ। ਮਨੁੱਖੀ ਸਰੀਰ ਦੇ ਅੰਦਰ ਹੀ ਇਸ ਨਾਮ ਦਾ ਖ਼ਜ਼ਾਨਾ ਹੈ ਅਤੇ ਇਸ ਦਾ ਵਣਜ ਮਨੁੱਖੀ ਸਰੀਰ ਦੇ ਅੰਦਰ ਹੀ ਕੀਤਾ ਜਾ ਸਕਦਾ ਹੈ (ਨਾਮ ਦਾ ਨਿਵਾਸ ਮਨੁੱਖ ਦੇ ਸਰੀਰ ਦੇ ਅੰਦਰ ਹੀ ਹੈ) ਅਤੇ ਇਹ ਨਾਮ ਹੀ ਕੀਮਤੀ ਹੀਰੇ ਅਤੇ ਜਵਾਹਾਰਾਤ ਆਦਿ ਹੈ ਜਿਸ ਨੇ ਮਨੁੱਖ ਦੇ ਨਾਲ ਨਿਭਣਾ ਹੈ। ਜਿਹੜੇ ਮਨੁੱਖ ਆਪਣੇ ਅੰਤਰ ਆਤਮੇ ਨੂੰ ਛੱਡ ਕੇ, ਆਪਣੇ ਸਰੀਰ ਨੂੰ ਛੱਡ ਕੇ ਇਸ ਨੂੰ ਲੱਭਣ ਲਈ ਬਾਹਰ ਹੋਰ ਥਾਂਵਾਂ 'ਤੇ ਜਾਂਦੇ ਹਨ, ਉਹ ਮੂਰਖ ਹਨ ਅਤੇ ਮਨੁੱਖੀ ਸਰੀਰ ਵਿਚ ਆਏ ਹੋਏ ਭੂਤਨੇ ਹਨ। ਅਜਿਹੇ ਮਨੁੱਖ ਭਰਮ ਵਿਚ ਫਸੇ ਹੋਏ ਬਾਹਰ ਜੰਗਲਾਂ ਵਿਚ ਭਉਂਦੇ ਫਿਰਦੇ ਹਨ, ਉਸੇ ਤਰ੍ਹਾਂ ਜਿਸ ਤਰ੍ਹਾਂ ਮਿਰਗ, ਜਿਸ ਦੀ ਧੁਨੀ ਵਿਚ ਕਸਤੂਰੀ ਹੁੰਦੀ ਹੈ ਪਰ ਅਗਿਆਨ ਵਸ ਉਹ ਇਸ ਦੀ ਭਾਲ ਲਈ ਜੰਗਲ ਦੀਆਂ ਝਾੜੀਆਂ ਵਿਚ ਭੱਜਿਆ ਫਿਰਦਾ ਹੈ,

ਕਾਇਆ ਕੋਟੁ ਅਪਾਰੁ ਹੈ ਅੰਦਰਿ ਹਟਨਾਲੇ॥
ਗੁਰਮੁਖਿ ਸਉਦਾ ਜੋ ਕਰੇ ਹਰਿ ਵਸਤੁ ਸਮਾਲੇ॥
ਨਾਮੁ ਨਿਧਾਨੁ ਹਰਿ ਵਣਜੀਐ ਹੀਰੇ ਪਰਵਾਲੇ॥
ਵਿਣੁ ਕਾਇਆ ਜਿ ਹੋਰ ਥੈ ਧਨੁ ਖੋਜਦੇ
ਸੇ ਮੂੜ ਬੇਤਾਲੇ॥
ਸੇ ਉਝੜਿ ਭਰਮਿ ਭਵਾਈਅਹਿ
ਜਿਉ ਝਾੜ ਮਿਰਗੁ ਭਾਲੇ॥੧੫॥ (ਪੰਨਾ ੩੦੯)

ਅਗਲੇ ਸਲੋਕ ਵਿਚ ਪੂਰੇ ਗੁਰੂ ਦੀ ਨਿੰਦਾ ਕਰਨ ਵਾਲੇ ਦੀ ਹਾਲਤ ਦੱਸੀ ਹੈ ਕਿ ਜਿਹੜੇ ਲੋਕ ਸਮਰੱਥ ਗੁਰੂ ਦੇ ਗੁਣਾਂ ਨੂੰ ਨਾ ਸਮਝਦਿਆਂ ਉਸ ਦੀ ਨਿੰਦਾ ਕਰਦੇ ਹਨ, ਉਹ ਕਦੇ ਵੀ ਸੁਖ ਦੀ ਨੀਂਦ ਨਹੀਂ ਸੌਂਦੇ। ਦੁੱਖਾਂ ਨੂੰ ਗੁਰੂ ਸਾਹਿਬ ਨੇ ਘੋਰ ਨਰਕ-ਰੂਪੀ ਖੂਹ ਕਿਹਾ ਹੈ ਜਿਸ ਵਿਚ ਡਿਗੇ ਹੋਏ ਇਹ ਮਨੁੱਖ ਸਦਾ ਹੀ ਸੰਤਾਪ ਭੋਗਦੇ ਹਨ। ਦੁਖ-ਰੂਪੀ ਇਸ ਖੂਹ ਵਿਚ ਡਿੱਗੇ ਹੋਇਆਂ ਦੀ ਕੂਕ ਪੁਕਾਰ ਨੂੰ ਫਿਰ ਕੋਈ ਨਹੀਂ ਸੁਣਦਾ ਅਤੇ ਇਸ ਦੁੱਖ ਤੋਂ ਔਖੇ ਹੋ ਕੇ ਉਹ ਰੋਂਦੇ ਹਨ। ਅਜਿਹੇ ਮਨੁੱਖ ਇਹ ਸੰਸਾਰ ਅਤੇ ਅਗਲਾ ਸੰਸਾਰ- ਦੋਵੇਂ ਗੁਆ ਬੈਠਦੇ ਹਨ, ਰੱਬ ਦੀ ਬੰਦਗੀ ਰੂਪ ਲਾਹਾ ਅਤੇ ਮਨੁੱਖਾ-ਜਨਮ ਰੂਪ ਮੂਲ ਨਿੰਦਕ ਇਹ ਦੋਵੇਂ ਗੁਆ ਲੈਂਦੇ ਹਨ। ਉਨ੍ਹਾਂ ਦਾ ਹਾਲ ਤੇਲੀ ਦੇ ਬੈਲ ਵਾਲਾ ਹੁੰਦਾ ਹੈ ਜਿਸ ਨੂੰ ਹਰ ਰੋਜ਼ ਕੋਹਲੂ ਅੱਗੇ ਜੋਇਆ ਜਾਂਦਾ ਹੈ। ਬੈਲ ਦੀ ਤਰ੍ਹਾਂ ਇਨ੍ਹਾਂ ਨੂੰ ਵੀ ਹਰ ਚੜ੍ਹਦੇ ਸੂਰਜ ਅਕਾਲ ਪੁਰਖ ਦੇ ਹੁਕਮ ਵਿਚ ਜੋਇਆ ਜਾਂਦਾ ਹੈ ਅਰਥਾਤ ਨਿੰਦਕ ਹਰ ਰੋਜ਼ ਨਿੰਦਾ ਦੇ ਗੇੜ ਵਿਚ ਪੈ ਕੇ ਦੁੱਖ ਭੋਗਦਾ ਹੈ,

ਜੋ ਨਿੰਦਾ ਕਰੇ ਸਤਿਗੁਰਪੂਰੇ ਕੀ
ਸੁ ਅਉਖਾ ਜਗ ਮਹਿ ਹੋਇਆ॥
ਨਰਕ ਘੋਰੁ ਦੁਖ ਖੂਹੁ ਹੈ
ਓਥੈ ਪਕੜਿ ਓਹੁ ਢੋਇਆ॥
ਕੂਕ ਪੁਕਾਰ ਕੋ ਨ ਸੁਣੇ
ਓਹੁ ਅਉਖਾ ਹੋਇ ਹੋਇ ਰੋਇਆ॥
ਓਨਿ ਹਲਤੁ ਪਲਤੁ ਸਭੁ ਗਵਾਇਆ
ਲਾਹਾ ਮੂਲੁ ਸਭੁ ਖੋਇਆ॥
ਓਹੁ ਤੇਲੀ ਸੰਦਾ ਬਲਦੁ ਕਰਿ
ਨਿਤ ਭਲਕੇ ਉਠਿ ਪ੍ਰਭਿ ਜੋਇਆ॥

ਗੁਰੂ ਸਾਹਿਬ ਦੱਸਦੇ ਹਨ ਕਿ ਸਭ ਦੇ ਮਾਲਕ ਪਰਮਾਤਮਾ ਕੋਲੋਂ ਕੁਝ ਵੀ ਛੁਪਿਆ ਹੋਇਆ ਨਹੀਂ ਹੈ, ਜੋ ਕੁਝ ਵੀ ਜਿੱਥੇ ਵੀ ਹੋ ਰਿਹਾ ਹੈ, ਉਹ ਸਭ ਕੁਝ ਜਾਣਦਾ ਹੈ। ਮਨੁੱਖ ਜਿਸ ਕਿਸਮ ਦਾ ਵੀ ਬੀਜ ਬੀਜਦਾ ਹੈ ਉਸ ਨੂੰ ਉਹੋ ਜਿਹੀ ਫਸਲ ਕੱਟਣੀ ਪੈਂਦੀ ਹੈ ਅਰਥਾਤ ਜਿਸ ਕਿਸਮ ਦੇ ਵੀ ਕਰਮ ਕਰਦਾ ਹੈ ਉਸ ਨੂੰ ਉਸ ਦਾ ਉਹੋ ਜਿਹਾ ਹੀ ਫਲ ਖਾਣਾ ਪੈਂਦਾ ਹੈ। ਇਹ ਅਕਾਲ ਪੁਰਖ ਦਾ ਹੁਕਮ ਹੈ। ਬਾਬਾ ਫਰੀਦ ਨੇ ਵੀ ਕਿਹਾ ਹੈ ਕਿ ਜੇ ਕੋਈ ਜੱਟ ਬੀਜਦਾ ਤਾਂ ਕਿੱਕਰ ਦਾ ਦਰੱਖਤ ਹੈ ਪਰ ਉਸ ਦਾ ਫਲ ਦਾਖਾਂ (ਸੌਗੀ) ਲੈਣਾ ਚਾਹੁੰਦਾ ਹੈ ਅਤੇ ਇਸੇ ਤਰ੍ਹਾਂ ਕੱਤਦਾ ਤਾਂ ਉਨ ਹੈ ਪਰ ਪਹਿਨਣਾ ਪੱਟ (ਰੇਸ਼ਮ) ਚਾਹੁੰਦਾ ਹੈ- ਇਹ ਸੰਭਵ ਨਹੀਂ ਹੈ, ਤਰਕਹੀਣ ਹੈ। ਜਿਹੋ ਜਿਹਾ ਕਰਮ ਮਨੁੱਖ ਕਰੇਗਾ ਉਸੇ ਤਰ੍ਹਾਂ ਦਾ ਜੀਵਨ ਉਸ ਨੂੰ ਮਿਲੇਗਾ। ਜਿਸ ਮਨੁੱਖ 'ਤੇ ਉਸ ਦੇ ਕੀਤੇ ਚੰਗੇ ਕਰਮਾਂ ਕਾਰਨ ਅਕਾਲ ਪੁਰਖ ਦੀ ਮਿਹਰ ਹੋ ਜਾਂਦੀ ਹੈ, ਉਸ ਨੂੰ ਫਿਰ ਗੁਰੂ ਦੀ ਸ਼ਰਨ ਪ੍ਰਾਪਤ ਹੋ ਜਾਂਦੀ ਹੈ, ਗੁਰੂ ਦੇ ਚਰਨ ਧੋਣ ਦਾ ਅਵਸਰ ਪ੍ਰਾਪਤ ਹੋ ਜਾਂਦਾ ਹੈ। ਉਹ ਸਤਿਗੁਰ ਦੀ ਸੰਗਤ ਵਿਚ, ਉਸ ਦੀ ਸਿੱਖਿਆ 'ਤੇ ਚੱਲ ਕੇ ਉਸੇ ਤਰ੍ਹਾਂ ਸੰਸਾਰ ਸਾਗਰ ਨੂੰ ਪਾਰ ਕਰ ਜਾਂਦਾ ਹੈ ਜਿਸ ਤਰ੍ਹਾਂ ਲੱਕੜੀ ਦੇ ਸੰਗ ਲੋਹਾ ਵੀ ਪਾਣੀ 'ਤੇ ਤਰ ਜਾਂਦਾ ਹੈ। ਗੁਰੂ ਮਹਾਰਾਜ ਆਪਣੇ ਮਨ ਨੂੰ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਨ ਵਾਸਤੇ ਕਹਿੰਦੇ ਹਨ ਕਿਉਂਕਿ ਉਸ ਦੇ ਨਾਮ ਦਾ ਸਿਮਰਨ ਕੀਤਿਆਂ ਆਤਮਕ ਸੁੱਖ ਮਿਲਦਾ ਹੈ,

ਹਰਿ ਵੇਖੈ ਸੁਣੈ ਨਿਤ ਸਭੁ
ਕਿਛੁ ਤਿਦੂ ਕਿਛੁ ਗੁਝਾ ਨ ਹੋਇਆ॥
ਜੈਸਾ ਬੀਜੇ ਸੋ ਲੁਣੈ ਜੇਹਾ
ਪੁਰਬਿ ਕਿਨੈ ਬੋਇਆ॥
ਜਿਸੁ ਕ੍ਰਿਪਾ ਕਰੇ ਪ੍ਰਭੁ ਆਪਣੀ
ਤਿਸੁ ਸਤਿਗੁਰ ਕੇ ਚਰਣ ਧੋਇਆ॥
ਗੁਰ ਸਤਿਗੁਰ ਪਿਛੈ ਤਰਿ ਗਇਆ
ਜਿਉ ਲੋਹਾ ਕਾਠ ਸੰਗੋਇਆ॥
ਜਨ ਨਾਨਕ ਨਾਮੁ ਧਿਆਇ ਤੂ ਜਪਿ ਹਰਿ
ਹਰਿ ਨਾਮਿ ਸੁਖੁ ਹੋਇਆ॥੧॥
(ਪੰਨਾ ੩੦੯)

ਅੱਗੇ ਦੋ ਪੰਕਤੀਆਂ ਵਿਚ ਗੁਰੂ ਰਾਮਦਾਸ ਦਾ ਰਚਿਆ ਸਲੋਕ ਹੈ। ਗੁਰਬਾਣੀ ਵਿਚ ਗੁਰੂ ਦੇ ਰਸਤੇ 'ਤੇ ਚੱਲ ਕੇ ਪਤੀ-ਪਰਮਾਤਮਾ ਦੇ ਪ੍ਰੇਮ ਨੂੰ ਪਾ ਲੈਣ ਵਾਲੇ ਮਨੁੱਖ ਲਈ 'ਸੁਹਾਗਣ' ਇਸਤਰੀ ਦਾ ਚਿੰਨ੍ਹ ਵਰਤਿਆ ਹੈ। ਇਸ ਸਲੋਕ ਵਿਚ ਗੁਰੂ ਰਾਮਦਾਸ ਫੁਰਮਾਉਂਦੇ ਹਨ ਕਿ ਜਿਨ੍ਹਾਂ ਜੀਵਾਂ ਨੇ ਗੁਰੂ ਦੇ ਦੱਸੇ ਰਸਤੇ 'ਤੇ ਚੱਲ ਕੇ ਪ੍ਰਕਾਸ਼-ਰੂਪ ਪਰਮਾਤਮਾ-ਪਤੀ ਨੂੰ ਪਾ ਲਿਆ ਹੈ, ਉਹ ਚੰਗੇ ਭਾਗਾਂ ਵਾਲੀਆਂ ਅਤੇ ਸੁਹਾਗਣ ਇਸਤਰੀਆਂ ਹਨ। ਗੁਰੂ ਸਾਹਿਬ ਦੱਸਦੇ ਹਨ ਕਿ ਪਰਮਾਤਮ-ਨਾਮ ਵਿਚ ਲੀਨ ਹੋਇਆਂ ਮਨੁੱਖ ਦੇ ਅੰਦਰਲੀ ਰੱਬੀ ਜੋਤਿ ਜਗ ਪੈਂਦੀ ਹੈ,

ਵਡਭਾਗੀਆ ਸੋਹਾਗਣੀ
ਜਿਨਾ ਗੁਰਮੁਖਿ ਮਿਲਿਆ ਹਰਿ ਰਾਇ॥
ਅੰਤਰ ਜੋਤਿ ਪ੍ਰਗਾਸੀਆ
ਨਾਨਕ ਨਾਮਿ ਸਮਾਇ॥੨॥ (ਪੰਨਾ ੩੦੯)

ਇਸ ਤੋਂ ਅੱਗੇ ਪਉੜੀ ਵਿਚ ਗੁਰੂ ਰਾਮਦਾਸ ਨੇ ਮਨੁੱਖ ਦੇ ਸਰੀਰ ਨੂੰ ਧਰਮ ਕਮਾਉਣ ਦਾ ਸਥਾਨ ਕਿਹਾ ਹੈ ਜਿਸ ਵਿਚ ਰੱਬੀ ਜੋਤਿ ਦਾ ਨਿਵਾਸ ਹੈ, ਜਿਸ ਵਿਚ ਅਕਾਲ ਪੁਰਖ ਜੋਤਿ-ਸਰੂਪ ਹੋ ਕੇ ਸਮਾਇਆ ਹੋਇਆ ਹੈ। ਇਸ ਮਨੁੱਖੀ ਸਰੀਰ ਵਿਚ ਦੈਵੀ ਗੁਣ-ਰੂਪੀ ਕੀਮਤੀ ਰਤਨ ਅਰਥਾਤ ਰੱਬੀ ਗੁਣ-ਰੂਪ ਜਵਾਹਰਾਤ ਛੁਪੇ ਹੋਏ ਹਨ, ਜਿਨ੍ਹਾਂ ਦੀ ਖੋਜ ਗੁਰੂ ਦੇ ਦੱਸੇ ਰਸਤੇ 'ਤੇ ਚੱਲ ਕੇ ਕੀਤੀ ਜਾ ਸਕਣੀ ਸੰਭਵ ਹੈ ਅਰਥਾਤ ਇਨ੍ਹਾਂ ਗੁਣਾਂ ਨੂੰ ਅਮਲੀ ਰੂਪ ਗੁਰੂ ਦੀ ਸਿੱਖਿਆ 'ਤੇ ਚੱਲ ਕੇ ਦਿੱਤਾ ਜਾਂਦਾ ਹੈ। ਕੋਈ ਵਿਰਲਾ ਗੁਰੂ ਦਾ ਸੇਵਕ ਮਨੁੱਖ ਗੁਰੂ ਦੇ ਦੱਸੇ ਰਸਤੇ 'ਤੇ ਚੱਲ ਕੇ ਗੁਰੂ ਦੀ ਸਹਾਇਤਾ ਨਾਲ ਇਨ੍ਹਾਂ ਗੁਣਾਂ ਦੀ ਖੋਜ ਕਰਕੇ, ਅਧਿਆਤਮਕ ਵਿਚਾਰਾਂ ਰਾਹੀਂ ਇਨ੍ਹਾਂ ਨੂੰ ਲੱਭ ਲੈਂਦਾ ਹੈ। ਜਦੋਂ ਮਨੁੱਖ ਇਨ੍ਹਾਂ ਗੁਣਾਂ ਦੀ ਖੋਜ ਕਰ ਲੈਂਦਾ ਹੈ, ਫਿਰ ਉਸ ਨੂੰ ਸਾਰੀ ਸ੍ਰਿਸ਼ਟੀ ਵਿਚ ਉਸ ਇੱਕ ਅਕਾਲ ਪੁਰਖ ਦੀ ਜੋਤਿ ਵਸੀ ਹੋਈ ਨਜ਼ਰ ਆਉਂਦੀ ਹੈ। ਉਸ ਨੂੰ ਅਨੁਭਵ ਹੁੰਦਾ ਹੈ ਕਿ ਇਸ ਸਾਰੀ ਰਚਨਾ ਵਿਚ ਪਰਮਾਤਮਾ ਜੋਤਿ-ਸਰੂਪ ਹੋ ਕੇ ਸਮਾਇਆ ਹੋਇਆ ਹੈ, ਸਾਰੇ ਜੀਵ ਇੱਕੋ ਜੋਤਿ ਨਾਲ ਰੁਸ਼ਨਾਏ ਹੋਏ ਹਨ ਜਿਵੇਂ ਤਾਣੇ ਅਤੇ ਪੇਟੇ ਵਿਚ ਇਕੋ ਕਿਸਮ ਦਾ ਸੂਤਰ ਜਾਂ ਧਾਗਾ ਹੁੰਦਾ ਹੈ। ਇਸ ਅਨੁਭਵ ਉਪਰੰਤ ਉਹ ਗੁਰੂ ਦਾ ਸੇਵਕ ਹਰ ਇੱਕ ਵਿਚ ਇੱਕ ਅਕਾਲ ਪੁਰਖ ਨੂੰ ਦੇਖਦਾ ਹੈ, ਉਸ ਇੱਕ ਅਕਾਲ ਪੁਰਖ 'ਤੇ ਭਰੋਸਾ ਕਰਦਾ ਹੈ ਅਤੇ ਆਪਣੇ ਕੰਨਾਂ ਨਾਲ ਉਸ ਇੱਕ ਅਕਾਲ ਪੁਰਖ ਦੀਆਂ ਹੀ ਗੱਲਾਂ ਨੂੰ ਸੁਣਦਾ ਹੈ। ਗੁਰੂ ਸਾਹਿਬ ਆਪਣੇ ਮਨ ਨੂੰ ਸਮਝਾਉਂਦੇ ਹਨ ਕਿ ਤੂੰ ਵੀ ਉਸ ਇੱਕ ਅਕਾਲ ਪੁਰਖ ਦੇ ਨਾਮ ਦੀ ਵਡਿਆਈ ਕਰ, ਉਸ ਦੇ ਨਾਮ ਵਿਚ ਧਿਆਨ ਲਗਾ ਕੇ ਰੱਖ ਤਾਂ ਤੇਰੀ ਇਹ ਨਾਮ ਦੀ ਸੇਵਾ ਉਸ ਅਕਾਲ ਪੁਰਖ ਦੇ ਦਰ 'ਤੇ ਕਬੂਲ ਜ਼ਰੂਰ ਹੋਵੇਗੀ, ਤੇਰੀ ਸੇਵਾ ਪ੍ਰਵਾਨ ਚੜ੍ਹੇਗੀ,

ਇਹੁ ਸਰੀਰੁ ਸਭੁ ਧਰਮੁ ਹੈ
ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥
ਗੁਹਜ ਰਤਨ ਵਿਚਿ ਲੁਕਿ ਰਹੇ
ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥
ਸਭੁ ਆਤਮਰਾਮੁ ਪਛਾਣਿਆ
ਤਾਂ ਇਕੁ ਰਵਿਆ ਇਕੋ ਓਤਿ ਪੋਤਿ॥
ਇਕੁ ਦੇਖਿਆ ਇਕੁ ਮੰਨਿਆ
ਇਕੋ ਸੁਣਿਆ ਸ੍ਰਵਣ ਸਰੋਤਿ॥
ਜਨ ਨਾਨਕ ਨਾਮੁ ਸਲਾਹਿ ਤੂ
ਸਚੁ ਸਚੇ ਸੇਵਾ ਤੇਰੀ ਹੋਤਿ॥੧੬॥
(ਪੰਨਾ ੩੦੯-੧੦)

ਗੁਰੂ ਸਾਹਿਬ ਅਗਲੇ ਸਲੋਕ 'ਚ ਫੁਰਮਾਉਂਦੇ ਹਨ ਕਿ ਜਿਨ੍ਹਾਂ ਮਨੁੱਖਾਂ ਨੇ ਆਪਣੇ ਅੰਦਰ ਵੱਸ ਰਹੀ ਉਸ ਰੱਬੀ ਜੋਤਿ ਦਾ ਅਨੁਭਵ ਕਰ ਲਿਆ ਹੈ, ਸਮਝੋ ਦੁਨੀਆਂ ਦੇ ਸਾਰੇ ਪਦਾਰਥਾਂ ਦਾ ਸੁਆਦ ਉਨ੍ਹਾਂ ਦੇ ਅੰਦਰ ਹੈ। ਭਾਵ ਜਿਨ੍ਹਾਂ ਪਰਮਾਤਮਾ ਦੇ ਨਾਮ ਨੂੰ ਅਨੁਭਵ ਕਰ ਲਿਆ ਹੈ ਉਹ ਫਿਰ ਦੁਨਿਆਵੀ ਪਦਾਰਥਾਂ ਦੇ ਸੁਆਦ ਮਗਰ ਨਹੀਂ ਦੌੜਦੇ। ਉਹ ਉਜਲ ਮੁਖੜਿਆਂ ਨਾਲ ਅਕਾਲ ਪੁਰਖ ਦੇ ਦਰਵਾਜੇ 'ਤੇ ਜਾਂਦੇ ਹਨ ਅਰਥਾਤ ਉਨ੍ਹਾਂ ਦੇ ਮੁਖ ਪਵਿੱਤਰ ਹੁੰਦੇ ਹਨ, ਰੱਬੀ ਨੂਰ ਨਾਲ ਰੁਸ਼ਨਾਏ ਹੁੰਦੇ ਹਨ ਅਤੇ ਅਜਿਹੇ ਭਗਤ-ਜਨਾਂ ਦੇ ਦਰਸ਼ਨ ਕਰਨਾ ਹਰ ਕੋਈ ਲੋਚਦਾ ਹੈ। ਜਿਹੜੇ ਉਸ ਭੈ-ਰਹਿਤ ਅਕਾਲ ਪੁਰਖ ਦਾ ਧਿਆਨ ਧਰਦੇ ਹਨ, ਉਨ੍ਹਾਂ ਦੇ ਆਪਣੇ ਅੰਦਰੋਂ ਵੀ ਹਰ ਤਰ੍ਹਾਂ ਦੇ ਭੈ ਮੁੱਕ ਜਾਂਦੇ ਹਨ, ਅਜਿਹੇ ਮਨੁੱਖ ਉਸ ਨਿਰਭੈ ਦਾ ਸਿਮਰਨ ਕਰਕੇ ਆਪ ਵੀ ਭੈ-ਰਹਿਤ ਹੋ ਜਾਂਦੇ ਹਨ, ਆਪਣੇ ਅੰਦਰੋਂ ਹਰ ਤਰ੍ਹਾਂ ਦੇ ਭੈ ਖਤਮ ਕਰ ਦਿੰਦੇ ਹਨ। ਉਸ ਉਤਮ ਪਰਮਾਤਮਾ ਦਾ ਸਿਮਰਨ ਉਹੀ ਕਰਦੇ ਹਨ ਜਿਨ੍ਹਾਂ ਦੇ ਕੀਤੇ ਚੰਗੇ ਕਰਮਾਂ ਦੇ ਕਾਰਨ ਚੰਗੇ ਸੰਸਕਾਰ ਬਣ ਜਾਂਦੇ ਹਨ, ਜਿਨ੍ਹਾਂ ਦੇ ਕੀਤੇ ਚੰਗੇ ਕਰਮਾਂ ਕਰਕੇ ਧੁਰ ਦਰਗਾਹ ਤੋਂ ਉਨ੍ਹਾਂ ਦੇ ਭਾਗ ਵਿਚ ਪਰਮਾਤਮਾ ਦਾ ਸਿਮਰਨ ਕਰਨਾ ਲਿਖਿਆ ਹੁੰਦਾ ਹੈ,

ਸਭਿ ਰਸ ਤਿਨ ਕੈ ਰਿਦੈ ਹਹਿ
ਜਿਨ ਹਰਿ ਵਸਿਆ ਮਨ ਮਾਹਿ॥
ਹਰਿ ਦਰਗਹਿ ਤੇ ਮੁਖ ਉਜਲੇ
ਤਿਨ ਕਉ ਸਭਿ ਦੇਖਣ ਜਾਹਿ॥
ਜਿਨ ਨਿਰਭਉ ਨਾਮੁ ਧਿਆਇਆ
ਤਿਨ ਕਉ ਭਉ ਕੋਈ ਨਾਹਿ॥
ਹਰਿ ਉਤਮੁ ਤਿਨੀ ਸਰੇਵਿਆ
ਜਿਨ ਕਉ ਧੁਰਿ ਲਿਖਿਆ ਆਹਿ॥

ਅਜਿਹੇ ਮਨੁੱਖ ਜਿਨ੍ਹਾਂ ਨੇ ਆਪਣੇ ਅੰਦਰ ਰੱਬੀ ਜੋਤਿ ਦਾ ਅਨੁਭਵ ਕਰ ਲਿਆ ਹੈ, ਉਨ੍ਹਾਂ ਨੂੰ ਰੱਬੀ ਦਰਗਾਹ ਵਿਚ ਸਿਰੋਪਾਉ ਮਿਲਦਾ ਹੈ, ਸਤਿਕਾਰ ਦਿੱਤਾ ਜਾਂਦਾ ਹੈ। ਉਹ ਆਪ ਆਪਣੇ ਪਰਿਵਾਰ ਸਮੇਤ ਔਗੁਣਾਂ ਤੋਂ ਬਚ ਜਾਂਦੇ ਹਨ ਅਤੇ ਸੰਸਾਰ ਸਾਗਰ ਤੋਂ ਪਾਰ ਨਿਕਲ ਜਾਂਦੇ ਹਨ ਅਤੇ ਆਪਣੇ ਚੰਗੇ ਰਸਤੇ 'ਤੇ ਤੋਰ ਕੇ ਸਾਰੇ ਸੰਸਾਰ ਨੂੰ ਮੰਦੇ ਕੰਮਾਂ ਤੋਂ ਬਚਾ ਲੈਂਦੇ ਹਨ। ਗੁਰੂ ਮਹਾਰਾਜ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਕਿ ਉਨ੍ਹਾਂ ਦਾ ਮੇਲ ਵੀ ਅਜਿਹੇ ਜਨਾਂ ਨਾਲ ਕਰਵਾਏ ਤਾਂ ਕਿ ਉਹ ਅਜਿਹੇ ਬੰਦਿਆਂ ਨੂੰ ਦੇਖ ਦੇਖ ਕੇ ਜੀਵਣ,

ਤੇ ਹਰਿ ਦਰਗਹਿ ਪੈਨਾਈਅਹਿ
ਜਿਨ ਹਰਿ ਵੁਠਾ ਮਨ ਮਾਹਿ॥
ਓਇ ਆਪਿ ਤਰੇ ਸਭ ਕੁਟੰਬ ਸਿਉ
ਤਿਨ ਪਿਛੈ ਸਭੁ ਜਗਤੁ ਛਡਾਹਿ॥
ਜਨ ਨਾਨਕ ਕਉ ਹਰਿ ਮੇਲਿ ਜਨ
ਤਿਨ ਵੇਖਿ ਵੇਖਿ ਹਮ ਜੀਵਾਹਿ॥੧॥
(ਪੰਨਾ ੩੧੦)

ਅਗਲੇ ਸਲੋਕ ਵਿਚ ਗੁਰੂ ਰਾਮਦਾਸ ਸਤਿਗੁਰ ਦੇ ਗੁਣਾਂ ਦਾ ਬਿਆਨ ਕਰਦੇ ਹਨ ਕਿ ਸਤਿਗੁਰ ਜਿਸ ਧਰਤੀ 'ਤੇ ਆ ਕੇ ਬੈਠਦਾ ਹੈ, ਉਸ ਧਰਤੀ ਨੂੰ ਭਾਗ ਲੱਗ ਜਾਂਦੇ ਹਨ ਅਤੇ ਉਹ ਮੌਲ ਕੇ ਹਰੀ-ਭਰੀ ਹੋ ਜਾਂਦੀ ਹੈ। ਉਨ੍ਹਾਂ ਦੇ ਹਿਰਦੇ ਖਿੜ ਜਾਂਦੇ ਹਨ, ਚਿਹਰੇ 'ਤੇ ਨੂਰ ਆ ਜਾਂਦਾ ਹੈ ਜਿਹੜੇ ਜੀਵ ਸਤਿਗੁਰ ਦਾ ਦਰਸ਼ਨ ਕਰ ਲੈਂਦੇ ਹਨ। ਗੁਰੂ ਸਾਹਿਬ ਅੱਗੇ ਦੱਸਦੇ ਹਨ ਕਿ ਹੇ ਮਾਂ ਉਹ ਪਿਤਾ ਵੀ ਧੰਨ ਹੈ, ਉਹ ਕੁਲ ਵੀ ਧੰਨ ਹੈ ਅਤੇ ਮਾਤਾ ਵੀ ਧੰਨ ਹੈ ਜਿਸ ਨੇ ਸਤਿਗੁਰ ਨੂੰ ਜਨਮ ਦਿੱਤਾ ਹੈ। ਉਹ ਮਾਤਾ-ਪਿਤਾ ਵੱਡੇ ਭਾਗਾਂ ਵਾਲੇ ਹਨ ਜਿਨ੍ਹਾਂ ਦੇ ਘਰ ਸਤਿਗੁਰ ਦਾ ਜਨਮ ਹੋਇਆ ਹੈ। ਉਹ ਸਤਿਗੁਰ ਵੀ ਧੰਨ ਹੈ ਜਿਸ ਨੇ ਆਪ ਪਰਮਾਤਮਾ ਦੇ ਨਾਮ ਦਾ ਸਿਮਰਨ ਕੀਤਾ ਹੈ ਅਤੇ ਸਿਮਰਨ ਰਾਹੀਂ ਇਸ ਸੰਸਾਰ ਸਾਗਰ ਨੂੰ ਪਾਰ ਕਰ ਲਿਆ ਹੈ, ਜਿਨ੍ਹਾਂ ਨੇ ਉਸ ਦਾ ਦਰਸ਼ਨ ਕੀਤਾ ਹੈ, ਉਨ੍ਹਾਂ ਨੂੰ ਵੀ ਨਾਮ ਸਿਮਰਨ ਰਾਹੀਂ ਵਿਕਾਰਾਂ ਤੋਂ ਛੁਡਾ ਲਿਆ ਹੈ ਅਤੇ ਉਹ ਵੀ ਧੰਨ ਹੋ ਗਏ ਹਨ। ਗੁਰੂ ਸਾਹਿਬ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਕਿ ਉਨ੍ਹਾਂ ਨੂੰ ਵੀ ਮਿਹਰ ਕਰਕੇ ਅਜਿਹੇ ਸਤਿਗੁਰ ਨਾਲ ਮਿਲਾ ਤਾਂ ਕਿ ਉਹ ਉਸ ਦੇ ਪੈਰ ਧੋਣ,

ਸਾ ਧਰਤੀ ਭਈ ਹਰੀਆਵਲੀ
ਜਿਥੈ ਮੇਰਾ ਸਤਿਗੁਰੁ ਬੈਠਾ ਆਇ॥
ਸੇ ਜੰਤ ਭਏ ਹਰੀਆਵਲੇ
ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ॥
ਧਨੁ ਧੰਨ ਪਿਤਾ ਧਨੁ ਧੰਨੁ ਕੁਲੁ
ਧਨੁ ਧਨੁ ਸੁ ਜਨਨੀ
ਜਿਨਿ ਗੁਰੂ ਜਣਿਆ ਮਾਇ॥
ਧਨੁ ਧੰਨੁ ਗੁਰੂ ਜਿਨਿ ਨਾਮੁ ਅਰਾਧਿਆ
ਆਪਿ ਤਰਿਆ ਜਿਨੀ ਡਿਠਾ
ਤਿਨਾ ਲਏ ਛਡਾਇ॥
ਹਰਿ ਸਤਿਗੁਰੁ ਮੇਲਹੁ ਦਇਆ ਕਰਿ
ਜਨੁ ਨਾਨਕੁ ਧੋਵੈ ਪਾਇ॥੨॥ (ਪੰਨਾ ੩੧੦)

## ਹਰਿ, ਹਰੁ ਅਤੇ ਹਰ

ਗੁਰਬਾਣੀ ਸ਼ਬਦ-ਜੋੜ ਗਿਆਨੁ

ਗੁਰਬਾਣੀ ਦੀਆਂ ਸ਼ਬਦਾਂਤਕ ਲਗਾਂ 'ਸਿਹਾਰੀ' ਅਤੇ 'ਔਂਕੜ' ਜਾਂ ਕਿਸੇ ਭੀ ਥਾਂ 'ਤੇ ਲੱਗੀ ਕਿਸੇ ਲਗ ਨੂੰ ਪਾਠ ਵਿਚ ਨਿਸ਼ਚਿਤ ਧੁਨੀ ਸਮੇਤ ਨਾ ਬੋਲਣ ਵਿਚ ਪਾਠ ਦੀ ਸ਼ੁੱਧਤਾ ਕਾਇਮ ਨਹੀਂ ਰਹਿ ਸਕਦੀ। 'ਹਰਿ, ਹਰੁ ਅਤੇ ਹਰ'- ਤਿੰਨਾਂ ਸ਼ਬਦਾਂ ਵਿਚੋਂ ਦੋ ਸ਼ਬਦਾਂ ਦਾ ਪਾਠ 'ਹਰ' ਨਹੀਂ ਹੈ ਭਾਵੇਂ, ਸ਼ਬਦ ਜੋੜਾਂ ਦੀ ਅਣਦੇਖੀ ਕਰਕੇ ਕੀਤਾ ਜਾ ਰਿਹਾ ਹੈ। ਤਿੰਨਾਂ ਸ਼ਬਦਾਂ ਦੇ ਅਰਥ ਵੱਖ-ਵੱਖ, ਸ਼ਬਦ ਜੋੜ ਵੱਖ-ਵੱਖ ਹਨ ਤੇ ਉਚਾਰਣ ਇੱਕੋ ਜਿਹਾ ਨਹੀਂ ਹੋ ਸਕਦਾ।

**ਹਰਿ:**

(ੳ) ਨਾਂਵ ਇੱਕ ਵਚਨ, ਅਰਥ-ਪ੍ਰਭੂ।
ਹਰਿ ਜੀ ਮਾਤਾ ਹਰਿ ਜੀ ਪਿਤਾ
ਹਰਿ ਜੀਉ ਪ੍ਰਤਿਪਾਲਕ॥ (ਪੰਨਾ ੧੧੦੧)

(ਅ) ਹਰਿ ਰਸੁ ਪੀਵਹੁ
ਪੁਰਖ ਗਿਆਨੀ॥ (ਪੰਨਾ ੬੧੧)

'ਹਰਿ' ਬੋਲਣ 'ਤੇ ਅਰਥ- ਹੇ ਗਿਆਨੀ ਜਨੋਂ! ਰੱਬ ਦੇ ਨਾਮ ਦਾ ਰਸ ਪੀਆ ਕਰੋ। 'ਹਰਿ' ਨੂੰ 'ਹਰ' ਬੋਲਣ ਤੇ ਅਰਥ- ਹੇ ਗਿਆਨੀ ਪੁਰਸ਼ੋ ਹਰੇਕ ਰਸ ਦਾ ਸੁਆਦ ਮਾਣਿਆ ਕਰੋ!

(ੲ) ਦਾਵਾ ਅਗਨਿ ਰਹੇ ਹਰਿ ਬੂਟ॥
(ਪੰਨਾ ੬੧੪)

ਹਰਿ ਬੂਟ= ਹਰੀ ਬੂਟੀ ਵਿਚ। ਜੰਗਲ ਦੀ ਅੱਗ (ਦਾਵਾ ਅਗਨਿ) ਹਰੀ ਬੂਟੀ ਵਿਚ ਟਿਕੀ ਰਹਿੰਦੀ ਹੈ। 'ਹਰਿ' ਨੂੰ 'ਹਰ' ਪੜ੍ਹਨ ਤੇ ਗਲਤ ਅਰਥ ਬਣਨਗੇ-ਹਰੇਕ ਬੂਟਿਆਂ 'ਚ। ਪਾਠ ਸਮੇਂ ਸ਼ਬਦਾਂ ਦਾ ਸਹੀ ਭਾਸ਼ਾਈ ਸਰੂਪ ਬੋਲਣ 'ਤੇ ਸਰੋਤੇ ਸਹੀ ਦਿਸ਼ਾ ਨਿਰਦੇਸ਼ ਲੈ ਸਕਦੇ ਹਨ।

(ਸ) ਕਹਿ ਕਬੀਰ ਬੁਧਿ ਹਰਿ ਲਈ ਮੇਰੀ
ਬੁਧਿ ਬਦਲੀ ਸਿਧਿ ਪਾਈ॥ (ਪੰਨਾ ੩੩੯)

ਹਰਿ- ਕਿਰਿਆ ਸ਼ਬਦ 'ਹਰ' ਤੋਂ ਕਾਰਦੰਤਕ ਰੂਪ ਹੈ। ਹਰਿ ਲਈ- ਖੋਹ ਕੇ ਕੱਢ ਲਈ, ਦੂਰ ਕਰ ਦਿੱਤੀ। ਬੁਧਿ ਹਰਿ ਲਈ ਮੇਰੀ- ਮੇਰੀ ਮਤਿ ਖੋਹ ਕੇ ਆਪਣੀ ਮਤਿ 'ਚ ਬਦਲ ਦਿੱਤੀ।

**ਹਰੁ:**

(ੳ) ਪ੍ਰੇਰਣਾਰਥਕ ਕਿਰਿਆ, ਅਰਥ- ਦੂਰ ਕਰ ਲੈ। 'ਹਰੁ' ਸ਼ਬਦ ਦਾ ਪਾਠ ਨਾ ਤਾਂ 'ਹਰ' ਹੈ ਤੇ ਨਾ ਹੀ 'ਹਰੂ' ਹੈ। ਕੇਵਲ ਨਿਸ਼ਚਿਤ ਮਾਤਰਾ ਹੀ ਬੋਲਣੀ ਹੈ, ਬਦਲਣੀ ਨਹੀਂ। 'ਹਰੁ' ਨੂੰ 'ਹਰ' ਅਤੇ 'ਹਰੂ' ਬੋਲਣਾ ਠੀਕ ਨਹੀਂ ਹੈ।

ਪਾਵਨ ਨਾਮੁ ਜਗਤ ਮੈ ਹਰਿ ਕੋ ਸਿਮਰਿ ਸਿਮਰਿ ਕਸਮਲ ਸਭ ਹਰੁ ਰੇ॥ (ਪੰਨਾ ੨੨੦)

ਇਸ ਇੱਕੋ ਤੁਕ ਵਿਚ 'ਹਰਿ' ਤੇ 'ਹਰੁ' ਦੋਵੇਂ ਸ਼ਬਦ ਹਨ, ਦੋਹਾਂ ਨੂੰ 'ਹਰ' ਬੋਲਣਾ ਨਿਸ਼ਚੈ ਹੀ ਅਣਦੇਖੀ ਹੈ। ਕਸਮਲ- ਸੰਸਕ੍ਰਿਤ ਭਾਸ਼ਾ, ਪਾਠ ਕਸ਼ੰਮਲ, ਅਰਥ- ਪਾਪ। ਹਰੁ- ਦੂਰ ਕਰ ਲੈ, ਖਤਮ ਕਰ ਲੈ। ਹਰਿ- ਪ੍ਰਭੂ।

(ਅ) ਲੇਵਹੁ ਕੰਠਿ ਲਗਾਇ
ਅਪਦਾ ਸਭ ਹਰੁ॥ (ਪੰਨਾ ੧੨੫੧)

ਅਪਦਾ ਸਭ ਹਰੁ= ਸਾਰੀ ਵੇਦਨ ਦੂਰ ਕਰੋ ਜੀ।

(ਹਰੁ ਨੂੰ 'ਹਰ' ਪੜ੍ਹਨ ਤੇ ਗ਼ਲਤ ਅਰਥ ਹੋਣਗੇ 'ਹਰੇਕ ਸਾਰੀ ਵੇਦਨ')

**ਹਰ:**

(ੳ) ਹਰ- ਫ਼ਾਰਸੀ ਭਾਸ਼ਾ ਤੋਂ, ਅਰਥ ਹੈ- ਹਰੇਕ।

ਤੁਰੇ ਪਲਾਣੇ ਪਉਣ ਵੇਗ
ਹਰ ਰੰਗੀ ਹਰਮ ਸਵਾਰਿਆ॥ (ਪੰਨਾ ੪੭੨)

ਅਰਥ- ਜਿਨ੍ਹਾਂ ਕੋਲ ਹਵਾ ਵਰਗੀ ਤਿੱਖੀ ਚਾਲ ਵਾਲੇ ਕਾਠੀਆਂ ਸਮੇਤ ਘੋੜੇ ਹੁੰਦੇ ਹਨ ਤੇ ਜਿਨ੍ਹਾਂ ਨੇ ਆਪਣੇ ਹਰਮਾਂ ਨੂੰ ਹਰੇਕ ਰੰਗ ਨਾਲ ਸ਼ਿੰਗਾਰਿਆ ਹੁੰਦਾ ਹੈ। ਤੁਰੇ- ਘੋੜੇ। ਪਲਾਣੇ- ਕਾਠੀਆਂ। ਹਰ ਰੰਗੀ- ਹਰ ਕਿਸਮ ਦੇ ਰੰਗ ਨਾਲ।

(ਅ) ਰਾਮ ਨਾਮ ਰਸੁ ਚਾਖਿਆ
ਹਰਿ ਨਾਮਾ ਹਰ ਤਾਰਿ॥
(ਪੰਨਾ ੧੧੦੩)

ਹਰ ਤਾਰਿ= ਹਰੇਕ ਤਾਲ (ਕੌਤਕ) ਵਿਚ।

(ੲ) 'ਹਰ' ਸ਼ਬਦ ਦੀ ਵਰਤੋਂ 'ਹਰਾ' ਸ਼ਬਦ ਨੂੰ ਸੰਖੇਪ ਵਿਚ ਲਿਖਣ ਲਈ ਭੀ ਕੀਤੀ ਗਈ ਹੈ। ਜਿਵੇਂ,

ਹਰ ਹਰਾ ਸੁਆਮੀ ਸੁਖਹਗਾਮੀ
ਅਨਦ ਮੰਗਲ ਰਸ ਘਣਾ॥ (ਪੰਨਾ ੯੪੭)

ਹਰ ਹਰਾ= ਹਰਾ ਹਰਾ, ਹਰਾ-ਭਰਾ ਕਰਨ ਵਾਲਾ, ਆਤਮਕ ਜੀਵਨ ਦੇਣ ਵਾਲਾ।

(ਸ) 'ਹਰ' ਸ਼ਬਦ ਦੀ ਵਰਤੋਂ 'ਦੂਰ ਕਰਨ ਵਾਲਾ' ਦੇ ਅਰਥਾਂ ਵਿਚ ਭੀ ਕੀਤੀ ਗਈ ਹੈ। ਜਿਵੇਂ,

ਅਉਖਧ ਮੰਤ੍ਰ ਤੰਤ੍ਰ ਪਰ ਦੁਖ ਹਰ
ਸਰਬ ਰੋਗ ਖੰਡਣ ਗੁਣਕਾਰੀ॥
(ਪੰਨਾ ੧੩੮੮)

ਪਰ ਦੁਖ ਹਰ= ਪਰਾਏ ਦੁੱਖ ਦੂਰ ਕਰਨ ਵਾਲਾ।

-ਪ੍ਰੋ. ਕਸ਼ਮੀਰਾ ਸਿੰਘ
ਫੋਨ: 801-414-0171

ਵਿਚਾਰ-ਚਰਚਾ

# ਸਿੱਖੀ, ਨਿਘਾਰ ਤੇ ਹਾਹਾਕਾਰ: ਕੁਝ ਪਹਿਲੂ

*'ਪੰਜਾਬ ਟਾਈਮਜ਼' ਦੇ ਅੰਕ 32 ਵਿਚ ਉਘੇ ਸਿੱਖ ਵਿਦਵਾਨ ਪ੍ਰੋ. ਬਲਕਾਰ ਸਿੰਘ ਦਾ ਲੇਖ 'ਅਕਾਲ ਤਖਤ ਸਾਹਿਬ ਦੀਆਂ ਪ੍ਰਬੰਧਕੀ ਵੰਗਾਰਾਂ ਦਾ ਪੰਥਕ ਪ੍ਰਸੰਗ' ਛਾਪਿਆ ਸੀ। ਇਸ ਲੇਖ ਬਾਰੇ ਫੋਨ ਉਤੇ ਪਾਠਕਾਂ ਨੇ ਖੂਬ ਹੁੰਗਾਰਾ ਭਰਿਆ ਹੈ। ਇਸੇ ਦੌਰਾਨ ਸਾਨੂੰ ਬੀਬੀ ਰਾਜਬੀਰ ਕੌਰ ਢੀਂਡਸਾ ਦਾ ਲੇਖ ਪ੍ਰਾਪਤ ਹੋਇਆ ਹੈ। ਇਸ ਲੇਖ ਵਿਚ ਉਨ੍ਹਾਂ ਸਿੱਧੀਆਂ ਅਕਾਲ ਤਖਤ ਬਾਰੇ ਤਾਂ ਨਹੀਂ, ਪਰ ਸਿੱਖੀ ਨੂੰ ਪੈ ਰਹੀ ਪਛਾੜ ਬਾਰੇ ਗੱਲਾਂ ਕੀਤੀਆਂ ਹੋਈਆਂ ਹਨ ਜਿਨ੍ਹਾਂ ਬਾਬਤ ਅੱਜ ਕੱਲ੍ਹ ਹਰ ਸਿੱਖ ਸੋਚ ਰਿਹਾ ਹੈ। ਸੰਭਵ ਹੈ ਕਿ ਇਨ੍ਹਾਂ ਦੋਹਾਂ ਲੇਖਾਂ ਵਿਚ ਕੀਤੀਆਂ ਗਈਆਂ ਟਿੱਪਣੀਆਂ ਬਾਰੇ ਕਿਸੇ ਦੀ ਸਹਿਮਤੀ ਜਾਂ ਅਸਹਿਮਤੀ ਹੋਵੇ, ਪਰ ਸਾਡਾ ਮਕਸਦ ਸਿੱਖੀ ਨੂੰ ਪੈ ਰਹੀ ਪਛਾੜ ਬਾਰੇ ਸੰਵਾਦ ਰਚਾਉਣਾ ਹੈ। ਇਸ ਲਈ ਇਸ ਸਿਲਸਿਲੇ ਵਿਚ ਆਈ ਹਰ ਲਿਖਤ ਨੂੰ ਪਰਚੇ ਵਿਚ ਬਣਦੀ ਥਾਂ ਦਿੱਤੀ ਜਾਵੇਗੀ। -ਸੰਪਾਦਕ*

ਅਕਸਰ ਕਿਹਾ ਜਾਂਦਾ ਰਿਹਾ ਹੈ ਕਿ ਸਿੱਖ ਹਿੰਦੂਆਂ ਦਾ ਹਿੱਸਾ ਹਨ, ਜਾਂ ਕਹਿ ਲਿਆ ਜਾਵੇ ਕਿ ਹਿੰਦੂਆਂ ਨੂੰ ਹੀ ਸਿੱਖ ਬਣਾਇਆ ਗਿਆ, ਭਾਵ ਸਿੱਖ ਹਿੰਦੂ ਹੀ ਹਨ। ਹਿੰਦੂ ਅਤੇ ਸਿੱਖ ਵਿਚ ਕੀ ਅੰਤਰ ਹੈ, ਇਸ ਬਹਿਸ ਵਿਚ ਨਾ ਪੈਂਦਿਆਂ ਮੈਂ ਕੇਵਲ ਇਕ ਦਲੀਲ ਦੇ ਕੇ ਫਰਕ ਦੱਸਾਂਗੀ। ਹਿੰਦੁਸਤਾਨ ਉਤੇ ਮੁਸਲਮਾਨਾਂ ਵੱਲੋਂ ਹਮਲੇ 7ਵੀਂ ਸਦੀ ਦੇ ਮੱਧ ਵਿਚ ਅਰੰਭ ਹੋਏ। ਅਰਬ ਜੇਤੂਆਂ ਮਗਰੋਂ ਅਫਗਾਨ ਲੁਟੇਰਿਆਂ ਵੱਲੋਂ ਹਾਹਾਕਾਰ ਮਚਾਉਣ ਮਗਰੋਂ ਹਿੰਦੁਸਤਾਨ ਦਾ ਸਭ ਤੋਂ ਪਹਿਲਾ ਜੇਤੂ ਇਲਾਕਾ ਪੰਜਾਬ ਸੀ, ਭਾਵ ਪੰਜਾਬ ਦੇ ਵਸਨੀਕਾਂ ਨੂੰ ਸਭ ਤੋਂ ਪਹਿਲਾਂ ਜ਼ੁਲਮ ਦਾ ਸ਼ਿਕਾਰ ਬਣਾਇਆ ਗਿਆ। ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਪੰਜਾਬ ਵਿਚ ਸਿੱਖੀ ਦੀ ਨੀਂਹ ਰੱਖੀ ਗਈ

**ਰਾਜਬੀਰ ਕੌਰ ਢੀਂਡਸਾ**
**ਫੋਨ: 510-566-7883**

ਅਤੇ ਦਸਵੇਂ ਪਾਤਸ਼ਾਹ ਨੇ ਖੰਡੇ ਬਾਟੇ ਦੀ ਪਹੁਲ ਦੇ ਕੇ ਖਾਲਸਾ ਪੰਥ ਦੀ ਸਥਾਪਨਾ ਕੀਤੀ। ਮੁਗਲ ਰਾਜ ਤੋਂ ਬਾਅਦ ਹਿੰਦੁਸਤਾਨ ਉਤੇ ਅੰਗਰੇਜ਼ਾਂ ਦਾ ਕਬਜ਼ਾ ਹੋਇਆ ਤਾਂ ਉਨ੍ਹਾਂ ਦਾ ਆਖਰੀ ਜੇਤੂ ਇਲਾਕਾ ਪੰਜਾਬ ਸੀ, ਭਾਵ ਇਸ ਖਾਲਸਾ ਫੌਜ ਦੀ ਦਲੇਰੀ ਕਾਰਨ ਅੰਗਰੇਜ਼ ਭਾਰਤ ਦੇ ਇਸ ਇਲਾਕੇ ਨੂੰ ਸਭ ਤੋਂ ਅਖੀਰ ਵਿਚ ਕਬਜ਼ੇ ਅਧੀਨ ਲਿਆ ਸਕੇ। ਹਿੰਦੂ ਅਤੇ ਸਿੱਖਾਂ ਵਿਚ ਕੀ ਅੰਤਰ ਹੈ, ਇਹ ਦਲੀਲ ਸ਼ਾਇਦ ਪਾਠਕ ਦੇ ਮਨ ਵਿਚ ਆਉਣ ਵਾਲੇ ਹਰ ਸਵਾਲ ਦਾ ਜਵਾਬ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਰਮ-ਕਾਂਡ, ਪਖੰਡ, ਧਾਰਮਿਕ ਅਡੰਬਰ, ਜ਼ੁਲਮ ਅਤੇ ਗੁਲਾਮੀ ਵਿਰੁਧ ਉਠਾਈ ਇਹ ਆਵਾਜ਼ ਇੰਨੀ ਬੁਲੰਦ ਹੋ ਨਿਬੜੀ ਕਿ ਵਿਚਾਰਧਾਰਾ ਬਣਦੀ-ਬਣਦੀ ਵਿਲੱਖਣ ਕੌਮ ਦੇ ਰੂਪ ਵਿਚ ਉਭਰ ਕੇ ਸਾਹਮਣੇ ਆਈ। 40 ਹਜ਼ਾਰ ਕਿਲੋਮੀਟਰ ਦਾ ਸਫਰ ਤੈਅ ਕਰ ਕੇ ਗੁਰੂ ਸਾਹਿਬ ਨੇ ਇਸ ਵਿਚਾਰਧਾਰਾ ਨੂੰ ਦੁਨੀਆਂ ਦੇ ਕੋਨੇ-ਕੋਨੇ ਤੱਕ ਪਹੁੰਚਾ ਕੇ ਭਟਕੀ ਹੋਈ ਲੋਕਾਈ ਨੂੰ ਇਲਾਹੀ ਬਾਣੀ ਰਾਹੀਂ ਸਿੱਧੇ ਰਾਹੇ ਪਾਇਆ। ਇਹ ਵਿਚਾਰਧਾਰਾ ਗੱਦੀ-ਦਰ-ਗੱਦੀ 10ਵੇਂ ਗੁਰੂ ਤੱਕ ਪਹੁੰਚ, 1699 ਦੀ ਵਿਸਾਖੀ ਵਾਲੇ ਦਿਨ ਉਹ ਰੂਪ ਧਾਰਨ ਕਰ ਗਈ ਜਿਸ ਰੂਪ ਦੇ ਵਾਰਸਾਂ ਨੇ ਦੁਨੀਆਂ ਉਤੇ ਸ਼ਹੀਦੀਆਂ, ਕੁਰਬਾਨੀਆਂ ਅਤੇ ਉਚੇ ਕਿਰਦਾਰਾਂ ਦੀਆਂ ਮਿਸਾਲਾਂ ਕਾਇਮ ਕਰ ਦਿੱਤੀਆਂ। ਖੰਡੇ ਬਾਟੇ ਦੀ ਪਾਵਨ ਪਹੁਲ ਨੇ ਸਿੱਖਾਂ ਨੂੰ ਅਜਿਹੇ ਸਿੰਘ ਬਣਾ ਦਿੱਤਾ ਜਿਨ੍ਹਾਂ ਸਬਰ ਅਤੇ ਸਿਦਕ ਦੀਆਂ ਸਭ ਹੱਦਾਂ ਟੱਪਦਿਆਂ ਕੇਵਲ ਆਪਣੇ ਹੱਕਾਂ ਲਈ ਹੀ ਨਹੀਂ, ਸਗੋਂ ਸਰਬੱਤ ਦੇ ਭਲੇ ਲਈ ਤਲਵਾਰ ਚੁੱਕੀ ਤੇ ਜ਼ਾਲਮਾਂ ਨੂੰ ਭਾਜੜਾਂ ਪਾ ਦਿੱਤੀਆਂ।

ਪਰ ਅੱਜ ਸਿੱਖ ਵਿਚੋਂ ਮੁੱਕ ਚੁੱਕੇ ਸਿਦਕ, ਧਰਮ, ਬਿਬੇਕ ਬੁੱਧੀ, ਸਿੱਖੀ ਅਤੇ ਸੋਚਣ-ਵਿਚਾਰਨ ਦੀ ਦੂਰ-ਅੰਦੇਸ਼ੀ ਸੋਚ ਨੇ ਸਿੱਖ ਨੂੰ ਮੁੜ ਦੁਚਿੱਤੀ, ਜਾਤੀਵਾਦ ਅਤੇ ਕਰਮ ਕਾਂਡਾਂ ਦੀ ਦਲਦਲ ਵਿਚ ਫਸਾ ਕੇ ਸਿੱਖੀ ਨੂੰ ਅਜਿਹੀ ਢਾਹ ਲਾਈ ਹੈ ਕਿ ਰਾਹ ਲੱਭਣਾ ਮੁਸ਼ਕਲ ਹੋ ਗਿਆ ਹੈ। ਸਮੇਂ-ਸਮੇਂ 'ਤੇ ਵੱਖ-ਵੱਖ ਦਲੀਲਾਂ ਅਤੇ ਸਬੂਤਾਂ ਰਾਹੀਂ ਹਿੰਦੂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਆਪਣਾ ਦੇਵਤਾ, ਮੁਸਲਮਾਨ ਆਪਣਾ ਪੀਰ ਸਾਬਤ ਕਰਨ ਦੇ ਯਤਨ ਕਰਦੇ ਰਹੇ ਹਨ। ਉਨ੍ਹਾਂ ਦੀਆਂ ਦਲੀਲਾਂ ਅਤੇ ਸਬੂਤਾਂ ਨੂੰ ਸਿੱਖ ਵਿਦਵਾਨ ਆਪੋ-ਆਪਣੇ ਤਜ਼ਰਬੇ ਰਾਹੀਂ ਬੜੇ ਸੋਹਣੇ ਢੰਗ ਨਾਲ ਨਕਾਰਦੇ ਰਹੇ ਹਨ, ਪਰ ਅਫਸੋਸ! ਗੁਰੂ ਸਾਹਿਬ ਦੀ ਫਿਲਾਸਫੀ ਨੂੰ ਹਿੰਦੂਆਂ, ਮੁਸਲਮਾਨਾਂ ਨੇ ਤਾਂ ਕੀ, ਇਥੋਂ ਤੱਕ ਕਿ ਸਿੱਖਾਂ ਨੇ ਵੀ ਨਾ ਸਮਝਿਆ ਤੇ ਨਾ ਹੀ ਅਪਨਾਇਆ। ਗੁਰੂ ਸਾਹਿਬ ਨੇ ਜੋ ਸੋਚ ਦੁਨੀਆਂ ਭਰ 'ਚ ਫੈਲਾਈ, ਉਸ ਸੋਚ ਨੂੰ ਅਸੀਂ ਆਪਣੇ ਘਰਾਂ ਵਿਚ ਵੀ ਬਣਦਾ ਸਥਾਨ ਨਾ ਦੇ ਸਕੇ। ਇਸ ਸੋਚ ਨੂੰ ਦੁਨੀਆਂ 'ਚ ਫੈਲਾਉਣਾ ਤਾਂ ਦੂਰ, ਅਸੀਂ ਆਪਸ ਵਿਚ ਹੀ ਉਲਝ ਕੇ ਰਹਿ ਗਏ। ਆਮ ਸਿੱਖ ਕਰਮ ਕਾਂਡੀ, ਵਿਕਾਰੀ ਅਤੇ ਕੇਸਾਧਾਰੀ ਹਿੰਦੂ ਬਣ ਕੇ ਰਹਿ ਗਿਆ ਅਤੇ ਜਿਨ੍ਹਾਂ ਨੂੰ ਇਸ ਫਲਸਫੇ ਦੀ ਕੁਝ ਸੂਝ ਸੀ, ਉਹ ਭਟਕੇ ਸਿੱਖਾਂ ਨੂੰ ਸਹੀ ਰਾਹ 'ਤੇ ਲਿਆਉਣ 'ਚ ਹੀ ਸਮਾਂ ਗਵਾ ਬੈਠੇ। ਲਗਾਤਾਰ ਦੋਸ਼ ਲੱਗਦੇ ਰਹੇ ਸਰਕਾਰਾਂ 'ਤੇ, ਮੀਡੀਆ 'ਤੇ, ਧਾਰਮਿਕ ਆਗੂਆਂ ਜਾਂ ਡੇਰੇਦਾਰਾਂ 'ਤੇ, ਪਰ ਤਾੜੀ ਤਾਂ ਕਦੇ ਵੀ ਇਕ ਹੱਥ ਨਾਲ ਨਹੀਂ ਵੱਜਦੀ। ਫਿਰ ਅਸੀਂ ਆਪਣੇ-ਆਪ ਨੂੰ ਕੀ ਦਲੀਲ ਦੇ ਕੇ ਨਿਰਦੋਸ਼ ਸਾਬਤ ਕਰ ਰਹੇ ਹਾਂ? ਅਸਲ 'ਚ ਇਨਸਾਨ ਦੀ ਫਿਤਰਤ ਹੈ, ਆਪਣੇ ਉਤੇ ਹੋਏ ਹਰ ਜ਼ੁਲਮ, ਹਰ ਨਾਇਨਸਾਫੀ ਲਈ ਕਿਸੇ ਦੂਜੇ ਨੂੰ ਜ਼ਿੰਮੇਦਾਰ ਠਹਿਰਾ ਕੇ ਆਪ ਨੂੰ ਵਿਚਾਰਾ, ਮਜਬੂਰ ਅਤੇ ਤਰਸ ਦਾ ਪਾਤਰ ਬਣਾ ਕੇ ਪੇਸ਼ ਕਰਦਾ ਹੈ। ਫਿਰ ਸਿੱਖ ਵੀ ਬਹਾਨੇਬਾਜ਼ ਬਣਨ ਤੋਂ ਕਿਵੇਂ ਬਚ ਸਕਦਾ ਸੀ? ਸਿੱਖ ਕਦੇ ਘੱਟ-ਗਿਣਤੀ ਹੋਣ ਦਾ ਬਹਾਨਾ ਲਾਉਂਦਾ ਹੈ, ਕਦੇ ਧਾਰਮਿਕ ਆਗੂਆਂ ਸਿਰ ਦੋਸ਼ ਮੜ੍ਹਦਾ ਹੈ, ਕਦੇ ਬਿਪਰਵਾਦੀ ਸੋਚ ਹੇਠ ਦੱਬੇ ਜਾਣ ਦੀ ਦੁਹਾਈ ਦਿੰਦਾ ਹੋਇਆ ਸਭ ਜ਼ਿੰਮੇਦਾਰੀਆਂ ਤੋਂ ਪੱਲਾ ਝਾੜਦਾ ਨਜ਼ਰੀਂ ਆਉਂਦਾ ਹੈ।

ਅੱਜ ਦੇ ਸਿੱਖ ਦਾ ਸਭ ਤੋਂ ਪਹਿਲਾ ਬਹਾਨਾ ਘੱਟ-ਗਿਣਤੀ ਹੋਣ ਦਾ ਹੈ। ਜੇ ਘੱਟ-ਗਿਣਤੀ ਹੋਣ ਕਾਰਨ ਹੀ ਅੱਜ ਉਹ ਪਛੜ ਗਿਆ ਹੈ, ਤਾਂ ਫਿਰ ਸਵਾਲ ਉਠਦਾ ਹੈ ਕਿ ਸਿੱਖਾਂ ਦੀ ਬਹੁ-ਗਿਣਤੀ ਕਦੋਂ ਸੀ? ਮੁਗਲ ਰਾਜ ਹੋਵੇ, ਅੰਗਰੇਜ਼ ਹਕੂਮਤ ਹੋਵੇ, ਤੇ ਜਾਂ ਫਿਰ ਸਿੱਖਾਂ ਦਾ ਰਾਜ; ਸਿੱਖ ਤਾਂ ਮੁੱਢ ਤੋਂ ਹੀ ਮੁੱਠੀ ਭਰ ਰਹੇ ਹਨ। ਖੈਰ! ਇਸ ਨਿਘਾਰ ਵਿਚ ਅਕਾਲ ਤਖਤ ਤੋਂ ਕੌਮ ਦੀ ਸੇਵਾ ਵਿਚ ਬੈਠੇ ਧਾਰਮਿਕ ਆਗੂਆਂ ਨੇ ਵੀ ਪੂਰਾ ਯੋਗਦਾਨ ਪਾਇਆ ਹੈ। ਧਾਰਮਿਕ ਆਗੂ, ਭਾਵ ਕੌਮ ਦੀ ਅਗਵਾਈ ਕਰਨ ਵਾਲਾ ਸਿਰੜੀ ਅਤੇ ਧਰਮੀ ਹੋਣ ਦੀ ਮਿਸਾਲ ਹੋਣਾ ਚਾਹੀਦਾ ਹੈ, ਰੋਲ-ਮਾਡਲ ਦੇ ਰੂਪ ਵਿਚ ਜਾਣਿਆ ਜਾਣਾ ਚਾਹੀਦਾ ਹੈ, ਪਰ ਸਾਡੇ ਧਾਰਮਿਕ ਆਗੂਆਂ ਨੇ ਕੁਰਸੀ, ਫੋਕੀ ਚੌਧਰ ਦੀ ਲਾਲਸਾ ਅਤੇ ਧਨ ਇਕੱਠਾ ਕਰਨ ਦੀ ਦੌੜ ਵਿਚ ਸਿੱਖ, ਸਿੱਖੀ ਅਤੇ ਸਿੱਖ ਮਸਲੇ ਛਿੱਕੇ 'ਤੇ ਟੰਗ ਛੱਡੇ। ਅਕਾਲ ਤਖਤ ਤੋਂ ਸ਼ੁਰੂ ਹੋਈ ਨਿੱਜ ਦੀ ਇਸ ਸੋਚ ਨੇ ਸਿੱਖੀ ਨੂੰ ਢਾਹ ਹੀ ਲਾਈ ਹੈ। ਅੱਜ ਦੁਨੀਆਂ ਭਰ ਵਿਚ ਗੁਰਦੁਆਰਿਆਂ ਦੀ ਗਿਣਤੀ ਤਾਂ ਬੇਸ਼ਕ ਅਣਗਿਣਤ ਹੋ ਗਈ ਹੈ ਪਰ ਖਾਲਸ ਸਿੱਖ ਅਤੇ ਸਿੱਖੀ ਲੱਭਿਆਂ ਨਹੀਂ ਲੱਭਦੇ। ਸਿੱਖ ਅੱਜ ਤੱਕ ਵੀ ਮਾਸਾਹਾਰੀ, ਕੇਸਾਧਾਰੀ, ਦੇਹਧਾਰੀ ਆਦਿ ਮੁੱਦਿਆਂ ਉਤੇ ਇਕਮਤ ਨਹੀਂ ਹੋ ਸਕੇ। ਹਰ ਵਿਸ਼ੇ ਨੂੰ ਲੈ ਕੇ ਦੋਫਾੜ ਹੋਏ ਸਿੱਖ, ਕੁਝ ਕੁ ਲਾਲਚੀ ਅਤੇ ਸਵਾਰਥੀ ਲੋਕਾਂ ਦੁਆਰਾ ਵਰਤੇ ਜਾ ਰਹੇ ਹਨ। ਸਿੱਖਾਂ ਦੇ ਹੋਰ ਮਸਲਿਆਂ ਜਾਂ ਸਿੱਖੀ ਦੇ ਉਭਾਰ ਬਾਰੇ ਵਿਚਾਰ ਕਰਨ ਨਾਲੋਂ ਗੈਰ-ਜ਼ਰੂਰੀ ਵਿਸ਼ਿਆਂ ਨੂੰ ਮੁੱਦੇ ਬਣਾ ਕੇ ਗੁੰਮਰਾਹ ਕੀਤਾ ਜਾ ਰਿਹਾ ਹੈ। ਸਿੱਖ ਭਾਵੇਂ ਜਿਥੇ ਕਿਤੇ ਵੀ ਗਿਆ, ਉਸ ਨੇ ਸਭ ਤੋਂ ਪਹਿਲਾ ਕੰਮ ਗੁਰਦੁਆਰੇ ਉਸਾਰਨ ਦਾ ਕੀਤਾ। ਇਸ ਹੱਲੇ ਸਦਕਾ ਅੱਜ ਹਰ ਸ਼ਹਿਰ, ਪਿੰਡ, ਕਸਬੇ ਵਿਚ ਘੱਟੋ-ਘੱਟ ਤਿੰਨ ਤੋਂ ਚਾਰ ਗੁਰਦੁਆਰੇ ਆਮ ਹੀ ਦੇਖਣ ਨੂੰ ਮਿਲ ਜਾਂਦੇ ਹਨ ਜਿਥੇ ਖੁੱਲ੍ਹੇ ਲੰਗਰ, ਕੀਰਤਨ ਅਤੇ ਪਾਠ ਲਗਾਤਾਰ ਚੱਲ ਰਹੇ ਹੁੰਦੇ ਹਨ ਪਰ ਇਹ ਕੀਰਤਨ ਜੋ ਗੁਰਮਤਿ ਅਨੁਸਾਰ ਰਾਗਾਂ ਵਿਚ ਹੋਣਾ ਚਾਹੀਦਾ ਹੈ, ਨਾ ਹੋ ਕੇ ਰੀਤਾਂ ਉਤੇ ਆਧਾਰਤ ਹੁੰਦਾ ਹੈ। ਲੰਗਰ ਇਕੱਠੇ ਉਚ-ਨੀਚ, ਜਾਤ-ਪਾਤ ਦੇ ਵਿਤਕਰੇ ਤੋਂ ਪਰੇ, ਸਾਦੇ ਦਾਲ ਫੁਲਕੇ ਦੀ ਥਾਂ ਵੰਨ-ਸੁਵੰਨੇ ਪਕਵਾਨਾਂ ਨੇ ਲੈ ਲਈ ਅਤੇ ਬਾਣੀ ਦਾ ਪਾਠ ਰਸਮੀਂ ਜਾਂ ਪੁੰਨ ਖੱਟਣ ਦਾ ਜ਼ਰੀਆ ਬਣ ਕੇ ਰਹਿ ਗਿਆ ਹੈ। ਕੋਈ ਵੀ ਗੁਰਦੁਆਰਾ ਸਿੱਖੀ ਅਤੇ ਸਿੱਖ ਇਤਿਹਾਸ ਸਾਂਭਣ ਵਿਚ ਕਾਮਯਾਬ ਨਾ ਹੋ ਸਕਿਆ। ਗੁਰਦੁਆਰਿਆਂ ਦੀਆਂ ਕੰਧਾਂ 'ਤੇ ਗੁਰੂਆਂ ਦੀਆਂ ਤਸਵੀਰਾਂ ਜੋ ਗੁਰਮਤਿ ਦੇ ਬਿਲਕੁਲ ਉਲਟ ਹੈ, ਆਮ ਹੀ ਦੇਖਣ ਨੂੰ ਮਿਲ ਜਾਂਦੀਆਂ ਹਨ। ਗੁਰੂਆਂ ਦੇ ਮਹਾਨ ਕਾਰਜਾਂ, ਕੁਰਬਾਨੀਆਂ, ਸਮਾਜ ਨੂੰ ਦਿੱਤੀ ਗਈ ਸੇਧ ਜਾਂ ਵਿਚਾਰਧਾਰਾ ਦੀ ਥਾਂ ਕੰਧ ਉਤੇ ਬੋਰਡ ਉਪਰ ਜਨਮ, ਸ਼ਹੀਦੀ ਅਤੇ ਗੁਰੂ ਸਾਹਿਬ ਦੇ ਵਿਆਹਾਂ ਦੀਆਂ ਤਰੀਕਾਂ, ਪਤਨੀ ਅਤੇ ਬੱਚਿਆਂ ਦੇ ਨਾਮਾਂ ਦੀ ਸੂਚੀ ਲਿਖ ਕੇ ਹੀ ਇਤਿਹਾਸਕ ਪੱਖ ਨੂੰ ਪੇਸ਼ ਕਰਨ ਦਾ ਵੱਡਾ ਉਪਰਾਲਾ ਸਮਝਿਆ ਜਾਂਦਾ ਹੈ। ਗੁਰਦੁਆਰਿਆਂ ਨੂੰ ਸੰਗਤਾਂ ਨੇ ਵੀ ਖੁਸ਼ੀ-ਗਮੀ ਅਤੇ ਦਾਤਾਂ ਮੰਗਣ ਲਈ ਵਰਤੇ ਜਾਣ ਵਾਲੇ ਰਸਮੀ ਸਥਾਨ ਦਾ ਦਰਜਾ ਦੇਣ ਵਿਚ ਕੋਈ ਕਸਰ ਨਾ ਛੱਡੀ। ਸਿੱਖ ਘਰਾਂ ਵਿਚ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਇਹ ਦਲੀਲ ਦੇ ਕੇ ਨਹੀਂ ਕਰਦੇ ਕਿ ਐਨੀ ਔਖੀ ਰਹਿਤ ਮਰਿਆਦਾ ਪੁਗਾਉਣੀ ਔਖੀ ਹੈ, ਇਸ ਲਈ ਬਾਣੀ ਦਾ ਪ੍ਰਕਾਸ਼ ਘਰ ਕਰ ਕੇ ਪਾਪਾਂ ਦਾ ਭਾਗੀਦਾਰ ਬਣਨਾ ਠੀਕ ਨਹੀਂ। ਫਿਰ ਇਹੀ ਸੰਗਤ ਵਿਆਹਾਂ ਸਮੇਂ ਰਾਗੀ ਤੇ ਪਾਠੀ ਨੂੰ ਜਲਦ ਤੋਂ ਜਲਦ ਫੇਰੇ ਪੜ੍ਹ ਕੇ ਕੰਮ ਮੁਕਾਉਣ ਨੂੰ ਕਹਿੰਦੀ ਹੈ ਤਾਂ ਕਿ ਛੇਤੀ ਗੀਤ-ਗਾਣੇ, ਸ਼ਰਾਬ ਤੇ ਕਬਾਬ ਦਾ ਦੌਰ ਸ਼ੁਰੂ ਕੀਤਾ ਜਾ ਸਕੇ। ਕੀ ਇਹ ਬੇਅਦਬੀ ਨਹੀਂ? ਅਖੰਡ ਪਾਠ ਅਤੇ ਸੁਖਮਨੀ ਸਾਹਿਬ ਦੇ ਪਾਠ ਕੇਵਲ ਸੁੱਖਣਾ ਲਾਹੁਣ, ਖੁਸ਼ੀ-ਗਮੀ ਦੀਆਂ ਰਸਮਾਂ ਅਦਾ ਕਰਨ, ਤੇ ਜਾਂ ਫਿਰ ਦਾਨ-ਪੁੰਨ ਦੇ ਨਜ਼ਰੀਏ ਤੋਂ ਕੀਤੇ ਜਾਣ ਵਾਲੇ ਰਸਮੀ ਪਾਠਾਂ ਵਾਂਗ ਕੀਤੇ ਜਾਂਦੇ ਹਨ। ਬੀਬੀਆਂ ਲੰਗਰ ਦੀ ਸੇਵਾ ਕਰ ਪੁੰਨ ਖੱਟ ਰਹੀਆਂ ਹੁੰਦੀਆਂ ਹਨ ਅਤੇ ਸਿੰਘ ਰਾਜਨੀਤੀ, ਖਬਰਾਂ, ਕੰਮਾਂ ਅਤੇ ਘਰਾਂ ਦੀਆਂ ਵਧ ਰਹੀਆਂ ਕੀਮਤਾਂ ਦੀ ਚਰਚਾ ਕਰ ਰਹੇ ਹੁੰਦੇ ਹਨ। ਪਾਠ ਤਾਂ ਕੇਵਲ ਪਾਠੀ ਲਈ, ਤੇ ਜਾਂ ਫਿਰ ਕੰਧਾਂ ਲਈ ਹੀ ਹੋ ਰਿਹਾ ਹੁੰਦਾ ਹੈ। ਬੜੀ ਹੱਦ ਹੋਵੇ ਤਾਂ ਪੂਰੇ ਹਾਲ ਵਿਚ ਇਕ-ਅੱਧਾ ਬਜ਼ੁਰਗ ਬੈਠਾ ਦਿਖਾਈ ਦੇ ਜਾਂਦਾ ਹੈ। ਕੀ ਇਹ ਠੀਕ ਹੈ? ਸੰਗਤ ਦੀ ਸੌੜੀ ਸੋਚ ਸਦਕਾ ਸਾਡੇ ਕਥਾਕਾਰਾਂ ਨੇ ਵੀ ਬਾਣੀ ਦੇ ਅਰਥਾਂ ਨੂੰ ਉਸ ਰੂਪ ਵਿਚ ਪੇਸ਼ ਕੀਤਾ ਜਿਸ ਦਾ ਸਿੱਟਾ ਵਹਿਮ ਅਤੇ ਕਰਮ ਕਾਂਡ ਵਧਾਉਣਾ ਹੀ ਨਿਕਲਿਆ। ਜਿਵੇਂ ਚੁਰਾਸੀ ਲੱਖ ਜੂਨਾਂ ਦੇ ਗੇੜ 'ਚੋਂ ਕਿਵੇਂ ਨਿਕਲਿਆ ਜਾਵੇ, ਪੁੰਨ ਕਿਵੇਂ ਖੱਟਿਆ ਜਾਵੇ, ਪਾਪਾਂ ਤੋਂ ਕਿਵੇਂ ਮੁਕਤੀ ਹੋਵੇ, ਸਵਰਗਾਂ ਦਾ ਕਿਹੜਾ ਰਾਹ ਹੈ ਅਤੇ ਜਾਂ ਫਿਰ ਅੱਗਾ ਕਿਵੇਂ ਸੰਵਾਰਿਆ ਜਾਵੇ? ਥੋੜ੍ਹੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਭਟਕਿਆ ਕਿਵੇਂ ਜਾਵੇ? ਸਿੱਖ ਇਤਿਹਾਸ ਜਾਂ ਗੁਰਮਤਿ ਦੀ ਥਾਂ ਸਾਖੀਆਂ ਨੇ ਲੈ ਲਈ। ਗੁਰੂ ਘਰਾਂ ਵਿਚਲੇ ਰਾਗੀ, ਪਾਠੀ ਜਾਂ ਕਥਾਕਾਰਾਂ ਕੋਲ ਨਾ ਤਾਂ ਕੋਈ ਖਾਸ ਡਿਗਰੀ ਜਾਂ ਟ੍ਰੇਨਿੰਗ ਹੁੰਦੀ ਹੈ, ਤੇ ਨਾ ਬਾਣੀ ਦੀ ਕੋਈ ਖਾਸ ਸਮਝ। ਹੋਰ ਰੋਜ਼ਗਾਰਾਂ ਵਾਂਗ ਥੋੜ੍ਹਾ ਜਿਹਾ ਲੋੜੀਂਦਾ ਗਿਆਨ ਹਾਸਲ ਕਰ, ਆਮਦਨ ਦਾ ਸਾਧਨ ਬਣਾ ਲਿਆ ਜਾਂਦਾ ਹੈ। ਅਕਸਰ ਕਥਾਕਾਰ ਕਥਾ ਕਰਦੇ ਕਹਿ ਜਾਂਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਸਾਂ ਗੁਰੂਆਂ ਦੀ ਬਾਣੀ ਹੈ। ਸ਼ਾਇਦ ਉਹ ਇਹ ਵੀ ਨਹੀਂ ਜਾਣਦੇ ਹੁੰਦੇ ਕਿ ਸਾਡੇ ਕੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਕਿੰਨੇ ਗੁਰੂਆਂ, ਸੰਤਾਂ ਅਤੇ ਭਗਤਾਂ ਦੀ ਬਾਣੀ ਮੌਜੂਦ ਹੈ।

ਇਹੀ ਨਹੀਂ, ਸਿੱਖਾਂ ਨੇ ਵੀ ਬਾਣੀ ਨੂੰ ਪੜ੍ਹਨਾ ਅਤੇ ਵਿਚਾਰਨਾ ਖਾਸ ਜ਼ਰੂਰੀ ਨਾ ਸਮਝਦਿਆਂ, ਗੁਰਮਤਿ ਰਹਿਤ ਮਰਿਆਦਾ ਨੂੰ ਬੰਧਨ ਸਮਝਦਿਆਂ ਆਪਣੇ ਘਰਾਂ ਅਤੇ ਜੀਵਨ ਵਿਚੋਂ ਪੂਰਨ ਰੂਪ ਵਿਚ ਕੱਢ ਦਿੱਤਾ ਹੈ। ਬਾਣੀ ਪੜ੍ਹਨਾ ਅਤੇ ਵਿਚਾਰਨਾ ਕੇਵਲ ਰਾਗੀਆਂ ਅਤੇ ਪਾਠੀਆਂ ਦਾ ਕੰਮ ਵਜੋਂ ਮੰਨਿਆ ਜਾਣ ਲੱਗਾ ਹੈ। ਨਤੀਜੇ ਵਜੋਂ ਅੱਜ ਸਾਡੇ 90 ਫੀਸਦੀ ਸਿੱਖ ਸ਼ੁੱਧ ਬਾਣੀ ਦਾ ਉਚਾਰਨ ਤੱਕ ਨਹੀਂ ਕਰ ਸਕਦੇ। ਇਹੀ ਨਹੀਂ, ਸਾਡੇ ਸਿੱਖਾਂ ਨੂੰ ਦਸਾਂ ਗੁਰੂਆਂ, ਪੰਜਾਂ ਪਿਆਰਿਆਂ, ਚਾਰ ਸਾਹਿਬਜ਼ਾਦਿਆਂ, ਪੰਜਾਂ ਤਖਤਾਂ, ਕੱਕਾਰਾਂ, ਨਿਤਨੇਮ ਦੀਆਂ ਬਾਣੀਆਂ ਦੇ ਨਾਂ ਤੱਕ ਵੀ ਨਹੀਂ ਆਉਂਦੇ। ਇਸੇ ਗਿਆਨ-ਵਿਹੂਣੀ ਸੰਗਤ ਨੇ ਹੀ ਬਾਬਿਆਂ ਅਤੇ ਡੇਰਿਆਂ ਨੂੰ ਜਨਮ ਦਿੱਤਾ ਹੈ। ਦਸਮ ਪਿਤਾ ਵਲੋਂ ਦਿੱਤੇ 'ਗੁਰੂ ਮਾਨਿਓ ਗ੍ਰੰਥ' ਦੇ ਫਲਸਫੇ ਤੋਂ ਪੂਰਨ ਰੂਪ ਵਿਚ ਅਣਜਾਣ ਸੰਗਤ ਰੱਬ ਨੂੰ ਪਾਉਣ ਅਤੇ ਦਾਤਾਂ-ਮੁਰਾਦਾਂ ਦੀ ਪੂਰਤੀ ਦੇ ਲਾਲਚ ਵਿਚ ਆਪਣੇ ਗੁਰੂ ਦੇ ਉਪਦੇਸ਼ਾਂ ਦੇ ਉਲਟ, ਬਾਬਿਆਂ ਨੂੰ ਮੱਥੇ ਟੇਕਦੀ ਖੁਆਰ ਹੁੰਦੀ ਫਿਰਦੀ ਹੈ। ਇਨ੍ਹਾਂ ਬਾਬਿਆਂ ਨੇ ਸਿੱਖੀ ਦੀ ਚੜ੍ਹਦੀ ਕਲਾ ਦੇ ਝੰਡੇ, ਗਲਾਂ ਵਿਚ ਗਾਤਰਿਆਂ ਦੀ ਵਧ ਰਹੀ ਗਿਣਤੀ ਦੇ ਆਧਾਰ 'ਤੇ ਗੱਡ ਦਿੱਤੇ। ਇਨ੍ਹਾਂ ਡੇਰਿਆਂ ਨੇ ਸਿੱਖਾਂ ਨੂੰ ਅੰਨ੍ਹੇ ਸ਼ਰਧਾਲੂ ਅਤੇ ਲੱਖ ਦੋ ਲੱਖ ਪਾਠ ਧਾਰ ਕੇ ਕਰਨ ਵਾਲੇ ਡਰਪੋਕ ਪੁਜਾਰੀ ਬਣਾ ਕੇ ਰੱਖ ਦਿੱਤਾ; ਤੇ ਹੱਦ ਉਦੋਂ ਹੋ ਜਾਂਦੀ ਹੈ ਜਦ ਸਾਡੇ ਗੁਰੂ ਘਰਾਂ ਦੇ ਸੇਵਕ, ਇਨ੍ਹਾਂ ਸੰਗਤਾਂ ਨੂੰ ਗੁਰੂ ਨਾਲ ਜੁੜਨ ਲਈ ਇਹ ਦਲੀਲ ਦਿੰਦੇ ਹਨ ਕਿ ਜੋ ਕੁਝ ਮੰਗਣਾ ਹੈ, ਗੁਰੂ ਘਰ ਤੋਂ ਮੰਗੋ, ਡੇਰਿਆਂ 'ਤੇ ਨਾ ਭਟਕੋ। ਇਸ ਦਾ ਇਹ ਭਾਵ ਹੋਇਆ ਕਿ ਲਾਲਚ ਵੱਸ ਹੋ ਕੇ ਜਾਂ ਡਰ ਕੇ ਗੁਰੂ ਨੂੰ ਮੰਨੋ ਅਤੇ ਨਿੱਜ ਦਾ ਸਵਾਰਥ ਪੂਰਾ ਕਰੋ। ਇਸ ਦਲੀਲ ਨੇ ਗੁਰੂ ਅਤੇ ਡੇਰਿਆਂ ਦੇ ਬਾਬੇ ਵਿਚਲਾ ਅੰਤਰ ਖਤਮ ਕਰ ਦਿੱਤਾ। ਸਮਾਜ ਵਿਚ ਪਾਏ ਜਾਣ ਵਾਲੇ ਅਨਪੜ੍ਹ ਅਤੇ ਪੜ੍ਹੇ-ਲਿਖੇ ਤਬਕਿਆਂ, ਦੋਹਾਂ ਨੇ ਸਿੱਖੀ ਨੂੰ ਬਰਾਬਰ ਦੀ ਢਾਹ ਲਾਈ ਹੈ। ਅਨਪੜ੍ਹ ਤਬਕਾ ਅੰਨ੍ਹੀ ਸ਼ਰਧਾ ਦਾ ਸ਼ਿਕਾਰ ਹੋ ਬੈਠਾ ਅਤੇ ਬਾਬਿਆਂ ਦੀਆਂ ਮੰਜੀਆਂ, ਜੁੱਤੀਆਂ, ਭਾਂਡਿਆਂ ਤੱਕ ਨੂੰ ਮੱਥੇ ਟੇਕਣ ਲੱਗ ਪਿਆ। ਦੂਜੇ ਪਾਸੇ ਪੜ੍ਹੇ-ਲਿਖੇ ਦਰੁਸਤਵਾਦ ਦਾ ਸ਼ਿਕਾਰ ਹੋ ਬੈਠੇ। ਦਸਾਂ ਗੁਰੂਆਂ ਦੀ ਵਿਚਾਰਧਾਰਾ ਨੂੰ ਨਾ ਸਮਝਦਿਆਂ, ਧਰਮ ਨੂੰ ਵਾਧੂ ਵਿਸ਼ਾ ਸਮਝੀ ਬੈਠੇ ਇਹ ਪੜ੍ਹਾਕੂ ਹੋਰ ਫਿਲਾਸਫਰਾਂ ਅਤੇ ਵਿਦਵਾਨਾਂ ਦੀਆਂ ਕਿਤਾਬਾਂ ਸਿਰ 'ਤੇ ਚੁੱਕੀ ਗਿਆਨਵਾਨ ਹੋਣ ਦਾ ਵਹਿਮ ਪਾਲੀ ਬੈਠੇ ਹਨ। ਇਹ ਲੋਕ ਜਾਂ ਤਾਂ ਕਿਸੇ ਖਾਸ ਵਿਚਾਰਧਾਰਾ ਦੇ ਧਾਰਨੀ ਬਣ ਕੇ, ਜਾਂ ਕਿਸੇ ਵਿਦੇਸ਼ੀ ਲਿਖਾਰੀ ਦੇ ਕਾਇਲ ਹੋ ਕੇ ਸੀਮਤ ਜਿਹੇ ਦਾਇਰੇ ਵਿਚ ਕੈਦ ਹੋ ਕੇ ਰਹਿ ਗਏ ਹਨ। ਇਨ੍ਹਾਂ ਅਨਪੜ੍ਹ ਅਤੇ

***(ਬਾਕੀ ਅਗਲੇ ਸਫੇ 'ਤੇ)***

## ਅਕਾਲ ਤਖਤ ਅਤੇ ਜਥੇਦਾਰਾਂ ਦੀ ਪ੍ਰਸੰਗਿਕਤਾ

ਡਾ. ਬਲਕਾਰ ਸਿੰਘ ਦਾ 'ਅਕਾਲ ਤਖਤ ਸਾਹਿਬ ਦੀਆਂ ਪ੍ਰਬੰਧਕੀ ਵੰਗਾਰਾਂ ਦਾ ਪੰਥਕ ਪ੍ਰਸੰਗ' (9 ਅਗਸਤ, ਅੰਕ 32) ਲੇਖ ਪੜ੍ਹ ਕੇ ਕਈ ਪ੍ਰਤੱਖ ਸ਼ੰਕੇ ਉਤਪੰਨ ਹੋਏ ਹਨ ਜੋ ਮੈਂ ਪਾਠਕਾਂ ਨਾਲ ਸਾਂਝੇ ਕਰਨਾ ਚਾਹੁੰਦਾ ਹਾਂ:

1. ਡਾ. ਬਲਕਾਰ ਸਿੰਘ ਲਿਖਦੇ ਹਨ, "... ਪਰ ਇਹ ਸਾਰੀਆਂ ਛੋਟਾਂ ਹਨ ਅਤੇ ਇਨ੍ਹਾਂ ਨੂੰ ਜਥੇਦਾਰੀ ਨਾਲ ਜੁੜੀ ਹੋਈ ਪ੍ਰਭੂ-ਸੱਤਾ ਦਾ ਹਿੱਸਾ ਬਣਾਏ ਜਾਣ ਦੀ ਲੋੜ ਹੈ।" 1947 ਮਗਰੋਂ ਭਾਰਤ ਵਿਚ ਪ੍ਰਭੂ-ਸੱਤਾ ਭਾਰਤ ਦੇ ਸੰਵਿਧਾਨ ਵਿਚ ਆ ਟਿੱਕੀ ਸੀ। ਪ੍ਰਭੂ-ਸੱਤਾ ਅਖੰਡ ਹੁੰਦੀ ਹੈ, ਇਸ ਨੂੰ ਵੰਡਿਆ ਨਹੀਂ ਜਾ ਸਕਦਾ। ਫਿਰ ਭਾਰਤ ਵਿਚ ਸਥਿਤ ਅਕਾਲ ਤਖਤ ਦੀ ਜਥੇਦਾਰੀ ਨਾਲ ਕਿਹੜੀ ਪ੍ਰਭੂ-ਸੱਤਾ ਜੁੜੀ ਹੋਣ ਬਾਰੇ ਪ੍ਰੋਫੈਸਰ ਸਾਹਿਬ ਲਿਖ ਰਹੇ ਹਨ?

2. ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਅਧਿਆਤਮਕ ਵਿਚਾਰਧਾਰਾ ਨੂੰ ਅਭਿਵਿਅਕਤ ਕਰਨ ਦਾ ਕਰਤੱਵ ਬਾਖੂਬੀ ਨਿਭਾਉਂਦਾ ਆ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਤਿਹਾਸਕ ਅਤੇ ਵੱਡੇ ਗੁਰਦੁਆਰਿਆ ਦੇ ਪ੍ਰਬੰਧ ਲਈ ਜ਼ਿੰਮੇਵਾਰ ਹੈ।

ਅਕਾਲੀ ਦਲਾਂ ਵਜੋਂ ਜਾਣੀਆਂ ਜਾਂਦੀਆਂ ਸਿਆਸੀ ਪਾਰਟੀਆਂ ਸਿੱਖ ਧਰਮ ਦੇ ਅਨੁਯਾਈਆਂ ਦੀਆਂ ਸਿਆਸੀ, ਸਮਾਜਕ ਅਤੇ ਸਭਿਆਚਾਰਕ ਸਮਸਿਆਵਾਂ ਦਾ ਉਪਾਅ ਕਰਨ ਲਈ ਯਤਨਸ਼ੀਲ ਹਨ। ਐਸੇ ਹਾਲਾਤ ਵਿਚ ਅਕਾਲ ਤਖਤ ਸਾਹਿਬ ਦੇ ਕਰਨ ਲਈ ਕੋਈ ਮਹੱਤਵਪੂਰਨ ਧਾਰਮਿਕ ਕਰਤੱਵ ਨਜ਼ਰ ਨਹੀਂ ਆਉਂਦਾ।

3. ਡਾ. ਬਲਕਾਰ ਸਿੰਘ ਨੇ ਆਪਣੇ ਲੇਖ ਵਿਚ ਸਿੱਖ ਪਰੰਪਰਾ ਅਤੇ ਇਤਿਹਾਸ ਦਾ ਜ਼ਿਕਰ ਕੀਤਾ ਹੈ। ਇਨ੍ਹਾਂ ਬਾਰੇ ਇਕ ਤੱਥ ਸਾਂਝਾ ਕਰਨਾ ਢੁੱਕਵਾਂ ਹੋਵੇਗਾ। ਸਿੱਖ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਨੇ ਉਨ੍ਹਾਂ ਵਲੋਂ ਰਚਿਤ ਪ੍ਰਮਾਣਕ ਹਵਾਲਾ ਪੁਸਤਕ 'ਗੁਰੁਸ਼ਬਦ ਰਤਨਾਕਰ ਮਹਾਨ ਕੋਸ਼' ਵਿਚ ਅਕਾਲ ਤਖਤ ਦੇ ਇੰਦਰਾਜ ਵਿਚ ਲਿਖਿਆ ਹੈ, (ਦੇਖੋ ਅਕਾਲਬੁੰਗਾ)। ਅਕਾਲਬੁੰਗਾ ਦੀ ਵਿਆਖਿਆ ਵਿਚ ਲਿਖਿਆ ਹੈ ਕਿ "ਅਕਾਲਬੁੰਗਾ ਪੰਥਕ ਜਥੇਬੰਦੀ ਦਾ ਕੇਂਦਰ ਹੈ।" ਇਸ ਦਾ ਅਰਥ ਇਹ ਹੋਇਆ ਕਿ ਭਾਈ ਸਾਹਿਬ ਦੇ ਸਮੇਂ ਤੱਕ ਅਕਾਲ ਤਖਤ ਦਾ ਨਾਂ ਅਕਾਲਬੁੰਗਾ ਹੀ ਪ੍ਰਚਲਿਤ ਸੀ। ਸ਼ਾਇਦ ਅਕਾਲਬੁੰਗੇ ਦਾ ਨਾਂ ਅੰਗਰੇਜ਼ਪ੍ਰਸਤ ਸਿੱਖ ਵਿਦਵਾਨਾਂ ਅਤੇ ਸਿੱਖ ਗੁਰਦੁਆਰਾ ਐਕਟ, 1925 ਨੇ ਅਕਾਲ ਤਖਤ ਪ੍ਰਚਲਿਤ ਕੀਤਾ ਹੈ। ਅਕਾਲ ਤਖਤ ਬਾਰੇ ਬਹੁਤਾ ਇਤਿਹਾਸ ਅਤੇ ਮਿਥਿਹਾਸ ਵੀ 1925 ਮਗਰੋਂ ਹੀ ਰਚਿਆ ਗਿਆ ਹੈ।

4. ਡਾ. ਇਕਬਾਲ ਸਿੰਘ ਢਿੱਲੋਂ ਨੇ ਅਕਾਲ ਤਖਤ ਬਾਰੇ ਸਾਲ ਕੁ ਪਹਿਲੋਂ ਇਕ ਪੁਸਤਕ ਪ੍ਰਕਾਸ਼ਤ ਕੀਤੀ ਹੈ। ਆਸ ਸੀ ਕਿ ਡਾ. ਬਲਕਾਰ ਸਿੰਘ ਇਸ ਬਾਰੇ ਜ਼ਰੂਰ ਕੋਈ ਟਿੱਪਣੀ ਕਰਨਗੇ।

5. ਅਕਾਲ ਤਖਤ ਅਤੇ ਦੂਜੇ ਤਖਤਾਂ ਦੇ ਜਥੇਦਾਰ ਪੁਜਾਰੀ ਵਰਗ ਅਤੇ ਸਿਆਸਤਦਾਨਾਂ ਵਿਚੋਂ ਚੁਣੇ ਜਾਂਦੇ ਹਨ। ਜਥੇਦਾਰਾਂ ਦੀ ਜਾਣਕਾਰੀ, ਅਨੁਭਵ ਅਤੇ ਯੋਗਤਾਵਾਂ ਭਾਵੇਂ ਇਕੀਵੀਂ ਸ਼ਤਾਬਦੀ ਦੀ ਸੋਚ ਦੀਆਂ ਹਾਣੀ ਨਹੀਂ ਹੁੰਦੀਆਂ, ਫਿਰ ਵੀ ਉਹ ਸਾਰੇ ਸਿੱਖ ਜਗਤ ਵਿਚ ਸੁਪਰੀਮ ਹੋਣ ਅਤੇ ਸਿੱਖਾਂ ਦੇ ਆਗੂ ਹੋਣ ਦਾ ਦਾਅਵਾ ਕਰੀ ਜਾਂਦੇ ਹਨ।

6. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਵੋਟਰਾਂ ਵਲੋਂ ਚੁਣੀ ਇਕ ਲੋਕਤੰਤਰੀ ਸੰਸਥਾ ਹੈ ਪਰ ਇਸ ਦਾ ਵਿਹਾਰ ਤਾਨਾਸ਼ਾਹੀ ਸੰਸਥਾ ਵਾਲਾ ਹੈ। ਇਸ ਦੇ ਬਜਟ ਬਾਰੇ ਮੈਂਬਰਾਂ ਨੂੰ ਬਹੁਤ ਘੱਟ ਜਾਣਕਾਰੀ ਹੁੰਦੀ ਹੈ ਅਤੇ ਇਸ ਦੀਆਂ ਇਕੱਤਰਤਾਵਾਂ ਵਿਚ ਮੈਂਬਰਾਂ ਨੂੰ ਬੋਲਣ ਦੀ ਖੁੱਲ੍ਹ ਨਹੀਂ ਹੁੰਦੀ। ਇਹ ਭਾਵੇਂ ਸਾਧਾਰਨ ਪ੍ਰਬੰਧਕ ਸੰਸਥਾ ਹੈ ਪਰ ਇਸ ਨੇ ਵਿਸ਼ੇਸ਼ ਧਾਰਮਿਕ ਸੰਸਥਾ ਹੋਣ ਦਾ ਪ੍ਰਚਾਰ ਕਰ ਕੇ ਲੋਕਾਂ ਵਿਚ ਇਹ ਭਰਮ ਪਾ ਰੱਖਿਆ ਹੈ ਕਿ ਇਸ ਦੇ ਕਿਸੇ ਕੰਮ ਬਾਰੇ ਕਿੰਤੂ ਕਰਨਾ ਗੁਰੂ ਦੇ ਹੁਕਮ ਦੀ ਅਵੱਗਿਆ ਤੁਲ ਹੈ। ਅਕਾਲ ਤਖਤ ਦੇ ਹਊਏ ਨੇ ਵੀ ਸ਼੍ਰੋਮਣੀ ਕਮੇਟੀ ਨੂੰ ਤਾਨਾਸ਼ਾਹ ਸੰਸਥਾ ਬਣਨ ਵਿਚ ਸਹਾਇਤਾ ਦਿੱਤੀ ਹੈ।

7. ਅਜੋਕੇ ਸਿੱਖ ਵਿਦਵਾਨ ਗੁਰੂ ਗ੍ਰੰਥ ਸਾਹਿਬ ਅਤੇ ਗੁਰਬਾਣੀ ਬਾਰੇ ਖੁੱਲ੍ਹ ਕੇ ਸੱਚ ਲਿਖਣ ਤੋਂ ਘਬਰਾਉਂਦੇ ਹਨ। ਉਨ੍ਹਾਂ ਨੂੰ ਫਿਕਰ ਹੁੰਦਾ ਹੈ ਕਿ ਉਨ੍ਹਾਂ ਦੀਆਂ ਖੁੱਲ੍ਹੀਆਂ ਵਿਚਾਰਾਂ 'ਤੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਨਾਰਾਜ਼ ਨਾ ਹੋ ਜਾਣ। ਯੂਨੀਵਰਸਿਟੀਆਂ ਵਿਚ ਵੀ ਵਿਦਵਾਨਾਂ ਨੂੰ ਅਕਾਲ ਤਖਤ ਦਾ ਡਰ ਰਹਿੰਦਾ ਹੈ। ਦੱਸਿਆ ਜਾਂਦਾ ਹੈ ਕਿ ਸ਼੍ਰੋਮਣੀ ਕਮੇਟੀ ਨੇ ਹਜ਼ਾਰਾਂ ਰੁਪਈਏ ਖਰਚ ਕਰ ਕੇ ਛਪਵਾਈਆਂ ਕਈ ਪੁਸਤਕਾਂ ਨੂੰ ਪ੍ਰਕਾਸ਼ਨ ਲਈ ਰਿਲੀਜ਼ ਨਹੀਂ ਕੀਤਾ ਹੈ। ਕਈ ਵਿਦਵਾਨ ਅਜਿਹੇ ਡਰਾਉਣੇ ਮਾਹੌਲ ਕਾਰਨ ਮਾਨਸਿਕ ਤਣਾਓ ਦਾ ਸ਼ਿਕਾਰ ਹੋਏ ਵੀ ਦੱਸੇ ਜਾਂਦੇ ਹਨ।

8. ਸਿੱਖ ਵਿਦਵਾਨ ਅਤੇ ਚਿੰਤਕ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਅਧਿਆਤਮਕ ਉਪਦੇਸ਼ ਨੂੰ ਵਿਕਸਤ ਅਤੇ ਆਧੁਨਿਕ ਸੰਸਾਰ ਲਈ ਢੁੱਕਵਾਂ ਪ੍ਰਚਾਰਦੇ ਹਨ, ਪਰ ਜਥੇਦਾਰੀ ਪ੍ਰਣਾਲੀ ਮੱਧਕਾਲੀਨੀ ਸਨਾਤਨੀ ਵਿਚਾਰਧਾਰਾ ਅਤੇ ਕਰਮ-ਕਾਂਡੀ ਰਹਿਤ ਦੀ ਪਰੰਪਰਾ ਦੀ ਸਮਰਥਕ ਹੈ। ਸਿੱਖ ਚਿੰਤਕਾਂ ਅਤੇ ਜਥੇਦਾਰਾਂ ਦੇ ਵਿਚਾਰਾਂ ਵਿਚ ਜੋ ਅੰਤਰ ਹੈ, ਉਸ ਨੇ ਗੁਰਬਾਣੀ ਸੰਚਾਰ ਦੀ ਪ੍ਰਮਾਣਕਤਾ 'ਤੇ ਪ੍ਰਸ਼ਨ ਚਿੰਨ੍ਹ ਲਾ ਰੱਖਿਆ ਹੈ।

***-ਹਾਕਮ ਸਿੰਘ, ਸੈਕਰਾਮੈਂਟੋ***
***ਫੋਨ: 916-682-3317***

# ਮਾਲਕ ਵੱਲ ਵਾਪਸੀ

ਮੇਰੇ ਬੱਚਿਆਂ ਦੇ ਮਾਸੀ-ਮਾਸੜ ਮੁਦਕੀ ਦੇ ਲਾਗੇ ਲੋਹਾਮ ਜੀਤ ਸਿੰਘ ਵਾਲਾ ਰਹਿੰਦੇ ਹਨ। ਉਨ੍ਹਾਂ ਦਾ ਪਰਿਵਾਰ ਘੋੜੇ-ਘੋੜੀਆਂ ਪਾਲਣ-ਵੇਚਣ ਦਾ ਕੰਮ-ਕਾਜ ਵੀ ਕਰਦਾ ਹੈ। ਗਜ਼ਬ ਦੇ ਸੁਹਣੇ ਪਸ਼ੂ ਦੇਖੇ। ਚੰਗੀਆਂ ਕੀਮਤਾਂ ਤਾਰਨ ਵਾਲੇ ਗਾਹਕ ਆਉਂਦੇ-ਜਾਂਦੇ ਰਹਿੰਦੇ ਹਨ। ਮੈਂ ਪੁੱਛਿਆ, ਅਜੇ ਵੀ ਆਦਮੀ ਨੂੰ ਘੋੜ ਸਵਾਰੀ ਦਾ ਖਬਤ ਕਿਉਂ ਹੈ?

ਉਨ੍ਹਾਂ ਕਿਹਾ, ਦੋ ਚੀਜਾਂ ਦੀ ਸ਼ਾਨ ਕਦੀ ਖਤਮ ਨਹੀਂ ਹੋਵੇਗੀ- ਇਕ ਘੋੜੇ ਦੀ ਦੂਜੀ ਕਿਰਪਾਨ ਦੀ। ਰਾਕਟ ਉਪਰ ਗ੍ਰਹਿਆਂ ਦੀ ਸੈਰ ਹੋ ਰਹੀ ਹੈ ਪਰ ਘੋੜਸਵਾਰੀ ਘੋੜਸਵਾਰੀ ਹੈ। ਇਸੇ ਤਰ੍ਹਾਂ ਅੱਖੋਂ-ਪਰੋਖੇ ਦੂਰ ਦੇਸਾਂ ਤਕ ਮਾਰ ਕਰਨ ਵਾਲੇ ਹਥਿਆਰ ਬਣ ਗਏ ਹਨ ਤਾਂ ਵੀ ਸੂਰਮਗਤੀ ਅਤੇ ਸਆਨ ਦੀ ਨਿਸ਼ਾਨੀ ਪਵਿੱਤਰ ਕਿਰਪਾਨ ਰਹੇਗੀ। ਕੇਵਲ ਸਿੱਖਾਂ ਵਿਚ



**ਪ੍ਰੋ. ਹਰਪਾਲ ਸਿੰਘ ਪੰਨੂ**
ਫੋਨ: 91-94642-51454

ਨਹੀਂ, ਦੁਨੀਆਂ ਦੇ ਹਰੇਕ ਖਿੱਤੇ ਵਿਚ ਹਰ ਧਰਮ ਦੇ ਲੋਕ ਕਿਰਪਾਨ ਅਤੇ ਘੋੜੇ ਨੂੰ ਪਿਆਰ ਕਰਦੇ ਹਨ ਤੇ ਕਰਨਗੇ।

ਪੱਚੀ ਕੁ ਸਾਲ ਪਹਿਲਾਂ ਘੋੜੀ ਨੇ ਵਛੇਰਾ ਦਿੱਤਾ, ਗਜ਼ਬ। ਹਲਕੇ ਨੀਲੇ ਰੰਗ ਦੀ ਸੂਖਮ ਰੰਗਤ। ਅੱਖਾਂ ਲਿਸ਼ਕਵੀਆਂ ਪੂਰੀਆਂ ਨੀਲੀਆਂ। ਦੂਰੋਂ-ਨੇੜਿਓਂ ਲੋਕ ਉਸ ਨੂੰ ਦੇਖਣ ਆਉਣ ਲੱਗੇ। ਧੁੰਮਾਂ ਪੈ ਗਈਆਂ। ਇਕ ਦਿਨ ਕੋਈ ਗਾਹਕ ਆਇਆ, ਜਿੰਨੇ ਪੈਸੇ ਮਾਲਕਾਂ ਨੇ ਮੰਗੇ ਦੇ ਕੇ ਲੈ ਗਿਆ।

ਇਕ ਤੋਂ ਦੂਜੇ ਨੂੰ, ਦੂਜੇ ਤੋਂ ਤੀਜੇ ਨੂੰ ਪਤਾ ਲਗਦੀ ਲਗਦੀ ਖਬਰ ਪਿੰਡ ਵਿਚ ਫੈਲ ਗਈ। ਪਿੰਡ ਉਦਾਸ ਹੋਇਆ। ਬੈਠਕਾਂ ਹੋਣ ਲੱਗ ਪਈਆਂ। ਮਹੀਨੇ ਕੁ ਬਾਅਦ ਮੁਹਤਬਰ ਬੰਦੇ ਇਨ੍ਹਾਂ ਦੀ ਹਵੇਲੀ ਪੁਜੇ ਤੇ ਕਿਹਾ, ਕਾਹਨੂੰ ਵੇਚਣਾ ਸੀ ਵਛੇਰਾ? ਏਨਾ ਸੁਹਣਾ ਸੀ। ਤੁਹਾਡੇ ਕੋਲ ਪੈਸਿਆਂ ਦੀ ਘਾਟ ਐ ਕੋਈ? ਪਿੰਡ ਨੇ ਫੈਸਲਾ ਕੀਤੈ ਕਿ ਮੁੜਵਾ ਕੇ ਲਿਆਵਾਂਗੇ। ਤੁਹਾਨੂੰ ਤਾਂ ਨੀ ਕਹਿੰਦੇ ਕਿ ਪੈਸੇ ਵਾਪਸ ਕਰੋ, ਅਸੀਂ ਉਗਰਾਹੀ ਕਰਾਂਗੇ। ਥੋੜੇ ਬਹੁਤੇ ਜੇ ਵਾਧੂ ਮੰਗੇ ਤਾਂ ਵਾਧੂ ਪੈਸੇ ਵੀ ਦੇ ਦਿਆਂਗੇ। ਇਹ ਤਾਂ ਮਹਾਰਾਜ ਦਸਮ ਪਾਤਸ਼ਾਹ ਦੀ ਸਵਾਰੀ ਸੀ ਜਿਹੜੀ ਆਪਣੇ ਪਿੰਡ ਆ ਉਤਰੀ। ਅਸੀਂ ਅਨੰਦਪੁਰ ਸਾਹਿਬ ਚੜ੍ਹਾ ਕੇ ਆਵਾਂਗੇ। ਸਾਨੂੰ ਖਰੀਦਦਾਰ ਦਾ ਨਾਮ ਪਤਾ ਦੱਸ ਦਿਉ, ਏਸ ਲਈ ਆਏ ਆਂ।

ਪਰ ਇਨ੍ਹਾਂ ਨੇ ਤਾਂ ਨਾ ਨਾਮ ਪੁੱਛਿਆ ਸੀ ਗਾਹਕ ਦਾ ਨਾ ਪਿੰਡ। ਹੁਣ ਕੀ ਕਰੀਏ? ਬਣ ਗਈ ਗੱਲ। ਸੌਦਾ ਨਿਬੇੜ ਕੇ ਉਹ ਬੰਦਾ ਮੁਦਕੀ ਤੋਂ ਟੈਂਪੂ ਲਿਆਇਆ ਸੀ ਜਿਸ ਵਿਚ ਚੜ੍ਹਾ ਕੇ ਵਛੇਰਾ ਲੈ ਕੇ ਗਿਐ। ਟੈਂਪੂ ਯੂਨੀਅਨ ਚੱਲੀਏ। ਯੂਨੀਅਨ ਵਾਲਿਆਂ ਤੋਂ ਪਤਾ ਲੱਗ ਗਿਆ। ਜਿਹੜਾ ਟੈਂਪੂ ਵਛੇਰਾ ਛੱਡ ਕੇ ਆਇਆ ਸੀ ਉਸੇ ਵਿਚ ਸਵਾਰ ਹੋ ਕੇ ਪੰਚਾਇਤ ਵਛੇਰੇ ਦੇ ਖਰੀਦਦਾਰ ਕੋਲ ਪੁੱਜ ਗਈ।

ਉਸ ਨੂੰ ਕਿਹਾ, ਮਹੀਨਾ ਪਹਿਲਾਂ ਤੂੰ ਲੋਹਾਮੋ ਵਛੇਰਾ ਲਿਆਇਐਂ ਸਰਦਾਰਾ। ਸਾਰਾ ਪਿੰਡ ਪਛਤਾ ਰਿਹੈ। ਤੇਰੇ ਅਗੇ ਮਿੰਨਤ ਐ ਸਾਡੀ। ਵਛੇਰਾ ਮੋੜ ਦੇਹ। ਅਸੀਂ ਕਿਹੜਾ ਰੱਖਣੈ। ਅਨੰਦਪੁਰ ਸਾਹਿਬ ਚੜ੍ਹਾ ਕੇ ਆਵਾਂਗੇ। ਵਾਧੂ ਪੈਸੇ ਲੈ ਲੈ, ਤੇਰਾ ਨਾਮ ਵੀ ਅਰਦਾਸ ਵਿਚ ਬੋਲਾਂਗੇ। ਬੰਦਾ ਹੱਸ ਪਿਆ, ਕਿਹਾ, ਜਿਸ ਦੀ ਕਿਸਮਤ ਵਿਚ ਲਿਖਿਆ ਹੋਵੇ, ਭਾਈਓ ਉਸੇ ਦੇ ਹੱਥੋਂ ਮਹਾਰਾਜ ਸੇਵਾ ਲੈਂਦੇ ਨੇ। ਮੈਂ ਸੋਚਿਆ, ਜੇ ਦੇਰ ਕਰ ਦਿਤੀ, ਫੇਰ ਕਿਤੇ ਮੇਰਾ ਮੋਹ ਨਾ ਪੈ ਜਾਵੇ, ਇਸ ਕਰਕੇ ਦਸ ਪੰਦਰਾਂ ਦਿਨਾਂ ਬਾਅਦ ਹੀ ਮੈਂ ਵਛੇਰੇ ਨੂੰ ਅਨੰਦਪੁਰ ਸਾਹਿਬ ਚੜ੍ਹਾ ਆਇਆਂ। ਜਿਥੇ ਜਾਣ ਯੋਗ ਸੀ, ਉਹ ਉਥੇ ਹੀ ਗਿਐ, ਤੁਹਾਡੇ ਰਾਹੀਂ ਨਾ ਸਹੀ ਮੇਰੇ ਰਾਹੀਂ ਚਲਾ ਗਿਆ, ਏਸ ਵਿਚ ਫਰਕ ਕੀ? ਜਿਸ ਦੀ ਚੀਜ਼ ਸੀ, ਉਸ ਕੋਲ ਜਾਣੀ ਹੀ ਸੀ।

ਨਗਰ ਨਿਵਾਸੀਆਂ ਪਾਸੋਂ ਇਹ ਘਟਨਾ ਸੁਣੀ ਤਾਂ ਮੈਂ ਦੇਖਿਆ, ਘਟਨਾਵਾਂ ਕਿਵੇਂ ਆਪਣੇ ਆਪ ਨੂੰ ਦੁਹਰਾਉਂਦੀਆਂ ਹਨ। ਢਾਈ ਹਜ਼ਾਰ ਸਾਲ ਪਹਿਲਾਂ ਮੱਧ ਭਾਰਤ ਵਿਚ ਵੀ ਇਉਂ ਵਾਪਰਿਆ। ਹੋਇਆ ਇਹ ਕਿ ਤਲਾਬ ਕਿਨਾਰੇ ਝੌਂਪੜੀ ਪਾ ਕੇ ਭੀਲ ਰਹਿੰਦਾ ਸੀ ਕਿ ਪੀਣ ਯੋਗ ਪਾਣੀ ਨੂੰ ਕੋਈ ਗੰਦਾ ਨਾ ਕਰੇ, ਨਿਗਰਾਨੀ ਰੱਖੇ। ਸਰਦੀਆਂ ਆ ਚੁੱਕੀਆਂ ਸਨ। ਕੰਵਲ ਦੇ ਫੁੱਲ ਲੋਪ ਹੋ ਗਏ ਸਨ ਪਰ ਬੇਮੌਸਮਾ ਇਕ ਕੰਵਲ ਅਜੇ ਵੀ ਖਿੜਿਆ ਹੋਇਆ ਸੀ।

ਭੀਲ ਕੋਲ ਇਕ ਬੰਦਾ ਆਇਆ ਤੇ ਕਿਹਾ, ਇਹ ਫੁੱਲ ਕੱਢ ਲਿਆ ਤੇ ਮੈਨੂੰ ਦੇ ਦੇਹ। ਮੈਂ ਤੈਨੂੰ ਚਾਂਦੀ ਦਾ ਰੁਪਈਆ ਦਿਆਂਗਾ। ਭੀਲ ਅਜੇ ਕੱਪੜੇ ਉਤਾਰ ਹੀ ਰਿਹਾ ਸੀ ਕਿ ਦੂਜਾ ਆਦਮੀ ਆਇਆ ਤੇ ਕਿਹਾ, ਫੁੱਲ ਮੈਨੂੰ ਦੇਹ। ਮੈਂ ਤੈਨੂੰ ਸੋਨੇ ਦੀ ਅਸ਼ਰਫੀ ਦਿਆਂਗਾ। ਪਹਿਲਾ ਬੋਲਿਆ, ਜੇ ਇਹ ਗੱਲ ਐ ਤਾਂ ਮੈਂ ਗਿਆਰਾਂ ਅਸ਼ਰਫੀਆਂ ਦਿੰਨਾਂ। ਮੈਨੂੰ ਦੇਹ ਭਾਈ। ਗਰੀਬ ਭੀਲ ਬੋਲਿਆ, ਇਹ ਤਾਂ ਟਕੇ ਦਾ ਵੀ ਨਹੀਂ। ਬੱਚਿਆਂ ਨੂੰ ਮੈਂ ਮੁਫਤੋ ਮੁਫਤ ਕੱਢ ਕੇ ਦੇ ਦਿਆਂ ਕਰਦਾਂ। ਅੱਜ ਇਸ ਦੀ ਕੀਮਤ ਏਨੀ ਕਿਉਂ?

ਬੰਦਿਆਂ ਨੇ ਦੱਸਿਆ, ਨਾਲ ਦੇ ਪਿੰਡ ਮਹਾਰਾਜ ਗੌਤਮ ਸਿਧਾਰਥ ਪ੍ਰਵਚਨ ਕਰਨ ਆ ਰਹੇ ਹਨ। ਕੰਵਲ ਉਨ੍ਹਾਂ ਨੂੰ ਪਿਆਰੇ ਲਗਦੇ ਹਨ। ਸਾਨੂੰ ਕਿਤੋਂ ਕੰਵਲ ਨਹੀਂ ਲੱਭਾ। ਕੇਵਲ ਤੁਹਾਡੇ ਤਲਾਬ ਵਿਚ ਹੈ। ਅਸੀਂ ਹਰ ਕੀਮਤ 'ਤੇ ਇਹ ਹਾਸਲ ਕਰਨਾ ਹੈ।

ਭੀਲ ਨੇ ਹੱਥ ਜੋੜੇ, ਕਿਹਾ, ਜੀ ਮੈਨੂੰ ਗੰਵਾਰ ਨੂੰ ਏਸ ਗੱਲ ਦਾ ਪਤਾ ਨਹੀਂ ਸੀ। ਇਹ ਗੱਲ ਹੈ ਤਾਂ ਫੇਰ ਇਹ ਫੁੱਲ ਮੇਰਾ ਹੈ। ਤਥਾਗਤ ਸਾਕਯਮੁਨੀ ਦੇ ਚਰਨਾਂ ਵਿਚ ਖੁਦ ਰੱਖਾਂਗਾ। ਇਸ ਬਦਲੇ ਹਜ਼ਾਰ ਮੋਹਰਾਂ ਕੋਈ ਦਏ ਤਾਂ ਵੀ ਕੌਲ ਫੁੱਲ ਨਹੀਂ ਦਿਆਂਗਾ। ਕੰਵਲ ਦੀ ਤੇ ਸਿਧਾਰਥ ਦੀ ਕੋਈ ਕੀਮਤ ਨਹੀਂ।

ਇਸੇ ਤਰ੍ਹਾਂ ਦੀ ਮਿਲਦੀ-ਜੁਲਦੀ ਅਮਰਪਾਲੀ ਦੀ ਸਾਖੀ ਹੈ। ਸ਼ੱਕ ਵੰਸ਼ ਦਾ ਯੁਵਰਾਜ ਗੌਤਮ ਜਿਹੜਾ ਇਕ ਹਨੇਰੀ ਸੁੰਨਸਾਨ ਰਾਤ ਵਿਚ ਜੁਆਨ ਉਮਰੇ ਕਪਿਲਵਸਤੂ ਦੇ ਮਹਿਲ ਛੱਡ ਕੇ ਮੰਗਤਾ ਹੋ ਗਿਆ ਸੀ, ਇਨ੍ਹੀਂ ਦਿਨੀਂ ਰਾਜਗ੍ਰਹਿ ਨਾਂ ਦੇ ਸ਼ਹਿਰ ਵਿਚ ਟਿਕਿਆ ਹੋਇਆ ਸੀ। ਲੋਕ ਉਸ ਨੂੰ ਸਾਕਯਮੁਨੀ, ਮਹਾਮੁਨੀ, ਤਥਾਗਤ, ਮਹਾਂ ਸ਼੍ਰਮਣ, ਮਹਾਤਮਾ ਅਤੇ ਬੁੱਧ ਆਦਿ ਨਾਂਵਾਂ ਨਾਲ ਸੰਬੋਧਨ ਕਰਦੇ। ਉਸ ਨੂੰ ਪਤਾ ਸੀ ਕਿ ਹੁਣ ਸੰਸਾਰ ਤੋਂ ਵਿਦਾ ਹੋਣ ਦਾ ਸਮਾਂ ਆ ਗਿਆ ਹੈ। ਉਹ ਰਾਜਗ੍ਰਹਿ ਦੀ ਥਾਂ ਕੁਸ਼ੀਨਗਰ ਜਾ ਕੇ ਸਰੀਰ ਤਿਆਗਣ ਦਾ ਇੱਛੁਕ ਸੀ, ਜਿਸ ਸ਼ਹਿਰ ਨੂੰ ਉਹ ਪਿਆਰ ਨਾਲ ਕੁਸੀਨਾਰ ਕਿਹਾ ਕਰਦਾ ਸੀ। ਇਸ ਸ਼ਹਿਰ ਨੂੰ ਉਹ ਕਿਉਂ ਪਿਆਰ ਕਰਦਾ ਸੀ ਤੇ ਉਸ ਨੇ ਉਥੇ ਸਰੀਰ ਤਿਆਗਣ ਦਾ ਕਿਉਂ ਫੈਸਲਾ ਕੀਤਾ, ਕਿਸੇ ਨੂੰ ਪਤਾ ਨਹੀਂ। ਉਸ ਨੇ ਆਨੰਦ ਨੂੰ ਬੁਲਾਇਆ ਤੇ ਕਿਹਾ, ਕੁਸੀਨਾਰ ਜਾਣਾ ਹੈ ਆਨੰਦ। ਵੈਸ਼ਾਲੀ ਦੇ ਰਸਤੇ ਹੋ ਕੇ ਚੱਲਾਂਗੇ। ਉਹ ਤੁਰੇ ਤੇ ਵੈਸ਼ਾਲੀ ਨਗਰ ਅੱਪੜ ਗਏ। ਸਿਧਾਰਥ ਕਮਜ਼ੋਰ ਹੋ ਗਿਆ ਸੀ। ਵੈਸ਼ਾਲੀ ਪੁੱਜ ਕੇ ਆਨੰਦ ਨੇ ਕੁਝ ਦਿਨ ਆਰਾਮ ਕਰਨ ਦੀ ਸਲਾਹ ਦਿੱਤੀ ਤਾਂ ਮੰਨ ਗਿਆ।



ਸਾਬੱਥੀ (ਸੰਸਕ੍ਰਿਤ ਸ਼੍ਰਾਵਸਤੀ) ਸ਼ਹਿਰ ਦੀ ਸੁੰਦਰੀ, ਨਗਰਵਧੂ, ਨ੍ਰਿਤਕੀ ਤੇ ਗਾਇਕਾ ਅਮਰਪਾਲੀ, ਵੈਸ਼ਾਲੀ ਵਿਚ ਰਹਿ ਰਹੀ ਸੀ। ਇਥੇ ਉਸ ਦਾ ਵੱਡਾ ਬਾਗ ਸੀ ਜਿਸ ਵਿਚ ਆਲੀਸ਼ਾਨ ਹਵੇਲੀ ਸੀ ਤੇ ਹਵੇਲੀ ਵਿਚ ਬਹੁਤ ਸਾਰਾ ਧਨ। ਇਸ ਨ੍ਰਿਤਕੀ ਨੂੰ ਸੱਦਾ ਦੇਣ ਦੀ ਸਮਰਥਾ ਕੇਵਲ ਰਾਜਿਆਂ ਪਾਸ ਰਹਿ ਗਈ ਸੀ। ਲੋਕ ਉਸ ਦੇ ਨਾਚ ਅਤੇ ਗਾਉਣ ਨੂੰ ਪਸੰਦ ਕਰਦੇ ਪਰ ਇਹ ਕਿੱਤਾ ਸਤਿਕਾਰਯੋਗ ਨਹੀਂ ਸੀ, ਇਸ ਲਈ ਦੂਰ ਰਹਿੰਦੇ। ਉਹ ਬੁੱਧ ਪਾਸ ਆਈ। ਮੱਥਾ ਟੇਕਿਆ ਅਤੇ ਬੇਨਤੀ ਕੀਤੀ ਕਿ ਬੁੱਧ ਆਪਣੇ ਭਿੱਖੂਆਂ ਸਮੇਤ ਉਸ ਦੀ ਹਵੇਲੀ ਆ ਕੇ ਭੋਜਨ ਛਕਣ। ਸਿਧਾਰਥ ਨੇ ਉਸ ਦੀ ਬੇਨਤੀ ਪ੍ਰਵਾਨ ਕੀਤੀ ਤਾਂ ਪ੍ਰਸੰਨਤਾ ਨਾਲ ਵਾਪਸ ਚਲੀ ਗਈ।

ਇਹ ਖਬਰ ਲਿੱਛਵੀ ਸਮਰਾਟ ਨੂੰ ਮਿਲੀ ਤਾਂ ਉਸ ਨੂੰ ਦੁਖ ਹੋਇਆ। ਧਨ ਦੇ ਕੇ ਜਿਸ ਕੁੜੀ ਨੂੰ ਕੋਈ ਵੀ ਨੱਚਣ ਲਈ ਬੁਲਾ ਸਕਦਾ ਹੈ, ਸਾਕਯਮੁਨੀ ਸਿਧਾਰਥ ਉਸ ਦੇ ਘਰ ਜਾਣਗੇ? ਸਾਧ ਸੰਤ ਉਸ ਪਾਸਿਉਂ ਦੀ ਨਹੀਂ ਲੰਘਦੇ, ਰਾਜੇ ਤੇ ਰਾਜਕੁਮਾਰ ਉਧਰ ਨਹੀਂ ਜਾਂਦੇ, ਦਿਲ ਕਰੇ ਤਾਂ ਉਸ ਨੂੰ ਆਪਣੇ ਪਾਸ ਸੱਦ ਲੈਂਦੇ ਹਨ। ਪਰ ਇਹ ਸਾਧੂ ਜਿਹੜਾ ਯੁਵਰਾਜ ਵੀ ਹੈ, ਅਮਰਪਾਲੀ ਦੀ ਹਵੇਲੀ ਜਾਏਗਾ? ਲਿੱਛਵੀ ਦੁਖੀ ਹੋਇਆ। ਉਸ ਨੇ ਫੈਸਲਾ ਕੀਤਾ ਕਿ ਉਹ ਬੁੱਧ ਨੂੰ ਉਥੇ ਨਹੀਂ ਜਾਣ ਦਏਗਾ, ਪਰ ਉਸ ਪਾਸ ਇਹ ਕਹਿਣ ਦੀ ਹਿੰਮਤ ਨਹੀਂ ਸੀ ਕਿ ਜਾਏ ਤੇ ਮਨਾਹੀ ਕਰ ਦਏ, ਪਰ ਉਹ ਰੋਕੇਗਾ। ਬੁੱਧ ਪਾਸ ਗਿਆ, ਚਰਨੀ ਹੱਥ ਲਾਏ। ਬੁੱਧ ਨੇ ਬੈਠਣ ਦਾ ਇਸ਼ਾਰਾ ਕੀਤਾ ਤਾਂ ਧਰਤੀ ਉਤੇ ਬੈਠ ਗਿਆ। ਥੋੜ੍ਹੀ ਦੇਰ ਬਾਅਦ ਕਹਿਣ ਲੱਗਾ, ਹੇ ਸਾਕਯਮੁਨੀ, ਮੇਰੀ ਇੱਛਾ ਹੈ ਆਪ ਨੂੰ ਪ੍ਰਸ਼ਾਦ ਛਕਾਵਾਂ ਸੰਘ ਸਮੇਤ। ਕੀ ਮਨਜ਼ੂਰ ਕਰੋਗੇ? ਬੁੱਧ ਨੇ 'ਹਾਂ' ਵਿਚ ਸਿਰ ਹਿਲਾਇਆ। ਸਿਧਾਰਥ ਨੇ ਫਿਰ ਪੁੱਛਿਆ, ਕਿਸ ਦਿਨ? ਲਿੱਛਵੀ ਨੇ ਉਹੀ ਦਿਨ ਕਿਹਾ ਜਿਹੜਾ ਅਮਰਪਾਲੀ ਲਈ ਨਿਸ਼ਚਿਤ ਹੋਇਆ ਸੀ।

ਬੁੱਧ ਨੇ ਕਿਹਾ, ਮਿੱਤਰ, ਇਸ ਦਿਨ ਅੰਬਾਪਾਲੀ ਦੀ ਹਵੇਲੀ ਜਾਵਾਂਗਾ। ਕੋਈ ਹੋਰ ਦਿਨ ਦੱਸੋ।

ਲਿੱਛਵੀ ਨੇ ਕਿਹਾ, ਤਾਂ ਅੱਜ ਅੰਬਾਪਾਲੀ ਵੱਡੀ ਹੈ, ਹੇ ਮਹਾਰਾਜ? ਅਸੀਂ ਸਭ ਉਸ ਤੋਂ ਛੋਟੇ ਰਹਿ ਗਏ ਹਾਂ?

ਬੁੱਧ ਨੇ ਕਿਹਾ, ਅਮਰਪਾਲੀ ਵੱਡੀ ਨਹੀਂ ਹੈ। ਤੁਸੀਂ ਅਤੇ ਮੈਂ ਵੱਡੇ ਨਹੀਂ ਹਾਂ। ਧਰਮ ਵੱਡਾ ਹੈ। ਇਕਰਾਰ, ਧਰਮ ਦੀ ਜੜ੍ਹ ਹੈ। ਮੈਂ ਉਥੇ ਇਕਰਾਰ ਅਨੁਸਾਰ ਜਾਵਾਂਗਾ। ਤੁਸੀਂ ਵੀ ਮੇਰੇ ਨਾਲ ਚੱਲਣਾ, ਸੰਘ ਚਲੇਗਾ।

ਲਿੱਛਵੀ ਅਮਰਪਾਲੀ ਪਾਸ ਗਿਆ ਤੇ ਕਹਿਣ ਲੱਗਾ, ਅਮਰਪਾਲੀ ਜੇ ਤੂੰ ਬੁੱਧ ਨੂੰ ਭੋਜਨ ਛਕਾਣ ਦਾ ਸੱਦਾ ਵਾਪਸ ਲੈ ਲਵੇਂ ਤਾਂ ਮੈਂ ਮਹਿਲ ਵਿਚ ਇਹ ਸੇਵਾ ਕਰ ਸਕਦਾ ਹਾਂ ਤੇ ਇਸ ਬਦਲੇ ਤੈਨੂੰ ਇਕ ਲੱਖ ਰੁਪਏ ਦੇਣ ਲਈ ਤਿਆਰ ਹਾਂ।

ਅਮਰਪਾਲੀ ਨੇ ਕਿਹਾ, ਲੱਖ ਰੁਪਏ ਤਾਂ ਕੀ, ਲੱਖ ਦੇਸ਼ ਵੀ ਉਸ ਖਾਣੇ ਬਦਲੇ ਨਹੀਂ ਲਵਾਂਗੀ ਮਹਾਰਾਜ। ਉਹ ਇਥੇ ਮੇਰੇ ਘਰ ਆਉਣਗੇ। ਉਹ ਅਮੁੱਲ ਸੁਗਾਤ ਹਨ।

ਸਭ ਅਮਰਪਾਲੀ ਦੀ ਹਵੇਲੀ ਲੰਗਰ ਛਕਣ ਗਏ। ਵਾਪਸ ਆਉਣ ਲੱਗੇ ਤਾਂ ਅਮਰਪਾਲੀ ਨੇ ਹੱਥ ਜੋੜ ਕੇ ਕਿਹਾ, ਮੇਰੀ ਇਕ ਪ੍ਰਾਰਥਨਾ ਹੈ ਸੁਆਮੀ। ਮੋੜਨੀ ਨਾਂਹ। ਘਣਾ ਫੈਲਿਆ ਇਹ ਵਿਸ਼ਾਲ ਬਾਗ ਮੈਂ ਆਪ ਦੇ ਚਰਨਾਂ ਵਿਚ ਭੇਂਟ ਕਰਦੀ ਹਾਂ। ਮੇਰਾ ਹੋਰ ਟਿਕਾਣਾ ਨਹੀਂ ਹੈ। ਜਿੰਨਾ ਚਿਰ ਸਾਹ ਹਨ, ਇਥੇ ਕੋਠੀ ਵਿਚ ਰਹਿਣ ਦੀ ਆਗਿਆ ਦੇ ਦਿਉ। ਮੇਰੇ ਪਿਛੋਂ ਕੋਠੀ, ਸਾਮਾਨ, ਧਨ, ਸਭ ਆਪਦਾ ਹੋਵੇ। ਬੁੱਧ ਨੇ ਉਸ ਦੀ ਬੇਨਤੀ ਮੰਨੀ ਤੇ ਬਾਗ ਸੰਘ ਨੂੰ ਦੇ ਦਿੱਤਾ। ਇਹ ਹਵੇਲੀ ਅਤੇ ਬਾਗ ਭਿਖਣੀਆਂ ਲਈ ਪਹਿਲਾ ਬੋਧ ਆਸ਼ਰਮ ਬਣਿਆ। ਇਸ ਘਟਨਾ ਪਿਛੋਂ ਅਮਰਪਾਲੀ ਕਿਸੇ ਦੀ ਹਵੇਲੀ ਜਾਂ ਮਹਿਲ ਵਿਚ ਨੱਚਣ ਗਾਉਣ ਨਹੀਂ ਗਈ। ਇਸ ਬਾਗ ਵਿਚ ਬੋਧਬਾਣੀ ਦਾ ਕੀਰਤਨ ਕਰਦੀ, ਉਪਾਸ਼ਕ ਸੁਣਦੇ। ਬਦਨਾਮ ਹਵੇਲੀ ਤੀਰਥ ਹੋ ਗਈ।

# ਸਿੱਖੀ, ਨਿਘਾਰ ਤੇ ਹਾਹਾਕਾਰ: ਕੁਝ ਪਹਿਲੂ

*(ਪਿਛਲੇ ਸਫੇ ਦੀ ਬਾਕੀ)*

ਪੜ੍ਹੀਆਂ-ਲਿਖੀਆਂ, ਦੋਹਾਂ ਧਿਰਾਂ ਨੇ ਸਿੱਖੀ ਦੀ ਪਰਿਭਾਸ਼ਾ ਬਦਲਣ 'ਚ ਕੋਈ ਕਸਰ ਨਾ ਛੱਡੀ ਜਿਸ ਦਾ ਫਾਇਦਾ ਸਾਡੇ ਧਾਰਮਿਕ ਆਗੂਆਂ ਨੂੰ ਆਪਣੀ ਫੋਕੀ ਚੌਧਰ ਦਿਖਾਉਣ ਦਾ ਹੋਇਆ। ਇਸ ਚੌਧਰ ਦੀ ਲਾਲਸਾ ਸਦਕਾ ਆਏ ਦਿਨ ਗੁਰਦੁਆਰਿਆਂ ਵਿਚ ਗਾਲ੍ਹਾਂ ਅਤੇ ਕਿਰਪਾਨਾਂ ਚਲਦੀਆਂ ਆਮ ਹੀ ਵੇਖਣ ਨੂੰ ਮਿਲ ਜਾਂਦੀਆਂ ਹਨ; ਖਾਸ ਕਰ ਜੱਟਾਂ ਦਾ ਧਰਮ ਦੇ ਠੇਕੇਦਾਰਾਂ ਦੇ ਰੂਪ ਵਿਚ ਉਭਰ ਕੇ ਆਉਣਾ ਅਤੇ ਆਪਣੇ ਹੰਕਾਰ ਦੀ ਪੂਰਤੀ ਲਈ ਕੋਈ ਵੀ ਫੈਸਲਾ ਕਰਨਾ ਬ੍ਰਾਹਮਣਵਾਦੀ ਸੋਚ ਦਾ ਦੂਜਾ ਰੂਪ ਹੈ। ਜੱਟ ਦੇ ਅੱਖੜਪੁਣੇ ਨੇ ਗੁਰਮਤਿ ਨੂੰ ਦੂਜਾ ਅਤੇ ਹੰਕਾਰ ਨੂੰ ਪਹਿਲਾ ਦਰਜਾ ਦਿੱਤਾ ਹੈ। ਗੁਰੂ ਘਰਾਂ ਵਿਚ ਕੀਤਾ ਜਾਣ ਵਾਲਾ ਹਰ ਫੈਸਲਾ ਹੁਣ ਮੁੱਛ ਦਾ ਸਵਾਲ ਬਣ ਗਿਆ ਹੈ ਜਿਸ ਦਾ ਸਿੱਟਾ ਇਕ ਕਮੇਟੀ 'ਚੋਂ ਦੂਜੀ ਕਮੇਟੀ ਅਤੇ ਨਵਾਂ ਗੁਰਦੁਆਰਾ, ਤੇ ਫਿਰ ਇਕ ਹੋਰ ਕਮੇਟੀ, ਇਕ ਹੋਰ ਗੁਰਦੁਆਰਾ, ਤੇ ਫਿਰ ਇਕ ਹੋਰ ਤੇ ਇਕ ਹੋਰ...। ਗੁਰੂ ਘਰਾਂ ਦੇ ਆਏ ਦਿਨ ਵਿਵਾਦਾਂ ਨੇ ਸਾਡੀ ਨੌਜਵਾਨ ਪੀੜ੍ਹੀ ਨੂੰ ਗੁਰੂ, ਗੁਰਮਤਿ ਅਤੇ ਧਰਮ ਨਾਲੋਂ ਤੋੜ ਕੇ ਰੱਖ ਦਿੱਤਾ ਹੈ। ਧਰਮ ਨਾਲ ਸਬੰਧਤ ਕਿਸੇ ਵਿਸ਼ੇ 'ਚ ਰੁਚੀ ਦਿਖਾਉਣਾ ਤਾਂ ਦੂਰ, ਅੱਜ ਸਾਡੇ ਨੌਜਵਾਨ ਗੁਰਦੁਆਰੇ ਜਾਣਾ ਵੀ ਪੰਸਦ ਨਹੀਂ ਕਰਦੇ। ਧਰਮ ਉਨ੍ਹਾਂ ਲਈ ਫਸਾਦੀ ਵਿਸ਼ਾ ਹੈ ਜਿਸ ਉਤੇ ਗੱਲ ਕਰਨਾ ਇਹ ਨੌਜਵਾਨ ਸਮਾਂ ਗਵਾਉਣਾ ਸਮਝਦੇ ਹਨ। ਦੂਜੇ ਪਾਸੇ ਧਰਮ ਨਾਲੋਂ ਟੁੱਟ ਕੇ ਭਟਕਣਾ ਅਤੇ ਦੁਨੀਆਵੀ ਜ਼ਿੰਮੇਦਾਰੀਆਂ ਦੇ ਬੋਝ ਹੇਠ ਦੱਬਿਆ ਆਮ ਮਨੁੱਖ ਗੁਰਮਤਿ ਦੀ ਥਾਂ ਆਪਣਾ ਬਚਦਾ ਸਮਾਂ ਮੀਡੀਆ ਨੂੰ ਦੇ ਕੇ ਦਿਮਾਗੀ ਸਕੂਨ ਭਾਲਦਾ ਹੈ ਪਰ ਆਸਾਂ ਤੋਂ ਉਲਟ ਸਗੋਂ ਕਾਮ, ਕ੍ਰੋਧ, ਈਰਖਾ ਅਤੇ ਲਾਲਚ ਦੇ ਜਾਲ ਵਿਚ ਫਸਦਾ ਵਿਕਾਰਾਂ ਦੇ ਹਨੇਰੇ 'ਚ ਟੱਕਰਾਂ ਮਾਰਦਾ ਫਿਰਦਾ ਹੈ। ਸਬਰ ਅਤੇ ਸਿਦਕ ਉਸ ਅੰਦਰੋਂ ਜੜ੍ਹੋਂ ਹੀ ਮੁੱਕ ਗਏ ਹਨ।

ਇਸ ਵਰਤਾਰੇ ਦਾ ਨਤੀਜਾ ਕੀ ਨਿਕਲਿਆ? ਗੁਰੂ ਦਾ ਸਿੱਖ ਕੇਵਲ ਮਜਬੂਰੀਵਸ ਹੀ ਸਿੱਖ ਰਹਿ ਗਿਆ ਹੈ। ਕੇਸਾਧਾਰੀ ਫੌਜ ਫੈਸ਼ਨਪ੍ਰਸਤੀ ਨੇ ਕਮਜ਼ੋਰ ਅਤੇ ਨਿਪੁੰਸਕ ਬਣਾ ਦਿੱਤੀ ਹੈ। ਗੁਰੂ ਤੋਂ ਬਰਾਬਰੀ ਦੇ ਹੱਕ ਹਾਸਲ ਕਰ, ਅਣਖ ਲਈ ਜਿਉਣ ਵਾਲੀਆਂ ਬੀਬੀਆਂ ਅੱਜ ਹੀਰੋਇਨਾਂ, ਮਾਡਲਾਂ, ਵਿਸ਼ਵ ਸੁੰਦਰੀਆਂ ਬਣਨ ਦੇ ਸੁਫ਼ਨੇ ਅੱਖਾਂ 'ਚ ਸਜਾਈ ਵੰਨ-ਸੁਵੰਨੇ ਲਿਬਾਸਾਂ ਅਤੇ ਫੈਸ਼ਨਾਂ ਦੀਆਂ ਪਰਤਾਂ ਹੇਠ ਦੱਬ ਕੇ ਰਹਿ ਗਈਆਂ ਹਨ। ਸਿੱਖ ਨੌਜਵਾਨ ਅਸ਼ਲੀਲ ਗੀਤਾਂ, ਅਸਭਿਅਕ ਫਿਲਮਾਂ ਅਤੇ ਨਸ਼ਿਆਂ ਵੱਸ ਪੈ ਆਪਣੇ ਇਤਿਹਾਸਕ ਪੱਖਾਂ ਨੂੰ ਅੱਖੋਂ ਪਰੋਖੇ ਕਰ ਕੇਵਲ ਮੌਜਾਂ ਦੀ ਭਾਲ ਵਿਚ ਭਟਕਦੇ ਫਿਰਦੇ ਹਨ। ਅੱਜ ਅਸੀਂ ਆਰ.ਐਸ.ਐਸ. ਦੀ ਨਿਖੇਧੀ ਕਰਦੇ ਤਾਂ ਸਾਹ ਨਹੀਂ ਲੈਂਦੇ, ਪਰ ਜਦ ਸਾਡੇ ਕਾਕੇ 'ਕਿਵੇਂ ਤੋੜਦੂ ਕੋਈ ਤੇਰਾ ਮੇਰਾ ਪਿਆਰ ਨੀ, ਮੂਹਰੇ ਜੱਟ ਖਾੜਕੂ ਖੜ੍ਹਾ, ਹੱਥ ਵਿਚ ਫੜੀ ਤਲਵਾਰ ਨੀ, ਗੁੱਟ ਵਿਚ ਸੋਹਣੀਏ ਕੜਾ' ਵਰਗੇ ਗੀਤ ਗਾਉਂਦੇ ਹਨ ਤਾਂ ਸਾਨੂੰ ਗੀਤ ਦੇ ਬੋਲਾਂ ਵਿਚ ਹੋ ਰਹੀ ਕੱਕਾਰਾਂ ਦੀ ਬੇਅਦਬੀ ਸੁਣਾਈ ਕਿਉਂ ਨਹੀਂ ਦਿੰਦੀ? 'ਆ ਗਏ ਪੱਗਾਂ ਪੋਚਵੀਆਂ ਵਾਲੇ, ਰਹੀਂ ਬਚ ਕੇ ਨੀ ਰੰਗਲੇ ਦੁਪੱਟੇ ਵਾਲੀਏ' ਗੀਤ ਦੇ ਬੋਲਾਂ ਦੇ ਅਰਥਾਂ ਅਨੁਸਾਰ ਪੱਗਾਂ ਵਾਲੇ ਜਨਾਨੀਬਾਜ਼ ਹੁੰਦੇ ਹਨ, ਭਾਵ ਬੇਗਾਨੀਆਂ ਧੀਆਂ-ਭੈਣਾਂ ਚੁੱਕਣ ਆਉਂਦੇ ਹਨ। 'ਪੱਗ ਦੇ ਪੇਚ 'ਤੇ ਮਰ ਗਈ ਓਏ', ਭਾਵ ਪੱਗ ਆਸ਼ਕੀ ਕਰਨ ਲਈ ਬੰਨ੍ਹੀ ਜਾਂਦੀ ਹੈ। ਹੁਣ ਸਵਾਲ ਉਠਦਾ ਹੈ ਕਿ ਕੀ ਪੱਗ ਜਿਸ ਨੂੰ ਗੁਰੂ ਸਾਹਿਬ ਨੇ ਸਾਡੇ ਸਿਰਾਂ ਉਤੇ ਤਾਜ ਬਣਾ ਕੇ ਸਜਾਇਆ, ਤੇ ਸਾਨੂੰ ਸਰਦਾਰੀਆਂ ਦਿੱਤੀਆਂ ਸਨ, ਅੱਜ ਅਸੀਂ ਆਪ ਉਸ ਦੀ ਕੀ ਕਦਰ ਜਾਣਦੇ ਹਾਂ? ਕੱਕਾਰਾਂ ਦੀ ਅਹਿਮੀਅਤ ਕੀ ਰਹਿ ਗਈ ਹੈ? ਤਲਵਾਰਾਂ ਜੋ ਕਦੇ ਹੱਕਾਂ ਦੀ ਰਾਖੀ ਲਈ ਜਾਂ ਪੱਤ ਦੀ ਰਾਖੀ ਲਈ ਜ਼ੁਲਮ ਦਾ ਟਾਕਰਾ ਕਰਨ ਲਈ ਉਠਾਈ ਗਈ ਸੀ, ਕੀ ਅੱਜ ਮਸ਼ੂਕਾਂ ਲਈ, ਹੰਕਾਰ ਦੀ ਪੂਰਤੀ ਲਈ, ਤੇ ਜਾਂ ਫਿਰ ਗੁੰਡਾਗਰਦੀ ਲਈ ਰਹਿ ਗਈ ਹੈ? ਇਹੀ ਕਾਰਨ ਹੈ ਕਿ ਆਪਣੇ ਅਤੇ ਬੇਗਾਨੇ ਹੱਕਾਂ ਲਈ ਜੂਝ ਕੇ ਮਰਨ ਮਿਟਣ ਵਾਲਾ ਸਿੱਖ ਅੱਜ ਇਨਸਾਫ ਅਤੇ ਆਪਣੇ ਹੱਕ ਸਰਕਾਰਾਂ, ਕਚਹਿਰੀਆਂ ਜਾਂ ਵਿਦੇਸ਼ੀ ਸੰਸਦਾਂ ਵਿਚੋਂ ਮੰਗਦਾ ਫਿਰਦਾ ਹੈ। ਜਿਨ੍ਹਾਂ ਹੱਥਾਂ ਵਿਚ ਕਦੇ ਗੁਰੂ ਨੇ ਤਲਵਾਰ ਫੜਾਈ ਸੀ, ਅੱਜ ਅਸੀਂ ਉਨ੍ਹਾਂ ਹੱਥਾਂ ਵਿਚ ਝਾੜੂ ਫੜੀ 'ਜੈ ਹਿੰਦ' ਜਾਂ 'ਭਾਰਤ ਮਾਤਾ ਦੀ ਜੈ' ਦੇ ਨਾਹਰੇ ਲਾਉਂਦੇ ਫਿਰਦੇ ਹਾਂ। ਸ਼ਾਇਦ ਹੁਣ ਇਹ ਗਾਂਧੀ ਟੋਪੀ ਵਾਲਾ ਸਾਡੀ ਸੁਣੇ। ਕਿਉਂ ਸਾਨੂੰ ਸ਼ਰਮ ਨਹੀਂ ਆਉਂਦੀ? ਸਾਡੀ ਅੱਜ ਦੀ ਪੀੜ੍ਹੀ ਵਿਦਿਆ ਤੋਂ ਕਿਨਾਰਾ ਕਰੀ ਬੈਠੀ ਹੈ। 10ਵੀਂ ਜਾਂ 12ਵੀਂ ਕਰ ਕੇ ਹੀ ਸਾਡੇ ਸ਼ੇਰ ਪੁੱਤ ਦਿਮਾਗੀ ਬੋਝ ਨਾ ਝੱਲਦੇ ਹੋਏ ਹੱਥ ਖੜ੍ਹੇ ਕਰ ਜਾਂਦੇ ਹਨ, ਕਿਉਂਕਿ ਕਿਤਾਬਾਂ ਤਾਂ ਪੰਡਤਾਂ ਜਾਂ ਬਾਣੀਆਂ ਲਈ ਹਨ, ਸਾਡਾ ਜੱਟ ਸਿੱਖ ਹੋਣਾ ਹੀ ਬੜੀ ਵੱਡੀ ਪ੍ਰਾਪਤੀ ਹੈ। ਸਾਡਾ ਕੋਈ ਸਾਨੀ ਨਹੀਂ। ਇਹੀ ਕਾਰਨ ਹੈ ਕਿ ਅੱਜ ਸਾਡੇ ਵਿਚੋਂ ਇਕ ਵੀ ਕੇਜਰੀਵਾਲ ਨਾ ਉਭਰ ਸਕਿਆ। ਅਸੀਂ ਕੇਵਲ ਨਾਹਰੇ ਲਾਉਣ ਵਾਲੇ ਤੇ ਖੜਕੇ-ਦੜਕੇ ਵਾਲੇ ਗੀਤਾਂ ਉਤੇ ਛਾਲਾਂ ਮਾਰਨ ਜੋਗੇ ਰਹਿ ਗਏ। ਕਿਰਤ ਕਰਨ ਨੂੰ ਹੀਣ ਭਾਵਨਾ ਸਮਝਦੇ ਰਹੇ ਅੱਜ ਬੇਜ਼ਮੀਨੇ ਹੋ ਗਏ। ਘਰਾਂ ਵਿਚੋਂ ਬਾਣੀ ਕੱਢ ਕੇ, ਕੇਸ ਕਟਵਾ ਕੇ, ਪੰਜਾਬੀ ਬੋਲੀ ਤਿਆਗ ਕੇ, ਆਪਣੇ ਸਭਿਆਚਾਰ ਨੂੰ ਨਕਾਰ ਕੇ ਸੁੱਖ ਦਾ ਸਾਹ ਲੈ ਰਹੇ ਹਾਂ, ਜਿਵੇਂ ਸਿੱਖੀ ਸਾਡੇ 'ਤੇ ਜਬਰੀ ਥੋਪੀ ਗਈ ਸੀ, ਮਸੀਂ ਛੁਟਕਾਰਾ ਮਿਲਿਆ ਹੋਵੇ। ਇਤਿਹਾਸ ਤੋਂ ਅਣਜਾਣ ਅਸੀਂ ਕੇਵਲ ਸ਼ਰਧਾ ਵਾਲੇ ਉੱਲੂ ਹੀ ਬਣ ਕੇ ਰਹਿ ਗਏ। ਸਾਡੇ ਖੰਡੇ ਦਾ ਰੂਪ ਹੀ ਬਦਲ ਦਿੱਤਾ ਗਿਆ, ... ਤੇ ਅਸੀਂ ਕਬੂਲ ਕਰ ਲਿਆ। ਜੇ ਕਿਸੇ ਕਿਤਾਬ ਨੂੰ ਸਾਡੇ ਗੁਰੂ ਦੀ ਰਚਨਾ ਕਹਿ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਰੱਖ ਦਿੱਤਾ, ਅਸੀਂ ਮੱਥਾ ਟੇਕ ਦਿੱਤਾ। ਦੁਨੀਆਂ ਦੀ ਉੱਚੀ ਤੋਂ ਉੱਚੀ ਚੋਟੀ ਉਤੇ ਸਾਡੇ ਗੁਰੂ ਦਾ ਤਪ ਅਸਥਾਨ ਬਣਾ ਦਿੱਤਾ ਗਿਆ। ਅਸੀਂ ਵਹੀਰਾਂ ਘੱਤ ਤੁਰ ਪਏ। ਆਖਰ ਕੀ ਕਰ ਰਹੇ ਹਾਂ ਅਸੀਂ? ਕੀ ਅਸੀਂ ਹੁਣ ਸਿੱਖ ਰਹਿ ਗਏ ਹਾਂ? ਫਿਰ ਹੈਰਾਨੀ ਇਸ ਗੱਲ ਦੀ ਹੈ ਕਿ ਇਸ ਸਭ ਦੇ ਬਾਵਜੂਦ ਅਸੀਂ ਆਪਣੀ ਹੂੜ੍ਹਮੱਤ ਨੂੰ ਨਹੀਂ, ਦੂਜਿਆਂ ਨੂੰ ਦੋਸ਼ੀ ਦੱਸਦੇ ਹਾਂ। ਖਾਲਿਸਤਾਨੀਆਂ, ਮਿਸ਼ਨਰੀਆਂ, ਗਰਮ ਦਲੀਆਂ, ਸਹਿਜਧਾਰੀਆਂ... ਪਤਾ ਨਹੀਂ ਕਿੰਨੇ ਕੁ ਵਰਗਾਂ 'ਚ ਵੰਡੇ ਬੈਠੇ ਹਾਂ। ਅਸੀਂ ਆਪਣੇ ਆਪ ਨੂੰ ਕੇਵਲ ਗੁਰੂ ਦੇ ਸਿੱਖ ਹੀ ਅਖਵਾ ਕੇ ਫਖਰ ਮਹਿਸੂਸ ਕਿਉਂ ਨਹੀਂ ਕਰਨਾ ਚਾਹੁੰਦੇ? ਬਾਣੀ ਪੜ੍ਹਨੀ ਸਾਡੇ ਲਈ ਅਸੰਭਵ ਵਿਸ਼ਾ ਕਿਉਂ ਬਣਦੀ ਜਾ ਰਹੀ ਹੈ? ਦੁਨੀਆਂ ਭਰ ਦੀ ਜਾਣਕਾਰੀ ਰੱਖਣਾ ਸਾਡੇ ਲਈ ਫਖਰ ਦੀ ਗੱਲ ਹੈ, ਪਰ ਆਪਣੇ ਹੀ ਇਤਿਹਾਸ ਨੂੰ ਭੁੱਲੀ ਬੈਠੇ ਹਾਂ। ਜੇ ਅੱਜ ਅਸੀਂ ਵਕਤ ਨਾ ਸਾਂਭਿਆ ਤਾਂ ਇਸੇ ਵਕਤ ਨੇ ਇਕ ਦਿਨ ਸਾਨੂੰ ਅਜਿਹੇ ਕਾਲੇ ਹਨੇਰੇ ਵਿਚ ਧੱਕ ਦੇਣਾ ਹੈ ਜਿਥੋਂ ਰਾਹ ਲੱਭਣਾ ਅਸੰਭਵ ਹੋ ਜਾਵੇਗਾ। ਘਰਾਂ ਵਿਚ ਬਾਣੀ ਦਾ ਪ੍ਰਕਾਸ਼ ਕਰਨ, ਸਿੱਖ ਰਹਿਤ ਮਰਿਆਦਾ ਵਿਚ ਜੀਵਨ ਜੀਣ, ਗਵਾਚ ਚੁੱਕੇ ਕਿਰਦਾਰ ਨੂੰ ਫਿਰ ਧਾਰਨ ਕਰਨ ਅਤੇ ਆਪਣੇ ਇਤਿਹਾਸ ਅਤੇ ਸਭਿਆਚਾਰ ਨਾਲ ਜੁੜਨਾ ਹੀ ਸਾਡੀ ਬਰਬਾਦੀ ਰੋਕ ਸਕਦਾ ਹੈ; ਨਹੀਂ ਤਾਂ ਆਪਣੇ ਗੁਰੂ ਅੱਗੇ ਜਵਾਬਦੇਹ ਅਸੀਂ ਆਪ ਹੋਵਾਂਗੇ। ਫੈਸਲਾ ਸਾਡੇ ਆਪਣੇ ਹੱਥ ਹੈ।

*ਸਿਰਕੱਢ ਪੱਤਰਕਾਰ ਮਰਹੂਮ ਦਲਬੀਰ ਸਿੰਘ (20 ਅਗਸਤ 1949-28 ਜੁਲਾਈ 2007) ਆਪਣੀ ਸਵੈ-ਜੀਵਨੀ 'ਤੇਰੀਆਂ ਗਲੀਆਂ' ਵਿਚ ਵੀ 'ਪੰਜਾਬੀ ਟ੍ਰਿਬਿਊਨ' ਵਿਚ ਛਪਦੇ ਰਹੇ ਆਪਣੇ ਹਰਮਨਪਿਆਰੇ ਕਾਲਮ 'ਜਗਤ ਤਮਾਸ਼ਾ' ਵਾਂਗ ਨਿਵੇਕਲੇ ਰੰਗ ਨਾਲ ਹਾਜ਼ਰ ਹੈ। ਆਪਣੀ ਧੀ ਸੁਪਨੀਤ ਕੌਰ ਨੂੰ ਆਪਣਾ ਪਿੰਡ ਨੰਗਲ ਸ਼ਾਮਾ ਦਿਖਾਉਣ ਦੇ ਬਹਾਨੇ ਉਹਨੇ ਪੰਜਾਬ ਦੇ ਪਿੰਡਾਂ, ਲੋਕਾਂ ਅਤੇ ਆਲੇ-ਦੁਆਲੇ ਬਾਰੇ ਬੜੀਆਂ ਸਿੱਧੀਆਂ ਅਤੇ ਸੂਖਮ ਗੱਲਾਂ ਕੀਤੀਆਂ ਹਨ। ਇਹ ਰਚਨਾ ਇਕੱਲੇ ਨੰਗਲ ਸ਼ਾਮਾ ਪਿੰਡ ਬਾਰੇ ਨਹੀਂ, ਸਗੋਂ ਇਹ ਸਮੁੱਚੇ ਪੰਜਾਬ ਦੇ ਪਿੰਡਾਂ ਦੀ ਕਹਾਣੀ ਹੈ ਜੋ ਪਿਛਲੇ ਕਈ ਦਹਾਕਿਆਂ ਤੋਂ ਬਹੁਤ ਤੇਜ਼ੀ ਨਾਲ ਬਦਲੇ ਹਨ। ਇਨ੍ਹਾਂ ਪਿੰਡਾਂ ਦੀ ਤਾਸੀਰ ਬਦਲ ਗਈ ਹੈ ਅਤੇ ਤੱਤ ਵੀ ਬਦਲ ਰਿਹਾ ਹੈ। ਦਲਬੀਰ ਨੇ ਇਹ ਰਚਨਾ ਧੜਕਦੇ ਦਿਲ ਨਾਲ ਕੀਤੀ ਹੋਈ ਹੈ, ਇਸੇ ਲਈ ਇਸ ਨੂੰ ਪੜ੍ਹਨ-ਸੁਣਨ ਵਾਲੇ ਦਾ ਦਿਲ ਵੀ ਉਸ ਰੌਂਅ ਵਿਚ ਧੜਕਣ ਲਗਦਾ ਹੈ। ਐਤਕੀਂ 'ਮਾਸਟਰ ਦੀ ਕਬਰ' ਨਾਂ ਦੇ ਅਧਿਆਇ ਵਿਚ ਉਸ ਨੇ ਵਹਿਮਾਂ-ਭਰਮਾਂ ਉਤੇ ਬੜੀ ਤਿੱਖੀ ਚੋਟ ਕੀਤੀ ਹੈ। -ਸੰਪਾਦਕ*

# ਮਾਸਟਰ ਦੀ ਕਬਰ

ਖੱਬੇ ਪਾਸੇ ਮਾਸਟਰ ਦੀ ਸਮਾਧ ਜਾਂ ਕਬਰ ਦਿਖਾਈ ਨਹੀਂ ਦੇ ਰਹੀ। ਇਸ ਦੇ ਸਾਹਮਣੇ ਮਕਾਨ ਉਸਰ ਗਏ ਹਨ ਜਿਸ ਕਾਰਨ ਇਹ ਲੁਕ ਗਈ ਹੈ। ਪਹਿਲਾਂ ਇਸ ਥਾਂ ਨੂੰ ਪਿੰਡ ਦੇ ਲੋਕ ਬਹੁਤ 'ਸਖਤ' ਮੰਨਦੇ ਹੁੰਦੇ ਸਨ। ਅਸਲ ਵਿਚ ਇਹ ਸਮਾਧ ਨਹੀਂ ਹੈ, ਸਿਰਫ਼ ਕਬਰ ਹੈ। ਕਿਸ ਦੀ ਹੈ?... ਕਿਸੇ ਨੂੰ ਨਹੀਂ ਪਤਾ। ਇਹ ਗੱਲ ਤਾਂ ਪੱਕੀ ਹੈ ਕਿ ਕਿਸੇ ਮੁਸਲਮਾਨ ਦੀ ਕਬਰ ਹੈ ਜਿਹੜਾ ਦੇਸ਼ ਦੀ ਵੰਡ ਤੋਂ ਪਹਿਲਾਂ ਇਸ ਪਿੰਡ ਵਿਚ ਰਹਿੰਦਾ ਹੋਵੇਗਾ। ਜ਼ਰੂਰ ਹੀ ਕੋਈ ਮੋਹਤਬਰ ਬੰਦਾ ਹੋਵੇਗਾ। ਤਦੇ ਤਾਂ ਪਿੰਡ ਵਿਚ ਉਸ ਦੀ ਪੱਕੀ ਕਬਰ ਬਣੀ ਹੋਈ ਹੈ; ਵਰਨਾ ਪਿੰਡ ਵਿਚ ਮੁਸਲਮਾਨ ਤਾਂ ਬਹੁਤ ਹੁੰਦੇ ਹੋਣਗੇ ਅਤੇ ਉਹ ਮਰੇ ਵੀ ਹੋਣਗੇ। ਇਸ ਕਬਰ ਉਤੇ ਹਰ ਤੀਜੇ ਚੌਥੇ ਸਾਲ ਪਿੰਡ ਦੇ ਹੀ ਗੁਆਂਢੀ ਹਰੀਜਨ ਪਰਿਵਾਰਾਂ ਵੱਲੋਂ ਸਫੈਦੀ ਕਰਵਾ ਦਿੱਤੀ ਜਾਂਦੀ ਸੀ। ਲਗਭਗ ਹਰ ਵੀਰਵਾਰ ਵਾਲੀ ਸ਼ਾਮ ਇਥੇ ਕੋਈ ਨਾ ਕੋਈ ਤੀਵੀਂ ਦੀਵਾ ਜਗਾ ਦਿਆ ਕਰਦੀ ਸੀ।

ਇਸ ਕਬਰ ਦੇ ਸਾਹਮਣੇ ਕੱਚੇ ਰਸਤੇ ਉਤੇ ਮਹੀਨੇ ਵਿਚ ਇਕ-ਅੱਧੀ ਵਾਰੀ ਕੋਈ ਨਾ ਕੋਈ ਟੂਣਾ ਕੀਤਾ ਹੋਇਆ ਮਿਲਦਾ ਸੀ। ਹਰੇ ਸਲਵਾੜ੍ਹ ਦੇ ਨਾਲ ਪਿੱਤਲ ਦੇ ਪੱਤੇ ਉਤੇ ਸੰਧੂਰ, ਠੂਠੀ, ਫੁੱਲੀਆਂ ਦੇ ਨਾਲ ਕੁਝ ਪੈਸੇ ਵੀ ਰੱਖੇ ਹੁੰਦੇ ਸਨ। ਪਹਿਲਾਂ ਪਹਿਲ ਅਸੀਂ ਇਸ ਤਰ੍ਹਾਂ ਦੇ ਟੂਣੇ ਤੋਂ ਬਹੁਤ ਡਰਦੇ ਸਾਂ। ਆਮ ਤੌਰ ਉਤੇ ਇਸ ਦੇ ਪਾਸੇ ਤੋਂ ਦੀ ਲੰਘ ਕੇ ਜਾਂਦੇ ਸਾਂ। ਡਰ ਇਹ ਸੀ ਕਿ ਜੇ ਟੂਣਾ ਉਲੰਘ ਦਿੱਤਾ, ਤਾਂ ਟੂਣਾ ਕਰਨ ਵਾਲੇ ਜਾਂ ਵਾਲੀ ਦੇ ਮਗਰ ਪਿਆ ਪਰੇਤ ਉਲੰਘਣਾ ਵਾਲੇ ਦੇ ਮਗਰ ਪੈ ਜਾਏਗਾ, ਪਰ ਇਕ ਦਿਨ ਲਹਿੰਬਰ ਗੱਪੀ ਨੇ ਟੂਣੇ ਉਤੇ ਰੱਖਿਆ ਸਵਾ ਰੁਪਿਆ ਚੁੱਕਿਆ, ਫੁੱਲੀਆਂ ਅਤੇ ਖੰਡ ਚੁੱਕ ਕੇ ਮੂੰਹ ਵਿਚ ਪਾਈ ਅਤੇ ਟੂਣੇ ਨੂੰ ਠੁੱਡਾ ਮਾਰ ਕੇ ਖਿਲਾਰ ਦਿੱਤਾ। ਅਸੀਂ ਦੋ ਦਿਨ ਤਕ ਉਸ ਦੇ ਮਰਨ ਦੀ ਉਡੀਕ ਕਰਦੇ ਰਹੇ, ਪਰ ਉਹ ਤਾਂ ਨੌਂ-ਬਰ-ਨੌਂ ਸੀ। ਇਸ ਲਈ ਉਸ ਦਿਨ ਤੋਂ ਬਾਅਦ ਸਾਡਾ ਵੀ ਟੂਣਿਆਂ ਵਿਚੋਂ ਡਰ ਖਤਮ ਹੋ ਗਿਆ।

ਇਸੇ ਤਰ੍ਹਾਂ ਹੀ ਮਾਸਟਰ ਦੀ ਕਬਰ ਤੋਂ ਡਰ ਵੀ ਇਕ ਵਾਰੀ ਲਹਿੰਬਰ ਗੱਪੀ ਨੇ ਹੀ ਖਤਮ ਕਰਵਾਇਆ। ਅਸੀਂ ਤਾਂ ਛੋਟੇ ਹੁੰਦੇ ਕਬਰ ਵੱਲ ਮਸਤਕ ਝੁਕਾ ਕੇ ਲੰਘਦੇ ਸਾਂ। ਇਕ ਦਿਨ ਅਸੀਂ ਸਾਰੇ ਦਿਨ ਛਿਪੇ ਟੋਲੀਆਂ ਬਣਾ ਕੇ ਲੁਕਣ ਮੀਟੀ ਖੇਡ ਰਹੇ ਸਾਂ ਕਿ ਸਾਡੀ ਟੋਲੀ ਮਾਸਟਰ ਦੀ ਸਮਾਧ ਕੋਲ ਆ ਲੁਕੀ। ਮੇਰੀ ਉਮਰ 10-12 ਸਾਲ ਦੀ ਹੋਵੇਗੀ ਅਤੇ ਲਹਿੰਬਰ ਦੀ 14-15 ਦੀ, ਪਰ ਤਿੰਨ ਸਾਲਾਂ ਦੇ ਫਰਕ ਦੇ ਬਾਵਜੂਦ ਉਹ ਬਹੁਤ ਵੱਡਾ ਦਿਖਾਈ ਦਿੰਦਾ ਸੀ। ਜਦੋਂ ਅਸੀਂ ਕਬਰ ਕੋਲ ਲੁਕੇ ਹੋਣ ਨਾਲ ਪਰੇਤ ਦੇ ਕਾਬੂ ਆਉਣ ਬਾਰੇ ਡਰ ਪ੍ਰਗਟ ਕੀਤਾ ਤਾਂ ਲਹਿੰਬਰ ਨੇ ਪਜਾਮੇ ਦਾ ਪਹੁੰਚਾ ਚੁੱਕ ਕੇ ਕਬਰ ਉਤੇ ਪਿਸ਼ਾਬ ਕਰ ਦਿੱਤਾ। ਅਸੀਂ ਇਕ ਦਮ ਦਹਿਲ ਗਏ ਸਾਂ। ਸਾਡਾ ਵਿਚਾਰ ਸੀ ਕਿ ਕਬਰ 'ਸਖਤੀ' ਹੋਣ ਕਾਰਨ ਲਹਿੰਬਰ ਉਸੇ ਵੇਲੇ ਹੀ ਫੁੜਕ ਕੇ ਡਿੱਗ ਪਏਗਾ, ਪਰ ਉਸ ਨੂੰ ਕੁਝ ਨਾ ਹੋਇਆ। ਅਸੀਂ ਸੋਚਦੇ ਸੀ ਕਿ ਕਬਰ ਵਿਚਲਾ ਪਰੇਤ ਉਸ ਨੂੰ ਬਖਸ਼ੇਗਾ ਨਹੀਂ, ਪਰ ਲਹਿੰਬਰ ਨੂੰ ਤਾਂ ਤਾਪ ਤਕ ਨਹੀਂ ਚੜ੍ਹਿਆ। ਇਸ ਤੋਂ ਬਾਅਦ ਸਾਡਾ ਵੀ ਕਬਰ ਤੋਂ ਡਰ ਜਾਂਦਾ ਰਿਹਾ। ਫਿਰ ਅਸੀਂ ਵੀ ਕਈ ਡਰਨ ਵਾਲਿਆਂ ਦਾ ਡਰ ਖਤਮ ਕਰਨ ਲਈ ਕਬਰ ਉਤੇ ਕਈ ਵਾਰੀ ਪਿਸ਼ਾਬ ਕੀਤਾ। ਪਹਿਲੀ-ਪਹਿਲੀ ਵਾਰ ਰਤਾ ਕੁ ਦਹਿਲ ਸੀ। ਫਿਰ ਇਹ ਗੱਲ ਸਾਧਾਰਨ ਵਰਗੀ ਹੋ ਗਈ ਸੀ। ਫਿਰ ਤਾਂ ਟੂਣਾ ਚੁੱਕਣ ਵਿਚ ਵੀ ਪਹਿਲ ਕਰਨ ਲਈ ਸ਼ਰਤਾਂ ਲਗਦੀਆਂ ਸਨ।

ਟੂਣਾ ਚੁੱਕਣ ਦੇ ਮਾਮਲੇ ਤੋਂ ਚੇਤਾ ਆਇਆ ਕਿ ਜਦੋਂ 1978 ਵਿਚ ਮੈਂ ਜ਼ਿੰਦਗੀ ਵਿਚ ਪਹਿਲੀ ਵਾਰੀ ਪਹਾੜੀਆਂ ਦੇਖਣ ਲਈ ਕਸੌਲੀ ਗਿਆ ਤਾਂ ਮੇਰੇ ਨਾਲ ਪੀ.ਏ.ਯੂ. ਵਾਲੇ ਰਣਜੀਤ ਸਿੰਘ ਥਾਂਦੀ ਅਤੇ ਭਾਅ ਜੀ ਸਾਧੂ ਸਿੰਘ ਵੀ ਸਨ। ਮੰਕੀ ਪੁਆਇੰਟ ਨਾਂ ਦੀ ਸਿੱਧੀ ਅਤੇ ਕਸੌਲੀ ਦੀ ਸਭ ਤੋਂ ਉਚੀ ਪਹਾੜੀ ਉਤੇ ਹਨੂੰਮਾਨ ਜੀ ਦੇ ਨਾਂ ਉਤੇ ਚੌਂਤਰਾ ਜਿਹਾ ਬਣਾਇਆ ਹੋਇਆ ਸੀ ਜਿਸ ਨੂੰ ਹਨੂੰਮਾਨ ਦਾ ਮੰਦਰ ਕਹਿੰਦੇ ਸਨ। ਪਹਾੜੀ ਉਤੇ ਚੜ੍ਹਨ ਵਾਲੇ ਸ਼ਰਧਾਲੂ ਲੋਕ ਉਥੇ ਦਸੀ-ਪੰਜੀ, ਚੁਆਨੀ-ਅਠਿਆਨੀ ਆਦਿ ਚੜ੍ਹਾ ਜਾਂਦੇ ਸਨ।

ਅਸੀਂ ਸਾਰੇ ਹੀ ਨਾਸਤਕ ਸਾਂ। ਇਸ ਲਈ ਅਸੀਂ ਉਥੇ ਭਾਨ ਦੇ ਰੂਪ ਵਿਚ ਪਏ ਸਾਢੇ ਸੱਤ ਰੁਪਏ ਦੇ ਕਰੀਬ ਪੈਸੇ ਚੁੱਕ ਲਏ ਅਤੇ ਹੇਠਾਂ ਉਤਰ ਕੇ ਇਸ ਨੂੰ ਸ਼ਰਾਬ ਦੀ ਬੋਤਲ ਵਾਲੀ ਰਕਮ ਵਿਚ ਪਾ ਲਿਆ। ਕਈ ਸਾਲਾਂ ਮਗਰੋਂ ਫਿਰ ਗਿਆ ਤਾਂ ਮੰਦਰ ਦੇ ਪ੍ਰਬੰਧਕਾਂ ਨੇ ਛੋਟਾ ਜਿਹਾ ਮੰਦਰ ਉਸਾਰ ਕੇ ਲੋਹੇ ਦੀ ਖਿੜਕੀ ਲਾ ਦਿੱਤੀ ਸੀ। ਇਸ ਵਿਚੋਂ ਦੀ ਪੈਸੇ ਸੁੱਟੇ ਜਾ ਸਕਦੇ ਸਨ ਪਰ ਕੱਢਣ ਲਈ ਹੱਥ ਨਹੀਂ ਸੀ ਪੈ ਸਕਦਾ। ਨਾਸਤਕਾਂ ਨਾਲੋਂ ਮੰਦਰ ਦੇ ਪੁਜਾਰੀਆਂ ਕੋਲ ਵਧੇਰੇ ਜੁਗਤਾਂ ਹੁੰਦੀਆਂ ਹਨ!

ਹੁਣ ਮਾਸਟਰ ਦੀ ਕਬਰ ਦੇ ਆਲੇ-ਦੁਆਲੇ ਕਿਉਂਕਿ ਘਰ ਬਣ ਗਏ ਹਨ, ਇਸ ਲਈ ਪਹਿਲੀ ਨਜ਼ਰੇ ਇਹ ਦਿਖਾਈ ਨਹੀਂ ਦਿੱਤੀ। ਰਤਾ ਕੁ ਤਰੱਦਦ ਕਰਨ ਉਤੇ ਪਤਾ ਲੱਗਾ ਕਿ ਕਬਰ ਤਕ ਨਿੱਕੀ ਜਿਹੀ ਗਲੀ (ਰਸਤਾ) ਛੱਡੀ ਗਈ ਹੈ ਜਿਸ ਦੇ ਪਾਰ ਕਬਰ ਹਾਲੇ ਮੌਜੂਦ ਹੈ। ਪਿੰਡ ਵਿਚ ਤਾਂ ਕਿਸੇ ਨੂੰ ਇਹ ਗਿਆਨ ਵੀ ਨਹੀਂ ਕਿ ਇਹ ਕਬਰ ਕਿਸ ਦੀ ਹੈ। ਛੋਟੇ ਹੁੰਦਿਆਂ ਦਾਦਾ ਜੀ ਮੇਲਾ ਸਿੰਘ ਨੂੰ ਪੁੱਛਿਆ ਸੀ। ਉਨ੍ਹਾਂ ਵੀ ਸਿਰਫ ਇੰਨਾ ਹੀ ਦੱਸਿਆ ਸੀ ਕਿ ਇਹ ਕਬਰ ਕਿਸੇ ਮੁਸਲਮਾਨ ਮਾਸਟਰ ਦੀ ਹੈ। ਇਹ ਮਾਸਟਰ ਕਦੋਂ ਮਰਿਆ? ਇਹ ਕਿਉਂ ਮਸ਼ਹੂਰ ਸੀ? ਉਸ ਨੇ ਕੀ ਕਾਰਨਾਮੇ ਕੀਤੇ ਸਨ? ਇਸ ਬਾਰੇ ਹੋਰ ਕੁਝ ਵੀ ਪਤਾ ਨਹੀਂ ਸੀ।

ਭਾਰਤ ਵਿਚ ਹੋਰ ਪਤਾ ਨਹੀਂ ਕਿੰਨੇ ਪਿੰਡਾਂ ਤੇ ਸ਼ਹਿਰਾਂ ਵਿਚ ਇਸ ਤਰ੍ਹਾਂ ਦੀਆਂ ਬੇਨਾਮ ਕਬਰਾਂ ਹੋਣਗੀਆਂ ਜਿਥੇ ਉਸ਼ਟੰਡੀ ਲੋਕ ਹਰਾ ਝੰਡਾ ਲਾ ਕੇ ਆਂਢ-ਗੁਆਂਢ ਦੀ ਜ਼ਮੀਨ ਉਤੇ ਕਬਜ਼ਾ ਕਰ ਲੈਂਦੇ ਹਨ, ਪਰ ਮੇਰੇ ਪਿੰਡ ਦੇ ਲੋਕ ਧਰਮੀ ਹੋਣ ਦੇ ਬਾਵਜੂਦ ਪਖੰਡੀ ਨਹੀਂ ਹਨ। ਉਹ ਹਰ ਸਾਧ-ਸੰਤ ਦੀ ਸੇਵਾ ਜ਼ਰੂਰ ਕਰਦੇ ਹਨ ਪਰ ਚਲਾਕ ਲੋਕਾਂ ਨੂੰ ਪਛਾਣ ਲੈਂਦੇ ਹਨ। ਉਹ ਗੁੱਗੇ ਪੀਰ ਦੇ ਉਪਾਸ਼ਕ ਹਨ ਪਰ ਗੁੱਗੇ ਦੀ ਜਿਹੜੀ ਮਟੀ ਦਲਿਤਾਂ (ਹਰੀਜਨਾਂ) ਦੇ ਵਿਹੜੇ ਬਣੀ ਹੋਈ ਹੈ, ਉਸ ਉਤੇ ਵੀ ਸਿਰਫ਼ ਗੁੱਗਾ ਨੌਮੀ ਵਾਲੇ ਦਿਨੀਂ ਹੀ ਰੌਣਕ ਹੁੰਦੀ ਹੈ। ਬਾਕੀ ਦਾ ਸਾਲ ਉਥੇ ਚੇਲਿਆਂ ਦਾ ਕੋਈ ਟੱਬਰ ਹੀ ਦੀਵਾ ਬਾਲਦਾ ਹੈ।

ਨੰਗਲ ਸ਼ਾਮਾ ਦੇ ਲੋਕਾਂ ਦੇ ਆਮ ਤੌਰ ਉਤੇ ਸਾਧਾਂ-ਸੰਤਾਂ ਦੇ ਪ੍ਰਭਾਵ ਤੋਂ ਮੁਕਤ ਹੋਣ ਦੀ ਇਕ ਹੋਰ ਉਦਾਹਰਣ ਸਾਡੇ ਪਿੰਡ ਵਿਚ ਹੁੰਦਾ 'ਜਨਮਾ' ਹੈ। ਪੀੜ੍ਹੀ-ਦਰ-ਪੀੜ੍ਹੀ ਇਹ ਪ੍ਰਥਾ ਚਲੀ ਆ ਰਹੀ ਹੈ ਕਿ ਜੋੜਾਂ ਦੇ ਦਰਦਾਂ ਵਾਲੇ ਮਰੀਜ਼ ਹਰ ਸ਼ਨਿਚਰਵਾਰ ਪਿੰਡ ਚੌਕੀ ਭਰਨ ਆਉਂਦੇ ਹਨ। ਪਿੰਡ ਦੇ ਨੌਜਵਾਨ ਉਨ੍ਹਾਂ ਨੂੰ 'ਝਾੜਾ' ਕਰਦੇ ਹਨ ਜਿਸ ਨੂੰ ਪਿੰਡ ਵਿਚ 'ਜਨਮਾ' ਕਹਿੰਦੇ ਹਨ। ਮਰੀਜ਼ ਪਿੰਡ ਦੇ ਪ੍ਰਾਇਮਰੀ ਸਕੂਲ ਦੇ ਅਹਾਤੇ ਵਿਚ ਬੈਠਦੇ ਹਨ। ਤਿੰਨ ਹਫਤਿਆਂ ਮਗਰੋਂ ਹੀ ਉਹ ਠੀਕ-ਠਾਕ ਹੋ ਜਾਂਦੇ ਹਨ।

ਜੇ ਕੋਈ ਹੋਰ ਪਿੰਡ ਹੁੰਦਾ ਤਾਂ ਖਬਰੇ ਇਸ ਕੰਮ ਲਈ ਕੋਈ ਮੜ੍ਹੀ, ਮੱਠ, ਗੁਰਦੁਆਰਾ ਜਾਂ ਸ਼ਿਵਾਲਾ ਬਣ ਜਾਂਦਾ। ਇਹ ਵੀ ਹੋ ਸਕਦਾ ਸੀ ਕਿ ਕੋਈ ਮਹੰਤ, ਫਕੀਰ ਜਾਂ ਭਾਈ ਇਸ ਉਤੇ ਕਬਜ਼ਾ ਕਰ ਕੇ ਲੋਕਾਂ ਨੂੰ ਬੇਵਕੂਫ ਬਣਾਉਣਾ ਸ਼ੁਰੂ ਕਰ ਦਿੰਦਾ, ਪਰ ਨੰਗਲ ਸ਼ਾਮਾ ਦੇ ਲੋਕਾਂ ਨੇ ਇਸ ਤਰ੍ਹਾਂ ਦੀ ਕੋਈ ਹਰਕਤ ਨਹੀਂ ਕੀਤੀ ਅਤੇ ਨਾ ਹੀ ਹੋਣ ਦਿੱਤੀ ਹੈ। ਕਿਸੇ ਸ਼ਰਾਰਤੀ ਨੇ ਇਸ ਤਰ੍ਹਾਂ ਦਾ ਯਤਨ ਵੀ ਨਹੀਂ ਕੀਤਾ। ਜੇ ਕਿਸੇ ਨੇ ਕੀਤਾ ਹੁੰਦਾ ਤਾਂ ਜ਼ਰੂਰ ਹੀ ਲੋਕਾਂ ਨੇ ਉਸ ਦਾ ਮੂੰਹ ਤੋੜ ਜਵਾਬ ਦੇਣਾ ਸੀ। ਇਹੀ ਕਾਰਨ ਹੈ ਕਿ ਮਾਸਟਰ ਦੀ ਕਬਰ ਉਤੇ ਸਿਵਾ ਕਿਸੇ ਵੀਰਵਾਰ ਨੂੰ ਦੀਵਾ ਜਗਾਉਣ ਦੀ ਚਲੀ ਆ ਰਹੀ ਪਿਰਤ ਪੂਰੀ ਕਰਨ ਦੇ, ਹੋਰ ਕੋਈ ਅਡੰਬਰ ਨਹੀਂ ਰਚਿਆ ਗਿਆ। ਮੈਂ ਆਪਣੀ ਧੀ ਨੂੰ ਦੱਸਦਾ ਹਾਂ ਕਿ ਧਾਰਮਿਕ ਹੋਣ ਦੇ ਬਾਵਜੂਦ ਮੇਰੇ ਪਿੰਡ ਦੇ ਲੋਕ ਕਰਮਕਾਂਡੀ ਨਹੀਂ ਹਨ। ਉਹ ਧਾਰਮਿਕ ਜ਼ਰੂਰ ਹਨ, ਧਰਮ ਦੇ ਮਾਮਲੇ ਵਿਚ ਉਹ ਲੜਦੇ ਵੀ ਹਨ ਪਰ ਸਾਰੇ ਹੀ ਗੁਰਦੁਆਰੇ ਜਾਂਦੇ ਹਨ। ਇਕੋ ਗੁਰੂ ਨੂੰ ਮੰਨਣ ਵਾਲੇ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣ ਵਾਲੇ ਪਿੰਡ ਦੇ ਲੋਕਾਂ ਨੇ ਪਹਿਲਾਂ ਮਾਸਟਰ ਦੀ ਕਬਰ ਦੇ ਕੁਝ ਅੱਗੇ ਕਰ ਕੇ ਦੂਜਾ ਗੁਰਦੁਆਰਾ ਬਣਾਇਆ ਸੀ। ਅੱਜ ਕੱਲ੍ਹ ਤੀਜੀ ਥਾਂ ਉਤੇ ਵੀ ਨਿਸ਼ਾਨ ਸਾਹਿਬ ਲੱਗਾ ਹੋਇਆ ਹੈ।

ਮੈਂ ਬੇਟੀ ਨੂੰ ਦੱਸਦਾ ਹਾਂ ਕਿ ਖੱਬੇ ਪਾਸੇ ਪੀਲੇ ਰੰਗ ਦੀ ਜਿਹੜੀ ਇਮਾਰਤ ਹੈ, ਉਹ ਪਿੰਡ ਦਾ ਦੂਜਾ ਗੁਰਦੁਆਰਾ ਹੈ। ਅੱਜ ਕੱਲ੍ਹ ਇਸ ਨੂੰ 'ਛੋਟਾ ਗੁਰਦੁਆਰਾ' ਕਿਹਾ ਜਾਂਦਾ ਹੈ, ਪਰ ਸੱਠਵਿਆਂ ਵਿਚ ਜਦੋਂ ਇਸ ਦੀ ਉਸਾਰੀ ਕੀਤੀ ਗਈ ਸੀ ਤਾਂ ਇਸ ਨੂੰ ਹਰੀਜਨਾਂ ਜਾਂ 'ਵਿਹੜੇ ਵਾਲਿਆਂ' ਦਾ ਗੁਰਦੁਆਰਾ ਕਿਹਾ ਜਾਂਦਾ ਸੀ। ਕੁਝ ਲੋਕ ਤਾਂ ਇਸ ਨੂੰ ਚਮਾਰਾਂ ਦਾ ਗੁਰਦੁਆਰਾ ਵੀ ਕਹਿੰਦੇ ਸਨ। ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ ਪਿੰਡ ਦੇ ਵੱਡੇ ਗੁਰਦੁਆਰੇ ਦੇ ਹਾਲ ਦੇ ਬਾਹਰ ਹਰੀਜਨਾਂ ਜਾਂ ਦਲਿਤਾਂ ਦੇ ਆਪਣੇ ਹਾਣੀਆਂ ਨੂੰ ਮੈਂ ਜੋੜਿਆਂ ਵਾਲੀ ਥਾਂ ਵਿਚ ਬੈਠ ਕੇ ਕੜਾਹ ਪ੍ਰਸ਼ਾਦ ਲੈਂਦੇ ਦੇਖਿਆ ਸੀ।

ਸਿੱਖੀ ਦੇ ਸਿਧਾਂਤਾਂ ਦੀ ਬਹੁਤ ਸਮਝ ਨਾ ਹੋਣ ਦੇ ਬਾਵਜੂਦ ਮੈਨੂੰ ਇਹ ਗੱਲ ਬਹੁਤ ਔਖੀ ਲਗਦੀ ਸੀ ਕਿ ਹਰੀਜਨਾਂ ਨੂੰ ਗੁਰਦੁਆਰੇ ਵਿਚ ਨਾ ਜਾਣ ਦਿੱਤਾ ਜਾਵੇ ਪਰ ਪਿੰਡ ਦੇ ਜੱਟਾਂ ਅਤੇ ਤਰਖਾਣਾਂ ਦੇ ਪੁਰਖਾਂ ਦੀ ਹਾਜ਼ਰੀ ਵਿਚ ਮੈਂ ਇਸ ਦਾ ਵਿਰੋਧ ਨਹੀਂ ਸੀ ਕਰ ਸਕਦਾ ਪਰ ਕੁਝ ਸਾਲਾਂ ਮਗਰੋਂ ਪਹਿਲੀ ਵਾਰੀ ਮੈਂ ਹੀ ਇਹ ਕੀਤਾ ਸੀ ਕਿ ਇਕ ਹਰੀਜਨ ਸਹਿਪਾਠੀ ਨੂੰ ਨਾਲ ਲੈ ਕੇ ਵੱਡੇ ਗੁਰਦੁਆਰੇ ਦੇ ਹਾਲ ਵਿਚ ਦਾਖਲ ਹੋਇਆ ਸਾਂ। ਕੁਝ ਕੁ ਅੱਖਾਂ ਵਿਚ ਇਤਰਾਜ਼ੀਆ ਸੰਕੇਤ ਉਠੇ ਸਨ ਪਰ ਸਿਰਫ਼ ਇੰਨਾ ਹੀ। ਇਸ ਤੋਂ ਵੱਧ ਕੁਝ ਨਹੀਂ ਸੀ ਹੋਇਆ। ਇਸ ਦਾ ਇਕ ਕਾਰਨ ਇਹ ਵੀ ਸੀ ਕਿ ਉਦੋਂ ਤੱਕ ਮੈਂ ਗੁਰਦੁਆਰੇ ਦੇ ਭਾਈ ਗਿਆਨੀ ਹੀਰਾ ਸਿੰਘ ਦਾ ਚੇਲਾ ਬਣ ਗਿਆ ਸਾਂ ਅਤੇ ਉਹ ਮੇਰੀ ਇਸ ਦਲੀਲ ਨਾਲ ਸਹਿਮਤ ਹੋ ਗਏ ਸਨ ਕਿ ਸਿੱਖੀ ਮਨੁੱਖ ਤੇ ਮਨੁੱਖ ਵਿਚ ਫਰਕ ਨਹੀਂ ਸਮਝਦੀ। ਇਹ ਦਲੀਲ ਮੈਂ ਕਮਿਊਨਿਸਟਾਂ ਤੋਂ ਵੀ ਸਿੱਖੀ ਸੀ। ਇਸ ਮਗਰੋਂ ਭਾਵੇਂ ਦਲਿਤ ਲੋਕ ਬਹੁਤੀ ਗਿਣਤੀ ਵਿਚ ਵੱਡੇ ਗੁਰਦੁਆਰੇ ਵਿਚ ਨਹੀਂ ਸਨ ਆਉਂਦੇ ਪਰ ਇਨ੍ਹਾਂ ਦੇ ਆਉਣ ਉਤੇ ਰੋਕ ਨਹੀਂ ਸੀ।

ਦੂਜਾ ਜਾਂ ਛੋਟਾ ਜਾਂ ਹਰੀਜਨਾਂ ਦਾ ਜਾਂ ਰਵਿਦਾਸ ਗੁਰਦੁਆਰਾ ਭਾਵੇਂ ਨਿਰੋਲ ਦਲਿਤਾਂ ਨੇ ਉਸਾਰਿਆ ਸੀ, ਇਸ ਵਿਚ ਮਦਦ ਪਿੰਡ ਦੇ ਹੋਰ ਲੋਕਾਂ ਨੇ ਵੀ ਦਿੱਤੀ ਸੀ। ਇਸ ਦੀ ਕਾਰ ਸੇਵਾ ਵਿਚ ਮੈਂ ਵੀ ਹਿੱਸਾ ਲਿਆ ਸੀ। ਮਗਰੋਂ ਭਾਵੇਂ ਮੈਂ ਪਿੰਡ ਦਾ 'ਮੰਨਿਆ ਪ੍ਰਮੰਨਿਆ' ਅਖੰਡ ਪਾਠੀ ਹੋ ਗਿਆ ਸਾਂ, ਫਿਰ ਵੀ ਇਸ ਗੁਰਦੁਆਰੇ ਵਿਚ ਪਾਠ ਕਰਨ ਦਾ ਮੌਕਾ ਸਿਰਫ਼ ਇਕੋ ਵਾਰੀ ਲੱਗਾ ਸੀ।

ਖ਼ੈਰ! ਮਾਸਟਰ ਦੀ ਕਬਰ ਬਾਰੇ ਦੱਸਣ ਤੋਂ ਬਾਅਦ ਜਦੋਂ ਮੈਂ ਇਸ ਗੁਰਦੁਆਰੇ ਬਾਰੇ ਆਪਣੀ ਬੇਟੀ ਨੂੰ ਦੱਸ ਰਿਹਾ ਸਾਂ ਤਾਂ ਉਸ ਨੇ ਇਸ ਗੁਰਦੁਆਰੇ ਦੇ ਸਾਹਮਣੇ ਵੱਲ ਇਕ ਕਮਰੇ ਉਤੇ ਲੱਗੇ ਨਿਸ਼ਾਨ ਸਾਹਿਬ ਵੱਲ ਇਸ਼ਾਰਾ ਕਰਦੇ ਹੋਏ ਇਸ ਬਾਰੇ ਪੁੱਛਿਆ। ਇਸ ਬਾਰੇ ਤਾਂ ਮੈਨੂੰ ਵੀ ਨਹੀਂ ਸੀ ਪਤਾ। ਇਹ ਤਾਂ ਮੇਰੀ ਗੈਰ-ਹਾਜ਼ਰੀ ਵਿਚ ਉਸਰਿਆ ਕੋਈ ਮੰਦਰ ਜਿਹਾ ਹੈ। ਦਲਿਤਾਂ ਦਾ ਲਹਿੰਬਰ ਜਿਹੜਾ ਬਿਜਲੀ ਬੋਰਡ ਵਿਚ ਲਾਈਨਮੈਨ ਹੈ, ਪਰ ਨਾਲ ਦੀ ਨਾਲ ਗੁਰਦੁਆਰੇ ਦੇ ਸਾਹਮਣੇ ਵਾਲੀ ਕੋਠੜੀ ਵਿਚ ਸਾਈਕਲਾਂ ਦੀ ਦੁਕਾਨ ਕਰਦਾ ਸੀ, ਵੀ ਇਸ ਬਾਰੇ ਵੇਰਵੇ ਵਿਚ ਦੱਸਣ ਤੋਂ ਇਨਕਾਰ ਕਰਦਾ ਹੈ। ਉਹ ਸਿਰਫ ਇੰਨਾ ਹੀ ਕਹਿੰਦਾ ਹੈ ਕਿ 'ਇਹ ਵੀ ਨਵਾਂ ਸ਼ੋਸ਼ਾ ਹੀ ਹੈ।' ਮੈਂ ਹੈਰਾਨ ਹਾਂ ਕਿ ਜਿਸ ਪਿੰਡ ਵਿਚ ਸਦੀਆਂ ਤੋਂ ਕੋਈ ਮੰਦਰ ਨਹੀਂ ਸੀ, ਉਥੇ ਕਿਹੜੀ ਸ਼ਰਾਰਤ ਜਾਂ ਲੋੜ ਹੇਠ ਇਹ ਮੰਦਰ ਉਸਾਰਿਆ ਗਿਆ ਹੈ?

***(ਚੱਲਦਾ)***



ਪਿੰਡ ਨੰਗਲ ਸ਼ਾਮਾ ਦਾ ਗੁਰਦੁਆਰਾ ਗੁਰੂ ਰਵਿਦਾਸ

***ਸਿੱਖੀ ਦੇ ਸਿਧਾਂਤਾਂ ਦੀ ਬਹੁਤ ਸਮਝ ਨਾ ਹੋਣ ਦੇ ਬਾਵਜੂਦ ਮੈਨੂੰ ਇਹ ਗੱਲ ਬਹੁਤ ਔਖੀ ਲਗਦੀ ਸੀ ਕਿ ਹਰੀਜਨਾਂ ਨੂੰ ਗੁਰਦੁਆਰੇ ਵਿਚ ਨਾ ਜਾਣ ਦਿੱਤਾ ਜਾਵੇ ਪਰ ਪਿੰਡ ਦੇ ਜੱਟਾਂ ਅਤੇ ਤਰਖਾਣਾਂ ਦੇ ਪੁਰਖਾਂ ਦੀ ਹਾਜ਼ਰੀ ਵਿਚ ਮੈਂ ਇਸ ਦਾ ਵਿਰੋਧ ਨਹੀਂ ਸੀ ਕਰ ਸਕਦਾ ਪਰ ਕੁਝ ਸਾਲਾਂ ਮਗਰੋਂ ਪਹਿਲੀ ਵਾਰੀ ਮੈਂ ਹੀ ਇਹ ਕੀਤਾ ਸੀ ਕਿ ਇਕ ਹਰੀਜਨ ਸਹਿਪਾਠੀ ਨੂੰ ਨਾਲ ਲੈ ਕੇ ਵੱਡੇ ਗੁਰਦੁਆਰੇ ਦੇ ਹਾਲ ਵਿਚ ਦਾਖਲ ਹੋਇਆ ਸਾਂ। ਕੁਝ ਕੁ ਅੱਖਾਂ ਵਿਚ ਇਤਰਾਜ਼ੀਆ ਸੰਕੇਤ ਉਠੇ ਸਨ, ਇਸ ਤੋਂ ਵੱਧ ਕੁਝ ਨਹੀਂ ਸੀ ਹੋਇਆ। ਇਸ ਦਾ ਇਕ ਕਾਰਨ ਇਹ ਵੀ ਸੀ ਕਿ ਉਦੋਂ ਤੱਕ ਮੈਂ ਗੁਰਦੁਆਰੇ ਦੇ ਭਾਈ ਗਿਆਨੀ ਹੀਰਾ ਸਿੰਘ ਦਾ ਚੇਲਾ ਬਣ ਗਿਆ ਸਾਂ ਅਤੇ ਉਹ ਮੇਰੀ ਇਸ ਦਲੀਲ ਨਾਲ ਸਹਿਮਤ ਹੋ ਗਏ ਸਨ ਕਿ ਸਿੱਖੀ ਮਨੁੱਖ ਤੇ ਮਨੁੱਖ ਵਿਚ ਫਰਕ ਨਹੀਂ ਸਮਝਦੀ। ਇਹ ਦਲੀਲ ਮੈਂ ਕਮਿਊਨਿਸਟਾਂ ਤੋਂ ਵੀ ਸਿੱਖੀ ਸੀ।***

***ਮਾਸਟਰ ਦੀ ਕਬਰ ਬਾਰੇ ਦੱਸਣ ਤੋਂ ਬਾਅਦ ਜਦੋਂ ਗੁਰਦੁਆਰੇ ਬਾਰੇ ਆਪਣੀ ਬੇਟੀ ਨੂੰ ਦੱਸ ਰਿਹਾ ਸਾਂ ਤਾਂ ਉਸ ਨੇ ਗੁਰਦੁਆਰੇ ਦੇ ਸਾਹਮਣੇ ਵੱਲ ਇਕ ਕਮਰੇ ਉਤੇ ਲੱਗੇ ਨਿਸ਼ਾਨ ਸਾਹਿਬ ਵੱਲ ਇਸ਼ਾਰਾ ਕਰਦੇ ਹੋਏ ਇਸ ਬਾਰੇ ਪੁੱਛਿਆ। ਇਸ ਬਾਰੇ ਤਾਂ ਮੈਨੂੰ ਵੀ ਨਹੀਂ ਸੀ ਪਤਾ। ਇਹ ਤਾਂ ਮੇਰੀ ਗੈਰ-ਹਾਜ਼ਰੀ ਵਿਚ ਉਸਰਿਆ ਕੋਈ ਮੰਦਰ ਜਿਹਾ ਹੈ। ਦਲਿਤਾਂ ਦਾ ਲਹਿੰਬਰ ਜਿਹੜਾ ਬਿਜਲੀ ਬੋਰਡ ਵਿਚ ਲਾਈਨਮੈਨ ਹੈ, ਪਰ ਨਾਲ ਦੀ ਨਾਲ ਗੁਰਦੁਆਰੇ ਦੇ ਸਾਹਮਣੇ ਵਾਲੀ ਕੋਠੜੀ ਵਿਚ ਸਾਈਕਲਾਂ ਦੀ ਦੁਕਾਨ ਕਰਦਾ ਸੀ, ਵੀ ਇਸ ਬਾਰੇ ਵੇਰਵੇ ਵਿਚ ਦੱਸਣ ਤੋਂ ਇਨਕਾਰ ਕਰਦਾ ਹੈ। ਉਹ ਸਿਰਫ ਇੰਨਾ ਹੀ ਕਹਿੰਦਾ ਹੈ ਕਿ 'ਇਹ ਵੀ ਨਵਾਂ ਸ਼ੋਸ਼ਾ ਹੀ ਹੈ।'***

## ਤੇਰੀਆਂ ਗਲੀਆਂ-5



***ਮੈਂ (ਆਪਣੇ) ਪਿੰਡ (ਨੰਗਲ ਸ਼ਾਮਾ) ਦੀਆਂ ਗਲੀਆਂ, ਨਾਲੀਆਂ, ਖੇਤਾਂ, ਖੂਹਾਂ, ਖੰਡਰਾਂ, ਦਰਖਤਾਂ, ਫਸਲਾਂ, ਤੀਵੀਂਆਂ, ਬੰਦਿਆਂ, ਇਸ ਦੀ ਮਿੱਟੀ ਦੇ ਕਿਣਕਿਆਂ ਆਦਿ ਉਤੇ ਕਵਿਤਾ ਲਿਖਣੀ ਚਾਹੁੰਦਾ ਹਾਂ ਪਰ ਮੈਨੂੰ ਕਵਿਤਾ ਨਾ ਲਿਖ ਸਕਣ ਦਾ ਸਰਾਪ ਹੈ। ਮੇਰੀ ਆਖਰੀ ਖਾਹਸ਼ ਕੀ ਹੈ? ਮੇਰੀ ਧੀ ਸੁਪਨੀਤ ਪੁੱਛਦੀ ਹੈ। ਮੈਂ ਕਹਿੰਦਾ ਹਾਂ ਕਿ ਮੈਂ ਨੰਗਲ ਸ਼ਾਮਾ ਬਾਰੇ ਇੰਨੀਆਂ ਕਵਿਤਾਵਾਂ ਲਿਖਣਾ ਚਾਹੁੰਦਾ ਹਾਂ ਜਿੰਨੀਆਂ ਮੈਂ ਸਾਰੀ ਉਮਰ ਲਾ ਕੇ ਵੀ ਲਿਖ ਨਾ ਸਕਾਂ, ਪਰ ਚਾਹੁੰਦੇ ਹੋਏ ਵੀ ਨਹੀਂ ਲਿਖ ਸਕਦਾ, ਕਿਉਂਕਿ ਕਵਿਤਾ ਨਾ ਲਿਖਣ ਦਾ ਸਰਾਪ ਹੰਢਾਅ ਰਿਹਾ ਹਾਂ। ਇਸ ਲਈ ਘੱਟੋ-ਘੱਟ ਮੈਂ ਉਸ ਦੀ ਜੂਹ ਦੀ ਮਿੱਟੀ ਤਾਂ ਖਾ ਹੀ ਸਕਦਾ ਹਾਂ! ਮੈਂ ਰੱਜ ਕੇ ਪਿੰਡ ਦੀ ਮਿੱਟੀ ਖਾਣਾ ਚਾਹੁੰਦਾ ਹਾਂ। ਮੈਨੂੰ ਇਸ ਤਰ੍ਹਾਂ ਨਾ ਕਰ ਸਕਣ ਦਾ ਕਿਸੇ ਕੋਈ ਸਰਾਪ ਨਹੀਂ ਜੇ ਦਿੱਤਾ। ਸਾਰੀ-ਸਾਰੀ ਰਾਤ ਜਗਦੀਆਂ ਰੌਸ਼ਨੀਆਂ ਦੇ ਸ਼ਹਿਰ ਵਿਚ ਮੈਂ ਬਹੁਤ ਭੁੱਖਾ ਰਹਿ ਗਿਆ ਹਾਂ।***

ਕਹਾਣੀ

# ਆਪਣਾ ਦੇਸ਼ ਪਰਾਇਆ ਦੇਸ਼

***ਕਹਾਣੀਕਾਰ ਸਵਿੰਦਰ ਸਿੰਘ ਉਪਲ ਦੀ ਕਹਾਣੀ 'ਆਪਣਾ ਦੇਸ਼ ਪਰਾਇਆ ਦੇਸ਼' ਕਈ ਦਹਾਕੇ ਪਹਿਲਾਂ ਦੀ ਲਿਖੀ ਹੋਈ ਹੈ, ਪਰ ਇਸ ਦਾ ਪਾਠ ਕਰ ਕੇ ਅੱਜ ਦੇ ਪੰਜਾਬ ਦੇ ਦਰਦ ਦੀ ਸਮਝ ਪੈਣ ਲਗਦੀ ਹੈ ਜਿਹੜਾ ਸਾਰੇ ਦਾ ਸਾਰਾ, ਹਰ ਹਾਲ ਵਿਦੇਸ਼ੀਂ ਅੱਪੜਨ ਲਈ ਕਾਹਲਾ ਪਿਆ ਹੋਇਆ ਹੈ। ਕਹਾਣੀ ਦਾ ਮੁੱਖ ਪਾਤਰ ਵਿਦੇਸ਼ ਵਿਚ ਕੁਝ ਹਫਤੇ ਬਿਤਾ ਕੇ ਆਪਣੇ ਵਤਨ ਪਰਤਦਾ ਹੈ। ਰੋਜ਼ ਦੇ ਕੰਮ-ਕਾਰ ਵਿਚ ਉਹ ਮੱਲੋ-ਮੱਲੀ ਆਪਣੇ ਦੇਸ਼ ਦਾ ਮੁਕਾਬਲਾ ਪੱਛਮੀ ਮੁਲਕ ਅਤੇ ਉਥੋਂ ਦੇ ਲੋਕਾਂ ਨਾਲ ਕਰਨ ਲੱਗ ਪੈਂਦਾ ਹੈ... ਛੇਤੀ ਹੀ ਉਸ ਨੂੰ ਆਪਣਾ ਹੀ ਦੇਸ਼ ਪਰਾਇਆ ਜਾਪਣ ਲੱਗ ਪੈਂਦਾ ਹੈ। -ਸੰਪਾਦਕ***

ਹਵਾਈ ਜਹਾਜ਼ ਵਿਚ ਬੈਠਿਆਂ ਜਦੋਂ ਆਵਾਜ਼ ਆਈ ਕਿ ਅਸੀਂ ਪਾਲਮ ਹਵਾਈ ਅੱਡੇ ਉਤੇ ਉਤਰਨ ਵਾਲੇ ਹਾਂ, ਸਾਰੇ ਮੁਸਾਫਰ ਆਪੋ-ਆਪਣੀਆਂ ਪੇਟੀਆਂ ਬੰਨ੍ਹ ਲੈਣ, ਤਾਂ ਮੇਰੇ ਮਨ ਵਿਚ ਅਕਹਿ ਜਿਹੀ ਖੁਸ਼ੀ ਹੋਈ। ਮੈਂ ਦੋ ਮਹੀਨਿਆਂ ਦੀ ਪਰਦੇਸ ਯਾਤਰਾ ਪਿਛੋਂ ਆਪਣੇ ਵਤਨ ਨੂੰ ਵੇਖਣ, ਆਪਣੇ ਸਬੰਧੀਆਂ ਨੂੰ ਮਿਲਣ ਅਤੇ ਆਪਣੀ ਮਾਂ ਬੋਲੀ ਰਾਹੀਂ ਸਿੱਧੇ ਮੂੰਹ ਨਾਲ ਗੱਲ ਕਰਨ 'ਤੇ ਸਹਿਕ ਗਿਆ ਸੀ। ਪਰਦੇਸ ਵਿਚ ਲਗਾਤਾਰ ਕਈ ਹਫ਼ਤੇ ਅੰਗਰੇਜ਼ੀ ਬੋਲ-ਬੋਲ ਕੇ ਮੂੰਹ ਆਕੜ ਗਿਆ ਲਗਦਾ ਸੀ। ਆਪਣੇ ਨਾਲ ਬੈਠੇ ਕੈਨੇਡੀਅਨ ਦੋਸਤ ਰਾਬਰਟ ਇੰਕਲਿੰਗ ਨੂੰ ਬੜੇ ਤਪਾਕ ਨਾਲ ਮਜਬੂਰਨ ਅੰਗਰੇਜ਼ੀ ਵਿਚ ਆਖਿਆ, "ਲੈ ਮਿੱਤਰਾ! ਤਿਆਰ ਹੋ ਜਾ, ਆ ਗਿਆ ਈ ਮੇਰਾ ਸ਼ਹਿਰ।"

ਜਹਾਜ਼ ਹੁਣ ਨੀਵਾਂ, ਬਹੁਤ ਨੀਵਾਂ ਹੁੰਦਾ ਜਾ ਰਿਹਾ ਸੀ।

ਮੈਂ ਆਪਣੀ ਨਾਲ ਵਾਲੀ ਖਿੜਕੀ ਦੇ ਸ਼ੀਸ਼ੇ

**ਸਵਿੰਦਰ ਸਿੰਘ ਉਪਲ**

ਵਿਚੋਂ ਬਾਹਰ ਝਾਕਣ ਦਾ ਯਤਨ ਕੀਤਾ, ਪਰ ਬਾਹਰ ਚਾਰੇ ਪਾਸੇ ਹਨੇਰਾ ਹੀ ਹਨੇਰਾ ਸੀ। ਹਾਂ, ਰੋਸ਼ਨੀ ਦੀਆਂ ਚਾਰੇ ਪਾਸੇ ਸਜੀਆਂ ਬੱਤੀਆਂ ਦੇ ਟਿਮਟਿਮਾਉਂਦੇ ਦੀਵੇ ਜਿਵੇਂ ਮੈਨੂੰ ਜੀ ਆਇਆਂ ਆਖ ਰਹੇ ਹੋਣ। ਫਿਰ ਮੈਨੂੰ ਲਾਲ ਜਿਹੀ ਬੱਤੀ ਨਜ਼ਰ ਆਈ। ਮੈਂ ਜੋਸ਼ ਵਿਚ ਆ ਕੇ ਰਾਬਰਟ ਨੂੰ ਪਕੜ ਕੇ ਬੋਲੀ ਗਿਆ, ਬੋਲੀ ਗਿਆ। ਇਹ ਵੇਖ, ਇਹ ਲਾਲ ਬੱਤੀ ਫੂਡ ਕਾਰਪੋਰੇਸ਼ਨ ਆਫ ਇੰਡੀਆ ਦੇ ਅਨਾਜ ਗੋਦਾਮ ਦੀ ਏ। ਇਹ ਗੁਦਾਮ ਮੇਰੀ ਪਤਨੀ ਦੇ ਫੁਫੜ ਨੇ ਬਣਵਾਇਆ ਸੀ। ਇਹ ਚਮਕਦੀਆਂ ਬੱਤੀਆਂ ਸਾਡੇ ਰਾਜੌਰੀ ਗਾਰਡਨ ਦੀਆਂ ਹਨ। ਮੇਰਾ ਘਰ ਪਾਲਮ ਤੋਂ ਬਹੁਤਾ ਦੂਰ ਨਹੀਂ, ਬਹੁਤੇ ਜਹਾਜ਼ ਸਾਡੀ ਕਾਲੋਨੀ ਦੇ ਉਪਰੋਂ ਦੀ ਲੰਘ ਕੇ ਜਾਂਦੇ ਹਨ। ਹੋ ਸਕਦਾ ਏ, ਮੇਰੇ ਦੋ ਮੰਜ਼ਲੇ ਮਕਾਨ ਦੀ ਛੱਤ ਉਪਰ ਖਲੋਤੀ ਮੇਰੀ ਪਤਨੀ ਹੇਠੋਂ ਸਾਡੇ ਜਹਾਜ਼ ਨੂੰ ਤੱਕ ਰਹੀ ਹੋਵੇ। ਮੈਂ ਜਹਾਜ਼ ਦੇ ਪਹੁੰਚਣ ਦਾ ਸਮਾਂ ਉਸ ਨੂੰ ਲਿਖ ਦਿੱਤਾ ਸੀ।

ਮੈਂ ਵੇਖਿਆ ਰਾਬਰਟ ਮੇਰੀਆਂ ਝੱਲ-ਬਲੱਲੀਆਂ ਗੱਲਾਂ 'ਤੇ ਹੱਸ ਰਿਹਾ ਸੀ, ਪਰ ਉਹ ਮੈਨੂੰ ਖੁਸ਼ੀ ਨਾਲ ਉਬਲਦਾ ਵੇਖ ਕੇ ਪ੍ਰਸੰਨ ਵੀ ਹੋ ਰਿਹਾ ਸੀ, ਕਿਉਂਕਿ ਮੇਰੇ ਨਾਲ ਕੈਨੇਡਾ ਵਿਚ ਗੁਜ਼ਾਰੇ ਕੁਝ ਹਫ਼ਤਿਆਂ ਪਿਛੋਂ ਉਹ ਵੀ ਭਾਰਤ ਨੂੰ ਵੇਖਣ ਲਈ ਕਾਹਲਾ ਹੋ ਗਿਆ ਸੀ। ਮੈਂ ਉਸ ਨੂੰ ਦੱਸਿਆ ਸੀ ਕਿ ਸਪਤ ਸਿੰਧੂ ਸਭਿਅਤਾ ਦੁਨੀਆਂ ਦੀਆਂ ਸਭ ਤੋਂ ਪੁਰਾਤਨ ਸਭਿਅਤਾਵਾਂ ਵਿਚੋਂ ਹੈ। ਇਹ ਵੇਦਾਂ, ਰਿਸ਼ੀਆਂ-ਮੁਨੀਆਂ ਦਾ ਦੇਸ਼ ਹੈ ਜਿੱਥੇ ਧਾਰਮਿਕਤਾ ਸਦੀਆਂ ਤੋਂ ਰਾਜ ਕਰਦੀ ਚਲੀ ਆ ਰਹੀ ਹੈ। ਇਥੇ ਬਹੁਤੇ ਲੋਕਾਂ, ਖ਼ਾਸ ਕਰ ਕੇ ਪੇਂਡੂਆਂ ਦੇ ਚਿਹਰਿਆਂ ਉਪਰ ਖਿੜੀ ਮਾਨਸਿਕ ਸ਼ਾਂਤੀ ਦੀ ਸੁਗੰਧ ਹਰ ਇਕ ਨੂੰ ਆਪਣੇ ਵੱਲ ਖਿੱਚ ਲੈਂਦੀ ਹੈ। ਰਾਬਰਟ ਇੰਕਲਿੰਗ ਕੈਨੇਡਾ ਦਾ ਚੰਗਾ ਪ੍ਰਸਿੱਧ ਸਾਹਿਤਕਾਰ ਸੀ ਜਿਸ ਦਾ ਭਾਰਤ ਅਤੇ ਭਾਰਤੀਆਂ ਬਾਰੇ ਬੜਾ ਹੀ ਚੰਗਾ ਵਿਚਾਰ ਸੀ। ਮੈਨੂੰ ਮਿਲਣ ਪਿੱਛੋਂ ਅਤੇ ਆਪਣੇ ਘਰ ਮੈਨੂੰ ਕਈ ਹਫ਼ਤੇ ਰੱਖਣ ਅਤੇ ਵਿਚਾਰ-ਵਟਾਂਦਰਾ ਕਰਨ ਬਾਅਦ ਤਾਂ ਉਹ ਭਾਰਤ ਦੀ ਧਰਤੀ ਅਤੇ ਲੋਕਾਂ ਨੂੰ ਆਪਣੀਆਂ ਅੱਖਾਂ ਨਾਲ ਤੱਕਣ ਲਈ ਉਤਾਵਲਾ ਹੋ ਗਿਆ ਸੀ, "ਮਿਸਟਰ ਸਿੰਘ, ਮੈਨੂੰ ਆਪਣੇ ਨਾਲ ਭਾਰਤ ਲੈ ਚੱਲੇਂਗਾ? ਮੈਂ ਇਸ ਮਹਾਨ ਮੁਲਕ ਨੂੰ ਆਪਣੀਆਂ ਅੱਖਾਂ ਨਾਲ ਵੇਖਣਾ ਚਾਹੁੰਦਾ ਹਾਂ।"

ਹੁਣ ਹਵਾਈ ਜਹਾਜ਼ ਧਰਤੀ ਉਤੇ ਉਤਰ ਆਇਆ ਸੀ ਅਤੇ ਆਪਣੇ ਰੁਕ ਵਾਲੇ ਠਿਕਾਣੇ ਵੱਲ ਦੌੜਦਾ ਹੋਇਆ ਹੌਲੀ-ਹੌਲੀ ਰਫ਼ਤਾਰ ਘਟਾ ਰਿਹਾ ਸੀ।

ਫਿਰ ਕਸਟਮ ਲਈ ਲੰਮੀਆਂ ਕਤਾਰਾਂ ਲੱਗ ਗਈਆਂ। ਹਰੀਆਂ ਬੱਤੀਆਂ ਵਾਲੀਆਂ ਖਿੜਕੀਆਂ ਅੱਗੇ ਲੱਗੀਆਂ ਕਤਾਰਾਂ ਕੁਝ ਵਧੇਰੇ ਲੰਮੀਆਂ ਸਨ ਅਤੇ ਲਾਲ ਬੱਤੀਆਂ ਵਾਲੇ ਪਾਸੇ ਮੁਸਾਫ਼ਰ ਘੱਟ ਆਏ ਸਨ। ਕਸਟਮ ਇੰਸਪੈਕਟਰ ਹਰ ਮੁਸਾਫ਼ਰ ਦੇ ਚਿਹਰੇ ਤੋਂ ਸ਼ੱਕ ਦੀ ਐਨਕ ਥਾਣੀਂ ਪਹਿਲਾਂ ਕੁਝ ਪੜ੍ਹਦੇ, ਫਿਰ ਉਸ ਅਨੁਸਾਰ ਉਸ ਦੇ ਸਾਮਾਨ ਦੀ ਤਲਾਸ਼ੀ ਲੈਂਦੇ। ਇੰਜ ਖਲੋਤਿਆਂ-ਖਲੋਤਿਆਂ ਸਾਨੂੰ ਦੋ-ਢਾਈ ਘੰਟੇ ਹੋ ਗਏ, ਪਰ ਹਾਲਾਂ ਸਾਡੀ ਵਾਰੀ ਨਹੀਂ ਸੀ ਆਈ। ਰਾਬਰਟ ਨੂੰ ਇਹ ਦੇਰੀ ਬਹੁਤ ਚੁੱਭ ਰਹੀ ਲੱਗਦੀ ਸੀ; ਕਿਉਂਕਿ ਉਹ ਇਸ ਤਰ੍ਹਾਂ ਦੀ ਦੇਰੀ ਦਾ ਆਦੀ ਨਹੀਂ ਸੀ। ਸ਼ੁਕਰ-ਸ਼ੁਕਰ ਕਰ ਕੇ ਵਕਤ ਆਇਆ ਕਿ ਕਸਟਮ ਇੰਸਪੈਕਟਰ ਨੂੰ ਸਾਡੀਆਂ ਅੱਖਾਂ ਵਿਚ ਵੀ ਝਾਕਣ ਦੀ ਫੁਰਸਤ ਮਿਲੀ। ਉਸ ਇਕ-ਇਕ ਕੱਪੜਾ ਫਰੋਲਿਆ, ਇਕ-ਇਕ ਬਕਸਾ ਖੁੱਲ੍ਹਵਾਇਆ ਅਤੇ ਉਨ੍ਹਾਂ ਵਿਚ ਤਰੀਕੇ ਨਾਲ ਟਿਕਾਈਆਂ ਵਸਤਾਂ ਨੂੰ ਬੜੀ ਬੇਦਰਦੀ ਨਾਲ ਬਖੇਰਿਆ ਅਤੇ ਆਪਣੇ ਦਿਮਾਗੀ ਕੰਪਿਊਟਰ ਵਲੋਂ ਮਿਲੇ ਹਿੰਦਸੇ ਨੂੰ ਉਸ ਇਕ ਕਾਗਜ਼ 'ਤੇ ਲਿਖ ਕੇ ਸਾਨੂੰ ਲਾਗਲੇ ਬੈਂਕ ਵਿਚ ਕਰਮ ਜਮ੍ਹਾ ਕਰਾਉਣ ਲਈ ਹਦਾਇਤ ਕੀਤੀ। ਪੈਸੇ ਜਮ੍ਹਾਂ ਕਰਾ ਦਿਤੇ ਗਏ। ਹਵਾਈ ਜਹਾਜ਼ ਤੋਂ ਉਤਰਨ ਤੋਂ ਲੈ ਕੇ ਹਵਾਈ ਅੱਡੇ ਤੋਂ ਬਾਹਰ ਨਿਕਲਣ ਤੀਕ ਸਾਨੂੰ ਹੁਣ ਚਾਰ ਘੰਟੇ ਲੱਗ ਗਏ ਸਨ। ਮੈਂ ਪਰਦੇਸ ਦੇ ਘੱਟੋ-ਘੱਟ ਪੰਜ-ਛੇ ਅੱਡਿਆਂ ਵਿਚੋਂ ਲੰਘਿਆ ਸਾਂ ਪਰ ਕਿਸੇ ਥਾਂ ਵੀ ਇਤਨਾ ਸਮਾਂ ਕਸਟਮ ਵਾਲਿਆਂ ਨੇ ਮੇਰਾ ਨਹੀਂ ਸੀ ਜ਼ਾਇਆ ਕੀਤਾ।

ਘਰ ਜਦੋਂ ਟੈਕਸੀ ਰਾਹੀਂ ਪਹੁੰਚੇ ਤਾਂ ਟੈਕਸੀ ਵਾਲੇ ਨੇ ਰੱਟਾ ਪਾ ਦਿਤਾ। ਸਾਮਾਨ ਦੇ ਕਿਰਾਏ ਸਮੇਤ ਉਹ ਮੇਰੇ ਕੋਲੋਂ ਸੱਠ ਰੁਪਏ ਝਾੜਨਾ ਚਾਹੁੰਦਾ ਸੀ, ਪਰ ਮੈਂ ਉਸ ਨੂੰ ਕਹਿ ਰਿਹਾ ਸਾਂ ਕਿ ਮੀਟਰ ਮੁਤਾਬਕ ਤੀਹ ਰੁਪਏ ਤੋਂ ਵੱਧ ਮੈਂ ਇਕ ਪੈਸਾ ਨਹੀਂ ਦੇਣਾ। ਮੇਰੇ ਨਾਲ ਵਿਦੇਸ਼ੀ ਨੂੰ ਵੇਖ ਕੇ ਅਤੇ ਸਾਡੇ ਚਮਕਦੇ ਬਕਸਿਆਂ ਦੇ ਭੁਲੇਖੇ ਵਿਚ ਆ ਕੇ ਉਹ ਵਿੱਟਰ ਬੈਠਾ ਸੀ। ਅਖੀਰ ਇਹ ਸੋਚ ਕੇ ਕਿ ਰਾਬਰਟ ਉਤੇ ਭਾਰਤੀ ਟੈਕਸੀ ਵਾਲਿਆਂ ਬਾਰੇ ਬੁਰਾ ਪ੍ਰਭਾਵ ਨਾ ਪਵੇ, ਮੈਂ ਅਖੀਰ ਚਾਲੀ ਰੁਪਏ ਦੇਣ 'ਤੇ ਰਾਜ਼ੀ ਹੋ ਗਿਆ।

"ਬਾਹਰ ਜਾ ਕੇ ਵਿਦੇਸ਼ੀਆਂ 'ਤੇ ਹਜ਼ਾਰਾਂ ਰੁਪਏ ਲੁਟਾ ਆਉਣਗੇ ਪਰ ਘਰ ਆ ਕੇ ਆਪਣੇ ਭਰਾਵਾਂ ਨੂੰ ਚਾਰ ਪੈਸੇ ਫਾਲਤੂ ਦੇਣ ਵੇਲੇ ਇਨ੍ਹਾਂ ਦੀ ਜਾਨ ਨਿਕਲ ਜਾਂਦੀ ਏ।"

ਟੈਕਸੀ ਵਾਲਾ ਸਾਡੇ ਆਂਢੀਆਂ-ਗੁਆਂਢੀਆਂ ਨੂੰ ਸੁਣਾਉਣ ਲਈ ਉਚਾ-ਉਚਾ ਬੋਲ ਕੇ ਆਪਣਾ ਗੁਬਾਰ ਕੱਢ ਰਿਹਾ ਸੀ।

ਮੈਂ ਰਾਬਰਟ ਦੇ ਸਾਹਮਣੇ ਸ਼ਾਂਤ ਰਹਿਣ ਕਾਰਨ ਟੈਕਸੀ ਵਾਲੇ ਨੂੰ ਸਮਝਾਇਆ, "ਮੈਂ ਲੇਖਕ ਹਾਂ ਅਤੇ ਮੈਨੂੰ ਭਾਰਤ ਸਰਕਾਰ ਨੇ ਆਪਣੇ ਖਰਚੇ ਉਤੇ ਬਾਹਰ ਕਾਨਫ਼ਰੰਸ ਵਿਚ ਸ਼ਾਮਲ ਹੋਣ ਲਈ ਭੇਜਿਆ ਸੀ। ਭੁਲੇਖਾ ਨਾ ਖਾ, ਮੈਂ ਕੋਈ ਵਪਾਰੀ ਨਹੀਂ।" ਪਰ ਜਾਪਦਾ ਸੀ, ਸਿਰ ਤੋਂ ਪੈਰਾਂ ਤੀਕ ਮੈਨੂੰ ਵੇਖਣ ਪਿਛੋਂ ਇਹ ਸੱਚ ਵੀ ਉਸ ਨੂੰ ਝੂਠਾ ਲੱਗ ਰਿਹਾ ਸੀ ਜਿਸ ਕਾਰਨ ਉਹ ਬੁੜ-ਬੁੜ ਕਰਦਾ ਟੈਕਸੀ ਵਿਚ ਜਾ ਬੈਠਾ।

ਘਰ ਵਿਚ ਗਹਿਮਾ-ਗਹਿਮੀ ਹੋ ਗਈ ਸੀ। ਬੀਵੀ ਬੱਚੇ ਆਪੋ-ਆਪਣੀਆਂ ਆਈਆਂ ਚੀਜ਼ਾਂ ਵੇਖ ਪ੍ਰਸੰਨ ਹੋ ਰਹੇ ਸਨ। ਨਹਾਉਣ ਧੋਣ ਅਤੇ ਨਾਸ਼ਤਾ ਕਰਨ ਪਿਛੋਂ ਵਿਚਾਰੀ ਬੀਵੀ ਨੇ ਦੱਸਿਆ ਕਿ ਦਫ਼ਤਰ ਵਿਚੋਂ ਇਕੋ ਮਹੀਨੇ ਦੀ ਤਨਖ਼ਾਹ ਮਿਲੀ ਸੀ ਜਿਸ ਲਈ ਦਫ਼ਤਰ ਵਾਲਿਆਂ ਨੂੰ ਅਗਾਊਂ ਰਸੀਦ ਦੇ ਗਿਆ ਸਾਂ।

"ਮੈਂ ਬੜੀ ਮੁਸ਼ਕਲ ਨਾਲ ਮੰਗ-ਤੰਗ ਕੇ, ਤੇ ਪੈਸੇ ਲੈਣ ਵਾਲਿਆਂ ਨੂੰ ਟਾਲ-ਟੂਲ ਕੇ, ਦੋ ਮਹੀਨੇ ਮਸਾਂ ਟਪਾਏ ਹਨ। ਘਰ ਵਿਚ ਦਿਨ ਲਈ ਸਬਜ਼ੀ ਲਿਆਉਣ ਜੋਗੇ ਵੀ ਪੈਸੇ ਨਹੀਂ।"

ਮੈਂ ਦੋ ਮਹੀਨੇ ਬਾਹਰ ਦੋਸਤਾਂ-ਮਿੱਤਰਾਂ ਕੋਲ ਮਹਿਮਾਨੀਆਂ ਖਾਂਦਿਆਂ ਆਪਣੇ ਇਸ ਘਰ ਦੇ ਦਾਲ ਰੋਟੀ ਦੇ ਮਸਲੇ ਤੋਂ ਬਰੀ ਰਿਹਾ ਸਾਂ, ਪਰ ਅੱਜ ਮੇਰੀ ਪੁਰਾਣੀ ਔਖਿਆਈ ਭਰੀ ਯਥਾਰਥਕ ਜ਼ਿੰਦਗੀ ਚੱਟਾਨ ਬਣ ਕੇ ਮੇਰਾ ਰਾਹ ਮੱਲੀ ਬੈਠੀ ਸੀ। ਮੈਂ ਸੋਚਾਂ ਵਿਚ ਪੈ ਗਿਆ। ਅੱਜ ਸਨਿਚਰਵਾਰ ਏ, ਦਫ਼ਤਰ ਮੈਂ ਪਰਸੋਂ ਜਾਣਾ ਏ। ਫਿਰ ਤਨਖ਼ਾਹ ਪਤਾ ਨਹੀਂ ਕਿਤਨੇ ਦਿਨਾਂ ਪਿਛੋਂ ਮਿਲਦੀ ਏ। ਘਰ ਕੋਲ ਵਾਲੇ ਬੈਂਕ ਦੇ ਹਿਸਾਬ ਵਿਚੋਂ ਤਾਂ ਮੈਂ ਪੂੰਝ-ਪਾਂਝ ਕੇ ਅਤੇ ਦੋਸਤਾਂ ਕੋਲੋਂ ਕਰਜ਼ੇ ਲੈ ਕੇ ਮਸਾਂ ਐਫ਼.ਟੀ.ਐਸ. ਰਾਹੀਂ ਮਿਲਣ ਵਾਲੇ ਪੰਜ ਸੌ ਡਾਲਰਾਂ ਦਾ ਬੰਦੋਬਸਤ ਕੀਤਾ ਸੀ। ਫਿਰ ਖਿਆਲ ਆਇਆ ਕਿ ਮੇਨ ਮਾਰਕਿਟ ਵਾਲੇ ਬੈਂਕ ਖਾਤੇ ਦਾ ਪਤਾ ਕਰਾਂ। ਸ਼ਾਇਦ ਕੁਝ ਬਚੇ-ਖੁਚੇ ਚਾਰ ਪੈਸੇ ਪਏ ਹੋਣ। ਦੋ ਸਾਲ ਤੋਂ ਜਦੋਂ ਦਾ ਗਵਾਂਢ ਵਿਚ ਇਹ ਬੈਂਕ ਖੁੱਲ੍ਹਿਆ ਸੀ, ਮੈਂ ਦੂਰ ਦੇ ਉਸ ਬੈਂਕ ਵਿਚ ਜਾਣਾ ਹੀ ਛੱਡ ਦਿਤਾ ਸੀ। ਬਾਹਰੋਂ ਆਏ ਚੈਕ ਗਵਾਂਢੀ ਬੈਂਕ ਵਿਚ ਜਮ੍ਹਾ ਕਰਾਉਣਾ ਤੇ ਕਢਾਉਣਾ ਆਸਾਨ ਰਹਿੰਦਾ ਸੀ। ਸਮਾਂ ਵੀ ਘੱਟ ਲਗਦਾ ਸੀ, ਨਾਲੇ ਗਵਾਂਢ ਵਿਚ ਖੁੱਲ੍ਹੀ ਇਸ ਬੈਂਕ ਦੀ ਨਵੀਂ ਸ਼ਾਖਾ ਦੇ ਕਰਮਚਾਰੀ ਵੀ ਤਾਂ ਆਪਣੀ ਸਫ਼ਲਤਾ ਪ੍ਰਾਪਤ ਕਰਨ ਵਾਸਤੇ ਕੁਝ ਵਧੇਰੇ ਹੀ ਦਿਆਲੂ ਸਨ।

ਆਪਣੀ ਅਲਮਾਰੀ ਦੀ ਅੱਧਾ-ਪੌਣਾ ਘੰਟਾ ਫੋਲਾ-ਫਾਲੀ ਕਰਨ ਪਿਛੋਂ ਉਸ ਦੂਰ ਵਾਲੇ ਬੈਂਕ ਦੀ ਚੈੱਕ ਬੁੱਕ ਅਤੇ ਪਾਸ ਬੁੱਕ ਮਸਾਂ ਲੱਭੀ। ਪਾਸ ਬੁੱਕ ਵਿਚ ਦੇਖਿਆ ਤਾਂ ਪਤਾ ਲੱਗਾ ਕਿ ਤਿੰਨ ਸਾਲਾਂ ਤੋਂ ਮੈਂ ਇਸ ਨੂੰ ਠੀਕ ਕਰਵਾਇਆ ਹੀ ਨਹੀਂ। ਤਿੰਨ ਸਾਲ ਪਹਿਲਾਂ ਦੀ ਕਿਸੇ ਤਾਰੀਕ ਸਮੇਂ ਇਸ ਵਿਚ ਬਕਾਇਆ ਦੋ ਸੌ ਦਸ ਰੁਪਏ ਸੱਠ ਪੈਸੇ ਲਿਖਿਆ ਹੋਇਆ ਸੀ ਪਰ ਗਵਾਂਢ ਵਿਚ ਖੁੱਲ੍ਹਣ ਵਾਲੇ ਬੈਂਕ ਤੋਂ ਪਹਿਲਾਂ ਵਾਲੇ ਕੁੱਝ ਮਹੀਨਿਆਂ ਵਿਚ ਪਤਾ ਨਹੀਂ ਕਿਤਨੇ ਪੈਸੇ ਜਮ੍ਹਾ ਕਰਾਏ ਅਤੇ ਕਿਤਨੇ ਕਢਾਏ ਸਨ। ਚੈੱਕ ਬੁੱਕ ਅਨੁਸਾਰ ਮੈਂ ਪਿਛਲੀ ਵਾਰ ਕੋਈ ਦੋ ਸਾਲ ਪਹਿਲਾਂ ਪੰਜਾਹ ਰੁਪਏ ਕਢਾਏ ਸਨ।

ਚੈੱਕ ਬੁੱਕ ਤੇ ਪਾਸ ਬੁੱਕ ਨੂੰ ਸੰਭਾਲ ਕੇ ਜਦੋਂ ਮੈਂ ਬੈਂਕ ਜਾਣ ਦੀ ਗੱਲ ਰਾਬਰਟ ਨੂੰ ਦੱਸੀ ਤਾਂ ਉਹ ਵੀ ਨਾਲ ਜਾਣ ਲਈ ਤਿਆਰ ਹੋ ਪਿਆ। ਉਹ ਭਾਰਤ ਦਾ ਮਤਵਾਲਾ ਇਥੋਂ ਦੇ ਲੋਕਾਂ ਦੇ ਜੀਵਨ ਨੂੰ ਹਰ ਪੱਖੋਂ ਆਪਣੀ ਅੱਖੀਂ ਵੇਖ ਕੇ ਆਪਣੀਆਂ ਰਚਨਾਵਾਂ ਵਿਚ ਅੰਕਿਤ ਕਰਨ ਦਾ ਚਾਹਵਾਨ ਸੀ।



ਬੈਂਕ ਵਿਚ ਪਹੁੰਚ ਕੇ ਉਮੀਦ ਤੋਂ ਉਲਟ ਮੈਂ ਵੇਖਿਆ, ਕੋਈ ਜਾਣਿਆ-ਪਛਾਣਿਆ ਪੁਰਾਣਾ ਚਿਹਰਾ ਨਹੀਂ ਸੀ ਨਜ਼ਰ ਆ ਰਿਹਾ। ਸਾਰੇ ਦੇ ਸਾਰੇ ਕਰਮਚਾਰੀ ਜਾਂ ਤਾਂ ਤਰੱਕੀ ਮਿਲ ਜਾਣ ਕਾਰਨ ਜਾਂ ਫਿਰ ਇਸ ਬਰਾਂਚ ਦੇ ਬੋਝਲ ਕੰਮ ਦੇ ਭਾਰ ਤੋਂ ਬਚਣ ਲਈ ਤਬਦੀਲੀ ਕਰਾ ਗਏ ਲਗਦੇ ਸਨ। ਮੈਂ ਬੱਚਤ ਵਾਲੇ ਖਾਤੇ ਦੀ ਬਾਰੀ ਅੱਗੇ ਸਜੀ ਮਹਿਕਾਂ ਛੱਡਦੀ ਖ਼ੂਬਸੂਰਤ ਔਰਤ ਨੂੰ ਕੰਮ ਕਰਦਿਆਂ ਦੇਖਿਆ। ਸੋਹਣੀ ਔਰਤ ਦੀ ਮੌਜੂਦਗੀ ਕਿਵੇਂ ਵਾਤਾਵਰਨ ਨੂੰ ਖੁਸ਼ਗਵਾਰ ਬਣਾ ਦਿੰਦੀ ਹੈ, ਮੈਂ ਸੋਚਿਆ। ਉਸ ਦੀ ਬਾਰੀ ਅੱਗੇ ਪੰਜ-ਸੱਤ ਮਨੁੱਖ ਕਤਾਰ ਬਣਾਈ ਖੜ੍ਹੇ ਸਨ। ਮੈਂ ਤੇ ਰਾਬਰਟ ਵੀ ਉਸ ਕਤਾਰ ਵਿਚ ਖੜ੍ਹੇ ਹੋ ਗਏ। ਪੰਦਰਾਂ ਮਿੰਟਾਂ ਵਿਚ ਮਸਾਂ ਦੋ-ਤਿੰਨ ਬੰਦਿਆਂ ਦੀ ਭੁਗਤਾਨ ਹੋਈ। ਮੈਂ ਘੜੀ ਵੱਲ ਵੇਖਿਆ, ਮਸਾਂ ਇਕ ਘੰਟਾ ਰਹਿ ਗਿਆ ਸੀ ਬੈਂਕ ਨੂੰ ਬੰਦ ਹੋਣ ਵਿਚ, ਕਿਉਂਕਿ ਅੱਜ ਸਨਿਚਰਵਾਰ ਹੋਣ ਕਾਰਨ ਬੈਂਕ ਨੇ ਸਾਢੇ ਗਿਆਰਾਂ ਵਜੇ ਬੰਦ ਹੋ ਜਾਣਾ ਸੀ। ਰਾਬਰਟ ਨੇ ਮੇਰੇ ਕੋਲੋਂ ਪੁੱਛਿਆ, "ਇਥੇ ਬੈਂਕ ਵਿਚ ਟੈਲਰ ਸਿਸਟਮ ਨਹੀਂ ਲਾਗੂ ਕੀਤਾ ਗਿਆ?"

"ਵੱਡੇ-ਵੱਡੇ ਕੁਝ ਬੈਂਕਾਂ ਵਿਚ ਹੀ ਇਹ ਸਿਸਟਮ ਜਾਰੀ ਕੀਤਾ ਗਿਆ ਏ, ਸਾਰਿਆਂ ਵਿਚ ਨਹੀਂ।" ਮੈਂ ਉਤਰ ਦਿੱਤਾ।"

"ਤਦੇ ਭੁਗਤਾਨ ਕਰਨ ਵਿਚ ਇਤਨੀ ਦੇਰੀ ਲੱਗ ਰਹੀ ਏ।"

ਜਦੋਂ ਮੇਰੀ ਵਾਰੀ ਆਈ ਤਾਂ ਗਿਆਰਾਂ ਵੱਜ ਚੁੱਕੇ ਸਨ। ਮੈਂ ਉਸ ਖ਼ੂਬਸੂਰਤ ਨਾਜ਼ਨੀਨਾ ਨੂੰ ਮੁਸਕਰਾ ਕੇ ਨਮਸਤੇ ਆਖੀ, ਕਿਉਂਕਿ ਪੱਛਮ ਵਿਚ ਦੋ ਮਹੀਨੇ ਘੁੰਮਣ ਕਾਰਨ ਉਥੋਂ ਦਾ ਕੁਝ ਅਸਰ ਮੈਂ ਨਾਲ ਲੈ ਆਇਆ ਸਾਂ, ਪਰ ਲਗਦਾ ਸੀ ਕਿ ਉਸ ਨੂੰ ਮੇਰਾ ਮੁਸਕਰਾਣਾ ਅਤੇ ਖਾਸ ਅੰਦਾਜ਼ ਵਿਚ ਨਮਸਤੇ ਬੁਲਾਉਣਾ ਚੰਗਾ ਨਹੀਂ ਸੀ ਲੱਗਾ।

"ਕੰਮ ਦੱਸੋ ਮਿਸਟਰ?" ਉਹ ਰੁੱਖੇ ਜਿਹੇ ਢੰਗ ਨਾਲ ਬੋਲੀ।

"ਖਾਤਾ ਨੰਬਰ 7894 ਦਾ ਬੈਲੰਸ ਕਿਤਨਾ ਹੈ?"

"ਤੁਹਾਨੂੰ ਇਸ ਨਾਲ ਮਤਲਬ?"

"ਇਹ ਮੇਰਾ ਖਾਤਾ ਏ। ਮੇਰੇ ਕੋਲ ਇਸ ਖਾਤੇ ਦੀ ਇਹ ਪਾਸ ਬੁੱਕ ਏ।" ਮੈਂ ਆਪਣੀ ਪਾਸ ਬੁੱਕ ਅੱਗੇ ਕਰਦਿਆਂ ਕਿਹਾ।

"ਇਹ ਤਾਂ ਕੋਈ ਵੀ ਲਿਆ ਸਕਦਾ ਏ।" ਉਸ ਉਸੇ ਬੇਰੁਖੀ ਨਾਲ ਉਤਰ ਦਿੱਤਾ।

ਇਸ ਰੁੱਖੇ ਤੇ ਸ਼ੱਕੀ ਉਤਰ ਨੇ ਮੈਨੂੰ ਹੈਰਾਨ-ਪ੍ਰੇਸ਼ਾਨ ਕਰ ਦਿੱਤਾ।

"ਪਰ ਮੇਰੇ ਕੋਲ ਮੇਰੀ ਚੈੱਕ ਬੁੱਕ ਵੀ ਏ।" ਮੈਂ ਉਸ ਦਾ ਵਿਸ਼ਵਾਸ ਜਿੱਤਣ ਲਈ ਹੌਸਲੇ ਨਾਲ ਉਤਰ ਦਿਤਾ ਅਤੇ ਸੋਚਿਆ ਕਿ ਜ਼ਰੂਰੀ ਨਹੀਂ ਕਿ ਸੁੰਦਰ ਸ਼ਕਲ ਵਾਲਿਆਂ ਦਾ ਸੁਭਾਅ ਵੀ ਚੰਗਾ ਹੋਵੇ।

"ਇਸ ਨਾਲ ਕੋਈ ਫਰਕ ਨਹੀਂ ਪੈਂਦਾ।" ਉਸ ਮੇਰੇ ਵੱਲ ਬਿਨਾਂ ਵੇਖਿਆ ਆਖਿਆ।

"ਮੈਨੂੰ ਬੈਲੰਸ ਦੱਸੋਗੇ ਤਾਂ ਹੀ ਤੇ ਮੈਂ ਪੈਸੇ ਕਢਵਾ ਸਕਾਂਗਾ।" ਮੈਂ ਆਪਣੇ ਕੰਮ ਤੋਂ ਉਸ ਨੂੰ ਜਾਣੂ ਕਰਾਉਂਦਿਆਂ ਕਿਹਾ।

"ਸਾਨੂੰ ਬੈਲੰਸ ਦੱਸਣ ਦੀ ਇਜਾਜ਼ਤ ਨਹੀਂ। ਨੈਕਸਟ ਮੈਨ।" ਉਸ ਦੀ ਬੇਰੁਖੀ ਹੁਣ ਵਧੇਰੇ ਤਲਖ ਹੋ ਗਈ ਲਗਦੀ ਸੀ। ਉਸ ਦੀ ਇਸ ਬਦਤਮੀਜ਼ੀ ਨੇ ਮੈਨੂੰ ਵੀ ਗੁੱਸਾ ਚੜ੍ਹਾ ਦਿੱਤਾ।

"ਕਮਾਲ ਹੈ, ਮੇਰੇ ਹੀ ਅਕਾਊਂਟ ਦਾ ਮੈਨੂੰ ਹੀ ਬੈਲੰਸ ਨਹੀਂ ਦੱਸਿਆ ਜਾ ਸਕਦਾ, ਇਹ ਕਿੱਥੋਂ ਦਾ ਨਿਯਮ ਏ?"

"ਤੁਸੀ ਬੈਂਕ ਮੈਨੇਜਰ ਨੂੰ ਜਾ ਕੇ ਪੁੱਛੋ।"

"ਓਹ ਬਾਊ ਅੱਗਿਓਂ ਹਟੋ, ਹੋਰਾਂ ਦਾ ਕੰਮ ਤੇ ਹੋਣ ਦੇ।" ਮੇਰੇ ਪਿਛੇ ਖਲੋਤੇ ਬੰਦੇ ਨੇ ਮੈਨੂੰ ਹਟਾਉਂਦਿਆਂ ਕਿਹਾ ਅਤੇ ਆਪਣਾ ਚੈੱਕ ਉਸ ਦੇ ਹੱਥ ਵਿਚ ਦੇ ਦਿੱਤਾ।

ਮੈਂ ਤੇ ਰਾਬਰਟ ਖਾਲੀ ਬੈਂਚ 'ਤੇ ਆ ਕੇ ਬੈਠ ਗਏ।

ਰਾਬਰਟ ਨੂੰ ਗੱਲ ਦੀ ਸਮਝ ਨਹੀਂ ਸੀ ਆ ਰਹੀ। ਮੈਂ ਸਾਰੀ ਗੱਲ ਉਸ ਨੂੰ ਅੰਗਰੇਜ਼ੀ ਵਿਚ ਜਦੋਂ ਸਮਝਾਈ ਤਾਂ ਉਸ ਨੂੰ ਮੇਰੀ ਗੱਲ 'ਤੇ ਯਕੀਨ ਨਾ ਆਇਆ। ਉਸ ਨੂੰ ਉਥੇ ਹੀ ਬੈਠਣ ਦੀ ਤਾਕੀਦ ਕਰ ਕੇ ਮੈਂ ਮੈਨੇਜਰ ਦੇ ਕਮਰੇ ਵੱਲ ਇਕੱਲਾ ਹੀ ਚਲਾ ਗਿਆ, ਕਿਉਂਕਿ ਉਥੇ ਹੋਣ ਵਾਲੀ ਟੱਕਰ ਅਤੇ ਮਿਲਣ ਵਾਲੀ ਨਮੋਸ਼ੀ ਕਾਰਨ ਰਾਬਰਟ ਦੀਆਂ ਨਜ਼ਰਾਂ ਵਿਚ ਮੈਂ ਭਾਰਤ ਮਾਂ ਨੂੰ ਹੋਰ ਨਹੀਂ ਸੀ ਡਿਗਾਣਾ ਚਾਹੁੰਦਾ। ਉਥੇ ਵੀ ਲੰਮੀ ਕਤਾਰ ਲੱਗੀ ਹੋਈ ਸੀ। ਮੈਨੂੰ ਇਸ ਬੇਰੁਖੀ ਨੇ ਮਜਬੂਰ ਕਰ ਦਿਤਾ, ਕੈਨੇਡਾ ਅਤੇ ਅਮਰੀਕਾ ਦੇ ਬੈਂਕਾਂ ਵਿਚ ਵਿਹਾਰ ਨਾਲ ਇਸ ਦਾ ਟਾਕਰਾ ਕਰਨ 'ਤੇ। ਇਕ ਦਿਨ ਮੈਂ ਤੇ ਰਾਬਰਟ ਕਿਸੇ ਦੂਜੇ ਸ਼ਹਿਰ ਵਿਚ ਸਾਂ। ਰਾਬਰਟ ਨੂੰ ਪੈਸਿਆਂ ਦੀ ਲੋੜ ਪਈ ਅਤੇ ਉਸ ਝੱਟ ਆਪਣਾ ਕਾਰਡ ਵਿਖਾ ਕੇ ਉਸ ਸ਼ਹਿਰ ਦੀ ਉਸ ਬੈਂਕ ਬਰਾਂਚ ਤੋਂ ਪੈਸੇ ਬਿਨਾਂ ਕਿਸੇ ਦਿੱਕਤ ਦੇ ਚੈੱਕ ਰਾਹੀਂ ਕਢਵਾ ਲਏ ਸਨ, ਹਾਲਾਂਕਿ ਉਸ ਦਾ ਖਾਤਾ ਇਸੇ ਬੈਂਕ ਦੇ ਕਿਸੇ ਦੂਜੇ ਸ਼ਹਿਰ ਵਿਚ ਸੀ। ਫਿਰ ਬੋਸਟਨ ਵਿਚ ਕੰਵਲਜੀਤ ਦੀ ਗੱਲ ਯਾਦ ਆਈ। ਰਾਤ ਦੇ ਅੱਠ ਵੱਜ ਚੁਕੇ ਸਨ ਅਤੇ ਆ ਕੇ ਕਹਿਣ ਲੱਗਾ, "ਮੈਂ ਬੈਂਕ 'ਚੋ ਕੁੱਝ ਪੈਸੇ ਕਢਾਉਣ ਚੱਲਿਆ ਹਾਂ, ਹੁਣੇ ਵਾਪਸ ਆ ਜਾਵਾਂਗਾ।"

"ਇਥੇ ਵੀ ਨਾਈਟ ਸ਼ਿਫ਼ਟਾਂ ਦੀਆਂ ਬੈਂਕ ਬਰਾਂਚਾਂ ਕੰਮ ਕਰਦੀਆਂ ਹਨ?" ਮੈਂ ਜਾਣਕਾਰੀ ਲਈ ਪੁੱਛਿਆ ਸੀ।

"ਨਹੀਂ ਬਰਾਂਚ ਤਾਂ ਬੰਦ ਹੋ ਗਈ ਹੋਣੀ ਏ, ਪਰ ਪੈਸੇ ਨਿਕਲ ਆਉਣਗੇ।"

ਤੇ ਮੈਂ ਆਪਣੀ ਇਸ ਹੈਰਾਨੀ ਨੂੰ ਮਿਟਾਉਣ ਲਈ ਉਸ ਨਾਲ ਹੋ ਤੁਰਿਆ ਸਾਂ। ਦੋ-ਚਾਰ ਮਿੰਟਾਂ ਵਿਚ ਹੀ ਸਾਡੀ ਕਾਰ ਬੈਂਕ ਦੇ ਬਾਹਰ ਜਾ ਰੁਕੀ। ਕੰਵਲਜੀਤ ਨੇ ਬਰਾਂਡੇ ਵਿਚ ਲੱਗੇ ਇਕ ਯੰਤਰ ਦੇ ਕੁੱਝ ਨੰਬਰ ਦਬਾਏ। ਲਾਈਟ ਜਗੀ ਅਤੇ ਛੋਟੀ ਟਰੇ ਵਰਗੀ ਸਟੀਲ ਦੀ ਸਲੇਟ ਬਾਹਰ ਆਈ। ਕੰਵਲਜੀਤ ਨੇ ਆਪਣਾ ਕਾਰਡ ਉਸ ਉਪਰ ਰੱਖ ਦਿੱਤਾ ਅਤੇ ਬਟਨ ਦਬਾਇਆ। ਉਹ ਸਲੇਟ ਅੰਦਰ ਚਲੀ ਗਈ। ਫਿਰ ਉਸ ਕੰਪਿਊਟਰ ਦੇ ਕੁਝ ਹੋਰ ਨੰਬਰ ਦਬਾਏ ਅਤੇ ਅੱਧੇ ਮਿੰਟ ਪਿਛੋਂ ਕਾਰਡ ਤੇ ਸੌ ਡਾਲਰ ਦੇ ਨੋਟ ਬਾਹਰ ਆ ਗਏ। ਮੈਂ ਇਹ ਸਾਰਾ ਕੁਝ ਵੇਖ ਕੇ ਹੈਰਾਨ, ਹੋਰ ਹੈਰਾਨ ਹੋ ਰਿਹਾ ਸੀ। ਕੰਵਲਜੀਤ ਨੇ ਮੈਨੂੰ ਸਮਝਾਇਆ, ਇਥੇ ਕੰਪਿਊਟਰ ਸਿਸਟਮ ਚਲਦਾ ਏ। ਹਨੇਰੇ-ਸਵੇਰੇ ਲੋੜ ਪੈਣ 'ਤੇ ਇਕ ਖਾਸ ਰਕਮ ਤੀਕ ਪੈਸੇ ਕਢਵਾਏ ਜਾ ਸਕਦੇ ਨੇ। ਹਰ ਖਾਤੇਦਾਰ ਦਾ ਕੋਡ ਨੰਬਰ ਹੈ ਜਿਸ ਨੂੰ ਦਬਾਉਣ ਨਾਲ ਕਾਰਡ ਪਾ ਕੇ ਪੈਸੇ ਕਢਵਾਏ ਜਾ ਸਕਦੇ ਨੇ। ਮੇਰੇ ਕਾਰਡ ਦੀ ਐਂਟਰੀ ਅੰਦਰ ਹੋ ਗਈ ਅਤੇ ਸਵੇਰੇ ਬੈਂਕ ਕਰਮਚਾਰੀ ਆ ਕੇ ਉਸ ਨੂੰ ਮੇਰੇ ਖਾਤੇ ਵਿਚ ਲਿਖ ਦੇਣਗੇ।"

ਲੰਡਨ ਵਿਚ ਮੇਰੇ ਇਕ ਦੋਸਤ ਨੇ ਮੈਨੂੰ ਚੈੱਕ ਦਿੱਤਾ ਸੀ ਅਤੇ ਮੈਂ ਬਿਨਾਂ ਕੋਈ ਸ਼ਨਾਖਤ ਦਿੱਤਿਆਂ ਬੈਂਕ ਤੋਂ ਪੈਸੇ ਕਢਵਾ ਲਏ ਸਨ। ਉਨ੍ਹਾਂ ਮੁਲਕਾਂ ਵਿਚ ਕਰੋੜਾਂ ਡਾਲਰਾਂ ਦੀ ਕੀਮਤ ਨਾਲ ਭਰੇ ਸਾਮਾਨਾਂ ਦੇ ਜਨਰਲ ਸਟੋਰ ਚਲਦੇ ਹਨ। ਹਰ ਵਸਤੂ 'ਤੇ ਕੀਮਤ ਛਪੀ ਹੋਈ ਹੈ। ਲੋਕੀ ਆਪੋ-ਆਪਣਾ ਲੋੜਵੰਦਾ ਸਮਾਨ ਚੁੱਕ ਕੇ ਕੀਮਤ ਅਦਾ ਕਰ ਕੇ ਬਿਨਾਂ ਕਿਸੇ ਸ਼ੱਕ ਦੇ ਚਲੇ ਜਾਂਦੇ ਹਨ।

ਮੈਂ ਪੱਛਮ ਦੇ ਸਮਾਜ ਦੇ ਕਾਰ-ਵਿਹਾਰ ਵਿਚ ਛਾਏ ਇਸ ਇਤਬਾਰ ਦਾ ਜਦੋਂ ਆਪਣੇ ਦੇਸ਼ ਵਿਚ ਸ਼ੱਕ ਦੀ ਬੁਨਿਆਦ 'ਤੇ ਖੜ੍ਹੇ ਸਮੁੱਚੇ ਜੀਵਨ ਨਾਲ ਮੁਕਾਬਲਾ ਕੀਤਾ ਤਾਂ ਮੈਂ ਕੰਬ ਗਿਆ। ਕੀ ਕਦੇ ਸਾਡੇ ਭਾਰਤੀ ਜੀਵਨ ਵਿਚ ਵੀ ਇਸ ਇਤਬਾਰ ਦੀ ਇੰਜ ਮਹਿਕ ਆਏਗੀ?"

ਹੁਣ ਮੇਰੀ ਵਾਰੀ ਸੀ ਮੈਨੇਜਰ ਨੂੰ ਮਿਲਣ ਦੀ। ਮੈਂ ਮੈਨੇਜਰ ਨੂੰ ਸਾਰੀ ਘਟਨਾ ਬੜੇ ਤੈਸ਼ ਵਿਚ ਆ ਕੇ ਸੁਣਾਈ, ਪਰ ਉਹ ਬੜੇ ਆਰਾਮ ਨਾਲ ਮੇਰੀ ਗੱਲ ਨੂੰ ਮੁਸਕਰਾਉਂਦਿਆਂ ਸੁਣਦਾ ਰਿਹਾ। ਫਿਰ ਬੋਲਿਆ, "ਕਾਊਂਟਰ 'ਤੇ ਬੈਠੀ ਮਿਸਿਜ਼ ਆਹਲੂਵਾਲੀਆ ਨੇ ਜੋ ਕੁੱਝ ਤੁਹਾਨੂੰ ਦੱਸਿਆ ਏ, ਉਹ ਸਭ ਕੁਝ ਨਿਯਮਾਂ ਅਨੁਸਾਰ ਏ।"

"ਬੜਾ ਬੇਹੂਦਾ ਨਿਯਮ ਏ। ਕੋਈ ਆਪ ਵੀ ਆਪਣੇ ਬੈਂਕ ਬੈਲੰਸ ਤੋਂ ਜਾਣੂ ਨਹੀਂ ਹੋ ਸਕਦਾ। ਫਿਰ ਉਹ ਪੈਸੇ ਕਿਵੇਂ ਕਢਾਏ?"

"ਮਿਸਟਰ ਕਾਹਲੇ ਨਾ ਪਉ।" ਮੈਨੇਜਰ ਨੇ ਉਸੇ ਤਰ੍ਹਾਂ ਧੀਰਜ ਨਾਲ ਮੈਨੂੰ ਸ਼ਾਂਤ ਹੋਣ ਲਈ ਕਿਹਾ।

ਫਿਰ ਉਸ ਚਿੱਟ 'ਤੇ ਮੇਰਾ ਖਾਤਾ ਨੰਬਰ ਲਿਖ ਕੇ ਚਪੜਾਸੀ ਨੂੰ ਲੈਜਰ ਤੇ ਦਸਤਖਤਾਂ ਵਾਲੀ ਫਾਈਲ ਲਿਆਉਣ ਦੀ ਹਦਾਇਤ ਕੀਤੀ। ਦੋ ਮਿੰਟਾਂ ਪਿਛੋਂ ਉਹ ਦੋਵੇਂ ਚੀਜ਼ਾਂ ਲੈ ਆਇਆ। ਖਾਤੇ 'ਤੇ ਨਜ਼ਰ ਮਾਰਨ ਪਿਛੋਂ ਉਸ ਦੱਸਿਆ ਕਿ ਮੇਰੇ ਹਿਸਾਬ

***(ਬਾਕੀ ਅਗਲੇ ਸਫੇ 'ਤੇ)***


***ਨਸ਼ਿਆਂ ਦੀ ਮਾਰ ਨੇ ਪੰਜਾਬ ਅਤੇ ਪੰਜਾਬੀਆਂ ਦਾ ਬੜਾ ਨੁਕਸਾਨ ਕੀਤਾ ਹੈ। ਅੱਜ ਸਭ ਤੋਂ ਵੱਡਾ ਨੁਕਸਾਨ ਇਹ ਹੈ ਕਿ ਪੰਜਾਬ ਦੀ ਜਵਾਨੀ, ਨਸ਼ਿਆਂ ਦੇ ਦਰਿਆ ਵਿਚ ਸਮਝੋ ਰੁੜ੍ਹ ਹੀ ਚੱਲੀ ਹੈ। ਸਿਆਸੀ ਲੀਡਰ ਨਸ਼ਿਆਂ ਦੇ ਕਾਰੋਬਾਰ ਨਾਲ ਆਪਣੇ ਘਰ ਭਰ ਰਹੇ ਹਨ ਅਤੇ ਆਮ ਲੋਕਾਂ ਦੇ ਘਰ ਉਜੜ ਰਹੇ ਹਨ। ਪ੍ਰਸ਼ਾਸਨ ਆਮ ਲੋਕਾਂ ਦੀ ਥਾਂ ਇਨ੍ਹਾਂ ਲੀਡਰਾਂ ਅਤੇ ਪੈਸੇ ਵਾਲਿਆਂ ਦੀ ਸੇਵਾ ਵਿਚ ਜੁਟਿਆ ਹੋਇਆ ਹੈ। ਸ. ਜਸਵੰਤ ਸਿੰਘ ਸੰਧੂ ਨੇ ਆਪਣੇ ਇਸ ਲੇਖ 'ਪੰਜਾਬ ਤੇ ਸ਼ਰਾਬ' ਵਿਚ ਇਨ੍ਹਾਂ ਹਾਲਾਤ ਦਾ ਲੇਖਾ-ਜੋਖਾ ਕਰਦਿਆਂ ਪੰਜਾਬ ਵਿਚ ਸ਼ਰਾਬ ਅਤੇ ਹੋਰ ਨਸ਼ਿਆਂ ਨਾਲ ਪੰਜਾਬੀਆਂ ਦੇ ਹੋ ਰਹੇ ਘਾਣ ਅਤੇ ਇਸ ਘਾਣ ਕਰ ਕੇ ਉਪਜ ਰਹੀਆਂ ਪੀੜਾਂ ਬਾਰੇ ਕੁਝ ਨੁਕਤੇ ਸਾਂਝੇ ਕੀਤੇ ਹਨ। -ਸੰਪਾਦਕ***

# ਪੰਜਾਬ ਤੇ ਸ਼ਰਾਬ

ਪੰਜਾਬ ਜਿਸ ਨੂੰ ਪੰਜਾਂ ਦਰਿਆਵਾਂ ਦੀ ਧਰਤੀ ਕਿਹਾ ਜਾਂਦਾ ਹੈ, ਕਦੇ ਅਣਖ ਅਤੇ ਬਹਾਦਰੀ ਕਰ ਕੇ ਸਾਰੀ ਦੁਨੀਆਂ ਵਿਚ ਪ੍ਰਸਿੱਧ ਸੀ। ਸ਼ਾਇਰ ਫਿਰੋਜ਼ਦੀਨ ਸ਼ਰਫ ਨੇ ਪੰਜਾਬ ਦੀ ਸਿਫ਼ਤ ਇਨ੍ਹਾਂ ਲਾਈਨਾਂ ਵਿਚ ਕੀਤੀ ਹੈ,

ਸੋਹਣਿਆਂ ਦੇਸਾਂ ਅੰਦਰ
ਦੇਸ ਪੰਜਾਬ ਨੀ ਸਈਓ!
ਜਿਵੇਂ ਫੁੱਲਾਂ ਅੰਦਰ
ਫੁੱਲ ਗੁਲਾਬ ਨੀ ਸਈਓ!

ਇਸ ਧਰਤੀ 'ਤੇ ਕਦੇ ਪੰਜ ਦਰਿਆ ਵਹਿੰਦੇ ਸਨ ਜਿਸ ਕਾਰਨ ਇਸ ਦਾ ਨਾਂ ਪੰਜਾਬ ਪੈ ਗਿਆ। ਇਸ ਧਰਤੀ ਨੇ ਗੁਰੂ ਨਾਨਕ ਵਰਗੇ ਯੁੱਗ ਪੁਰਸ਼ ਪੈਦਾ ਕੀਤੇ ਜਿਨ੍ਹਾਂ ਕੁੱਲ ਦੁਨੀਆਂ ਨੂੰ ਨਾਮ ਜਪਣ, ਕਿਰਤ ਕਰਨ ਤੇ ਵੰਡ ਛਕਣ ਵਰਗੇ ਅਸੂਲ ਦਿੱਤੇ। ਇਸ ਧਰਤੀ 'ਤੇ ਹੀ ਪੰਚਮ ਪਾਤਸ਼ਾਹ ਅਰਜਨ



**ਜਸਵੰਤ ਸਿੰਘ ਸੰਧੂ ਘਰਿੰਡਾ**
**ਫੋਨ: 510-516-5971**

ਦੇਵ ਨੂੰ ਲੋਕਾਂ ਦੀ ਅਣਖ ਦੀ ਰੱਖਿਆ ਵਾਸਤੇ ਤੱਤੀ ਤਵੀ 'ਤੇ ਬੈਠ ਕੇ ਸੀਸ ਵਿਚ ਤੱਤਾ ਰੇਤਾ ਪਵਾਉਣਾ ਪਿਆ। ਜ਼ਾਲਮ ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਜ਼ੁਲਮਾਂ ਦਾ ਟਾਕਰਾ ਕਰਨ ਲਈ ਦਸਮੇਸ਼ ਪਿਤਾ ਨੂੰ ਸਾਰਾ ਪਰਿਵਾਰ ਕੁਰਬਾਨ ਕਰਨਾ ਪਿਆ। ਅਣਖੀ, ਬਹਾਦਰ, ਨਿੱਡਰ ਅਤੇ ਭਾਰਤ ਵਿਚ ਜਮਹੂਰੀਅਤ (ਲੋਕਰਾਜ) ਦੇ ਬਾਨੀ ਦਸਮੇਸ਼ ਪਿਤਾ ਨੇ ਔਰੰਗਜ਼ੇਬ ਨੂੰ 'ਜ਼ਫ਼ਰਨਾਮਾ' ਰੂਪੀ ਚਿੱਠੀ ਵਿਚ ਲਿਖਿਆ, "ਐ ਜ਼ਾਲਮ ਬਾਦਸ਼ਾਹ! ਜੇ ਤੂੰ ਅਜੇ ਵੀ ਜ਼ੁਲਮ ਤੋਂ ਬਾਜ਼ ਨਾ ਆਇਆ, ਤਾਂ ਮੈਂ ਤੇਰੇ ਕਦਮ-ਕਦਮ ਤੇ ਪੈਰਾਂ ਥੱਲੇ ਅੱਗ ਵਿਛਾ ਦਿਆਂਗਾ।" ਕਹਿੰਦੇ ਨੇ, ਇਸ ਚਿੱਠੀ ਦਾ ਔਰੰਗਜ਼ੇਬ ਦੇ ਮਨ ਉਤੇ ਐਸਾ ਮਨੋਵਿਗਿਆਨਕ ਅਸਰ ਹੋਇਆ ਕਿ ਜਲਦੀ ਹੀ ਉਸ ਦੀ ਮੌਤ ਹੋ ਗਈ। ਪੰਜਾਬ ਦੀ ਧਰਤੀ ਨੇ ਰਾਜਾ ਪੋਰਸ, ਦੁੱਲਾ ਭੱਟੀ, ਬਾਬਾ ਬੰਦਾ ਸਿੰਘ ਬਹਾਦਰ, ਮਹਾਰਾਜਾ ਰਣਜੀਤ ਸਿੰਘ, ਹਰੀ ਸਿੰਘ ਨਲੂਆ, ਅਕਾਲੀ ਫੂਲਾ ਸਿੰਘ ਅਤੇ ਸ਼ਾਮ ਸਿੰਘ ਅਟਾਰੀ ਵਰਗੇ ਯੋਧੇ ਪੈਦਾ ਕੀਤੇ। ਇਨ੍ਹਾਂ ਨੇ ਪੱਛਮੀ ਹਮਲਾਵਰਾਂ ਦਾ ਡਟ ਕੇ ਮੁਕਾਬਲਾ ਕੀਤਾ ਜੋ ਇੱਥੋਂ ਦਾ ਧਨ-ਦੌਲਤ ਤੇ ਬਹੂ-ਬੇਟੀਆਂ ਦੀ ਇੱਜ਼ਤ ਲੁੱਟ ਕੇ ਲੈ ਜਾਂਦੇ ਸਨ। ਇਨ੍ਹਾਂ ਨੇ ਸਦਾ-ਸਦਾ ਵਾਸਤੇ ਲੁਟੇਰਿਆਂ ਦੇ ਰਸਤੇ ਬੰਦ ਕਰਨ ਦਾ ਹੀਲਾ ਕੀਤਾ।

ਪੰਜਾਬ ਨੂੰ ਭਾਰਤ ਦੀ ਖੜਗ ਭੁਜਾ ਕਿਹਾ ਜਾਂਦਾ ਹੈ। ਇਸ ਦੇ ਗੱਭਰੂ ਤੇ ਮੁਟਿਆਰਾਂ ਦੀ ਸਾਰੇ ਸੰਸਾਰ ਵਿਚ ਧੁੰਮ ਸੀ। ਗੱਭਰੂ ਦੁੱਧ, ਘਿਓ ਖਾ ਕੇ ਮੁਗਧਰ ਚੁੱਕਦੇ, ਮੁੰਗਲੀਆਂ ਫੇਰਦੇ, ਅਖਾੜਿਆਂ ਵਿਚ ਘੁਲਦੇ, ਕਬੱਡੀਆਂ ਖੇਡਦੇ ਤੇ ਰੱਸੇ ਖਿੱਚਦੇ ਸਨ। ਮਜ਼ਬੂਤ ਸਰੀਰ ਪੰਜਾਬੀ ਗੱਭਰੂਆਂ ਦੀ ਸ਼ਨਾਖ਼ਤ ਸੀ। ਪੰਜਾਬ ਦਾ ਗੱਭਰੂ ਫੌਜ ਵਿਚ ਭਰਤੀ ਹੋ ਕੇ ਦੇਸ਼ ਦੀ ਰੱਖਿਆ ਕਰਦਾ ਸੀ। (ਅੱਜ ਤਾਂ ਪੰਜਾਬੀ ਗੱਭਰੂ ਭਰਤੀ ਲਈ ਸਰੀਰਕ ਯੋਗਤਾਵਾਂ ਵੀ ਪੂਰੀਆਂ ਨਹੀਂ ਕਰਦਾ)। ਪੰਜਾਬ ਨੇ ਸਰਦਾਰ ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਊਧਮ ਸਿੰਘ ਅਤੇ ਬੱਬਰ ਅਕਾਲੀਆਂ ਵਰਗੇ ਸਿਰਲੱਥ ਯੋਧੇ ਪੈਦਾ ਕੀਤੇ। ਉਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਦੇਸ਼ ਆਜ਼ਾਦ ਹੋਇਆ, ਪਰ ਪੰਜਾਬ ਵੰਡਿਆ ਗਿਆ। ਪੰਜਾਬੀ ਲੋਕ ਘਰੋਂ-ਬੇਘਰ ਹੋ ਗਏ, ਪਰ ਕਿਸੇ ਵੀ ਪੰਜਾਬੀ ਨੇ ਕਿਸੇ ਅੱਗੇ ਹੱਥ ਅੱਡ ਕੇ ਭੀਖ ਨਹੀਂ ਮੰਗੀ। ਉਜਾੜੇ ਤੋਂ ਬਾਅਦ ਵੀ ਪੰਜਾਬੀ ਆਪਣੀ ਹਿੰਮਤ ਨਾਲ ਪੈਰਾਂ 'ਤੇ ਖੜ੍ਹੇ ਹੋ ਗਏ। ਪੰਜਾਬ ਦੇ ਲੋਕਾਂ ਨੂੰ ਆਸ ਸੀ ਕਿ ਆਜ਼ਾਦ ਹੋਣ ਨਾਲ ਉਹ ਆਪਣੇ ਰਾਜ ਵਿਚ ਆਜ਼ਾਦੀ ਦਾ ਨਿੱਘ ਮਾਣਨਗੇ ਅਤੇ ਖੁਸ਼ਹਾਲ ਹੋਣਗੇ। ਸਰਦਾਰ ਭਗਤ ਸਿੰਘ ਨੇ ਕਦੇ ਕਿਹਾ ਸੀ, "ਜਿੰਨਾ ਚਿਰ ਇਨਸਾਨ ਦੇ ਹੱਥੋਂ ਇਨਸਾਨ ਦੀ ਲੁੱਟ ਖ਼ਤਮ ਨਹੀਂ ਹੋ ਜਾਂਦੀ, ਸਾਡਾ ਸੰਘਰਸ਼ ਜਾਰੀ ਰਹੇਗਾ।" ਪਰ ਭਗਤ ਸਿੰਘ ਅਤੇ ਸਰਾਭੇ ਦੇ ਸੁਪਨਿਆਂ ਦਾ ਪੰਜਾਬ ਨਾ ਬਣ ਸਕਿਆ। ਅਜੋਕੇ ਸਿਆਸਤਦਾਨਾਂ ਨੇ ਆਪਣੀ ਕੁਰਸੀ ਕਾਇਮ ਕਰ ਕੇ ਲੋਕਾਂ ਨੂੰ ਲੁੱਟਣਾ ਸ਼ੁਰੂ ਕਰ ਦਿੱਤਾ। ਲੋਕਾਂ ਦੇ ਭਵਿੱਖ ਨੂੰ ਵਿਸਾਰ ਕੇ ਆਪਣਾ ਭਵਿੱਖ ਸੰਵਾਰਨ ਵਾਸਤੇ ਨੌਜਵਾਨ ਪੀੜ੍ਹੀ ਨੂੰ ਚੋਣਾਂ ਵਿਚ ਨਸ਼ਿਆਂ ਦਾ ਸੇਵਨ ਕਰਾ ਕੇ ਉਨ੍ਹਾਂ ਨੂੰ ਪੱਕੇ ਨਸ਼ੱਈ ਬਣਾ ਦਿੱਤਾ। ਕਿਸੇ ਸ਼ਾਇਰ ਨੇ ਲਿਖਿਆ ਹੈ,

ਵੱਢਿਆ-ਟੁੱਕਿਆ ਬਚ ਗਿਆ
ਜਿਹੜਾ ਗਿੱਠ ਪੰਜਾਬ।
ਡੋਬ ਦੇਣਗੇ ਏਸ ਨੂੰ
ਨੇਤਾ ਅਤੇ ਸ਼ਰਾਬ।

ਅੱਜ ਪੰਜਾਬ ਦੀ 70 ਫੀਸਦੀ ਜਵਾਨੀ ਨਸ਼ਿਆਂ ਦੀ ਆਦੀ ਹੋ ਕੇ ਕੁਰਾਹੇ ਪੈ ਗਈ ਹੈ। ਅੱਜ ਪੰਜਾਬ ਦਾ ਨੌਜਵਾਨ ਗਿਆਨ ਅਤੇ ਕਿਰਤ ਨਾਲੋਂ ਟੁੱਟ ਚੁੱਕਾ ਹੈ।

ਸ਼ਰਾਬ ਦੇ ਸ਼ਬਦੀ ਅਰਥ ਨੇ- 'ਸ਼ਰਾਰਤ ਦਾ ਪਾਣੀ।' ਅੱਜ ਸ਼ਰਾਬ ਸਾਡੇ ਵਿਆਹ-ਸ਼ਾਦੀਆਂ, ਪਾਰਟੀਆਂ ਅਤੇ ਹਰ ਖੁਸ਼ੀ ਮੌਕੇ ਅਨਿਖੜਵਾਂ ਅੰਗ ਬਣ ਗਈ ਹੈ। ਕੋਈ ਵੀ ਪ੍ਰੋਗਰਾਮ ਇਸ ਤੋਂ ਬਗ਼ੈਰ ਨੀਰਸ ਹੁੰਦਾ ਹੈ। ਗੁਰਬਾਣੀ ਵਿਚ ਸ਼ਰਾਬ ਨੂੰ ਮਾੜਾ ਕਿਹਾ ਗਿਆ ਹੈ, ਜਿਵੇਂ,

ਜਿਤੁ ਪੀਤੈ ਮਤਿ ਦੂਰਿ ਹੋਇ
ਬਰਲੁ ਪਵੈ ਵਿਚਿ ਆਇ॥
ਆਪਣਾ ਪਰਾਇਆ ਨ ਪਛਾਣਈ
ਖਸਮਹੁ ਧਕੇ ਖਾਇ॥

ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਸਾਨੂੰ ਸ਼ਰਾਬ ਆਦਿ ਤੋਂ ਰੋਕਦੀ ਹੈ। ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਵੀ ਟੇਕੀ ਜਾਂਦੇ ਹਾਂ, ਤੇ ਸ਼ਰਾਬ ਆਦਿ ਵੀ ਪੀਵੀ ਜਾਂਦੇ ਹਾਂ। ਕਿਹੋ ਜਿਹਾ ਸਤਿਕਾਰ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਕਰ ਰਹੇ ਹਾਂ?

ਸ਼ਰਾਬ ਦੀ ਜ਼ਿਆਦਾ ਵਰਤੋਂ ਨਾਲ ਤਬਾਹ ਹੁੰਦੇ ਕਈ ਘਰ ਅਤੇ ਜਵਾਨੀਆਂ ਮੈਂ ਆਪਣੀ ਅੱਖੀਂ ਵੇਖੇ ਨੇ। ਸ਼ਰਾਬੀ ਆਪਣਾ ਭਵਿੱਖ ਤਾਂ ਤਬਾਹ ਕਰਦਾ ਹੀ ਹੈ, ਨਾਲ ਹੀ ਉਹ ਆਪਣੇ ਬੱਚਿਆਂ ਦਾ ਭਵਿੱਖ ਵੀ ਤਬਾਹ ਕਰ ਦਿੰਦਾ ਹੈ। ਆਉਣ ਵਾਲੀਆਂ ਪੀੜ੍ਹੀਆਂ ਸ਼ਰਾਬੀ ਦੀਆਂ ਕਰਤੂਤਾਂ ਕਾਰਨ ਨਰਕ ਭੋਗਦੀਆਂ ਇਸ ਦੁਨੀਆਂ ਤੋਂ ਰੁਖਸਤ ਹੋ ਜਾਂਦੀਆਂ ਹਨ। ਇਸ ਦੇ ਤਿੰਨ ਵੱਡੇ ਨੁਕਸਾਨ ਹਨ। ਪਹਿਲਾ ਇਹ ਕਿ ਇਹ ਸਾਡੀ



***ਪੰਜਾਬ ਦੇ ਗੱਭਰੂ ਤੇ ਮੁਟਿਆਰਾਂ ਦੀ ਸਾਰੇ ਸੰਸਾਰ ਵਿਚ ਧੁੰਮ ਸੀ। ਗੱਭਰੂ ਦੁੱਧ, ਘਿਓ ਖਾ ਕੇ ਮੁਗਧਰ ਚੁੱਕਦੇ, ਮੁੰਗਲੀਆਂ ਫੇਰਦੇ, ਅਖਾੜਿਆਂ ਵਿਚ ਘੁਲਦੇ, ਕਬੱਡੀਆਂ ਖੇਡਦੇ ਤੇ ਰੱਸੇ ਖਿੱਚਦੇ ਸਨ। ਪੰਜਾਬ ਦਾ ਗੱਭਰੂ ਫੌਜ ਵਿਚ ਭਰਤੀ ਹੋ ਕੇ ਦੇਸ਼ ਦੀ ਰੱਖਿਆ ਕਰਦਾ ਸੀ। (ਅੱਜ ਤਾਂ ਪੰਜਾਬੀ ਗੱਭਰੂ ਭਰਤੀ ਲਈ ਸਰੀਰਕ ਯੋਗਤਾਵਾਂ ਵੀ ਪੂਰੀਆਂ ਨਹੀਂ ਕਰਦਾ)।***

ਸਿਹਤ ਦਾ ਨੁਕਸਾਨ ਕਰਦੀ ਹੈ। ਦੂਜਾ, ਸਾਨੂੰ ਆਰਥਿਕ ਤੌਰ 'ਤੇ ਕਮਜ਼ੋਰ ਕਰਦੀ ਹੈ। ਸ਼ਰਾਬੀ ਆਦਮੀ ਕੰਮ ਨਹੀਂ ਕਰਦਾ, ਜਿਸ ਕਰ ਕੇ ਘਰ ਦੀ ਆਮਦਨ ਘਟ ਜਾਂਦੀ ਹੈ। ਖਰਚ ਵੱਧ ਹੋਣ ਕਰ ਕੇ ਸਿਰ ਕਰਜ਼ਾ ਚੜ੍ਹ ਜਾਂਦਾ ਹੈ, ਤੇ ਫਿਰ ਖੁਦਕੁਸ਼ੀ ਤੱਕ ਨੌਬਤ ਆ ਜਾਂਦੀ ਹੈ। ਤੀਜਾ, ਸਮਾਜ ਵਿਚ ਸ਼ਰਾਬੀ ਦੀ ਕੋਈ ਇੱਜ਼ਤ ਨਹੀਂ ਰਹਿ ਜਾਂਦੀ। ਅਸੀਂ ਆਪਣਾ ਆਪ ਹੀ 'ਸ਼ਰਾਬੀ' ਨਾਮਕਰਨ ਕਰ ਲੈਂਦੇ ਹਾਂ ਜਿਸ ਦਾ ਸਾਡੇ ਬੱਚਿਆਂ ਦੇ ਭਵਿੱਖ ਅਤੇ ਅਗਾਂਹ ਹੋਣ ਵਾਲੇ ਰਿਸ਼ਤਿਆਂ 'ਤੇ ਮਾੜਾ ਅਸਰ ਪੈਂਦਾ ਹੈ। ਜਿਸ ਬੰਦੇ ਪਾਸ ਨਾ ਸਿਹਤ ਹੋਵੇ, ਨਾ ਆਰਥਿਕ ਦਸ਼ਾ ਠੀਕ ਹੋਵੇ ਅਤੇ ਨਾ ਸਮਾਜ ਵਿਚ ਕੋਈ ਇੱਜ਼ਤ-ਮਾਣ ਹੋਵੇ, ਤਾਂ ਉਸ ਬੰਦੇ ਦੀ ਸਮਾਜਕ ਹਾਲਤ ਦਾ ਤੁਸੀਂ ਆਪ ਹੀ ਅਨੁਮਾਨ ਲਾ ਲਓ।

ਜ਼ਿੰਦਗੀ ਵਿਚ ਸ਼ਰਾਬ ਪੀਤੀ ਵੀ ਹੈ, ਪਰ ਇਸ ਨੇ ਬਹੁਤੀ ਖੁਸ਼ੀ ਨਹੀਂ ਦਿੱਤੀ; ਸਗੋਂ ਅਗਲੇ ਦਿਨ ਸਰੀਰਕ ਥਕਾਵਟ ਅਤੇ ਸਿਰ ਪੀੜ ਤੋਂ ਬਿਨਾਂ ਨਮੋਸ਼ੀ ਦਾ ਅਹਿਸਾਸ ਵੀ ਹੁੰਦਾ ਰਿਹਾ। ਇਹ ਮਹਿਸੂਸ ਹੁੰਦਾ ਰਿਹਾ ਕਿ ਪੀਣ ਤੋਂ ਪਿੱਛੋਂ ਮੇਰੇ ਆਪਣੇ ਸਾਹਮਣੇ ਹੀ ਮੇਰਾ ਕੱਦ ਨਿੱਕਾ ਹੋ ਗਿਆ। ਜਦੋਂ ਇਹੋ ਜਿਹੇ ਪਛਤਾਵੇ ਦਾ ਅਹਿਸਾਸ ਜਾਗੇ ਤਾਂ ਆਮ ਲੋਕਾਂ ਦੀ ਕਹਾਵਤ 'ਪੀਤਿਆਂ ਖੁਸ਼ੀ ਮਿਲਦੀ ਜਾਂ ਗਮ ਗਲਤ ਹੁੰਦਾ ਹੈ', ਦੇ ਭਲਾ ਕੀ ਅਰਥ ਰਹਿ ਜਾਂਦੇ ਹਨ? ਗ਼ਮ ਭੁਲਾਉਣ ਲਈ ਮੈਂ ਕਦੇ ਨਹੀਂ ਸੀ ਪੀਤੀ। ਗ਼ਮ ਦਾ ਟਾਕਰਾ ਕਰਨ ਲਈ ਮੇਰਾ ਅੰਦਰਲਾ ਇਕੱਲਾ ਹੀ ਗ਼ਮ ਨਾਲ ਲੜਦਾ ਰਿਹਾ ਹੈ। ਸ਼ਰਾਬ ਵਰਗੇ 'ਬਾਡੀਗਾਰਡ' ਦੀ ਮੈਨੂੰ ਕਦੇ ਲੋੜ ਨਹੀਂ ਪਈ। ਉਂਜ ਵੀ ਗ਼ਮ ਭੁਲਾਉਣ ਲਈ ਪੀਣ ਵਾਲੇ ਬੰਦੇ ਉਹ ਹੁੰਦੇ ਹਨ ਜਿਨ੍ਹਾਂ ਦੀ ਆਪਣੀ ਜ਼ਮੀਰ ਤੇ ਹਿੰਮਤ ਜਵਾਬ ਦੇ ਚੁੱਕੀ ਹੁੰਦੀ ਹੈ। ਟੁੱਟੇ ਤਣੇ ਕਦੀ 'ਸ਼ਰਾਬ ਰੂਪੀ ਰੱਸਿਆਂ' ਨਾਲ ਬੰਨ੍ਹਿਆਂ ਸਿੱਧੇ ਨਹੀਂ ਹੁੰਦੇ।

ਇੰਜ 'ਖੁਸ਼ੀ ਤੇ ਗ਼ਮ' ਲਈ ਪੀਣ ਦੇ ਤਰਕ ਨੂੰ ਮੈਂ ਮਹੱਤਵ ਨਹੀਂ ਦਿੰਦਾ। ਉਂਜ ਸਾਰੀ ਦੁਨੀਆਂ ਵਿਚ ਲੋਕ ਸ਼ਰਾਬ ਪੀਂਦੇ ਹਨ। ਠੰਢੇ ਮੁਲਕਾਂ ਵਿਚ ਤਾਂ ਸਰਦੀ ਤੋਂ ਬਚਣ ਲਈ, ਭਾਰੇ ਖਾਣੇ ਪਚਾਉਣ ਲਈ ਇਸ ਦੀ ਜ਼ਰੂਰਤ ਪੈਂਦੀ ਹੈ। ਭਾਰਤ ਜਿਹੇ ਗਰਮ ਮੁਲਕ ਵਿਚ ਇਹ ਸ਼ਾਇਦ ਇਸੇ ਲਈ ਮਨ੍ਹਾਂ ਹੋਈ ਹੋਵੇ, ਭਾਵੇਂ 'ਸੋਮਰਸ' ਪੀਣ ਦਾ ਰਿਵਾਜ਼ ਇਥੇ ਵੀ ਸੀ। ਮੈਂ ਪੀਣ ਵਾਲਿਆਂ ਨੂੰ ਮਾੜਾ ਨਹੀਂ ਸਮਝਦਾ; ਸਿਰਫ਼ 'ਸ਼ਰਾਬੀਆਂ' ਨੂੰ ਮਾੜਾ ਸਮਝਦਾ ਹਾਂ ਜੋ ਪੀ ਕੇ ਆਪਾ ਵਿਸਾਰ ਬੈਠਦੇ ਹਨ। ਜਿਹੜੇ ਲੋਕਾਂ ਦਾ ਪੀਣ 'ਤੇ ਕੰਟਰੋਲ ਨਹੀਂ ਅਤੇ ਪੀ ਕੇ ਆਪਣੇ ਆਲੇ-ਦੁਆਲੇ ਖਰੂਦ ਮਚਾਉਂਦੇ ਹਨ, ਮੈਂ ਉਨ੍ਹਾਂ ਅਤੇ ਉਨ੍ਹਾਂ ਦੀ ਸ਼ਰਾਬ ਨੂੰ ਮਾੜਾ ਸਮਝਦਾ ਹਾਂ। ਪੀ ਕੇ ਬੰਧੇਜ ਵਿਚ ਰਹਿਣ ਵਾਲੇ ਅਤੇ ਮਿੱਠੀਆਂ ਤੇ ਦਿਲਚਸਪ ਗੱਲਾਂ ਕਰਨ ਵਾਲੇ, ਘੜੀ ਦੀ ਘੜੀ 'ਸਾਫ ਦਿਲ' ਨਾਲ ਗੱਲਾਂ ਕਰਨ ਵਾਲੇ ਮੈਨੂੰ ਚੰਗੇ ਲਗਦੇ ਹਨ। ਜੇ ਪੀਤਿਆਂ ਬਿਨਾਂ ਕਿਸੇ ਦਾ ਸਰ ਸਕਦਾ ਹੋਵੇ ਤਾਂ ਬਹੁਤ ਵਧੀਆ ਗੱਲ ਹੈ।

ਸ਼ਰਾਬ ਪੀਣ ਨਾਲ ਸਾਡਾ ਸਰੀਰ ਕਮਜ਼ੋਰ ਹੋ ਜਾਂਦਾ ਹੈ। ਕਮਜ਼ੋਰੀ ਕਾਰਨ ਸਰੀਰ ਨੂੰ ਕਈ ਬਿਮਾਰੀਆਂ ਆ ਚੰਬੜਦੀਆਂ ਹਨ। ਸ਼ਰਾਬ ਰਾਹੀਂ ਜਵਾਨੀ ਵਿਚ ਪ੍ਰਾਪਤ ਗਰਮੀ ਅਖੀਰ ਬੁਢੇਪੇ ਵਿਚ ਸਰੀਰ ਨੂੰ ਢਹਿੰਦੀਆਂ ਕਲਾਂ ਵਿਚ ਲੈ ਜਾਂਦੀ ਹੈ। ਬਿਮਾਰੀਆਂ ਲੱਗਣ ਕਾਰਨ ਡਾਕਟਰਾਂ ਕੋਲੋਂ ਜੇਬ ਖਾਲੀ ਕਰਾਉਣੀ ਪੈਂਦੀ ਹੈ। ਅੱਜ ਇਲਾਜ ਬੜੇ ਮਹਿੰਗੇ ਹੋ ਗਏ ਹਨ। ਮਾੜਾ ਆਦਮੀ ਤਾਂ ਆਪਣਾ ਇਲਾਜ ਵੀ ਨਹੀਂ ਕਰਾ ਸਕਦਾ। ਕਮਾਊ ਮੈਂਬਰ ਦੇ ਚਲੇ ਜਾਣ ਪਿੱਛੋਂ ਪਰਿਵਾਰ ਗਰੀਬੀ ਭੋਗਦਾ ਹੈ। ਬੱਚੇ ਪਿਤਰੀ ਪਿਆਰ ਤੋਂ ਵਾਂਝੇ ਹੋ ਜਾਂਦੇ ਹਨ। ਸਿਰ 'ਤੇ ਪਿਤਾ ਦਾ ਸਾਇਆ ਨਾ ਹੋਣ ਕਾਰਨ ਬੱਚੇ ਮਾੜੀ ਸੰਗਤ ਵਿਚ ਪੈ ਜਾਂਦੇ ਹਨ ਤੇ ਘਰ ਦੀ ਤਬਾਹੀ ਹੋ ਜਾਂਦੀ ਹੈ।

ਸ਼ਰਾਬ ਪੀ ਕੇ ਅਸੀਂ ਡਰਾਈਵਿੰਗ ਕਰਦੇ ਹਾਂ। ਨਸ਼ੇ ਵਿਚ ਗੱਡੀ ਤੇਜ਼ ਚਲਾਉਂਦੇ ਹਾਂ ਜਿਸ ਨਾਲ ਭਿਆਨਕ ਹਾਦਸੇ ਹੋ ਜਾਂਦੇ ਹਨ। ਕਈ ਵਾਰ ਆਪਣੀ ਜਾਨ ਤੋਂ ਹੱਥ ਧੋ ਬੈਠਦੇ ਹਾਂ, ਜਾਂ ਅਗਲੇ ਦੀ ਜਾਨ ਦਾ ਖੌਅ ਬਣ ਜਾਂਦੇ ਹਾਂ। ਹੋ ਸਕਦਾ ਹੈ, ਤੁਸੀਂ ਜਾਂ ਦੂਜਾ, ਪੀੜਤ ਪਰਿਵਾਰ ਦਾ ਮੁੱਖ ਕਮਾਊ ਆਦਮੀ ਹੋਵੇ। ਆਸ਼ਰਤ ਪਰਿਵਾਰ ਪਿੱਛੋਂ ਅਕਹਿ ਤੇ ਅਸਹਿ ਦੁੱਖ ਭੋਗਦੇ ਹਨ। ਸ਼ਰਾਬ ਪੀ ਕੇ ਅਸੀਂ ਬਿਨਾਂ ਵਜ੍ਹਾ ਲੜਾਈ ਸਹੇੜ ਲੈਂਦੇ ਹਾਂ ਜਿਸ ਨਾਲ ਥਾਣਿਆਂ, ਕਚਹਿਰੀਆਂ ਅਤੇ ਵਕੀਲਾਂ ਦੀ ਲੁੱਟ ਦਾ ਸ਼ਿਕਾਰ ਹੁੰਦੇ ਹਾਂ। ਜਿਹੜੀ ਕਮਾਈ ਅਸੀਂ ਆਪਣੇ ਪਰਿਵਾਰ ਦੀ ਜ਼ਿੰਦਗੀ ਬਿਹਤਰ ਬਣਾਉਣ ਲਈ ਖਰਚਣੀ ਹੁੰਦੀ ਹੈ, ਉਹ ਥਾਣੇ ਅਤੇ ਕਚਹਿਰੀਆਂ ਵਿਚ ਜ਼ਾਇਆ ਹੋ ਜਾਂਦੀ ਹੈ। ਪਰਿਵਾਰ ਦੇ ਪੱਲੇ ਗਰੀਬੀ ਪੈਂਦੀ ਹੈ।

ਅੱਜ ਪੰਜਾਬ ਵਿਚ 29 ਕਰੋੜ ਬੋਤਲਾਂ ਪੀਤੀਆਂ ਜਾਂਦੀਆਂ ਹਨ। 19 ਤੋਂ 25 ਸਾਲ ਦੇ 62 ਪ੍ਰਤੀਸ਼ਤ ਗੱਭਰੂ ਨਸ਼ਾ ਕਰਦੇ ਹਨ। ਸਾਬਕਾ ਡੀ.ਜੀ.ਪੀ. ਸ਼ਸ਼ੀ ਕਾਂਤ ਅਨੁਸਾਰ ਡਰੱਗ ਦਾ ਸਾਲਾਨਾ ਕਾਰੋਬਾਰ ਸੱਠ ਹਜ਼ਾਰ ਕਰੋੜ ਰੁਪਏ ਦਾ ਹੈ। ਨੌਜਵਾਨ ਹਰ ਦੇਸ਼ ਅਤੇ ਕੌਮ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ। ਛੋਟੇ ਹੁੰਦੇ ਇਹ ਨਾਅਰਾ ਵੀ ਸੁਣਦੇ ਰਹੇ ਹਾਂ ਕਿ, 'ਬੱਚੇ ਦੇਸ਼ ਦਾ ਭਵਿੱਖ ਹਨ।' ਜੇ ਬੱਚਿਆਂ ਨੂੰ ਅਸੀਂ ਨਸ਼ੇੜੀ ਬਣਾ ਦਿੱਤਾ, ਤਾਂ ਦੇਸ਼ ਦਾ ਭਵਿੱਖ ਕੀ ਰਿਹਾ? ਸਾਡੀਆਂ ਸਰਕਾਰਾਂ ਅਤੇ ਲੀਡਰ ਸਟੇਜਾਂ ਤੋਂ ਤਾਂ ਵਿਕਾਸ ਦੀਆਂ ਗੱਲਾਂ ਕਰਦੇ ਨਹੀਂ ਥੱਕਦੇ, ਪਰ ਇਹ ਕਿਹੋ ਜਿਹਾ ਵਿਕਾਸ ਹੈ? ਅੱਜ ਨਸ਼ਿਆਂ ਦਾ ਕਾਰੋਬਾਰ ਸਾਡੇ ਸਿਆਸੀ ਲੀਡਰਾਂ ਅਤੇ ਅਫ਼ਸਰਸ਼ਾਹੀ ਦੀ ਸਰਪ੍ਰਸਤੀ ਥੱਲੇ ਬੇਖੌਫ਼ ਚੱਲ ਰਿਹਾ ਹੈ। ਮੰਤਰੀਆਂ ਦੇ ਪਿੰਡਾਂ ਵਿਚ ਸ਼ਰਾਬ ਦੀਆਂ ਮਿੰਨੀ ਡਿਸਟਿਲਰੀਆਂ ਚੱਲ ਰਹੀਆਂ ਹਨ। ਚੋਣਾਂ ਵਿਚ ਹਰ ਪਾਰਟੀ ਦੇ ਉਮੀਦਵਾਰ ਟਰੱਕਾਂ ਦੇ ਟਰੱਕ ਸ਼ਰਾਬ, ਵੋਟਰਾਂ ਵਿਚ ਵੰਡਦੇ ਹਨ।... ਤੇ ਫਿਰ ਗੱਲਾਂ ਕਰਦੇ ਨੇ ਨਸ਼ਾ-ਮੁਕਤ ਪੰਜਾਬ ਦੀਆਂ!

'ਨਸ਼ਿਆਂ ਨੂੰ ਠੱਲ੍ਹ ਕਿਵੇਂ ਪਵੇ' ਕਿਤਾਬ (ਲੇਖਕ ਰਾਜਵਿੰਦਰ ਸਿੰਘ ਸੰਧੂ) ਦਾ ਰਿਲੀਜ਼ ਸਮਾਰੋਹ ਹੋ ਰਿਹਾ ਸੀ। ਅੰਮ੍ਰਿਤਸਰ ਦੇ ਐਸ.ਐਸ.ਪੀ. ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਬੜੀ ਬੇਬਾਕੀ ਨਾਲ ਕਿਹਾ ਸੀ, "ਜੇ ਅਸੀਂ (ਪੁਲਿਸ ਵਾਲੇ ਤੇ ਸਿਆਸਤਦਾਨ) ਪੰਜਾਬ ਵਿਚ ਨਸ਼ਾ ਰੋਕਣ ਲਈ ਪੂਰੀ ਤਰ੍ਹਾਂ ਸੁਹਿਰਦ ਹੋਈਏ, ਤਾਂ ਕੇਵਲ ਤਿੰਨ ਦਿਨ ਲਗਦੇ ਹਨ, ਪਰ ਅਸੀਂ ਅਜਿਹਾ ਕਰ ਨਹੀਂ ਸਕਾਂਗੇ, ਕਿਉਂਕਿ ਪੰਜਾਬ ਦੀਆਂ ਸਾਰੀਆਂ ਧਿਰਾਂ (ਸਿਆਸਤਦਾਨ, ਵਪਾਰੀ ਤੇ ਪ੍ਰਸ਼ਾਸਨਿਕ ਅਧਿਕਾਰੀ) ਸਾਨੂੰ ਅਜਿਹਾ ਕਰਨ ਨਹੀਂ ਦੇਣਗੀਆਂ। ਉਨ੍ਹਾਂ ਦਾ ਇਹ ਕਥਨ ਪੰਜਾਬ ਤ੍ਰਾਸਦੀ ਦੀ ਮੂੰਹ ਬੋਲਦੀ ਤਸਵੀਰ ਹੈ।

ਜੇ ਅਸੀਂ ਚਾਹੁੰਦੇ ਹਾਂ ਕਿ ਸਾਡਾ ਪੰਜਾਬ ਨਸ਼ਾ ਮੁਕਤ ਹੋਵੇ, ਤਾਂ ਸਾਨੂੰ ਹਰ ਗੱਲ ਸਰਕਾਰਾਂ 'ਤੇ ਨਹੀਂ ਸੁੱਟਣੀ ਚਾਹੀਦੀ। ਸਾਨੂੰ ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਹੈ। ਸਾਨੂੰ ਆਪਣੇ ਬੱਚਿਆਂ ਨੂੰ ਚੰਗਾ ਮਾਹੌਲ ਦੇਣਾ ਪਵੇਗਾ। ਆਪ ਸ਼ਰਾਬ ਦਾ ਸੇਵਨ ਨਾ ਕਰੀਏ, ਖੁਸ਼ੀ ਦੇ ਸਾਰੇ ਸਮਾਗਮਾਂ ਵਿਚ ਸ਼ਰਾਬ ਅਤੇ ਲੱਚਰ ਗੀਤ ਗਾਉਣ ਵਾਲਿਆਂ ਦਾ ਬਾਈਕਾਟ ਕੀਤਾ ਜਾਵੇ। ਸ਼ਰਾਬ 'ਤੇ ਖਰਚਿਆ ਜਾਣ ਵਾਲਾ ਪੈਸਾ ਬੱਚਿਆਂ ਦੀ ਵਿੱਦਿਆ 'ਤੇ ਖਰਚ ਕੀਤਾ ਜਾਵੇ। ਨਸ਼ਿਆਂ ਦੇ ਨੁਕਸਾਨਾਂ ਬਾਰੇ ਉਨ੍ਹਾਂ ਨੂੰ ਬਚਪਨ ਤੋਂ ਹੀ ਦੱਸਿਆ ਜਾਵੇ। ਮਨੁੱਖ ਆਪਣੇ ਆਲੇ-ਦੁਆਲੇ ਤੋਂ ਸਿੱਖਦਾ ਹੈ। ਜਿਹੀ ਸੰਗਤ ਤਿਹੀ ਰੰਗਤ। ਢਾਡੀਆਂ, ਕਵੀਸ਼ਰਾਂ ਤੇ ਚੰਗੇ ਕਥਾਵਾਚਕਾਂ ਨੂੰ ਸੱਦਿਆ ਜਾਵੇ, ਤਾਂ ਕਿ ਬੱਚੇ ਆਪਣੇ ਅਮੀਰ ਸਿੱਖ ਵਿਰਸੇ ਤੋਂ ਮੁੱਢ ਤੋਂ ਹੀ ਜਾਣੂ ਹੋ ਕੇ ਆਪਣਾ ਜੀਵਨ ਸੁਧਾਰ ਸਕਣ। ਅੱਜ ਸਾਨੂੰ ਅਲਮਾਰੀਆਂ ਵਿਚ ਕਿਤਾਬਾਂ ਰੱਖਣੀਆਂ ਚਾਹੀਦੀਆਂ ਹਨ, ਸ਼ਰਾਬ ਦੀਆਂ ਬੋਤਲਾਂ ਨਹੀਂ। ਚੰਗੇ ਸਾਹਿਤ ਦੀਆਂ ਕਿਤਾਬਾਂ ਸਾਡੀ ਜਵਾਨੀ ਨੂੰ ਸੇਧ ਦੇਣਗੀਆਂ। ਸ਼ਰਾਬ ਦੀਆਂ ਬੋਤਲਾਂ ਬਾਰੇ ਕਿਸੇ ਸ਼ਾਇਰ ਨੇ ਲਿਖਿਆ ਹੈ,

ਗਲਾਸੋਂ ਮੇਂ ਜੋ ਡੂਬੇ,
ਫਿਰ ਨਾ ਉਭਰੇ ਜ਼ਿੰਦਗਾਨੀ ਮੇਂ।
ਹਜ਼ਾਰੋਂ ਬਹਿ ਗਏ,
ਇਨ ਬੋਤਲੋਂ ਕੇ ਬੰਦ ਪਾਨੀ ਮੇਂ।

## ਨਸ਼ਿਆਂ ਦਾ ਦੌਰ

ਕੀ ਨਸ਼ਿਆਂ ਦਾ ਦੌਰ ਚੱਲ ਪਿਆ,
ਸਭ ਥਾਂ ਖੁੱਲ੍ਹੇ ਤੌਰ ਚੱਲ ਪਿਆ,
ਕੁੰਦਨ ਜਿਹੇ ਸਰੀਰ ਕਈਆਂ ਦੇ
ਨਸ਼ਿਆਂ ਕਰ ਬੇਕਾਰ ਦਿੱਤੇ।
ਮੁੰਡੇ ਗੱਭਰੂ ਪੱਟ 'ਤੇ ਨਸ਼ਿਆਂ ਨੇ
ਘਰ ਕਈਆਂ ਦੇ ਉਜਾੜ ਦਿੱਤੇ।

ਚੂਨੇ ਵਿਚ ਮਿਲਾ ਕੇ ਜ਼ਰਦਾ
ਬੁੱਲਾਂ ਵਿਚ ਟਿਕਾਉਂਦੇ ਨੇ।
ਥੁੱਕਾਂ ਨਾਲ ਵਿਹੜਾ ਭਰ ਦਿੰਦੇ
ਜਿਥੇ ਵੀ ਮੰਜੀ ਡਾਹਉਂਦੇ ਨੇ।
ਮੋਤੀਆਂ ਵਰਗੇ ਦੰਦ ਚਮਕਦੇ
ਕਰ ਕੀੜੇ ਦਾ ਸ਼ਿਕਾਰ ਦਿੱਤੇ।

ਅਮਲੀ ਤੜਫ਼ੀ ਜਾਂਦੇ ਨੇ
ਜਦ ਫ਼ੀਮ ਡੱਬੀ 'ਚੋ ਮੁੱਕ ਜਾਂਦੀ।
ਛਕਣੇ ਤੋਂ ਇੰਜਣ ਚੱਲਦਾ ਹੈ
ਬਿਨਾਂ ਛਕਿਆਂ ਗੱਡੀ ਰੁੱਕ ਜਾਂਦੀ।
ਕਾਲੀ ਨਾਗਣੀ ਖਾਤਿਰ
ਭਾਂਡੇ ਸਾਰੇ ਵੇਚ ਬਾਜ਼ਾਰ ਦਿੱਤੇ।

ਉਥੇ ਮਾਚਿਸ ਮਿਲਣੀ ਮੁਸ਼ਕਿਲ ਹੈ
ਜਿੱਥੇ ਰਹਿੰਦੇ ਆਸ਼ਕ ਸਿਗਟਾਂ ਦੇ।
ਮਹਿਫਿਲ ਵਿਚ ਮਾਰਨ ਸੁੱਟੇ ਜੋ
ਉਹ ਕਾਬਲ ਹੁੰਦੇ ਫਿਟਕਾਂ ਦੇ।
ਜਿਨ੍ਹਾਂ ਪੀਤੀਆਂ ਲਾਪ੍ਰਵਾਹੀਆਂ ਨਾਲ
ਉਨ੍ਹਾਂ ਮਹਿੰਗੇ ਕਪੜੇ ਸਾੜ ਦਿੱਤੇ।

ਪੀ ਮਹਿੰਗੇ ਮੁੱਲ ਦੀ ਦਾਰੂ
ਕਈ ਲੈਂਦੇ ਨੇ ਮੁੱਲ ਲੜਾਈਆਂ ਨੂੰ।
ਜਦੋਂ ਕੇਸ ਕਚਹਿਰੀ ਚੱਲਦੇ ਨੇ
'ਚੋਹਲਾ' ਲੱਭਦੇ ਫਿਰਨ ਗਵਾਹੀਆਂ ਨੂੰ।
ਸਿਖਰ ਦੁਪਹਿਰੇ ਹੁੰਦੇ ਕਈਆਂ ਨੇ
ਡੱਬ ਦੇ ਵਿਚ ਦਵਾੜ ਦਿੱਤੇ।

***-ਰਮੇਸ਼ ਬੱਗਾ ਚੋਹਲਾ***
***ਫੋਨ: 91-94631-32719***

# ਆਪਣਾ ਦੇਸ਼ ਪਰਾਇਆ ਦੇਸ਼

ਵਿਚ ਇਕ ਸੌ ਪੰਜੱਤਰ ਰੁਪਏ ਚਾਲੀ ਪੈਸੇ ਹਨ। ਰਕਮ ਦੱਸਣ ਪਿਛੋਂ ਉਸ ਮੇਰੇ ਵੱਲ ਇੰਜ ਤੱਕਿਆ ਜਿਵੇਂ ਕਹਿ ਰਿਹਾ ਹੋਵੇ, 'ਝੱਗੇ ਵਿਚ ਬਕਾਇਆ ਰਕਮ ਤਾਂ ਪੌਣੇ ਦੋ ਸੌ ਹੈ ਅਤੇ ਗੁੱਸਾ ਇਤਨਾ ਜਿਵੇਂ ਲੱਖਾਂ ਰੁਪਏ ਬੈਂਕ ਵਿਚ ਜਮ੍ਹਾਂ ਕਰਾ ਰੱਖੇ ਹੋਣ। ਇਥੇ ਕਦਰ ਲੱਖਾਂਪਤੀਆਂ ਦੀ ਹੁੰਦੀ ਹੈ, ਕੱਖਾਂਪਤੀਆਂ ਦੀ ਨਹੀਂ। ਬੈਂਕ ਉਨ੍ਹਾਂ ਅਮੀਰਾਂ ਦੀਆਂ ਮਿਹਰਬਾਨੀਆਂ ਨਾਲ ਚਲਦਾ ਹੈ, ਤੁਹਾਡੇ ਵਰਗੇ ਟਟਪੂੰਜੀਆਂ ਦੇ ਸਹਾਰੇ ਨਹੀਂ।'

ਮੈਂ ਡੇਢ ਸੌ ਦਾ ਚੈੱਕ ਕੱਟ ਕੇ ਉਸ ਦੇ ਅੱਗੇ ਕੀਤਾ। ਉਸ ਮੇਰੇ ਦਸਤਖ਼ਤਾਂ ਨੂੰ ਕਈ ਵਾਰੀ ਫਾਈਲ ਦੇ ਦਸਤਖ਼ਤਾਂ ਨਾਲ ਮਿਲਾਇਆ ਅਤੇ ਫਿਰ ਬੜੇ ਗਹੁ ਨਾਲ ਮੇਰੇ ਚਿਹਰੇ 'ਤੇ ਕੁੱਝ ਪੜ੍ਹਨਾ ਚਾਹਿਆ ਜਿਵੇਂ ਕਸਟਮ ਇੰਸਪੈਕਟਰ ਨੇ ਪੜ੍ਹਿਆ ਸੀ।

"ਤੁਹਾਡੇ ਸਿਗਨੇਚਰ ਨਹੀਂ ਮਿਲਦੇ ਪਰ ਚਲੋ ਡੇਢ ਸੌ ਦੀ ਹੀ ਤਾਂ ਰਕਮ ਏ।" ਉਸ ਬੜਾ ਅਹਿਸਾਨ ਕਰਦਿਆਂ ਕਿਹਾ। ਫਿਰ ਉਸ ਮੇਰੇ ਚੈੱਕ ਉਪਰ ਲਾਲ ਸਿਆਹੀ ਨਾਲ ਇਕ ਘੁੱਗੀ ਫੇਰ ਦਿਤੀ ਅਤੇ ਚੈੱਕ ਫਿਰ ਉਸੇ ਕਾਊਂਟਰ 'ਤੇ ਲਿਜਾਣ ਲਈ ਆਖਿਆ।

ਆਪਣੇ ਹੀ ਦੇਸ਼ ਵਿਚ ਆਪਣੀ ਹੀ ਕਾਲੋਨੀ ਦੇ ਆਪਣੇ ਹੀ ਬੈਂਕ ਖਾਤੇ ਵਿਚ ਆਪ ਹੀ ਪੈਸੇ ਕਢਵਾਉਣ ਵੇਲੇ ਜੋ ਮੇਰੀ ਦੁਰਗਤ ਅੱਜ ਹੋਈ ਸੀ, ਉਸ ਨੇ ਮੈਨੂੰ ਸਿਰ ਤੋਂ ਪੈਰਾਂ ਦੇ ਨਹੁੰਆਂ ਤੀਕ ਕੰਬਾ ਦਿਤਾ ਸੀ। ਮੈਂ ਮੁਸਕਰਾਹਟ ਦੀ ਚਾਦਰ ਓਢ ਕੇ ਆਪਣੀ ਹੋਈ ਨਮੋਸ਼ੀ ਨੂੰ ਕੱਜਣ ਦਾ ਪੂਰਾ ਯਤਨ ਕੀਤਾ, ਪਰ ਇੰਜ ਜਾਪਦਾ ਸੀ ਕਿ ਰਾਬਰਟ ਵਿਚਲੇ ਲੇਖਕ ਨੇ ਪੂਰੇ ਅਰਥਾਂ ਸਮੇਤ ਸਭ ਕੁਝ ਪੜ੍ਹ ਲਿਆ ਸੀ।

# ਮਾਈਆਂ ਕਿਥੋਂ ਆਈਆਂ?

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਹਰਕੇਸ਼ ਸਿੰਘ ਕਹਿਲ ਚੰਦ ਉਨ੍ਹਾਂ ਵਿਦਵਾਨਾਂ ਵਿਚੋਂ ਹਨ ਜੋ ਆਪਣੇ ਬਲਬੂਤੇ ਪੰਜਾਬੀ ਸਭਿਆਚਾਰ ਤੇ ਠੋਸ ਕੰਮ ਕਰ ਰਹੇ ਹਨ। 'ਅਲੋਪ ਹੋ ਰਿਹਾ ਵਿਰਸਾ' ਉਨ੍ਹਾਂ ਦੀ ਇਨਸਾਇਕਲੋਪੀਡਕ ਪੱਧਰ ਦੀ ਪੁਸਤਕ ਹੈ ਜਿਸ ਵਿਚ ਉਨ੍ਹਾਂ ਪੰਜਾਬੀ ਸਭਿਆਚਾਰ ਦੇ ਤੇਜ਼ੀ ਨਾਲ ਗੁਆਚ ਰਹੇ ਪੱਖਾਂ 'ਤੇ ਭਰਪੂਰ ਚਾਨਣਾ ਪਾਇਆ ਹੈ। 'ਇੰਡੋ-ਕੈਨੇਡੀਅਨ ਟਾਇਮਜ਼' ਵਿਚ ਹਰ ਵਰ ਇਸ ਪੁਸਤਕ ਵਿਚੋਂ ਕੁਝ ਇੰਦਰਾਜਾਂ ਦਾ ਪ੍ਰਕਾਸ਼ਨ ਹੁੰਦਾ ਹੈ। 31 ਜੁਲਾਈ ਦੇ ਅੰਕ ਵਿਚ ਪੰਜਾਬੀ ਵਿਆਹ ਦੀ ਇਕ ਰਸਮ 'ਮਾਈਆਂ' ਦੀ ਚਰਚਾ ਹੋਈ ਹੈ। ਇਸ ਵਿਚ ਪਹਿਲੇ ਸਮਿਆਂ ਦਾ ਜ਼ਿਕਰ ਕਰਦਿਆਂ ਦੱਸਿਆ ਗਿਆ ਹੈ ਕਿ ਵਿਆਹੇ ਜਾਣ ਵਾਲੇ ਮੁੰਡੇ-ਕੁੜੀ ਦੀ ਖੁਰਾਕ ਦਾ ਬਹੁਤ ਖਿਆਲ ਰੱਖਿਆ ਜਾਂਦਾ ਸੀ। ਪਿਛਲੇ ਦਿਨਾਂ ਵਿਚ ਦੁਧ ਘਿਉ ਤੋਂ ਹੀ ਬਣਦੇ ਪਦਾਰਥ ਉਪਲਭਧ ਸਨ ਤੇ ਇਹੀ ਤਾਕਤਵਰ ਸਮਝੇ ਜਾਂਦੇ ਸਨ। ਦੁਧ ਘਿਉ ਤੋਂ ਬਣਦੀ ਪੰਜੀਰੀ ਵਧੀਆ ਖੁਰਾਕ ਹੁੰਦੀ ਸੀ। ਸ੍ਰੀ ਕਹਿਲ ਦੇ ਸ਼ਬਦਾਂ ਵਿਚ, "ਇਸ ਤਰ੍ਹਾਂ ਮੁੰਡੇ-ਕੁੜੀ ਦੇ ਵਿਆਹ ਧਰਨ ਪਿਛੋਂ ਜੋ ਘਰ ਵਾਲੇ ਅਤੇ ਰਿਸ਼ਤੇਦਾਰ ਪੰਜੀਰੀ ਰਲਾ ਕੇ ਮੁੰਡੇ/ਕੁੜੀ ਨੂੰ ਖਾਣ ਨੂੰ ਦਿੰਦੇ ਸਨ, ਉਸ ਪੰਜੀਰੀ ਨੂੰ ਮਾਈਆਂ ਆਖਿਆ ਜਾਂਦਾ ਸੀ। ਪਹਿਲਾਂ ਮਾਈਆਂ ਮੁੰਡੇ-ਕੁੜੀ ਦੇ ਨਾਨਕੇ ਭੇਜਦੇ ਸਨ। ਫੇਰ ਭੂਆ ਭੇਜਦੀਆਂ ਸਨ। ਮਾਸੀਆਂ ਭੇਜਦੀਆਂ ਸਨ। ਘਰ ਵਾਲੇ ਦੀ ਪੰਜੀਰੀ ਤਾਂ ਹੁੰਦੀ ਹੀ ਸੀ। ਜਿਸ ਦਿਨ ਮੁੰਡੇ-ਕੁੜੀ ਦਾ ਵਿਆਹ ਨੀਅਤ ਕੀਤਾ ਜਾਂਦਾ ਸੀ, ਉਸੇ ਦਿਨ ਤੋਂ ਮੁੰਡੇ-ਕੁੜੀ ਨੂੰ ਮਾਈਏਂ ਪਿਆ ਕਿਹਾ ਜਾਂਦਾ ਸੀ।"

ਮੇਰੇ ਲਈ ਇਹ ਨਵੇਂ ਗਿਆਨ ਵਾਲੀ ਗੱਲ ਸੀ ਕਿ ਇਸ ਪੰਜੀਰੀ ਨੂੰ ਵੀ ਮਾਈਆਂ ਕਿਹਾ ਜਾਂਦਾ ਹੈ ਭਾਵੇਂ ਅੱਗੇ ਜਾ ਕੇ ਇਹ ਵੀ ਦੱਸਿਆ ਗਿਆ ਹੈ ਕਿ ਵਿਆਹ ਤੋਂ ਪਹਿਲਾਂ ਵਟਣਾ ਮਲਣ ਦੀ ਰਸਮ ਨੂੰ ਵੀ ਮਾਈਆਂ ਕਿਹਾ ਜਾਂਦਾ ਸੀ।

ਉਪਰੋਕਤ ਤੋਂ ਇਹ ਧਾਰਨਾ ਬਣ ਸਕਦੀ ਹੈ ਕਿ ਮਾਈਆਂ ਸ਼ਬਦ ਮੁਢਲੇ ਤੌਰ 'ਤੇ ਪੰਜੀਰੀ ਲਈ ਵਰਤਿਆ ਜਾਂਦਾ ਹੈ ਹਾਲਾਂ ਕਿ ਅਜਿਹਾ ਕਦੇ ਪੜ੍ਹਨ-ਸੁਣਨ ਵਿਚ ਨਹੀਂ ਆਇਆ। ਮੈਂ ਬਚਪਨ ਵਿਚ ਸੋਚਿਆ ਕਰਦਾ ਸਾਂ ਕਿ ਰਸਮ ਕਰਨ ਵੇਲੇ ਕਿਉਂਕਿ ਮਾਈਆਂ (ਤੀਵੀਆਂ) ਮੁੰਡੇ-ਕੁੜੀ ਦੇ ਉਦਾਲੇ ਝੁਰਮਟ ਪਾ ਕੇ ਉਸ ਦੇ ਅੰਗਾਂ 'ਤੇ ਵਟਣੇ ਦਾ ਮਾਂਜਾ ਲਾਉਣ ਜਿਹਾ ਜ਼ੋਰ ਕਰਨ ਲਗਦੀਆਂ ਹਨ ਇਸ ਲਈ ਇਸ ਰਸਮ ਲਈ ਮਾਈਆਂ ਸ਼ਬਦ ਰੂੜ ਹੋ ਗਿਆ ਹੋਵੇਗਾ। ਮਾਈਆਂ ਲਾਉਂਦਿਆਂ ਇਕ ਲੋਕ ਗੀਤ ਗਾਇਆ ਜਾਂਦਾ ਹੈ, ਜਿਸ ਤੋਂ ਇਸ ਗੱਲ ਦੀ ਪੁਸ਼ਟੀ ਹੁੰਦੀ ਜਾਪਦੀ ਹੈ,

ਸੱਚ ਦੱਸੀਂ ਮੇਰੇ ਲਾਡ ਲਡਿੱਕਿਆ,
ਪਹਿਲਾ ਮਾਈਆਂ ਤੈਨੂੰ ਕਿਹਦੇ?
ਦਾਦੀ ਸੌ ਪੁੱਤੀ, ਬਾਬਾ ਸੌ ਧਰਮੀ,
ਪਹਿਲਾ ਮਾਈਆਂ ਮੈਨੂੰ ਉਹਦੇ ਨੀ ਭੈਣੋ।
ਸੱਚ ਦੱਸੀਂ ਮੇਰੇ ਲਾਡ ਲਡਿੱਕਿਆ,
ਪਹਿਲਾ ਮਾਈਆਂ ਤੈਨੂੰ ਕਿਹਦੇ?
ਮਾਂ ਸੌ ਪੁੱਤੀਂ, ਪਿਉ ਸੌ ਧਰਮੀ,
ਪਹਿਲਾ ਮਾਈਆਂ ਮੈਨੂੰ ਉਹਦੇ ਨੀ ਭੈਣੋ।
ਸੱਚ ਦੱਸੀਂ ਮੇਰੇ ਲਾਡ ਲਡਿੱਕਿਆ,
ਪਹਿਲਾ ਮਾਈਆਂ ਤੈਨੂੰ ਕਿਹਦੇ?
ਚਾਚੀ ਸੌ ਪੁੱਤੀ, ਚਾਚਾ ਸੌ ਧਰਮੀ,
ਪਹਿਲਾ ਮਾਈਆਂ ਮੈਨੂੰ ਉਹਦੇ ਨੀ ਭੈਣੋ।
ਸੱਚ ਦੱਸੀਂ ਮੇਰੇ ਲਾਡ ਲਡਿੱਕਿਆ,
ਪਹਿਲਾ ਮਾਈਆਂ ਤੈਨੂੰ ਕਿਹਦੇ?
ਤਾਈ ਸੌ ਪੁੱਤੀ, ਤਾਇਆ ਸੌ ਧਰਮੀ,
ਪਹਿਲਾ ਮਾਈਆਂ ਮੈਨੂੰ ਉਹਦੇ ਨੀ ਭੈਣੋ।
ਸੱਚ ਦੱਸੀਂ ਮੇਰੇ ਲਾਡ ਲਡਿੱਕਿਆ,
ਪਹਿਲਾ ਮਾਈਆਂ ਤੈਨੂੰ ਕਿਹਦੇ?
ਭਰਜਾਈ ਸੌ ਪੁੱਤੀ, ਵੀਰਾ ਸੌ ਧਰਮੀ,
ਪਹਿਲਾ ਮਾਈਆਂ ਮੈਨੂੰ ਉਹਦੇ ਨੀ ਭੈਣੋ।

ਪਰ ਮਾਈਆਂ ਸ਼ਬਦ ਦਾ ਮਾਈਆਂ (ਤੀਵੀਆਂ) ਤੋਂ ਬਣਨ ਵਾਲੀ ਗੱਲ ਗਲੇ ਨਹੀਂ ਉਤਰਦੀ। ਕੁਝ ਉਪ-ਬੋਲੀਆਂ ਵਿਚ ਮਾਈਆਂ



ਦੀ ਥਾਂ 'ਮਾਈਏਂ' ਸ਼ਬਦ ਵੀ ਸੁਣਨ ਨੂੰ ਮਿਲਦਾ ਹੈ। ਡਾ. ਅਮਰਜੀਤ ਸਿੰਘ ਗਿੱਲ ਦੁਆਰਾ ਰਚਿਤ ਪੰਜਾਬੀ ਵਿਆਹ ਬਾਰੇ ਇਕ ਖੋਜ ਪੁਸਤਕ ਵਿਚ ਵਿਆਹ ਦੀਆਂ ਸਾਰੀਆਂ ਰਸਮਾਂ ਗਿਣਾਈਆਂ ਗਈਆਂ ਹਨ ਪਰ ਹੈਰਾਨੀ ਦੀ ਗੱਲ ਹੈ ਕਿ ਇਸ ਵਿਚ 'ਮਾਈਆਂ' ਰਸਮ ਅਤੇ ਸ਼ਬਦ ਦਾ ਜ਼ਿਕਰ ਮਾਤਰ ਵੀ ਨਹੀਂ।

ਮਾਈਆਂ ਸ਼ਬਦ ਦੀ ਵਿਉਤਪਤੀ ਬਾਰੇ ਮੈਨੂੰ ਜੀ.ਐਸ. ਰਿਆਲ ਦੀ ਵਿਆਖਿਆ ਵਧੇਰੇ ਮੰਨਣਯੋਗ ਪ੍ਰਤੀਤ ਹੁੰਦੀ ਹੈ। ਉਨ੍ਹਾਂ ਅਨੁਸਾਰ ਇਹ ਸ਼ਬਦ ਸੰਸਕ੍ਰਿਤ 'ਮਾਰਜਨ' ਦਾ ਬਦਲਿਆ ਰੂਪ ਹੈ। ਸੰਸਕ੍ਰਿਤ ਵਿਚ ਮਾਰਜਨ ਦਾ ਅਰਥ ਸਾਫ ਕਰਨਾ, ਰਗੜਨਾ, ਪੂੰਝਣਾ ਆਦਿ ਹੁੰਦਾ ਹੈ। ਇਥੇ ਮਾਰਜਨ ਦਾ ਅਰਥ ਵਟਣੇ ਦੀ ਸਮੱਗਰੀ ਅਰਥਾਤ ਹਲਦੀ, ਆਟਾ, ਤੇਲ ਆਦਿ ਹੋ ਸਕਦਾ ਹੈ। ਮਾਈਆਂ ਦੀ ਰਸਮ ਵਿਚ ਵਿਆਂਦੜ ਦੇ ਸਰੀਰ 'ਤੇ ਵਟਣਾ ਹੀ ਰਗੜ ਰਗੜ ਕੇ ਮਲਿਆ ਜਾਂਦਾ ਹੈ ਤਾਂ ਕਿ ਚਮੜੀ ਵਿਚ ਨਿਖਾਰ ਆ ਜਾਵੇ।

ਇਹ ਗੱਲ ਕੁਝ ਹਾਸੋਹੀਣੀ ਵੀ ਹੈ ਕਿ ਵਿਆਹ ਤੋਂ ਕੁਝ ਦਿਨ ਪਹਿਲਾਂ 'ਮਾਈਏਂ ਪੈਣ' ਤੋਂ ਲੈ ਕੇ 'ਮਾਈਆਂ ਲਾਉਣ' ਦੇ ਵਕਫੇ ਦੌਰਾਨ ਮੁੰਡੇ-ਕੁੜੀ ਨੂੰ ਫਟੇ-ਪੁਰਾਣੇ ਅਤੇ ਮੈਲੇ-ਕੁਚੈਲੇ ਕੱਪੜੇ ਪਹਿਨਾਏ ਜਾਂਦੇ ਹਨ ਤਾਂ ਕਿ ਵਟਣਾ ਮਲਣ ਸਮੇਂ ਨਿਕਲੀ ਮੈਲ ਕਾਰਨ ਸਰੀਰ 'ਤੇ ਵਧੇਰੇ ਰੂਪ ਚੜ੍ਹਿਆ ਮਾਲੂਮ ਹੋਵੇ। ਮੈਲੇ ਤੇ ਫਟੇ ਕੱਪੜੇ ਪਹਿਨਾਉਣ ਪਿਛੇ ਸੰਭਵ ਕਾਰਨ ਇਹ ਵੀ ਹੋ ਸਕਦਾ ਹੈ ਕਿ ਵਿਆਹ ਤੋਂ ਪਹਿਲਾਂ ਕਿਸੇ ਦੀ ਨਜ਼ਰ ਨਾ ਲੱਗ ਜਾਵੇ। ਸਪਸ਼ਟ ਹੈ ਕਿ ਮਾਰਜਨ ਤੋਂ ਮਾਈਆਂ ਸ਼ਬਦ ਬਣਨ ਵਿਚ ਬਹੁਤ ਅਰਸਾ ਲੱਗਾ ਹੋਵੇਗਾ ਕਿਉਂਕਿ ਧੁਨੀ ਵਿਚ ਕਾਫੀ ਤਬਦੀਲੀ ਆਈ ਹੈ। ਮਾਈਆਂ ਦਾ ਪੰਜੀਰੀ ਵਾਲਾ ਅਰਥ ਇਸੇ ਦਾ ਅੱਗੇ ਵਿਸਥਾਰ ਹੈ। ਪ੍ਰਸ਼ਾਦ ਦਾ ਮੁਢਲਾ ਅਰਥ (ਇਸ਼ਟ ਦੀ) ਕਿਰਪਾ ਹੈ ਪਰ ਵਿਸਤ੍ਰਿਤ ਅਰਥ ਪੂਜਾ ਆਦਿ ਪਿਛੋਂ ਵੰਡਿਆ ਜਾਂਦਾ ਕੜਾਹ ਆਦਿ ਹੈ।

ਮਾਰਜਨ ਸ਼ਬਦ ਦਾ ਧਾਤੂ ਹੈ 'ਮਾਰਜ' ਜਿਸ ਵਿਚ ਰਗੜਨ, ਪੂੰਝਣ, ਸ਼ਿੰਗਾਰਨ, ਚਮਕਾਉਣ, ਲਿਸ਼ਕਾਉਣ, ਮਾਂਜਣ ਦੇ ਭਾਵ ਹਨ। ਅਸਲ ਵਿਚ ਤਾਂ ਮਾਂਜਣਾ ਸ਼ਬਦ ਵੀ ਇਸੇ ਮਾਰਜ ਤੋਂ ਬਣਿਆ ਹੈ। ਆਮ ਤੌਰ 'ਤੇ ਸੁਆਹ ਜਾਂ ਰੇਤ ਨਾਲ ਭਾਂਡਿਆਂ ਨੂੰ ਸਾਫ ਕਰਨ ਦੀ ਕਿਰਿਆ ਨੂੰ ਮਾਂਜਣਾ ਕਿਹਾ ਜਾਂਦਾ ਹੈ। ਮਾਂਜਣਾ ਦਾ ਲਾਖਣਿਕ ਅਰਥ ਕਿਸੇ ਨੂੰ ਠਗਣਾ ਜਾਂ ਚਤੁਰਾਈ ਨਾਲ ਪੈਸੇ ਕਢਾ ਲੈਣਾ ਵੀ ਹੁੰਦਾ ਹੈ। ਭਾਵ ਕਿਸੇ ਦੀ ਜੇਬ ਦੀ ਸਫਾਈ ਕਰ ਦੇਣਾ। ਇਕ ਗੜਵੀ ਮਾਂਜਣਾ ਮੁਹਾਵਰਾ ਹੈ ਜਿਸ ਦਾ ਮਤਲਬ ਕਿਸੇ ਖੇਡ ਆਦਿ ਵਿਚ ਬੁਰੀ ਤਰ੍ਹਾਂ ਹਰਾ ਦੇਣਾ ਹੈ। ਡੋਲੂ ਵਾਂਗ ਮਾਂਜਣਾ ਦਾ ਵੀ ਇਹੋ ਜਿਹਾ ਹੀ ਅਰਥ ਹੈ। ਇਥੇ ਵੀ ਭਾਵ ਕਿਸੇ ਦੇ ਪੱਲੇ ਕੁਝ ਨਾ ਛੱਡਣਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਇਸ ਸ਼ਬਦ ਦੇ ਰੂਪ ਹਨ, ਮਾਂਜਿ, ਮਾਂਜਸਿ, ਮਾਂਜੀਐ, ਮਾਜੈ, ਮੰਜਾਈ ਆਦਿ। 'ਬਾਸਨ ਮਾਂਜਿ ਚਰਾਵਹਿ ਊਪਰਿ॥' -ਭਗਤ ਕਬੀਰ। 'ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ ਹਰ ਕੈ ਨਾਮੁ ਨਿਵਾਸ॥' -ਗੁਰੂ ਅਰਜਨ ਦੇਵ। 'ਨਾਨਕ ਸਾਚੁ ਕਹੈ ਬੇਨੰਤੀ ਮਨੁ ਮਾਂਜੈ ਸਚੁ ਸੋਈ॥' -ਗੁਰੂ ਨਾਨਕ ਦੇਵ। 'ਸਾਧ ਧੂਰਿ ਕਰਿ ਸੁਧ ਮੰਜਾਈ॥' -ਗੁਰੂ ਅਰਜਨ ਦੇਵ।

ਇਸੇ ਤੋਂ ਇਕ ਸ਼ਬਦ ਬਣਿਆ ਹੈ ਮਾਂਜਾ ਜੋ ਭਾਂਡੇ ਆਦਿ ਨੂੰ ਮਾਂਜਣ ਵਾਲੀ ਕੂਚੀ ਨੂੰ ਕਹਿੰਦੇ ਹਨ। ਇਹ ਸ਼ਬਦ ਪਿੜ ਵਿਚ ਵਰਤੀਂਦੇ ਮੋਟੇ ਤੀਲੀਆਂ ਵਾਲੇ ਝਾੜੂ ਲਈ ਵੀ ਵਰਤਿਆ ਜਾਂਦਾ ਹੈ। ਸੁੱਕ-ਮਾਂਜ ਦਾ ਮਤਲਬ ਹੈ- ਕਿਸੇ ਬਰਤਨ ਨੂੰ ਸਿਰਫ ਮਾਂਜ ਕੇ ਹੀ ਸਾਫ ਕਰਨਾ, ਧੋਣਾ ਨਹੀਂ। ਕਈ ਵਾਰੀ ਡਰਾਈਕਲੀਨ ਦੇ ਅਰਥਾਂ ਵਿਚ ਵੀ ਇਸ ਨੂੰ ਵਰਤ ਲਿਆ ਜਾਂਦਾ ਹੈ। ਸਿੰਘ ਬੋਲਿਆਂ ਵਿਚ ਇਸ ਤੋਂ ਭਾਵ ਭੁੱਖਾ ਹੁੰਦਾ ਹੈ। ਸੰਸਕ੍ਰਿਤ ਵਿਚ ਮਾਰਜ ਦਾ ਅਰਥ ਧੋਬੀ ਵੀ ਹੈ। ਅਭਿਆਸ ਨਾਲ ਕਿਸੇ ਵਿਸ਼ੇ ਆਦਿ ਵਿਚ ਮਾਹਰ ਵਿਅਕਤੀ ਜਾਂ ਉਸ ਦੀ ਸ਼ੈਲੀ ਨੂੰ ਮੰਜਿਆ ਹੋਇਆ ਕਹਿ ਦਿੱਤਾ ਜਾਂਦਾ ਹੈ। ਦੰਦ ਸਾਫ ਕਰਨ ਲਈ ਬਣਾਏ ਲੇਪ ਨੂੰ ਮੰਜਨ ਕਿਹਾ ਜਾਂਦਾ ਹੈ।

ਇਕ ਹੋਰ ਮਹੱਤਵਪੂਰਨ ਸ਼ਬਦ ਹੈ ਜਿਸ ਬਾਰੇ ਪਹਿਲੀ ਨਜ਼ਰੇ ਇਹ ਅਨੁਮਾਨ ਹੀ ਨਹੀਂ ਲਗਦਾ ਕਿ ਇਹ ਮਾਰਜ ਧਾਤੂ ਤੋਂ ਬਣਿਆ ਹੋ ਸਕਦਾ ਹੈ। ਇਹ ਸ਼ਬਦ ਪਤੰਗਬਾਜ਼ੀ ਨਾਲ ਸਬੰਧਤ ਹੈ। ਪਤੰਗ ਸਿਰਫ ਆਪਣੇ ਮਨੋਰੰਜਨ ਲਈ ਹੀ ਨਹੀਂ ਉਡਾਏ ਜਾਂਦੇ, ਇਨ੍ਹਾਂ ਦੇ ਗਹਿਗੱਚ ਮੁਕਾਬਲੇ ਵੀ ਹੋਇਆ ਕਰਦੇ ਹਨ। ਪਤੰਗ ਦੇ ਪਤੰਗ ਨਾਲ ਪੇਚੇ ਪੁਆਏ ਜਾਂਦੇ ਹਨ ਤੇ ਜਿਸ ਦਾ ਪਤੰਗ ਕੱਟਿਆ ਜਾਵੇ ਉਸ ਦੀ ਡੋ ਡੋ ਹੁੰਦੀ ਹੈ। ਪਤੰਗ ਡੋਰ ਦੇ ਸਹਾਰੇ ਉਡਦੀ ਹੈ। ਜਿਸ ਦੇ ਪਤੰਗ ਦੀ ਡੋਰ ਮਜ਼ਬੂਤ ਹੋਵੇ, ਉਹ ਹੀ ਦੂਜੇ ਦੇ ਪਤੰਗ ਨੂੰ ਕੱਟ ਸਕਦਾ ਹੈ। ਹਾਲਾਂਕਿ ਪਤੰਗ ਕੱਟਣ ਲਈ ਡੋਰ ਨੂੰ ਢਿੱਲ੍ਹਾ ਛੱਡਣ ਦੀ ਕਲਾ ਵੀ ਆਉਣੀ ਚਾਹੀਦੀ ਹੈ। ਡੋਰ ਨੂੰ ਪੱਕਾ ਕਰਨ ਲਈ ਮਾਂਝਾ ਲਾਇਆ ਜਾਂਦਾ ਹੈ। ਇਹ ਮਾਂਝਾਵੀ ਮਾਰਜ ਧਾਤੂ ਤੋਂ ਵਿਕਸਿਤ ਹੋਇਆ ਹੈ। ਮਾਂਝਾ ਬਣਾਉਣ ਦੀ ਕਲਾ ਵੀ ਕਾਫੀ ਵਿਕਸਿਤ ਹੋ ਗਈ ਹੈ। ਅਸੀਂ ਛੋਟੇ ਹੁੰਦੇ ਆਟੇ ਦੀ ਲੇਟੀ ਬਣਾ ਕੇ ਉਸ ਵਿਚ ਬੋਤਲਾਂ ਆਦਿ ਦੇ ਕੱਚ ਨੂੰ ਬਰੀਕ ਪੀਸ ਕੇ ਮਿਲਾ ਦਿੰਦੇ ਸਾਂ। ਵਿਚ ਕਦੇ ਕਦੇ ਸਰੇਸ਼ ਵੀ ਮਿਲਾ ਦੇਈਦਾ ਸੀ। ਫਿਰ ਕਾਫੀ ਕਸਾਅ ਰੱਖਦਿਆਂ ਡੋਰ ਦੇ ਸਿਰਿਆਂ ਨੂੰ ਦੋਨੋਂ ਪਾਸਿਆਂ ਤੋਂ ਦਰਖਤ ਆਦਿ ਨਾਲ ਬੰਨ੍ਹ ਲਈਦਾ ਸੀ। ਬੱਸ ਫਿਰ ਤਿਆਰ ਕੀਤਾ ਮਾਂਝਾ ਇਕ ਲੀਰ ਵਿਚ ਰੱਖ ਕੇ ਇਕ ਸਿਰੇ ਤੋਂ ਦੂਜੇ ਸਿਰੇ ਤੱਕ ਡੋਰ ਤੇ ਜ਼ੋਰ ਨਾਲ ਮਾਂਜਿਆ ਜਾਂਦਾ ਸੀ। ਸਮਝ ਲਿਆ ਜਾਂਦਾ ਸੀ ਕਿ ਡੋਰ ਹੁਣ ਲੋਹਾ ਹੀ ਬਣ ਗਈ ਹੈ। ਪਰ ਮੇਰੇ ਵਰਗੇ ਅਨਾੜੀ ਪਤੰਗਬਾਜ਼ ਦਾ ਪਤੰਗ ਫਿਰ ਵੀ ਪੇਚਾ ਪੈਂਦੇ ਸਾਰ ਹੀ ਕੱਟਿਆ ਜਾਂਦਾ ਸੀ। ਉਂਜ ਮਾਂਝਾ ਲੱਗੀ ਡੋਰ ਵੀ ਮਿਲ ਜਾਂਦੀ ਹੈ ਜਿਸ ਦੇ ਵਿਸ਼ੇਸ਼ ਕਾਰੀਗਰ ਹੁੰਦੇ ਹਨ। ਅੱਜ ਕਲ੍ਹ ਚਾਇਨਾ ਡੋਰ ਪ੍ਰਚਲਿਤ ਹੋ ਗਈ ਹੈ। ਇਸ ਦੇ ਮਾਂਝੇ ਵਿਚ ਜਿਸਤ ਅਤੇ ਪਲਾਸਟਿਕ ਮਿਲਿਆ ਹੁੰਦਾ ਹੈ ਜਿਸ ਕਾਰਨ ਪੰਜਾਬ ਵਿਚ ਬਹੁਤ ਸਾਰੇ ਹਾਦਸੇ ਹੋਏ ਹਨ। ਇਹ ਡੋਰ ਜੇ ਕਿਤੇ ਬਿਜਲੀ ਦੇ ਖੰਬੇ ਵਿਚ ਲੱਗ ਜਾਵੇ ਤਾਂ ਇਸ ਵਿਚ ਦੀ ਜਿਸਤ ਕਾਰਨ ਬਿਜਲੀ ਦਾ ਕਰੰਟ ਆ ਜਾਂਦਾ ਹੈ, ਜਿਸ ਨਾਲ ਪਤੰਗ ਚੜ੍ਹਾਉਣ ਵਾਲੇ ਦੀ ਮੌਤ ਤੱਕ ਹੋ ਜਾਂਦੀ ਹੈ। ਇਸ ਦੀ ਲਪੇਟ ਵਿਚ ਆਉਣ ਵਾਲੇ ਬਹੁਤ ਸਾਰੇ ਪੰਛੀ ਵੀ ਮਾਰੇ ਜਾਂਦੇ ਹਨ। ਇਸ 'ਤੇ ਪਾਬੰਦੀ ਲਾਉਣ ਦੀ ਮੰਗ ਕੀਤੀ ਜਾ ਰਹੀ ਹੈ।

ਮਾਰਜ ਸ਼ਬਦ ਭਾਰੋਪੀ ਖਾਸੇ ਵਾਲਾ ਹੈ ਅਰਥਾਤ ਹੋਰ ਹਿੰਦ-ਯੂਰਪੀ ਭਾਸ਼ਾਵਾਂ ਵਿਚ ਇਸ ਦੇ ਸਗੋਤੀ ਸ਼ਬਦ ਮਿਲਦੇ ਹਨ। ਇਸ ਦਾ ਭਾਰੋਪੀ ਮੂਲ Melg ਕਲਪਿਆ ਗਿਆ ਹੈ ਜਿਸ ਦਾ ਅਰਥ ਪੂੰਝਣਾ, ਰਗੜਨਾ, ਮਲਣਾ ਆਦਿ ਹੈ। ਦੁੱਧ ਦੇ ਅਰਥਾਂ ਵਿਚ ਇਸ ਤੋਂ ਪ੍ਰਾਗ-ਜਰਮੈਨਿਕ ਭਾਸ਼ਾ ਵਿਚ Meluks ਜਿਹਾ ਸ਼ਬਦ ਵਿਕਸਿਤ ਹੋਇਆ ਜਿਸ ਤੋਂ ਅਜੋਕੀ ਅੰਗਰੇਜ਼ੀ ਦਾ ਮਲਿਕ ਤੇ ਹੋਰ ਜਰਮੈਨਿਕ ਭਾਸ਼ਾਵਾਂ ਵਿਚ ਸਮਾਨ ਧੁਨੀਆਂ ਵਾਲੇ ਸ਼ਬਦ ਬਣੇ ਹਨ। ਦੁਧ ਦਾ ਭਾਵ ਇਸ ਤਰ੍ਹਾਂ ਵਿਕਸਿਤ ਹੋਇਆ ਕਿ ਦੁਧ ਚੋਣ ਸਮੇਂ ਜਾਨਵਰ ਦੇ ਥਣਾਂ ਨੂੰ ਰਗੜਿਆ ਜਾਂ ਮਲਿਆ ਜਾਂਦਾ ਹੈ। ਮਲਿਕ ਕਿਰਿਆ ਦਾ ਅਰਥ ਕਿਸੇ ਤੋਂ ਕੁਝ ਜਬਰੀ ਕਢਵਾਉਣਾ ਵੀ ਹੁੰਦਾ ਹੈ, ਐਨ ਮਾਂਜਣਾ ਦੀ ਤਰ੍ਹਾਂ। ਗਰੀਕ ਭਾਸ਼ਾ ਵਿਚ ਇਸ ਦਾ ਸੁਜਾਤੀ Amelgein, ਲਿਥੂਏਨੀਅਨ ਵਿਚ Melzu, ਰੂਸੀ ਵਿਚ Moloko, ਚੈਕ ਵਿਚ Mleko ਅਤੇ ਲਾਤੀਨੀ ਵਿਚ Mulgere ਹੁੰਦਾ ਹੈ। ਸਭ ਦਾ ਅਰਥ ਦੁਧ ਹੀ ਹੈ। ਲਾਤੀਨੀ ਵਿਚ ਇਕ ਮੁਹਾਵਰਾ ਹੈ, Mulgere Hicum ਜਿਸ ਦਾ ਸ਼ਾਬਦਿਕ ਅਨੁਵਾਦ ਬੱਕਰਾ ਚੋਣਾ ਹੁੰਦਾ ਹੈ। ਇਸ ਦਾ ਓਹੀ ਮਤਲਬ ਹੈ ਜੋ ਪੰਜਾਬੀ ਵਿਚ 'ਝੋਟਾ ਚੋਣਾ' ਦਾ ਹੁੰਦਾ ਹੈ।

# ਪੰਜਾਬ ਰੈਡ ਕਰਾਸ ਦੇ ਫੰਡਾਂ ਵਿਚ ਹੇਰਾਫੇਰੀ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮੀਡੀਆ ਅਨੁਸਾਰ ਪੰਜਾਬ ਸਰਕਾਰ ਨੇ ਤਿੰਨ ਅਫਸਰਾਂ-ਵਿਕਾਸ ਗਰਗ, ਕੇ.ਐਸ. ਸਿੱਧੂ ਅਤੇ ਹਰਕੇਸ਼ ਸਿੰਘ ਸਿੱਧੂ ਵੱਲੋਂ ਰੈਡ ਕਰਾਸ ਦੇ ਫੰਡਾਂ ਨਾਲ ਬਹੁਤ ਮਹਿੰਗੀਆਂ ਕਾਰਾਂ ਅਤੇ ਮੋਬਾਈਲ ਖਰੀਦ ਕੇ ਉਨ੍ਹਾਂ ਦੀ ਦੁਰਵਰਤੋਂ ਕੀਤੇ ਜਾਣ ਕਾਰਨ ਉਨ੍ਹਾਂ ਵਿਰੁਧ ਅਨੁਸ਼ਾਸਨੀ ਕਾਰਵਾਈ ਕਰਨ ਦਾ ਫੈਸਲਾ ਲਿਆ ਹੈ। ਤਿੰਨੇ ਅਫਸਰ ਭਾਰਤੀ ਅਨੁਸ਼ਾਸਨ ਸੇਵਾ ਦੇ ਅਧਿਕਾਰੀ ਰਹੇ ਹਨ। ਦੋਵੇਂ ਸਿੱਧੂ ਸੇਵਾ ਮੁਕਤ ਹੋ ਚੁੱਕੇ ਹਨ।

ਮੈਂ ਪਿਛਲੀ ਸਦੀ ਦੇ 80ਵਿਆਂ ਵਿਚ ਪੰਜਾਬ ਰੈਡ ਕਰਾਸ ਦਾ ਦੋ ਕੁ ਸਾਲ ਸਕੱਤਰ ਰਿਹਾ ਹਾਂ। ਮੈਨੂੰ ਅਜਿਹੀ ਹੇਰਾ-ਫੇਰੀ ਦਾ ਮੋਟਾ ਜਿਹਾ ਗਿਆਨ ਹੈ। ਮੇਰੇ ਤੋਂ ਪਹਿਲਾਂ ਲੰਮਾ ਸਮਾਂ ਸਕੱਤਰ ਰਹਿਣ ਵਾਲੇ ਇੱਕ ਪੰਜਾਬੀ ਦੇ ਸੇਵਾ ਕਾਲ ਵਿਚ ਕੁਝ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਤੇ ਤਹਿਸੀਲਦਾਰ ਮਕਾਨ ਤੇ ਜ਼ਮੀਨਾਂ ਖਰੀਦਣ ਵਾਲਿਆਂ ਨੂੰ ਰੈਡ ਕਰਾਸ ਦੀਆਂ ਬੇਅੰਤ ਟਿਕਟਾਂ ਖਰੀਦਣ ਲਈ ਮਜਬੂਰ ਕਰਦੇ ਸਨ। ਉਹ ਆਪਣੇ ਟੈਲੀਫੋਨਾਂ, ਮੋਬਾਈਲਾਂ, ਘਰਾਂ ਵਿਚ ਲੱਗੇ ਏਅਰ ਕੰਡੀਸ਼ਨਰਾਂ ਤੇ ਮਹਿੰਗੀਆਂ ਮੋਟਰ ਗੱਡੀਆਂ ਦਾ ਖਰਚਾ ਇਸ ਤਰ੍ਹਾਂ ਇਕੱਠੇ ਕੀਤੇ ਫੰਡਾਂ ਵਿਚ ਆਮ ਹੀ ਦਿਖਾਉਂਦੇ ਸਨ। ਕਿਉਂਕਿ ਆਲ ਇੰਡੀਆ ਰੈਡ ਕਰਾਸ ਨਵੀਂ ਦਿੱਲੀ ਦਾ ਸਮੁੱਚਾ ਖਰਚਾ ਵੀ ਰਾਜ ਤੇ ਜ਼ਿਲਾ ਪੱਧਰ ਉਤੇ ਇਕੱਤ੍ਰਿਤ ਹੋਈ ਰਾਸ਼ੀ ਦੀ ਨਿਸ਼ਚਿਤ ਪ੍ਰਤੀਸ਼ਤ ਨਾਲ ਚਲਦਾ ਸੀ। ਉਹ ਆਪਣੇ ਸਾਲਾਨਾ ਸਮਾਗਮ ਸਮੇਂ ਉਨ੍ਹਾਂ ਨੂੰ ਰਾਸ਼ਟਰਪਤੀ ਤੋਂ ਸਨਮਾਨਤ ਕਰਵਾਉਂਦੇ ਸਨ। ਚੇਤੇ ਰਹੇ, ਜ਼ਿਲ੍ਹਾ ਪੱਧਰ 'ਤੇ ਰੈਡ ਕਰਾਸ ਦਾ ਪ੍ਰਧਾਨ ਡਿਪਟੀ ਕਮਿਸ਼ਨਰ ਹੁੰਦਾ ਹੈ, ਰਾਜ ਪੱਧਰ 'ਤੇ ਰਾਜਪਾਲ ਅਤੇ ਕੇਂਦਰ ਵਿਚ ਰਾਸ਼ਟਰਪਤੀ। ਪੰਜਾਬ ਰੈਡ ਕਰਾਸ ਦੇ ਇੱਕ ਲੇਖਾਕਾਰ ਨੇ ਇਸ ਤਰ੍ਹਾਂ ਇਕੱਤਰ ਹੋਏ ਲੱਖਾਂ ਰੁਪਏ ਸੂਦ ਉਤੇ ਦੇ ਛਡੇ ਸਨ ਤੇ ਕਾਗਜ਼ਾਂ ਵਿਚ ਇਹ ਪੈਸੇ ਗੱਲੇ ਵਿਚ ਪਏ ਦਰਸਾਉਂਦਾ ਰਿਹਾ ਸੀ।

ਇਸ ਤਰ੍ਹਾਂ ਦੀ ਧਾਂਦਲੇਬਾਜ਼ੀ ਏਨੀ ਮਸ਼ਹੂਰ ਸੀ ਕਿ ਸਕੱਤਰ ਲਗਣ ਤੋਂ ਪਿੱਛੋਂ ਮੈਂ ਲੁਧਿਆਣਾ ਦੇ ਇੱਕ ਵੱਡੇ ਜ਼ਿਮੀਦਾਰ ਦੋਸਤ ਨੂੰ ਮਿਲਣ ਗਿਆ ਤਾਂ ਉਸ ਦੀ ਪਤਨੀ ਤੋਂ ਆਪਣੇ ਬਾਰੇ ਇਹ ਸ਼ਬਦ ਸੁਣ ਕੇ ਹੈਰਾਨ ਰਹਿ ਗਿਆ, "ਭਾਅ ਜੀ ਤਾਂ ਬੜੇ ਈਮਾਨਦਾਰ ਮੰਨੇ ਜਾਂਦੇ ਸਨ ਇਨ੍ਹਾਂ ਨੇ ਏਨੀ ਵੱਡੀ ਬੇਈਮਾਨੀ ਵਾਲੀ ਨੌਕਰੀ ਕਿਉਂ ਕਰ ਲਈ।" ਫੇਰ ਜਦੋਂ ਮੈਂ ਪੰਜਾਬ ਰੈਡ ਕਰਾਸ ਦੇ ਫੰਡਾਂ ਦੀ ਦੁਰਵਰਤੋਂ ਬੰਦ ਕਰਨ ਲਈ ਕੁਝ ਕਦਮ ਚੁੱਕੇ ਤਾਂ ਉਸ ਦਫਤਰ ਦਾ ਸਾਰਾ ਅਮਲਾ ਮੇਰੀ ਕਾਰਜ ਸ਼ੈਲੀ ਵਿਰੁਧ ਕਾਲੇ ਬਿੱਲੇ ਲਾ ਕੇ ਧਰਨੇ ਉਤੇ ਬਹਿ ਗਿਆ ਤੇ ਮੈਨੂੰ ਉਹ ਨੌਕਰੀ ਛੱਡਣੀ ਪੈ ਗਈ। ਮੈਂ ਇਹ ਵੀ ਦੱਸ ਦਿਆਂ ਕਿ ਪੰਜਾਬ ਰਾਜਪਾਲ, ਐਸ ਐਸ ਰੇਅ ਮੈਨੂੰ ਪੱਤਰਕਾਰ ਵੱਜੋਂ ਜਾਣਦਾ ਹੋਣ ਕਾਰਨ ਮੈਂ ਰੈਡ ਕਰਾਸ ਦੀ ਸਕੱਤਰੀ ਲਈ ਕਿਸੇ ਹੋਰ ਦੀ ਸਿਫਾਰਸ਼ ਕਰਨ ਗਿਆ ਸਾਂ ਕਿ ਮੇਰੇ ਮੂੰਹੋਂ ਸਕੱਤਰ ਰੈਡ ਕਰਾਸ ਦੀ ਖਾਲੀ ਆਸਾਮੀ ਦਾ ਜ਼ਿਕਰ ਸੁਣਦੇ ਹੀ ਉਸ ਨੇ ਮੇਰੇ ਲਈ ਆਨੈਸਟ, ਅਪਰਾਈਟ ਸਟੈਡਫਾਸਟ ਤੇ ਗੁੱਡ ਮੈਨ (ਈਮਾਨਦਾਰ, ਸਿੱਧਾ, ਦ੍ਰਿੜ ਤੇ ਵਧੀਆ) ਸ਼ਬਦਾਂ ਦੀ ਵਰਤੋਂ ਕਰਦਿਆਂ ਮੈਨੂੰ ਹੀ ਸਕੱਤਰ ਲਾਏ ਜਾਣ ਦੇ ਆਦੇਸ਼ ਦੇ ਦਿੱਤੇ ਸਨ। ਉਸ ਨੂੰ ਆਉਣ ਵਾਲਾ ਸਕੱਤਰ ਇਨ੍ਹਾਂ ਗੁਣਾਂ ਵਾਲਾ ਕਿਉਂ ਚਾਹੀਦਾ ਸੀ, ਮੈਨੂੰ ਬਾਅਦ ਵਿਚ ਪਤਾ ਲੱਗਿਆ। ਮੈਂ ਰੈਡ ਕਰਾਸ ਦੇ ਫੰਡਾਂ ਦੀ ਦੁਰਵਰਤੋਂ ਦੀਆਂ ਗੱਲਾਂ ਉਦੋਂ ਤੋਂ ਹੀ ਸੁਣਦਾ ਆ ਰਿਹਾ ਹਾਂ। ਤੇ ਇਹ ਵੀ ਕਿ ਅਜਿਹੀ ਦੁਰਵਰਤੋਂ ਕਾਰਨ ਕਿਸੇ ਨੂੰ ਕਦੀ ਕੋਈ ਸਜ਼ਾ ਨਹੀਂ ਹੋਈ।

**ਜੱਗ ਚਲੋ ਚਲੀ ਦਾ ਮੇਲਾ:** ਮੈਂ ਉਮਰ ਦੇ ਉਸ ਪੜਾਅ ਉਤੇ ਹਾਂ ਜਿਥੋਂ ਲੋਕੀ ਤੁਰ ਜਾਂਦੇ ਹਨ। ਮੇਰੀ ਉਪਜਾਊ ਜ਼ਿੰਦਗੀ ਦਾ ਬਹੁਤਾ ਹਿੱਸਾ ਦਿੱਲੀ ਵਿਚ ਬੀਤਣ ਕਾਰਨ ਮੇਰੇ ਸਭ ਤੋਂ ਵੱਧ ਸਾਥੀ ਉਥੇ ਹੀ ਬਣੇ। ਸਾਹਿਤਕਾਰ ਤੇ ਪੱਤਰਕਾਰੀ ਦੇ ਮਹਾਰਥੀ। ਤਾਰਾ ਸਿੰਘ, ਈਸ਼ਵਰ ਚਿੱਤਰਕਾਰ, ਹਰਿਭਜਨ ਸਿੰਘ, ਅੰਮ੍ਰਿਤਾ ਪ੍ਰੀਤਮ, ਬਲਵੰਤ ਗਾਰਗੀ, ਕਰਤਾਰ ਸਿੰਘ ਦੁੱਗਲ, ਭਾਪਾ ਪ੍ਰੀਤਮ ਸਿੰਘ, ਖੁਸ਼ਵੰਤ ਸਿੰਘ ਤੇ ਮਹਿੰਦਰ ਸਿੰਘ ਰੰਧਾਵਾ ਸਮੇਤ। ਮੇਰੇ ਨੌਕਰੀ ਕਾਲ ਦੇ ਰਾਜ ਗਿੱਲ, ਲਾਲ ਕਰਮਚੰਦਾਨੀ, ਡੀ ਮੁਥੂਸਵਾਮੀ, ਦੇਸ ਰਾਜ ਗੋਇਲ, ਟੀ ਆਰ ਰਾਓ, ਰੋਸ਼ਨ ਲਾਲ ਖਿੱਪਲ ਤੇ ਕੁਲਵੰਤ ਸਿੰਘ ਵਿਰਕ ਵੀ। ਇੱਕ ਇੱਕ ਕਰਕੇ ਸਭ ਤੁਰ ਗਏ ਹਨ। ਇਸ ਵਰ੍ਹੇ ਅਲਵਿਦਾ ਕਹਿਣ ਵਾਲਿਆਂ ਵਿਚ ਸੈਕੂਲਰ ਡੈਮੋਕਰੇਸੀ ਵਾਲਾ ਦੇਸ ਰਾਜ ਗੋਇਲ ਤੇ ਰੋਸ਼ਨ ਲਾਲ ਖਿੱਪਲ ਤੋਂ ਬਿਨਾ ਬਹੁ ਰੰਗੀ ਸ਼ਖਸੀਅਤ ਖੁਸ਼ਵੰਤ ਸਿੰਘ ਵੀ ਹੈ। ਰੋਸ਼ਨ ਲਾਲ ਖਿੱਪਲ ਦੀ ਖਬਰ ਹੁਣੇ ਹੁਣੇ ਸ਼ਿਕਾਗੋ ਤੋਂ ਉਘੀ ਸਮਾਜ ਸੇਵਿਕਾ ਤੇ ਰੋਸ਼ਨ ਦੀ ਪਤਨੀ ਕਾਂਤਾ ਖਿੱਪਲ ਨੇ ਦਿੱਤੀ ਹੈ। ਐਨ ਉਸ ਵਲੇ ਜਦੋਂ ਮੈਂ ਖੁਸ਼ਵੰਤ ਸਿੰਘ ਦੇ ਅਸਲੀ ਜਨਮ ਦਿਨ ਬਾਰੇ ਸੋਚ ਰਿਹਾ ਸਾਂ, ਜਿਹੜਾ ਉਸ ਦੇ ਲਿਖਣ ਅਨੁਸਾਰ 15 ਅਗਸਤ 1915 ਸੀ। ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਉਸ ਦੀ ਜੀਵਨ ਸਾਥਣ ਗੁਰਸ਼ਰਨ ਕੌਰ ਵੀ ਏਸ ਦਿਨ ਖੁਸ਼ਵੰਤ ਦੇ ਘਰ ਜ਼ਰੂਰ ਜਾਂਦੇ ਰਹੇ ਹਨ।

ਰੋਸ਼ਨ ਖਿੱਪਲ ਵੀ ਸਾਡੇ ਰਚਨਾ ਭਾਈਚਾਰੇ ਵਿਚੋਂ ਸੀ। ਬਠਿੰਡਾ ਦਾ ਜੰਮਪਲ ਤੇ ਗਾਰਗੀ ਦਾ ਅਜ਼ੀਜ਼। ਮੇਰੀ ਪਤਨੀ ਸੁਰਜੀਤ ਕੌਰ ਦੀ ਰਹਿ ਚੁੱਕੀ ਕੁਲੀਗ ਕਾਂਤਾ ਖਿੱਪਲ ਦੇ ਘਰ ਵਾਲਾ ਸੇਵਾ ਮੁਕਤੀ ਤੋਂ ਪਿੱਛੋਂ ਸ਼ਿਕਾਗੋ ਜਾ ਵਸਿਆ ਸੀ। ਦਿੱਲੀ ਹੁੰਦਿਆਂ ਉਹ ਦੋਵੇਂ ਮਾਲਵੀਆ ਨਗਰ ਰਹਿੰਦੇ ਸਨ। ਸਾਡੇ ਵਾਲੇ ਪਾਸੇ। ਅਸੀਂ ਰੋਸ਼ਨ ਤੇ ਕਾਂਤਾ ਦੀ ਜੋੜੀ ਨੂੰ ਬਹੁਤ ਹੀ ਮਿਲਣਸਾਰ ਤੇ ਪੁਰ ਖਲੂਸ ਕਹਿੰਦੇ ਸਾਂ। ਇਹ ਵੀ ਕਿ ਜਦੋਂ ਕਦੀ ਵੀ ਅਸੀਂ ਅਮਰੀਕਾ ਗਏ ਉਨ੍ਹਾਂ ਨੂੰ ਮਿਲੇ ਬਿਨਾਂ ਨਹੀਂ ਆਏ। ਇਕੱਠੇ ਗਏ ਤਾਂ ਵੀ ਤੇ ਇਕੱਲੇ ਇਕੱਲੇ ਗਏ ਤਾਂ ਵੀ।

**ਅੰਤਿਕਾ:** (ਸੁਖਚਰਨ ਸਿੰਘ ਸਿੱਧੂ)
ਕੁਦਰਤ 'ਚ ਕਾਦਰ ਦਿਸਦੈ
ਇਹ ਪਰਖ ਦੇਖ ਤੂੰ,
ਹੈ ਸਭ ਕੁਝ ਹੀ ਕੁਦਰਤ
ਆਪਾ ਨਿਸਾਰ ਕਰ,
ਜੋ ਦਿਸਦਾ ਹੈ ਸਾਹਵੇਂ
ਇਹ ਵੀ ਹੈ ਰੂਪ ਉਸ ਦਾ,
ਜਿਸ ਨੂੰ ਅਦਿਖ ਸਮਝੇਂ
ਉਸ ਦੀ ਪੁਕਾਰ ਕਰ।

# ਸੁਣ ਹੇ ਝਨਾਂ ਦੇ ਪਾਣੀ, ਤੂੰ ਡੁੱਬ ਗਏ ਨਾ ਜਾਣੀਂ

## ਮਹਿਬੂਬ ਸ਼ਾਇਰ ਸੁਰਜੀਤ ਪਾਤਰ ਦੀ ਸ਼ਾਇਰੀ ਦਾ ਜਾਦੂ

***ਸ਼ਾਇਰ ਸੁਰਜੀਤ ਪਾਤਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਨਿਵੇਕਲਾ ਸਥਾਨ ਹੈ। ਦਹਾਕਿਆਂ ਤੋਂ ਉਹ ਆਪਣੇ ਇਸ ਕਰਮ ਖੇਤਰ ਵਿਚ ਆਪਣੀਆਂ ਰਚਨਾਵਾਂ ਦਾ ਛੱਟਾ ਲਗਾਤਾਰ ਦੇ ਰਿਹਾ ਹੈ। ਉਹਦੀ ਸ਼ਾਇਰੀ ਧਿਆਨ ਖਿੱਚਦੀ ਹੈ, ਇਹ ਤੁਹਾਡੀ ਸੋਚ ਦੀ ਫਿਰਕੀ ਘੁਮਾਉਂਦੀ ਹੈ। ਉਹਦੀ ਕਵਿਤਾ ਵਿਚ ਸੰਗੀਤ ਦਾ ਝਰਨਾ ਸਾਵਣ ਦੀ ਝੜੀ ਵਾਂਗ ਫੁਹਾਰਾਂ ਛੱਡਦਾ ਪ੍ਰਤੀਤ ਹੁੰਦਾ ਹੈ। ਇਸੇ ਕਰ ਕੇ ਜਦੋਂ ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿਚ ਉਹਦੀ ਸ਼ਾਇਰੀ ਅਤੇ ਗਾਇਨ ਦਾ ਪ੍ਰੋਗਰਾਮ ਚੱਲਿਆ ਤਾਂ ਇਸ ਝਰਨੇ ਦੀ ਸਾਂ-ਸਾਂ ਸਰੋਤਿਆਂ ਦੇ ਕੰਨਾਂ ਵਿਚ ਸੰਗੀਤ ਬਣ-ਬਣ ਉਤਰਦੀ ਰਹੀ। 'ਪੰਜਾਬ ਟਾਈਮਜ਼' ਨਾਲ ਚਿਰਾਂ ਤੋਂ ਜੁੜੇ ਸਾਡੇ ਆਪਣੇ ਗੁਰਦਿਆਲ ਸਿੰਘ ਬੱਲ ਨੇ ਸੁਰਜੀਤ ਪਾਤਰ ਦੀ ਸ਼ਾਇਰੀ ਦੇ ਇਸ ਜਾਦੂ ਬਾਰੇ ਉਚੇਚੀ ਰਿਪੋਰਟ ਸਾਨੂੰ ਲਿਖ ਭੇਜੀ ਹੈ। ਬੱਲ ਦਾ ਇਸ ਪ੍ਰੋਗਰਾਮ ਬਾਰੇ ਇਹ ਬਿਆਨ ਪ੍ਰੋਗਰਾਮ ਜਿੰਨਾ ਹੀ ਵੇਗਮੱਤਾ ਅਤੇ ਦਿਲਚਸਪ ਹੈ। -ਸੰਪਾਦਕ***

ਮਨੁੱਖੀ ਜੀਵਨ ਦਾ ਵਰਤਾਰਾ ਬੜਾ ਔਖਾ ਤੇ ਜੋਖਮ ਭਰਿਆ ਸਿਲਸਿਲਾ ਹੈ। ਇਸ ਜੋਖਮ ਨੂੰ ਸਹਿਣਯੋਗ ਬਣਾਉਣ ਲਈ ਆਦਮੀ ਦਾਰਸ਼ਨਿਕ ਪ੍ਰਬੰਧ ਖੜ੍ਹੇ ਕਰਦਾ ਹੈ, ਸੁਪਨਿਆਂ ਦਾ ਆਸਰਾ ਲੈਂਦਾ ਹੈ, ਮੈਜਿਕ ਈਜਾਦ ਕਰਦਾ ਹੈ, ਤਾਜ ਮਹੱਲ ਬਣਾਉਂਦਾ ਹੈ, ਸੰਗੀਤ ਦੀ ਸਿਰਜਣਾ ਕਰਦਾ ਹੈ ਅਤੇ ਕਦੀ ਵਿਸ਼ਵ ਕੱਪ ਫੁੱਟਬਾਲ ਵਰਗੇ ਨਜ਼ਾਰੇ ਬੰਨ੍ਹਦਾ ਹੈ। ਇਹ ਸਭ ਅਡੰਬਰ ਇਨਸਾਨ ਦੀ ਜ਼ਿੰਦਗੀ ਨੂੰ ਅਰਥ ਦੇਣ, ਸਹਿਣਯੋਗ ਬਣਾਉਣ ਦੀ ਸਦੀਵੀ ਸਿੱਕ ਦੇ ਪਰਤੌ ਮਾਤਰ ਹੀ ਤਾਂ ਹਨ। ਹਾਲ ਹੀ ਵਿਚ ਵਿਸ਼ਵ ਕੱਪ ਦੇ ਜਲਵਿਆਂ ਨੇ ਲੋਕਾਂ ਨੂੰ ਅਨੰਦਿਤ ਕਰੀ

ਗੁਰਦਿਆਲ ਸਿੰਘ ਬੱਲ

ਰੱਖਿਆ। ਲੋੜ ਮਹਿਸੂਸ ਹੋ ਰਹੀ ਸੀ ਕਿ ਸਰੀਰਕ ਫੁੱਟਬਾਲ ਅਤੇ ਖੇਡ ਕਲਾ ਨਾਲ ਤ੍ਰਿਪਤੀ ਬਥੇਰੀ ਹੋ ਗਈ, ਹੁਣ ਕੋਈ ਨਵਾਂ ਮਾਧਿਅਮ ਸਾਹਮਣੇ ਆਵੇ।...ਤੇ ਮਨ ਦੀ ਇਹ ਖਾਹਿਸ਼ ਪੂਰੀ ਹੋਈ ਜਦੋਂ ਬਰੈਂਪਟਨ (ਕੈਨੇਡਾ) ਵਿਚ ਪੰਜਾਬੀ ਜ਼ੁਬਾਨ ਦੇ ਸਾਡੇ ਸਮਿਆਂ ਦੇ ਪਿਆਰੇ ਸ਼ਾਇਰ ਸੁਰਜੀਤ ਪਾਤਰ ਦੀ ਹਾਜ਼ਰੀ ਵਿਚ ਦੇਵ ਦਿਲਦਾਰ ਨੇ ਕਦੀ ਇਕ, ਤੇ ਕਦੀ ਦੂਜੇ ਰਾਗ ਵਿਚ ਉਨ੍ਹਾਂ ਦੀਆਂ ਗਜ਼ਲਾਂ ਤੇ ਗੀਤਾਂ ਨੂੰ ਸੁਹਜਮਈ ਅੰਦਾਜ਼ ਵਿਚ ਗਾ ਕੇ ਧੰਨ-ਧੰਨ ਕਰਵਾ ਦਿਤੀ। ਪ੍ਰੋਗਰਾਮ ਦਾ ਸੂਤਰਧਾਰ ਰੇਡੀਓ ਸ਼ਰਾ ਦੀ ਚਾਰਦੀਵਾਰੀ ਦੇ ਅੰਦਰ,

ਗਜ਼ਲ ਤਾਂ ਇਸ਼ਕ ਦੇ ਤੜਪਣ ਦਾ ਨਾਂ ਹੈ।
ਗਜ਼ਲ ਸੀਮਤ ਸੁਰਾਂ ਦੇ ਸਾਜ਼ ਵਿਚੋਂ,
ਅਸੰਖਾਂ ਹੀ ਧੁਨਾਂ ਦੇ ਸਿਰਜਣ ਦਾ ਨਾਂ ਹੈ।

ਪਾਤਰ ਤਾਂ ਧਨ ਹੈ ਹੀ, ਡਾ. ਬਲਵਿੰਦਰ ਦੀ ਅਦਾਇਗੀ ਵੀ ਕਮਾਲ ਸੀ। ਇਸ ਤੋਂ ਵੱਧ ਢੁਕਵੀਂ ਗਜ਼ਲ ਕਾਵਿ ਰੂਪ ਦੀ ਸਾਰਥਿਕਤਾ/ਪ੍ਰਸੰਗਿਕਤਾ ਦੀ ਪਰਿਭਾਸ਼ਾ ਭਲਾ ਹੋਰ ਕੋਈ ਕੀ ਕਰੇਗਾ!

ਫਿਰ ਡਾ. ਬਲਵਿੰਦਰ ਨੇ ਦੇਵ ਦਿਲਦਾਰ ਨੂੰ ਬੁਲਾਇਆ ਅਤੇ ਉਸ ਨੇ ਸ਼ੁਰੂਆਤ ਮੱਥੇ ਉਤੇ ਮੌਤ ਦਸਤਖਤ ਕਰ ਗਈ ਹੈ

ਚਿਹਰੇ ਉਤੇ ਯਾਰ ਪੈੜਾਂ ਛੱਡ ਗਏ ਨੇ...

ਬੋਲਾਂ ਵਾਲੀ ਆਪਣੀ ਬੇਹੱਦ ਚਰਚਿਤ ਅਤੇ ਬਹੁ-ਪਰਤੀ ਅਰਥਾਂ ਵਾਲੀ ਕਵਿਤਾ ਲਿਖੀ ਸੀ।

ਦੇਵ ਦਿਲਦਾਰ ਤੋਂ ਬਾਅਦ ਉਪਕਾਰ ਨੇ:

ਕੁਛ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ
ਚੁੱਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ...

ਵਾਲੀ ਪਾਤਰ ਦੀ ਪਛਾਣ ਨੂੰ ਸਭ ਤੋਂ ਵੱਧ ਪਰਿਭਾਸ਼ਤ ਕਰਨ ਵਾਲੀ ਗਜ਼ਲ ਦਾ ਪਾਠ ਕੀਤਾ। ਇਹ ਗਜ਼ਲ ਖੁਦ ਪਾਤਰ ਦੇ ਮੂੰਹੋਂ ਸੁਣੀ ਹੋਈ ਹੈ। ਹੰਸ ਰਾਜ ਹੰਸ ਨੇ ਇਸਨੂੰ ਬਹੁਤ ਸੋਹਣਾ ਗਾਇਆ ਹੈ, ਪਰ ਉਪਕਾਰ ਦੀ ਅਵਾਜ਼ ਅਤੇ ਸੰਜਮ ਦਾ ਆਪਣਾ ਅਨੂਠਾ/ਅਲੋਕਾਰ ਰੰਗ ਸੀ। ਉਪਕਾਰ ਨੂੰ ਮੈਂ ਕਦੀ ਮਿਲਿਆ ਨਹੀਂ, ਉਸ ਨੂੰ ਵੇਖਿਆ ਵੀ ਪਹਿਲੀ ਹੀ ਵਾਰ ਸੀ, ਤੇ ਲਗਦਾ ਇੰਜ ਸੀ ਕਿ ਕਾਇਨਾਤ ਦੀ ਸਾਰੀ ਆਖੋ ਇਨ੍ਹਾਂ ਨੂੰ ਉਜੜੇ ਘਰੀਂ ਜਾਣ ਹੁਣ

ਇਹ ਕਦੋਂ ਤੀਕ ਇਥੇ ਖੜ੍ਹੇ ਰਹਿਣਗੇ...

ਬੋਲ ਰਿਹਾ ਸੀ; ਅਰਥਾਂ ਅਤੇ ਭਾਵਾਂ ਦੇ ਸੰਚਾਰ ਨੇ ਸਰੋਤਿਆਂ ਨੂੰ ਸੁੰਨ ਕਰ ਕੇ ਰੱਖ ਦਿਤਾ ਸੀ। ਉਪਕਾਰ ਦੇ ਗਾਇਨ ਤੋਂ ਬਾਅਦ ਡਾ. ਬਲਵਿੰਦਰ ਨੇ ਪਾਤਰ ਦੇ ਜੀਵਨ ਬਾਰੇ ਅਹਿਮ ਵੇਰਵੇ ਸਰੋਤਿਆਂ ਨਾਲ ਸਾਂਝੇ ਕੀਤੇ ਅਤੇ ਫਿਰ ਪਾਤਰ ਨੂੰ ਖੁਦ ਆਪਣੀ ਅਵਾਜ਼ ਵਿਚ ਕੁਝ ਗਜ਼ਲਾਂ ਸੁਣਾਉਣ ਦੀ ਗੁਜਾਰਿਸ਼ ਕੀਤੀ।

ਸੁਰਜੀਤ ਪਾਤਰ ਨੇ ਪ੍ਰਸ਼ੰਸਕਾਂ ਦੀ ਮੰਗ ਉਤੇ ਸੁਣ ਹੇ ਝਨਾਂ ਦੇ ਪਾਣੀ, ਤੂੰ ਡੁੱਬ ਗਏ ਨਾ ਜਾਣੀਂ।

ਤੇਰੇ ਪਾਣੀਆਂ ਸੁਬਕ ਜਿਹੀ ਲਿਰਕ ਸੁਣਾਈ ਗਈ।

ਦੁਬਾਰਾ ਖੁਦ ਸੁਰਜੀਤ ਪਾਤਰ ਦੀ ਵਾਰੀ ਆ ਗਈ। ਸਭ ਤੋਂ ਪਹਿਲਾਂ ਬਰੈਂਪਟਨ ਵਾਸੀ ਪ੍ਰਤੀਕ ਸਿੰਘ ਦੀ ਜ਼ੋਰਦਾਰ ਸਿਫਾਰਸ਼ 'ਤੇ ਬਾਈ ਜੀ ਨੇ 'ਖਤਾਂ ਦੀ ਉਡੀਕ' ਵਾਲੀ ਨਜ਼ਮ ਸੁਣਾਈ। ਫਿਰ ਉਹਨੇ ਖੁਦ ਆਪਣੀ ਪਸੰਦ ਅਨੁਸਾਰ 'ਅਕੂੰ ਦੇ ਨਰਸਰੀ ਗੀਤ' ਵਾਲੀ ਚਰਚਿਤ ਨਜ਼ਮ ਦਾ ਪਾਠ ਕੀਤਾ ਅਤੇ ਇਸ ਦੀ ਸਿਰਜਣਾ ਦੇ ਅਮਲ ਦੀ ਪਿਛੋਕੜ ਸਰੋਤਿਆਂ ਨਾਲ ਸਾਂਝੀ ਕੀਤੀ। ਇਨਸਾਨੀ ਜੀਵਨ ਵਿਚ ਕਵਿਤਾ ਦੀ ਅਹਿਮੀਅਤ ਦੀ ਚਰਚਾ ਕਰਦਿਆਂ ਉਨ੍ਹਾਂ ਨੇ ਕੁੱਝ ਵਰ੍ਹੇ ਪਹਿਲਾਂ ਕੋਲੰਬੀਆ ਵਿਚ ਹਰ ਸਾਲ ਹੁੰਦੇ ਕੌਮਾਂਤਰੀ ਕਵਿਤਾ ਉਤਸਵ ਦੀ ਯਾਤਰਾ ਦੌਰਾਨ ਹੋਏ ਆਪਣੇ ਅਨੁਭਵ ਵਿਸਥਾਰ ਵਿਚ ਸਾਂਝੇ ਕੀਤੇ। ਉਨ੍ਹਾਂ ਕਿਹਾ, ਕੋਲੰਬੀਆ ਵਿਚ ਪਗੜੀ ਵਾਲਾ ਬੰਦਾ ਕੋਈ ਦੀਂਹਦਾ ਨਹੀਂ ਹੈ। ਮੇਰੀ ਪਗੜੀ ਵੇਖ ਕੇ ਇਕ ਨੰਨ੍ਹਾ ਜਿਹਾ ਬੱਚਾ ਉਸ ਕੋਲ ਆਉਂਦਾ ਹੈ, ਤੇ ਪੁੱਛਦਾ ਹੈ ਕਿ ਉਹ ਕੋਈ ਜਾਦੂਗਰ ਹੈ।... ਤੇ ਫਿਰ ਬੱਚੇ ਦੇ ਅਸਚਰਜ ਦੇ ਪ੍ਰਤੀਕਰਮ ਵਜੋਂ ਬਾਬਿਆਂ ਨੇ ਜੋ ਕਵਿਤਾ ਦੇ ਰੂਪ ਜਵਾਬ ਬਣਾਇਆ, ਉਹ ਸਰੋਤਿਆਂ ਨਾਲ ਸਾਂਝਾ ਕੀਤਾ। ਬਹੁਤ ਹੀ ਪਿਆਰੀ ਕਵਿਤਾ ਸੀ ਉਹ, ਤੇ ਲੋਕਾਂ ਨੂੰ ਬਹੁਤ ਪਸੰਦ ਆਈ; ਬਾਈ ਬਲਜਿੰਦਰ ਲੇਲਣਾ ਜੋ ਸਮਾਗਮ ਦੇ ਪ੍ਰਬੰਧਕਾਂ ਵਿਚੋਂ ਸਨ, ਨੇ ਗੱਲਬਾਤ ਹੋਣ 'ਤੇ ਪਹਿਲੀ ਗੱਲ ਹੀ ਇਹ ਆਖੀ ਕਿ ਉਨ੍ਹਾਂ ਨੂੰ ਸਾਹਿਤ ਦੇ ਕਵਿਤਾ ਰੂਪ ਦਾ ਜ਼ਿਆਦਾ ਭੇਤ ਨਹੀਂ ਸੀ, ਪਰ ਪਾਤਰ ਦੀ ਕਵਿਤਾ ਕਮਾਲ ਦੀ ਸੀ। ਸਮਾਗਮ ਵਿਚ ਮੇਰੇ ਨਾਲ ਗਏ ਸਾਥੀ ਹਰਜੀਤ ਗਿੱਲ ਜਗਦੇਵ ਕਲਾਂ ਦੀ ਵੀ ਇਹੋ ਰਾਏ ਸੀ।



ਸ਼ਬਦਾਂ ਨਾਲ ਸੁਰ ਹੋਇਆ ਸ਼ਾਇਰ ਸੁਰਜੀਤ ਪਾਤਰ



ਸ਼ਬਦਾਂ ਤੇ ਸੁਰਾਂ ਨਾਲ ਸਾਂਝ ਪੁਆ ਰਿਹਾ ਦੇਵ ਦਿਲਦਾਰ

ਕੋਲੰਬੀਆ ਯਾਤਰਾ ਦੇ ਜ਼ਿਕਰ ਤੋਂ ਤੁਰੰਤ ਬਾਅਦ ਸੁਰਜੀਤ ਪਾਤਰ ਨੇ ਪਟਿਆਲਾ ਯੂਨੀਵਰਸਿਟੀ ਵਿਚ ਸਾਲ 1966 ਤੋਂ 68 ਤਕ ਆਪਣੀ ਐਮ.ਏ. ਦੀ ਪੜ੍ਹਾਈ ਦੇ ਦਿਨਾਂ ਬਾਰੇ ਯਾਦਾਂ ਸਾਂਝੀਆਂ ਕੀਤੀਆਂ ਅਤੇ ਦੱਸਿਆ ਕਿ ਉਥੋਂ ਦੇ ਦੰਤ-ਕਥਾਈ ਭੂਤਵਾੜੇ ਨਾਲ ਸਬੰਧਤ ਹਸਤੀਆਂ, ਖਾਸ ਕਰ ਕੇ ਹਰਦਿਲਜੀਤ ਸਿੰਘ (ਲਾਲੀ ਬਾਬਾ) ਵਰਗੇ ਮਹਾਂ ਭੂਤ ਕਿਸਮ ਦੇ ਲੋਕਾਂ ਦੀ ਉਨ੍ਹਾਂ ਦੀ ਸਿਰਜਣਾ ਦ੍ਰਿਸ਼ਟੀ ਵਿਚ ਕੈਸੀ ਅਹਿਮੀਅਤ ਸੀ।

ਹਾਲ ਵਿਚ ਸਮਾਗਮ ਲਈ ਸਮਾਂ ਮੁਕੱਰਰ ਸੀ। ਦੋ-ਢਾਈ ਘੰਟਿਆਂ ਤਕ ਸਰੋਤੇ ਬਿਲਕੁਲ ਹੀ ਥੱਕੇ-ਅੱਕੇ ਨਹੀਂ ਸੀ। ਲੋਕ ਸਾਰੀ ਰਾਤ ਬੈਠ ਕੇ ਪਾਤਰ ਕਲਾਮ ਨੂੰ ਸੁਣਨ ਲਈ ਤਿਆਰ ਸਨ ਪਰ ਹਾਲ ਖਾਲੀ ਕਰਨ ਦਾ ਸਮਾਂ ਨਿਸਚਿਤ ਸੀ। ਪ੍ਰੋਗਰਾਮ ਦੇ ਦੂਜੇ ਅਤੇ ਅੰਤਿਮ ਦੌਰ ਵਿਚ ਉਪਕਾਰ ਨੇ 'ਜ਼ਰਾ ਬਚ ਕੇ ਮੋੜ ਤੋਂ" ਬੋਲਾਂ ਵਾਲਾ ਗੀਤ ਵੱਖਰੀ ਤਰ੍ਹਾਂ ਨਾਲ ਗਾ ਕੇ ਸੁਣਾਇਆ, ਤਾਂ ਮਨ ਵਿਚ ਕਿਧਰੇ ਆਸਾ ਸਿੰਘ ਮਸਤਾਨਾ ਦੇ ਅੰਦਾਜ਼ੇ-ਬਿਆਂ ਦੀਆਂ ਸੋਆਂ ਚੇਤਿਆਂ ਵਿਚ ਉਭਰ ਗਈਆਂ।

ਉਪਕਾਰ ਸਿੰਘ ਤੋਂ ਬਾਅਦ ਮਹਿਬੂਬ ਗਾਇਕ ਦੇਵ ਦਿਲਦਾਰ ਨੇ 'ਜਗਾ ਦੇ ਮੋਮਬੱਤੀਆਂ, ਉਠ ਜਗਾ ਦੇ ਮੋਮਬੱਤੀਆਂ' ਗਾਇਆ। ਦੇਵ ਦਾ ਅੰਦਾਜ਼ ਐਸਾ ਕਮਲੇ ਕਰ ਦੇਣ ਵਾਲਾ ਸੀ ਕਿ ਹਾਲ ਵਿਚ ਸ਼ਬਦ ਕੋਈ ਇਲਾਹੀ ਨ੍ਰਿਤ ਕਰਦੇ ਮਲੂਮ ਹੋ ਰਹੇ ਸਨ। ਜ਼ਰਾ ਅੱਗੇ ਵੇਖੋ:

ਇਹ ਤਾਂ ਇਥੇ ਵਗਦੀਆਂ ਈ ਰਹਿਣੀਆਂ ਪੌਣਾਂ ਕੁਪੱਤੀਆਂ
ਤੂੰ ਜਗਾ ਦੇ ਮੋਮਬੱਤੀਆਂ
...
ਨ੍ਹੇਰ ਨਾ ਸਮਝੇ ਕਿ ਚਾਨਣ ਡਰ ਗਿਆ ਹੈ
ਰਾਤ ਨਾ ਸੋਚੇ ਕਿ ਸੂਰਜ ਮਰ ਗਿਆ ਹੈ
ਬਾਲ ਜੋਤਾਂ ਆਸ ਭਰੀਆਂ ਮਾਣਮੱਤੀਆਂ
ਤੂੰ ਜਗਾ ਦੇ ਮੋਮਬੱਤੀਆਂ
...
ਪੌਣ ਵਿਚ ਵਧ ਰਹੀ ਵਿਸ਼ ਤੋਂ ਨਾ ਡਰਦੇ
ਬਿਰਖ ਬੂਟੇ ਰੋਜ਼ ਆਪਣਾ ਕਰਮ ਕਰਦੇ
ਜ਼ਹਿਰ ਨੂੰ ਅੰਮ੍ਰਿਤ 'ਚ ਬਦਲੀ ਜਾਣ ਪੱਤੀਆਂ
ਉਠ ਜਗਾ ਦੇ ਮੋਮਬੱਤੀਆਂ
ਤੂੰ ਜਗਾ ਦੇ ਮੋਮਬੱਤੀਆਂ
ਉਠ ਜਗਾ ਦੇ ਮੋਮਬੱਤੀਆਂ...

... ਪਾਤਰ ਬਾਈ ਜੀ ਦੇ ਦੇਵ ਦਿਲਦਾਰ ਵਲੋਂ ਊਰਜਿਤ ਕੀਤੇ ਬੋਲ ਆਉਣ ਵਾਲੇ ਲੰਮੇ ਸਮੇਂ ਤਕ ਬਰੈਂਪਟਨ ਦੇ ਸਰੋਤਿਆਂ ਦੇ ਚੇਤਿਆਂ ਵਿਚ ਨ੍ਰਿਤ ਕਰਦੇ ਰਹਿਣਗੇ।



ਬਰੈਂਪਟਨ ਦੇ ਰੋਜ਼ ਥਿਏਟਰ ਵਿਚ ਸਰੋਤਿਆਂ ਦੀਆਂ ਡਾਰਾਂ

## ਕਾਵਿ-ਜਗਤ

### ਜਦ ਅਸੀਂ ਸਕੂਲੇ ਜਾਂਦੇ ਸੀ

ਜਦ ਅਸੀਂ ਸਕੂਲੇ ਜਾਂਦੇ ਸੀ,
ਤਾਂ ਝੋਲਾ ਮੋਢੇ ਪਾਉਂਦੇ ਸੀ।
ਡੂਡਣੇ ਕੋਲੋਂ ਫੱਟੀ ਫੜ ਕੇ,
ਹੱਥ ਵਿਚ ਲਮਕਾਉਂਦੇ ਸੀ।
ਨਾਲ ਥੁੱਕ ਦੇ ਲਾ ਕੇ ਪੋਚਾ,
ਸਲੇਟ ਤਾਈਂ ਚਮਕਾਉਂਦੇ ਸੀ।
ਤਣੀਆਂ ਵਾਲੇ ਝੋਲੇ ਦੇ ਵਿਚ,
ਕਿਤਾਬਾਂ ਨਾਲ ਧਸਾਉਂਦੇ ਸੀ।
ਛੱਪੜ ਕੰਢੇ ਬੈਠ ਲਾਈਨ ਵਿਚ,
ਮਲ਼ ਮਲ਼ ਫੱਟੀਆਂ ਧੋਂਦੇ ਸੀ।
ਨਾਲ ਗਾਚਣੀ ਪੋਚ ਪਾਚ ਕੇ,
ਧੁੱਪੇ ਫੇਰ ਸੁਕਾਉਂਦੇ ਸੀ।
'ਸੂਰਜਾ ਸੂਰਜਾ ਫੱਟੀ ਸੁਕਾ'
ਨਾਲ ਹੁਲਾਰੇ ਗਾਉਂਦੇ ਸੀ।
ਇੱਕ ਦੁਜੇ ਤੋਂ ਲੈ ਕੇ ਫੱਟੀ,
ਫੱਟੀ ਉਪਰ ਟਿਕਾਉਂਦੇ ਸੀ।

ਸੈਲ ਦੇ ਵਿਚੋਂ ਕੱਢ ਕੇ ਟੋਟਾ,
ਲਕੀਰਾਂ ਸਿੱਧੀਆਂ ਲਾਉਂਦੇ ਸੀ।
ਪੂਰਨਿਆਂ ਦੀ ਵਾਰੀ ਖਾਤਰ,
ਕੂਹਣੀਆਂ ਤਾਈਂ ਚਲਾਉਂਦੇ ਸੀ।
ਕਾਲੀ ਸਿਆਹੀ ਵਾਲੀਆਂ ਪੁੜੀਆਂ,
ਲਾਲੇ ਤੋਂ ਲੈ ਆਉਂਦੇ ਸੀ।
ਚੋਰ ਦੁਆਤ 'ਚ ਪਾ ਕੇ ਫੰਡੇ,
ਪਾਣੀ ਵਿਚ ਰਲਾਉਂਦੇ ਸੀ।
ਰਬੜ ਦਾ ਲਾ ਕੇ ਢੱਕਣ ਉਤੇ,
ਦੁਆਤ ਨੂੰ ਖੂਬ ਹਿਲਾਉਂਦੇ ਸੀ।
ਕੱਚੀ ਪੱਕੀ ਦੀਆਂ ਕਰਕੇ ਪਰਖਾਂ,
ਗਾੜ੍ਹਾ ਘੋਲ ਬਣਾਉਂਦੇ ਸੀ।
ਚਾਕੂ ਦੇ ਨਾਲ ਘੜਨੀਆਂ ਕਲਮਾਂ,
ਮਾਸਟਰ ਜੀ ਸਿਖਾਉਂਦੇ ਸੀ।
ਬਣਾ ਕੇ ਇੱਕ ਪਾਸੇ ਦੀ ਜੀਭੀ,
ਨੋਕ 'ਤੇ ਚੀਰਾ ਲਾਉਂਦੇ ਸੀ।

ਵਿਚ ਦੁਆਤ ਦੇ ਲਾ ਕੇ ਡੋਬ੍ਹੇ,
ਪੂਰਨਿਆਂ ਤਾਈਂ ਲਿਸ਼ਕਾਉਂਦੇ ਸੀ।
ਇੱਕ ਪਾਸੇ ਪਾ ਏਕਾ ਦੂਆ,
ਪੈਂਤੀ ਦੂਜੇ ਪਾਸੇ ਪਾਉਂਦੇ ਸੀ।
ਸੁਹਣੇ ਸੁਹਣੇ ਅੱਖਰ ਪਾ ਕੇ,
ਫੱਟੀ ਖੂਬ ਸਜਾਉਂਦੇ ਸੀ।
ਮੋਤੀਆਂ ਵਾਂਗੂੰ ਚਿਣ ਦਿੰਦੇ ਸੀ,
ਵਿੰਗ ਟੇਢ ਨਾ ਪਾਉਂਦੇ ਸੀ।
ਧੁੱਪੇ ਰੱਖ ਸੁਕਾ ਕੇ ਸਿਆਹੀ,
ਪਾਸਾ ਫੇਰ ਪਲਟਾਉਂਦੇ ਸੀ।
ਦੂਜਾ ਪਾਸਾ ਪੂਰਾ ਕਰਕੇ,
ਕੋਲ ਅਧਿਆਪਕ ਆਉਂਦੇ ਸੀ।
ਨਾਲ ਸ਼ਰਾਰਤ ਕਦੇ ਕਦੇ ਫਿਰ,
ਡੋਬ੍ਹਾ ਚੋਰੀ ਲਾਉਂਦੇ ਸੀ।
ਗਾਲ਼ੋ ਗਾਲ਼ੀ ਉਪਰ ਥੱਲੇ,
ਕੱਪੜੇ ਪਾੜ ਲਿਆਉਂਦੇ ਸੀ।

ਰੋਜ ਸ਼ਿਕਾਇਤਾਂ ਲਗਦੀਆਂ ਸੀ,
ਪਰ ਅਸੀਂ ਵੀ ਢੀਠ ਕਹਾਉਂਦੇ ਸੀ।
ਕੋਡੇ ਕਰਕੇ ਲੱਤਾਂ ਵਿਚੋਂ,
ਹੱਥੀਂ ਕੰਨ ਫੜਾਉਂਦੇ ਸੀ।
ਸਕੂਲੋਂ ਘਰ ਨੂੰ ਮੁੜਦੇ ਸੀ,
ਤਾਂ ਇੱਲਤਾਂ ਕਰਦੇ ਆਉਂਦੇ ਸੀ।
ਤਕੜੀ ਮਾੜੀ ਪਰਖਣ ਦੇ ਲਈ,
ਫੱਟੀਆਂ ਤਾਈਂ ਭਿੜਾਉਂਦੇ ਸੀ।
ਫਾਕੜ ਫਾਕੜ ਹੋਈ ਫੱਟੀ,
ਅੰਦਰ ਲਿਆ ਲਕੋਂਦੇ ਸੀ।
ਕੁੱਟ ਪੈਣ ਤੋਂ ਬਚਣ ਦੀ ਖਾਤਰ,
ਲੱਖ ਬਹਾਨੇ ਲਾਉਂਦੇ ਸੀ।
ਅੱਖ ਬਚਾ ਕੇ ਚੁੱਕ ਕੇ ਟੋਟੇ,
ਝੱਗੇ ਹੇਠ ਲਕੋਂਦੇ ਸੀ।
ਗੁੱਲੀਆਂ ਵਾਲੇ ਬਾਬੇ ਕੋਲੋਂ,
ਪੱਤੀਆਂ ਨਾਲ ਜੜਾਉਂਦੇ ਸੀ।

ਦਾਈਆਂ ਦੂਕੜ੍ਹੇ, ਲੁਕਣ ਮੀਟੀ,
ਡੰਡ ਗਲੀਆਂ ਵਿਚ ਪਾਉਂਦੇ ਸੀ।
ਤਨੋਂ ਮਨੋ ਬੱਸ ਮਗਨ ਸੀ ਹੁੰਦੇ,
ਦੁਨੀਆਂ ਤਾਈਂ ਭੁਲਾਉਂਦੇ ਸੀ।
ਬੱਸ ਜਦੋਂ ਹੋ ਜਾਂਦੀ ਸੀ,
ਤਾਂ ਕੱਪੜੇ ਝਾੜ ਝੜਾਉਂਦੇ ਸੀ।
ਹੌਲੀ ਹੌਲੀ ਦੱਬੇ ਪੈਰੀਂ,
ਘਰ ਨੂੰ ਮੋੜਾ ਪਾਉਂਦੇ ਸੀ।

ਅੰਦਰ ਵੜ ਫਿਰ ਦਾਦੀ ਵਾਲੇ,
ਮੰਜੇ ਦੇ ਵੱਲ ਧਾਉਂਦੇ ਸੀ।
ਵਿਚ ਬੁੱਕਲ ਦੇ ਵੜ ਜਾਂਦੇ,
ਤੇ ਫਿਕਰਾਂ ਤਾਈਂ ਭੁਲਾਉਂਦੇ ਸੀ।
ਜੋ ਵੀ ਮਿਲਦਾ ਖਾ ਪੀ ਕੇ,
ਦਾਦੀ ਨੂੰ ਵਡਿਆਉਂਦੇ ਸੀ।
ਮਿੱਠੀਆਂ ਮਿਠੀਆਂ ਬਾਤਾਂ ਸੁਣ ਕੇ,
ਸੁਪਨੇ ਨਵੇਂ ਸਜਾਉਂਦੇ ਸੀ।
ਨਾ ਕੋਈ ਬੋਝ, ਫਿਕਰ ਨਾ ਫਾਕਾ,
ਬੱਸ ਧੱਲੇ ਦੀਆਂ ਲਾਉਂਦੇ ਸੀ।
ਮਿੱਠੀਆਂ ਮਿਠੀਆਂ ਝਿੜਕਾਂ ਖਾ ਖਾ,
ਬਚਪਨ ਖੂਬ ਹੰਢਾਉਂਦੇ ਸੀ।

-ਜਗਮੀਤ ਸਿੰਘ ਪੰਧੇਰ
jagmitsinghpandher@gmail.com







ਐਨ ਸੱਜੇ ਹੱਥ ਵਾਲੀ ਤਸਵੀਰ ਵਿਚ ਆਤਮ ਸਮਰਪਣ ਵੇਲੇ ਅਸਲੀ ਫੂਲਨ ਦੇਵੀ ਅਤੇ (ਖੱਬੇ) ਫਿਲਮ 'ਬੈਂਡਿਟ ਕੁਈਨ' ਦਾ ਉਹੀ ਦ੍ਰਿਸ਼।

# ਫੂਲਨ ਦੇਵੀ ਤੇ ਬੈਂਡਿਟ ਕੁਈਨ

*ਫੂਲਨ ਦੇਵੀ ਭਾਰਤ ਮਹਾਨ ਦੇ ਨਿੱਕੇ ਜਿਹੇ ਪਿੰਡ ਦੀ ਜਾਈ, ਉਹ ਔਰਤ ਹੋ ਨਿਬੜੀ ਜਿਸ ਨੇ ਸਮਾਜਕ ਧੌਂਸ ਅਤੇ ਜਾਤੀ ਅਭਿਮਾਨ ਨੂੰ ਕਰਾਰੇ ਹੱਥੀਂ ਜਵਾਬ ਦਿੱਤਾ। ਉਸ ਨੇ ਮਰਦਾਵੀਂ ਦਾਬੇ ਨੂੰ ਵੀ ਅੱਗੇ ਵਧ ਕੇ ਸਿੱਧੀ ਟੱਕਰ ਦਿੱਤੀ। ਆਪਣੀ ਇਸ ਲੜਾਈ ਵਿਚ ਉਹ ਡਾਕੂ ਤਕ ਬਣੀ। ਬਾਅਦ ਵਿਚ ਉਹ ਸੰਸਦ ਦੀ ਮੈਂਬਰ ਵੀ ਬਣੀ, ਪਰ 2001 ਵਿਚ ਦਿੱਲੀ ਉਸ ਦੇ ਘਰ ਵਿਚ ਹੀ ਉਸ ਨੂੰ ਕਤਲ ਕਰ ਦਿੱਤਾ ਗਿਆ। ਹੁਣ ਉਸ ਦੇ ਕਾਤਲ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਹੈ। ਉਸ ਦੇ ਇਸ ਔਖੇ ਜੀਵਨ ਸਫਰ ਬਾਰੇ ਅਤੇ ਇਸ ਜੀਵਨ ਲਈ ਕੀਤੇ ਸੰਘਰਸ਼ ਬਾਰੇ ਫਿਲਮਸਾਜ਼ ਸ਼ੇਖਰ ਕਪੂਰ ਵੱਲੋਂ ਬਣਾਈ ਫਿਲਮ 'ਬੈਂਡਿਟ ਕੁਈਨ' ਬਾਬਤ ਚਰਚਾ ਕਰ ਰਹੇ ਹਨ ਸਾਡੇ ਕਾਲਮਨਵੀਸ ਜਤਿੰਦਰ ਮੌਹਰ। -ਸੰਪਾਦਕ*





ਜਤਿੰਦਰ ਮੌਹਰ
ਫੋਨ: 91-97799-34747



ਫੂਲਨ ਦੇਵੀ ਦਾ ਜਨਮ ਉਤਰ ਪ੍ਰਦੇਸ਼ ਦੇ ਪਛੜੇ ਜ਼ਿਲ੍ਹੇ ਜਲੌਣ ਦੇ ਪਿੰਡ ਗੋੜਾ ਕਾ ਪੁਰਵਾ ਵਿਚ ਸੰਨ 1963 ਵਿਚ ਹੋਇਆ ਸੀ। ਉਹ ਮਲਾਹ ਜਾਤ ਨਾਲ ਸਬੰਧਤ ਸੀ। ਸਿਰੇ ਦੇ ਜਾਤ-ਪਾਤੀ ਵਿਤਕਰੇ, ਮਰਦਾਵੀਂ ਦਾਬੇ ਅਤੇ ਸਮਾਜਕ ਨਾਬਰਾਬਰੀ ਵਾਲੇ ਸਮਾਜ ਵਿਚ ਫੂਲਨ ਦੀ ਹੋਣੀ ਨੇ ਉਹਨੂੰ ਬੀਹੜਾਂ ਦਾ ਰਸਤਾ ਦਿਖਾ ਦਿੱਤਾ। ਪਿਛਲੇ ਜਿਹੇ ਪਰਦਾਪੇਸ਼ ਹੋਈ ਹਿੰਦੀ ਫਿਲਮ 'ਪਾਨ ਸਿੰਘ ਤੋਮਰ' ਦਾ ਸੰਵਾਦ ਚੇਤੇ ਆ ਜਾਂਦਾ ਹੈ। ਫ਼ੌਜੀ ਅਤੇ ਦੌੜਾਕ ਪਾਨ ਸਿੰਘ ਤੋਮਰ ਦਾ ਮਾਮਾ ਚੰਬਲ ਦੇ ਬੀਹੜਾਂ ਦਾ ਬਾਗੀ ਸੀ। ਪਾਨ ਸਿੰਘ ਦਾ ਵੱਡਾ ਫ਼ੌਜੀ ਅਫ਼ਸਰ ਉਹਦੇ ਮਾਮੇ ਬਾਰੇ ਪੁੱਛਦਾ ਹੈ ਤਾਂ ਪਾਨ ਸਿੰਘ ਦਾ ਜਵਾਬ ਹੈ ਕਿ ਉਹਦਾ ਮਾਮਾ ਬਾਗੀ ਹੈ, ਡਾਕੂ ਨਹੀਂ। ਉਹ ਕਹਿੰਦਾ ਹੈ, "ਬੀਹੜ ਮੇਂ ਬਾਗੀ ਹੋਤੇ ਹੈਂ ... ਡਕੈਤ ਮਿਲਤੇ ਹੈਂ ਪਾਰਲੀਮੈਂਟ ਮੇਂ।" ਇਨ੍ਹਾਂ ਬਾਗੀਆਂ ਦੀ ਜਮਾਤ ਵਿਚ ਫੂਲਨ ਦੇਵੀ ਦਾ ਨਾਮ ਜੁੜਿਆ ਹੋਇਆ ਹੈ ਪਰ ਬਤੌਰ ਔਰਤ ਉਹਦੀ ਹੋਣੀ, ਤ੍ਰਾਸਦੀ ਨੂੰ ਕਈ ਹੋਰ ਕੋਨਿਆਂ ਤੋਂ ਵਿਚਾਰਨ ਦਾ ਸਬੱਬ ਬਣਦੀ ਹੈ। ਫੂਲਨ ਦੇਵੀ ਦੇ ਹਵਾਲੇ ਨਾਲ ਭਾਰਤੀ ਸਮਾਜ ਵਿਚ ਔਰਤਾਂ ਬਾਬਤ ਪਾਈ ਜਾਂਦੀ ਦਰਿੰਦਗੀ ਭਰੀ ਪਹੁੰਚ ਸਾਫ਼ ਦਿਖਾਈ ਦਿੰਦੀ ਹੈ ਜੋ ਔਰਤ ਦੇ ਸਮੁੱਚੇ ਵਜੂਦ ਨੂੰ ਖੰਡਤ ਕਰਦੀ ਹੈ। ਇਸ ਤੋਂ ਅੱਗੇ ਔਰਤ ਦਾ ਦੱਬੀ-ਕੁਚਲੀ ਜਾਤ ਅਤੇ ਹਾਸ਼ੀਏ ਉੱਤੇ ਧੱਕੇ ਸਮਾਜ ਨਾਲ ਜੁੜਿਆ ਹੋਣਾ ਤ੍ਰਾਸਦੀ ਨੂੰ ਹੋਰ ਡੂੰਘਾ ਕਰਦਾ ਹੈ। ਫੂਲਨ ਕੌਮੀ ਅਤੇ ਕੌਮਾਂਤਰੀ ਪੱਧਰ ਉੱਤੇ ਖਾੜਕੂ ਨਾਰੀਵਾਦ ਦਾ ਬਿੰਬ ਬਣਦੀ ਹੈ। ਬਾਲ ਵਿਆਹ ਦੀ ਸ਼ਿਕਾਰ ਰਹੀ ਫੂਲਨ ਨਾਲ ਧੱਕੇ ਦੇ ਘਰਵਾਲੇ ਨੇ ਬਲਾਤਕਾਰ ਕੀਤਾ। ਜਾਤ-ਪਾਤੀ ਢਾਂਚੇ ਅਤੇ ਪੁਲਿਸ ਦਾ ਕਹਿਰ ਅੱਲ੍ਹੜ ਵਰੇਸ ਫੂਲਨ ਨੇ ਤਨ ਮਨ ਉੱਤੇ ਝੱਲਿਆ। ਬਾਗੀ ਵਿਕਰਮ ਮਲਾਹ ਦੇ ਸੰਪਰਕ ਵਿਚ ਆਉਣ ਬਾਰੇ ਫੂਲਨ ਕਹਿੰਦੀ ਸੀ ਕਿ ਵਿਕਰਮ ਉਹ ਪਹਿਲਾ ਬੰਦਾ ਸੀ ਜਿਹਨੇ ਉਹਨੂੰ ਦੇਹ ਨਾਲੋਂ ਵੱਧ ਮਨੁੱਖ ਵਜੋਂ ਮਾਨਤਾ ਦਿੱਤੀ। ਵਿਕਰਮ ਦਲਿਤਾਂ ਨਾਲ ਸਬੰਧਤ ਸੀ ਪਰ ਉਹਦੇ ਦਲ ਦੇ ਦੂਜੇ ਮੁਖੀ ਜਿਵੇਂ ਬਾਬੂ ਗੁੱਜਰ, ਸ਼੍ਰੀ ਰਾਮ ਅਤੇ ਲਾਲਾ ਰਾਮ ਉਚੀ ਜਾਤ ਦੇ ਸਨ। ਬਾਬੂ ਗੁੱਜਰ ਨਾਂ ਦੇ ਦਰਿੰਦੇ ਤੋਂ ਫੂਲਨ ਨੂੰ ਬਚਾਉਣ ਲਈ ਵਿਕਰਮ ਨੇ ਆਪਣੇ ਹੀ ਦਲ ਦੇ ਬਾਬੂ ਗੁੱਜਰ ਨੂੰ ਕਤਲ ਕਰ ਦਿੱਤਾ। ਬਾਬੂ ਗੁੱਜਰ ਦੇ ਕਤਲ ਤੋਂ ਖਿਝੇ ਸ਼੍ਰੀ ਰਾਮ ਅਤੇ ਲਾਲਾ ਰਾਮ ਨੇ ਵਿਕਰਮ ਮੱਲ੍ਹਾ ਦਾ ਕਤਲ ਕਰ ਦਿੱਤਾ ਅਤੇ ਫੂਲਨ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ। ਫੂਲਨ ਦੀ ਹੋਂਦ ਨੂੰ ਖੇਰੂੰ-ਖੇਰੂੰ ਕਰਨ ਲਈ ਨੰਗਾ ਕਰ ਕੇ ਬਹਿਮਈ ਪਿੰਡ ਵਿਚ ਘੁਮਾਇਆ ਗਿਆ। ਫੂਲਨ ਮਸਾਂ ਜਾਨ ਬਚਾ ਸਕੀ। ਇਸ ਸਾਕੇ ਨੇ ਫੂਲਨ ਦੇ ਘਰ-ਵਾਪਸੀ ਦੇ ਸਾਰੇ ਰਾਹ ਬੰਦ ਕਰ ਦਿੱਤੇ। ਬੰਦੇ ਦੀ ਬਹਾਲੀ ਦਾ ਰਾਹ ਸਮਾਜ ਦੀ ਸੰਵੇਦਨਾ ਵਿਚ ਹੁੰਦਾ ਹੈ। ਫੂਲਨ ਨੇ ਮਾਨ ਸਿੰਘ ਮਲਾਹ ਨਾਲ ਮਿਲ ਕੇ ਆਪਣਾ ਦਲ ਬਣਾ ਲਿਆ ਅਤੇ ਬੁੰਦੇਲਖੰਡ ਦੇ ਖਿੱਤੇ ਵਿਚ ਕਈ ਡਕੈਤੀਆਂ ਵਿਚ ਹਿੱਸਾ ਲਿਆ। ਉਹ ਉਚੀ ਜਾਤ ਵਾਲਿਆਂ ਨੂੰ ਲੁੱਟਦੀ ਅਤੇ ਡਾਕੇ ਦਾ ਮਾਲ ਨੂੰ ਗਰੀਬਾਂ ਵਿਚ ਵੰਡ ਦਿੰਦੀ ਸੀ। ਕਿਹਾ ਜਾਂਦਾ ਹੈ ਕਿ ਫੂਲਨ ਨੇ ਆਪਣੇ ਨਾਲ ਹੋਏ ਧੱਕੇ ਦਾ ਬਦਲਾ ਲੈਣ ਲਈ ਬਹਿਮਈ ਪਿੰਡ ਦੇ 22 ਠਾਕਰਾਂ ਨੂੰ ਕਤਾਰ ਵਿਚ ਖੜ੍ਹਾ ਕੇ ਗੋਲੀਆਂ ਮਾਰ ਦਿੱਤੀਆਂ। ਫੂਲਨ ਨੇ ਇਸ ਗੱਲ ਦਾ ਖੰਡਨ ਕੀਤਾ ਸੀ ਕਿ ਉਹ ਕਤਲੇਆਮ ਵਿਚ ਸ਼ਾਮਲ ਰਹੀ ਹੈ। ਗੋਲੀਬਾਰੀ ਵਿਚ ਜ਼ਖ਼ਮੀ ਹੋਣ ਵਾਲੇ ਦੋ ਬੰਦਿਆਂ ਨੇ ਇਸ ਗੱਲ ਦੀ ਤਸਦੀਕ ਕੀਤੀ ਕਿ ਕਤਲੇਆਮ ਸਮੇਂ ਫੂਲਨ ਬਹਿਮਈ ਪਿੰਡ ਵਿਚ ਨਹੀਂ ਸੀ, ਪਰ ਕਤਲੇਆਮ ਦਾ ਦੋਸ਼ ਅਜੇ ਵੀ ਫੂਲਨ ਸਿਰ ਮੜ੍ਹਿਆ ਜਾਂਦਾ ਹੈ। ਕੁਝ ਵੀ ਸਾਬਤ ਨਹੀਂ ਕੀਤਾ ਜਾ ਸਕਿਆ। ਬਾਅਦ ਵਿਚ ਫੂਲਨ ਦੇਵੀ ਨੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਅੱਗੇ ਆਤਮ ਸਮਰਪਣ ਕੀਤਾ। ਗਿਆਰਾਂ ਸਾਲ ਜੇਲ੍ਹ ਵਿਚ ਰਹਿਣ ਤੋਂ ਬਾਅਦ ਉਹ ਰਿਹਾਅ ਹੋਈ ਅਤੇ ਸਮਾਜਵਾਦੀ ਪਾਰਟੀ ਦੀ ਟਿਕਟ ਉੱਤੇ ਮਿਰਜ਼ਾਪੁਰ ਤੋਂ ਸੰਸਦ ਮੈਂਬਰ ਚੁਣੀ ਗਈ। ਸੰਨ 2001 ਵਿਚ ਉਚੀ ਜਾਤ ਨਾਲ ਸਬੰਧਤ ਸ਼ੇਰ ਸਿੰਘ ਰਾਣਾ ਅਤੇ ਉਹਦੇ ਸਾਥੀਆਂ ਨੇ ਫੂਲਨ ਨੂੰ ਉਹਦੀ ਦਿੱਲੀ ਵਾਲੀ ਰਿਹਾਇਸ਼ ਵਿਚ ਗੋਲੀਆਂ ਮਾਰ ਦਿੱਤੀਆਂ। ਕਾਤਲ ਸ਼ੇਰ ਸਿੰਘ ਰਾਣਾ ਮੁਤਾਬਕ ਉਹਨੇ ਬਹਿਮਈ ਦੇ ਬੇਕਸੂਰ ਠਾਕਰਾਂ ਦੀ ਮੌਤ ਦਾ ਬਦਲਾ ਲਿਆ ਸੀ। ਅੰਗਰੇਜ਼ੀ ਅਖਬਾਰ 'ਦਿ ਟ੍ਰਿਬਿਊਨ' ਦੀ ਖਬਰ ਮੁਤਾਬਕ ਕਸ਼ੱਤਰੀਆ ਸਮਾਜ ਨੇ ਸ਼ੇਰ ਸਿੰਘ ਰਾਣਾ ਦਾ ਉਪਰਲੇ 'ਪਵਿੱਤਰ ਕੰਮ' ਲਈ ਸਨਮਾਨ ਕੀਤਾ ਸੀ। ਸ਼ੇਰ ਸਿੰਘ ਰਾਣਾ ਸੰਨ 2004 ਵਿਚ ਜੇਲ੍ਹ ਤੋੜ ਕੇ ਭੱਜ ਗਿਆ। ਫਰਾਰ ਹੋਣ ਤੋਂ ਬਾਅਦ ਉਹਦੇ ਇੱਕ 'ਮਹਾਨ ਕਾਰਨਾਮੇ' ਨੂੰ ਅਕਸਰ ਵਡਿਆਇਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਰਾਜਪੂਤ ਰਾਜੇ ਪ੍ਰਿਥਵੀ ਰਾਜ ਚੌਹਾਨ ਦੀਆਂ ਅਸਥੀਆਂ ਅਫ਼ਗਾਨਿਸਤਾਨ ਵਿਚ ਦੱਬੀਆਂ ਪਈਆਂ ਹਨ। ਉਥੋਂ ਦੇ ਮੁਕਾਮੀ ਲੋਕ ਮਸਜਿਦ ਵਿਚ ਜਾਣ ਤੋਂ ਪਹਿਲਾਂ ਅਸਥੀਆਂ ਵਾਲੀ ਥਾਂ ਉਤੇ ਜੁੱਤੀ ਮਾਰਦੇ ਹਨ। ਸ਼ੇਰ ਸਿੰਘ ਰਾਣਾ ਦੀ ਆਤਮ ਕਥਾ ਮੁਤਾਬਕ ਰਾਣਾ ਨੂੰ ਅਫ਼ਗਾਨਿਸਤਾਨ ਵਿਚ ਪ੍ਰਿਥਵੀ ਰਾਜ ਚੌਹਾਨ ਦੀਆਂ ਅਸਥੀਆਂ ਤਾਂ ਨਹੀਂ ਮਿਲੀਆਂ, ਪਰ ਉਹ ਉਸ ਥਾਂ ਦੀ ਮਿੱਟੀ ਕੱਢ ਕੇ ਲਿਆਉਣ ਵਿਚ ਕਾਮਯਾਬ ਹੋ ਗਿਆ ਸੀ। ਇਸ 'ਕਾਰਨਾਮੇ' ਦੀ ਰੌਸ਼ਨੀ ਵਿਚ ਰਾਣਾ 'ਮਹਾਨ ਸੂਰਮੇ' ਵਜੋਂ ਉਚੀ ਜਾਤ ਵਾਲਿਆਂ ਦਾ ਚਹੇਤਾ ਜ਼ਰੂਰ ਬਣ ਗਿਆ ਹੈ; ਹਾਲਾਂਕਿ ਚੌਹਾਨ ਦੀਆਂ ਅਸਥੀਆਂ ਦਾ ਇਤਿਹਾਸ ਦਾ ਸੱਚ, ਹੋਰ ਖੋਜ ਦੀ ਮੰਗ ਕਰਦਾ ਹੈ। ਮਿੱਥਾਂ ਦੇ ਸਿਰ ਉੱਤੇ ਬਹੁਤ ਕੁਝ ਸੱਚ ਤੋਂ ਝੂਠ ਅਤੇ ਝੂਠ ਤੋਂ ਸੱਚ ਬਣਾਇਆ ਜਾ ਸਕਦਾ ਹੈ, ਖਾਸ ਕਰ ਕੇ ਸਾਡੇ ਸਮਾਜ ਵਿਚ ਜਿੱਥੇ ਸਮਾਜਕ ਨਾਬਰਾਬਰੀ ਅਤੇ ਬੇਇਨਸਾਫ਼ੀ ਸਿਖ਼ਰਾਂ ਛੋਹਦੀਂ ਹੈ।

ਇਸੇ ਕੜੀ ਵਿਚ ਸ਼ੇਖਰ ਕਪੂਰ ਦੀ ਸੰਨ 1994 ਵਿਚ ਬਣਾਈ ਫਿਲਮ 'ਬੈਂਡਿਟ ਕੁਈਨ' ਆਉਂਦੀ ਹੈ ਜੋ ਮਾਲਾ ਸੇਨ ਦੇ ਨਾਵਲ 'ਇੰਡੀਆਜ਼ ਬੈਂਡਿਟ ਕੁਈਨ' ਉੱਤੇ 'ਆਧਾਰਤ' ਸੀ। ਫਿਲਮਸਾਜ਼ ਦਾ ਦਾਅਵਾ ਸੀ ਕਿ ਇਹ ਫਿਲਮ ਫੂਲਨ ਦੇਵੀ ਦੀ ਜ਼ਿੰਦਗੀ ਉੱਤੇ ਆਧਾਰਤ ਹੈ। ਮਸ਼ਹੂਰ ਲੇਖਕ ਅਰੁੰਧਤੀ ਰਾਏ ਨੇ ਇਸ ਦਾਅਵੇ ਦਾ ਖੰਡਨ ਕੀਤਾ ਅਤੇ ਫਿਲਮ ਨੂੰ 'ਅੱਧਾ ਸੱਚ' ਕਿਹਾ ਸੀ। ਉਹਦਾ ਕਹਿਣਾ ਹੈ ਕਿ ਫਿਲਮ ਮੂਲ ਰੂਪ ਵਿਚ ਨਾਵਲ ਉਤੇ ਵੀ ਆਧਾਰਤ ਨਹੀਂ ਹੈ। ਸ਼ੇਖਰ ਕਪੂਰ ਨੇ ਫਿਲਮ ਬਣਾਉਣ ਵੇਲੇ ਫੂਲਨ ਦੇਵੀ ਨੂੰ ਮਿਲਣ ਤੋਂ ਨਾਂਹ ਕਰ ਦਿੱਤੀ ਸੀ। ਉਹਨੇ ਫੂਲਨ ਦੇਵੀ ਦਾ ਸੱਚ ਸੁਣਨ ਵੱਲ ਕੋਈ ਤਵੱਜੋ ਨਹੀਂ ਦਿੱਤੀ। ਇਸ ਦੇ ਬਾਵਜੂਦ ਉਹ ਫਿਲਮ ਨੂੰ ਸੱਚ ਉੱਤੇ ਆਧਾਰਤ ਐਲਾਨਦਾ ਰਿਹਾ। ਫਿਲਮਸਾਜ਼ ਨੇ 'ਮਸਾਲੇਦਾਰ ਕਲਾਤਮਕ' ਫਿਲਮ ਬਣਾਉਣ ਲਈ ਹਾਦਸਿਆਂ ਨੂੰ ਬੇਈਮਾਨ ਢੰਗ ਨਾਲ ਪੇਸ਼ ਕੀਤਾ। ਅਰੁੰਧਤੀ ਰਾਏ ਫਿਲਮ ਬਾਬਤ ਕਹਿੰਦੀ ਹੈ, "ਇਹ ਫਿਲਮ ਸ਼ੋਸ਼ਣ ਦਾ ਸ਼ੋਸ਼ਣ ਕਰਦੀ ਹੈ।" ਇਸ ਰੁਝਾਨ ਦੇ ਕੇਂਦਰ ਵਿਚ ਫਿਲਮਸਾਜ਼ ਦੀ ਝੂਠੀ ਹਉਮੈ ਅਤੇ ਵਿੱਤੀ ਮੁਨਾਫ਼ੇ ਦੀ ਭੁੱਖ ਦਾ ਪ੍ਰਗਟਾਵਾ ਝਲਕਦਾ ਹੈ। ਫੂਲਨ ਦੇਵੀ ਨੇ ਫਿਲਮ ਬਾਰੇ ਬਿਆਨ ਦਿੱਤਾ ਸੀ, "ਇਸ ਫਿਲਮ ਦੇ ਵਿੱਤੀ ਮਾਲਕ ਅਤੇ ਹਦਾਇਤਕਾਰ ਉਨ੍ਹਾਂ ਮਰਦਾਂ ਤੋਂ ਕਿਸੇ ਵੀ ਹਾਲਤ ਵਿਚ ਬਿਹਤਰ ਨਹੀਂ ਹਨ ਜਿਨ੍ਹਾਂ ਨੇ ਮੇਰੇ ਨਾਲ ਬਲਾਤਕਾਰ ਕੀਤਾ ਸੀ।" ਫਿਲਮ ਦੇ ਵਿੱਤੀ ਮਾਲਕ ਬੌਬੀ ਬੇਦੀ ਨੇ ਫਿਲਮ ਦੀ ਪਰਦਾਪੇਸ਼ੀ ਤੋਂ ਪਹਿਲਾਂ ਫੂਲਨ ਦੇਵੀ ਨੂੰ ਫਿਲਮ ਦਿਖਾਉਣ ਤੋਂ ਹੀ ਪਾਸਾ ਵੱਟ ਲਿਆ ਸੀ। ਫੂਲਨ ਦੇਵੀ ਦਾ ਕਹਿਣਾ ਹੈ ਕਿ ਉਹ ਬਹਿਮਈ ਦੇ ਕਤਲੇਆਮ ਵਿਚ ਸ਼ਾਮਲ ਨਹੀਂ ਸੀ, ਪਰ ਫਿਲਮ ਇਸ ਕਤਲੇਆਮ ਵਿਚ ਉਹਦੀ ਸ਼ਮੂਲੀਅਤ ਸਿੱਧ ਕਰ ਦਿੰਦੀ ਹੈ। ਇਹ ਸ਼ੇਖਰ ਕਪੂਰ ਦਾ ਸੱਚ ਹੈ। ਕਿਸੇ ਜੀਅ ਨਾਲ ਵਾਪਰੀ ਤ੍ਰਾਸਦੀ ਨੂੰ ਉਹਦੀ ਮਰਜ਼ੀ ਤੋਂ ਬਿਨਾਂ ਅਤੇ ਉਹਦੇ ਨਾਲ ਗੱਲ ਕੀਤੇ ਬਿਨਾਂ ਪਰਦਾਪੇਸ਼ ਕਰਨਾ ਸਿਰੇ ਦੀ ਅਣਮਨੁੱਖੀ ਗੱਲ ਹੈ। ਫੂਲਨ ਜਨਮ ਤੋਂ ਲੈ ਕੇ ਮੌਤ ਤੱਕ ਕਿਸੇ ਨਾ ਕਿਸੇ ਵਿਤਕਰੇ ਦਾ ਸ਼ਿਕਾਰ ਰਹੀ। ਉਪਰਲੇ ਸਾਰੇ ਹਵਾਲਿਆਂ ਦੇ ਪ੍ਰਸੰਗ ਵਿਚ ਫੂਲਨ ਦੀ ਜ਼ਿੰਦਗੀ ਅਤੇ ਸੰਗਰਾਮ ਨੂੰ ਵਾਚਣਾ ਅਹਿਮ ਹੋਵੇਗਾ। ਉਹਦੀ ਜ਼ਿੰਦਗੀ ਨੂੰ ਢਾਂਚਾਗਤ ਹਿੰਸਾ ਤੋਂ ਤੋੜ ਕੇ ਨਹੀਂ ਦੇਖਿਆ ਜਾ ਸਕਦਾ ਜਿਹਨੇ ਕਰੋੜਾਂ ਜੀਆਂ ਦੀਆਂ ਜ਼ਿੰਦਗੀ ਨੂੰ ਬਲਦੀ ਦੇ ਬੂਥੇ ਪਾਇਆ ਹੋਇਆ ਹੈ। ਇਸ ਪ੍ਰਸੰਗ ਵਿਚ ਡਕੈਤਾਂ ਅਤੇ ਬਾਗੀਆਂ ਦੀ ਨਿਸ਼ਾਨਦੇਹੀ ਹੋਰ ਉਘੜਵੇਂ ਰੂਪ ਵਿਚ ਹੋ ਸਕਦੀ ਹੈ। ਇਨ੍ਹਾਂ ਡਕੈਤਾਂ ਵਿਚ ਅਖੌਤੀ ਸੰਵੇਦਨਸ਼ੀਲ ਕਲਾਕਾਰਾਂ ਨੂੰ ਵੀ ਸ਼ਾਮਲ ਕਰਨਾ ਹੋਵੇਗਾ।



ਫੂਲਨ ਦੇਵੀ ਨਵੀਂ ਦਿੱਲੀ ਵਿਚ ਆਪਣੇ ਪਤੀ ਉਮੈਦ ਸਿੰਘ ਨਾਲ।



ਫਿਲਮ 'ਬੈਂਡਿਟ ਕੁਈਨ' ਦੀ ਨਾਇਕਾ ਸੀਮਾ ਬਿਸਵਾਸ।


DOR Dholradio.org

WEBSITE: DHOLRADIO.ORG

# Dhol Radio

ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ

Request Song



Listen On Phone

Live Calls: USA 1-951-824-6365
Canada 1-604-210-1955
Skype: DHOLRADIO.ORG
1PM to 3PM
9:30PM To 11:30PM (IST)
Listen By Call: USA 702-489-0211
UK 44-20-3519-1210


Music 24/7

*Application for android and iPhone- Dhol Radio*

# Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted



*Contact:* **Dr. Baljit Jammu**
*Doctor of Chiropractic*
**Ph: 510-940-8236**
1090 La Playa Dr., Hayward CA 94545

HD IP

# Security Solution

ULTRA High Resolution
Gas stations, Liquor Store, Hotel/Motels, Homes
or
Any Kind Of Business

-Cash Register Interface.
-Fully Trained Tech.Staff.
-16 Year Satisfied Custmer.




2 Year Warranty

Vista CCTV TECHNOLOGY

Call Mr.Sukhpal

1-661-586-5080

# The Anu Attorney Immigration Law Firm
## Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration & Bankruptcy in all 50 states.*
More than 20 year experience in US immigration & Indian law

**US IMMIGRATION**
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

**FAMILY LAW**
*Divorce *Annulment
*International Custody

**INCORPORATIONS**
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

# Dhillon Truck Stop
## Dhillon Road Service

Interstate 40, exit 356, San Jon, NM

ਗਿੱਲ ਮੰਜ ਗੁਰਦਾਸਪੁਰ ਵਾਲੇ

# ਪੰਜਾਬੀ ਢਾਬਾ



24 ਘੰਟੇ ਖੁੱਲ੍ਹਾ

ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 575-815-8536

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans Under One Roof


ਪਿਛਲੇ 27 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

We can sell your house in short sale at no cost to you.

Selling Homes from Gilroy to Sacramento, CA

Call us before visiting any model homes to save big time.



34755 Sandburg Court
Union City CA 94587
5 Bedrooms,
3.5 Bathrooms,
2 Car Garage
Living Area: 2320 Sq. Ft
Asking: $798,000



5233 Edgewater Drive
Newark, CA 94560
5 Bedrooms, 2.5 Bathrooms,
2 Car Garage
Area: 2081 Sq. Ft.
Lot: 6500 Sq. Ft.
Asking: $789,000



534 Cashew Place
Brantwood CA 94513
4 Bedrooms, 2.5 Bathrooms, 2 Car Garage
Area: 2563 Sq. Ft.- Lot: 7336 Sq. Ft.
Asking: $528,000




32241 Mercury Way
Union City CA 94587
3 Bedrooms,
1.5 Bathrooms, 2 Car Garage
Living Area: 1255 Sq. Ft.
Asking: $415,000




4504 Mackinaw Street,
Union City, CA 94587
4 Bedrooms, 3 Bathrooms,
2 Car Garage
Area: 2415 Sq. Ft.
Lot: 4514 Sq. Ft.
Asking: $865,000

### JUST SOLD

1. 36463 Spruce St., Newark, CA 94560
2. 2240 Partridge Way #4 Union City, CA 94588
3. 4504 Mackinaw Street, Union City, CA 94587
4. 4730 Woodhollow Ave., Stockton, CA 95206
5. 1604 Mellowood St., Pittsburg, CA 94565
6. 16129 Rocky HarborRd Lathrop, CA 95330
7. 32241 Mercury Way, Union City, CA 94587
8. 1796 Dove Ct., Hayward, CA 94545
9. 1744 Ettles St., Manteca, CA 95337
10. 1379 Michael Dr., Tracy, CA 95377
11. 37775 Golden Rod Ct., Newark, CA 94560
12. 230 Mizner Ct., Livermore, CA 94550
13. 4019 Villa Comez Ln., Stockton, CA 95206
14. 1627 Venice Cir., Stockton, CA 95206

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

Cell: 510-304-9292
Cell:408-666-8279



Jaswinder Gill M.Sc (PAU)
CA BRE# 00966763
Broker/Owner/Notary

*2004 to 2006 Award Winner
Top 1% Listing Realtor in Bay Area

Commercial Unit
9912 Kapalua Ln.,
Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

Call Sukhi Gill
DHMS, Loan Broker
@ 510-207-9067
CA BRE Lic.#01180969
NMLS# 352095